# ਸਦਗੁਰ ਦੀ ਸੁਮੱਤ

[illegible]

੧੬

## ਗਿ: ਤ੍ਰੈਲੋਕ ਸਿੰਘ

ਸਿੱਖ. ਇਤਿਹਾਸ - ਨੰ: ੪
੫੪੩- ਸ੍ਰੀ ਗੁਰੂ ਨਾਨਕ ਦੁਆਰਾ
ਪੰਜਾਬ ਖਾਲਸਾ ਕਾਲਜ
ਅੰਮ੍ਰਿਤਸਰ



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

[illegible] ਸਿੰਘ. ਡਾ. [illegible] ਸਿੰਘ

ਪਟਿਆਲਾ (ਪੰਜਾਬ [illegible])

੨੮੬ - ੩੮੭

੩੯੮ - ੩੨੧

੩੬੩ - ੨੬੪

[illegible]

[illegible]

[illegible]

[illegible]

[illegible]

ਸੰਖਿਆ ਨੰ: ੨੭੩

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਸ੍ਰੀ ਭੈਣੀ ਸਾਹਿਬ
ਪੁਸਤਕ ਨੰ. ........
ਪ੍ਰਵੇਸ਼ ........

# ਸਵਰਾਜ ਦੀ ਸ਼ਮ੍ਹਾਂ

## (ਇਤਿਹਾਸਕ ਨਾਵਲ)

ਗਿਆਨੀ ਤ੍ਰਿਲੋਕ ਸਿੰਘ

ਸਤਿਗੁਰੂ ਜਗਜੀਤ ਸਿੰਘ ਈ-ਲਾਇਬ੍ਰੇਰੀ

**ਸਿੱਖ ਇਤਿਹਾਸ ਕੇਂਦਰ**

4743 ਗੁਰੂ ਨਾਨਕ ਵਾੜਾ
ਡਾ: ਖਾਲਸਾ ਕਾਲਜ ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com

ਹੱਕ ਰਾਖਵੇਂ ਹਨ

ਪਹਿਲੀ ਵਾਰ—੧੫ ਸਤੰਬਰ ੧੯੭੧

ਮੁਲ -੦੦

ਪ੍ਰਕਾਸ਼ਕ—
ਗਿ: ਤ੍ਰਿਲੋਕ ਸਿੰਘ
ਸਿਖ ਇਤਿਹਾਸ ਕੇਂਦਰ
4743 ਗੁਰੂ ਨਾਨਕ ਵਾੜਾ
ਪੀ. ਓ. ਖਾਲਸਾ ਕਾਲਜ ਅੰਮ੍ਰਿਤਸਰ

ਪ੍ਰਿੰਟਰ—ਮਹਿੰਦਰ ਸਿੰਘ
'ਸਪੈਸ਼ਲ ਪ੍ਰਿੰਟਿੰਗ ਪ੍ਰੈਸ' ਬਜ਼ਾਰ ਧੋਬੀਆਂ,

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

# ਸਮਰਪਣ

ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਪ੍ਰਦੇਸ ਗਵਨ ਸ਼ਤਾਬਦੀ

ਸਮੇਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਰਾਹੀਂ

ਨਾਮਧਾਰੀ ਸ਼ਹੀਦਾਂ

ਦੀ

ਯਾਦ ਵਿਚ ।

ਤ੍ਰਿਲੋਕ ਸਿੰਘ ਗਿਆਨੀ

Sri Satguru Jagjit Singh Ji Elibrary NamdhariElibrary@gmail.com

# ਕੌਮੀ ਨਾਵਲ ਹੈ

ਗਿਆਨੀ ਤ੍ਰਿਲੋਕ ਸਿੰਘ ਜੀ 'ਤੂਫ਼ਾਨ' ਸੰਨ ੧੯੪੦ ਤੋਂ ਲਗਾਤਾਰ ਨਾਵਲ ਲਿਖ ਕੇ ਮਾਤ-ਬੋਲੀ ਪੰਜਾਬੀ ਦੀ ਨਿਗਰ ਸੇਵਾ ਕਰਦੇ ਆ ਰਹੇ ਹਨ। ਬਹੁਤੇ ਨਾਵਲ ਇਨ੍ਹਾਂ ਦੇ ਖਾਸ ਕਰ ਕੇ ਪੰਜਾਬ ਤੇ ਸਿੱਖ-ਇਤਿਹਾਸ ਨਾਲ ਸੰਬੰਧ ਰਖਦੇ ਹਨ, ਜਿਨ੍ਹਾਂ ਵਿਚੋਂ ਇਨ੍ਹਾਂ ਦੇ ਕੁਝ ਨਾਵਲ ਇਹ ਹਨ :—

(੧) ਮਹਾਰਾਣੀ ਚੰਦ ਕੌਰ, (੨) ਮਹਾਰਾਣੀ ਜਿੰਦਾਂ, (੩) ਜਲਾਵਤਨ ਮਹਾਰਾਜਾ (ਦਲੀਪ ਸਿੰਘ), (੪) ਗੋਲੀ ਚਲਦੀ ਗਈ, (੫, ਸ਼ਹੀਦ ਭਗਤ ਸਿੰਘ ਆਦਿ।

ਇਨ੍ਹਾਂ ਨਾਵਲਾਂ ਵਿਚ ਵਾਧਾ ਇਹ ਹੈ ਕਿ ਇਤਿਹਾਸਿਕ ਸਚਾਈਆਂ ਤੋਂ ਬਿਨਾ ਲੋਕਕ ਪੱਖ ਤੋਂ ਬੋਲੀ ਬੜੀ ਠੇਠ ਤੇ ਬਾ-ਮੁਹਾਵਰਾ ਹੈ, ਜਿਸ ਵਿਚ ਪੇਂਡੂ ਤੇ ਸ਼ਹਿਰੀ ਪਾਤ੍ਰ ਕੁਦਰਤੀ ਜ਼ਬਾਨ ਬੋਲਦੇ ਸੁਣਾਈ ਦਿੰਦੇ ਹਨ, ਜਿਸ ਵਿਚ ਲਫ਼ਜ਼ਾਂ ਦਾ ਵਾਧੂ ਭਾਰ ਕੋਈ ਪ੍ਰਤੀਤ ਨਹੀਂ ਹੁੰਦਾ। ਪਾਤ੍ਰ ਵੀ ਇੰਜ ਜਾਪਦੇ ਹਨ, ਜਿਵੇਂ ਕੋਈ ਆਪਣੇ ਹੀ ਜਾਣੇ-ਪਛਾਣੇ ਵਿਅਕਤੀ ਹੁੰਦੇ ਹਨ।

ਬੋਲੀ, ਕਹਾਣੀ ਤੇ ਭਾਵ ਦੇ ਪੱਖ ਤੋਂ ਤੂਫ਼ਾਨ ਜੀ ਦਾ ਨਵਾਂ ਇਤਿਹਾਸਕ 'ਸੁਰਾਜ ਦੀ ਸ਼ਮ੍ਹਾਂ' ਮੈਨੂੰ ਸਮਕਾਲੀ ਨਾਵਲਾਂ ਤੋਂ ਵਧੇਰੇ ਦਿਲਚਸਪ ਤੇ ਸਵਾਦਲਾ ਮਾਲੂਮ ਹੋਇਆ ਹੈ। ਇਸ ਨਾਵਲ ਦੀ ਕਹਾਣੀ ਨਾਮਧਾਰੀ ਲਹਿਰ ਦੇ ਪ੍ਰਮੁਖ ਆਗੂ ਬਾਬਾ ਰਾਮ ਸਿੰਘ ਜੀ ਮਹਾਰਾਜ ਦੇ ਜੀਵਨ ਤੇ ਉਦੇਸ਼ ਦੇ ਚੁਗਿਰਦੇ ਘੁੰਮਦੀ ਹੈ। ਇਸੇ ਕਾਰਣ ਇਤਿਹਾਸਿਕ ਪੱਖ ਤੋਂ ਵੀ ਇਹ ਇਕ ਚੰਗਾ ਕੌਮੀ ਨਾਵਲ ਹੈ, ਜੋ ਸੁਚੱਜੇ ਢੰਗ ਨਾਲ ਲਿਖਿਆ ਗਿਆ ਹੈ।

ਸ੍ਰੀ ਅੰਮ੍ਰਿਤਸਰ
੨੩-੮-੧੯੭੧

—ਸ਼ਮਸ਼ੇਰ ਸਿੰਘ ਅਸ਼ੋਕ

Sri Satguru Jagjit Singh Ji Elibrary NamdhariElibrary@gmail.com

# ਪਾਠਕ ਜੀਉ

ਇਹ ਪੁਸਤਕ ਸਵਰਾਜ ਦੀ ਸ਼ਮ੍ਹਾਂ ਆਪ ਨੂੰ ਪੇਸ਼ ਕਰਦਾ ਹਾਂ। ਜਿਸ ਪ੍ਰੇਮ ਭਾਵਨਾਂ ਨਾਲ ਮੇਰੀਆਂ ਪਹਿਲੀਆਂ ਲਿਖਤਾਂ ਪੜ੍ਹਦੇ ਹੋ, ਆਸ ਹੈ, ਉਸੇ ਪ੍ਰੇਮ ਭਾਵਨਾ ਨਾਲ ਇਸ ਨੂੰ ਪੜ੍ਹਕੇ ਸਿੱਖ ਇਤਿਹਾਸ ਦੇ ਸੰਕਟ ਮਈ ਕਾਂਡ ਨੂੰ ਯਾਦ ਕਰੋਗੇ। ਸੁਤੰਤਰਤਾ ਗਈ ਤੇ ਗੁਲਾਮੀ ਆਈ। ਗੁਲਾਮੀ ਤੋਂ ਮੁੜ ਸੁਤੰਤਰਤਾ ਪ੍ਰਾਪਤ ਕਰਨ ਵਾਸਤੇ ਕਿਵੇਂ ਸੰਘਰਸ਼ ਸ਼ੁਰੂ ਹੋਇਆ। ਕਿੰਨੀ ਕੁਰਬਾਨੀ ਕੀਤੀ ਗਈ ਤੇ ਸਵਰਾਜ ਦੀ ਸ਼ਮ੍ਹਾਂ ਜੇ ਬਲੀ ਤਾਂ ਕਿੰਨੇ ਪ੍ਰਵਾਨਿਆਂ ਨੇ ਸ਼ਹੀਦੀਆਂ ਪਾ ਕੇ ਉਸ ਸ਼ਮ੍ਹਾਂ ਨੂੰ ਅਮਰ ਰੱਖਿਆ ?

ਅਨੇਕਾਂ ਭੁਲਾਂ ਤੇ ਕਮੀਆਂ ਪ੍ਰਤੀਤ ਹੋਣਗੀਆਂ, ਉਹਨਾਂ ਨੂੰ ਬਹੁਤਾ ਨਾ ਚਿਤਾਰਨਾ। ਸੇਵਾ ਪ੍ਰਵਾਨ ਕਰਨੀ ਤੇ ਆਪਣੀ ਸ਼ੁਭ ਤੇ ਜੋਗ ਰਾਏ ਲਿਖਣੀ। ਇਕੋ ਹੀ ਮਨੋ-ਕਾਮਨਾਂ ਹੈ ਕਿ ਸ਼ਹੀਦਾਂ ਦੀ ਪਹਿਲੀ ਸਤਾਬਦੀ ਦੀ ਯਾਦ ਵਿਚ ਵਧ ਤੋਂ ਵਧ ਗਿਣਤੀ ਵਿਚ ਪਾਠਕਾਂ ਕੋਲ ਇਹ ਪੁਸਤਕ ਪੁੱਜੇ। ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟਾ ਹੋਏ। ਸ਼ਹੀਦ ਕ੍ਰਿਪਾ ਕਰਨ ਅਸਾਂ ਦੇ ਮਨ ਵੀ ਧਾਰਮਿਕ ਸਮਾਜਿਕ ਤੇ ਰਾਜਸੀ ਸੁਤੰਤਰਤਾ ਨੂੰ ਅਮਰ ਰਖਣ ਵਾਸਤੇ ਕੁਝ ਸੇਵਾ ਕਰਨ ਦਾ ਉਤਸ਼ਾਹ ਪੈਦਾ ਹੋਏ।

ਤ੍ਰਿਲੋਕ ਸਿੰਘ ਗਿਆਨੀ

Sri Satguru Jagjit Singh Ji Elibrary NamdhariElibrary@gmail.com

# ਇੱਕ

ਹਲ ਦਾ ਜੋਤਰਾ ਲਾ ਕੇ ਨੈਣਾ ਸਿੰਘ ਖੂਹ ਦੇ ਬੁਢੇ ਬੋਹੜ ਹੇਠਾਂ ਅਪੜਿਆ। ਦੋਹਾਂ ਬਲਦਾਂ ਨੂੰ ਬੋਹੜ ਦੀ ਛਾਵੇਂ ਖੁਰਲੀ ਤੇ ਬੰਨ੍ਹਿਆਂ ਤੇ ਅਨਕੁਤਰੇ ਬਾਜਰੇ ਤੇ ਗਵਾਰ ਦੇ ਹਰੇ ਪੱਠਿਆਂ ਦਾ ਬੱਭਾ ਬੱਭਾ ਅਗੇ ਸੁਟੇ ਤੇ ਖੂਹ ਦੀ ਮਾਹਲ ਦੀ ਟਿੰਡ ਵਿਚੋਂ ਪਾਣੀ ਪੀ ਕੇ ਥੜੇ ਉਤੇ ਸਾਹ ਲੈਣ ਵਾਸਤੇ ਲੇਟ ਗਿਆ।

ਭਾਦਰੋਂ ਦੇ ਅੰਤਲੇ ਦਿਨ ਸਨ। ਮੀਂਹ ਪਿਆਂ ਦਸ ਦਿਨ ਬੀਤ ਗਏ ਸਨ। ਰੇਤਲੀ ਟਿਬਿਆਂ ਦੀ ਰੇਤਲੀ ਭੋਂ ਵਤਰ ਆ ਗਈ ਸੀ। ਉਸ ਨੂੰ ਹਾੜੀ ਦੀ ਫਸਲ ਵਾਸਤੇ ਤਿਆਰ ਕਰਨ ਲਈ ਪਾੜ ਪਾਉਣੀ ਜ਼ਰੂਰੀ ਸੀ। ਪਰ ਗਰਮੀ ਬਹੁਤ ਸੀ। ਸੂਰਜ ਦੀਆਂ ਤੇ ਤੇਜ਼ ਕਿਰਨਾਂ ਅੱਗ ਦਾ ਰੂਪ ਸਨ ਤੇ ਹਵਾ ਬੰਦ ਸੀ। ਪਰ ਨੈਣਾ ਅਪਣੇ ਬਾਪ ਰੂੜੇ ਵਾਂਗ ਅਨਥਕ ਮਿਹਨਤੀ ਸੀ। ਹੱਠ ਬੜਾ ਸੀ, ਸਵੇਰੇ ਕੁਕੜ ਦੀ ਦੂਸਰੀ ਬਾਂਗ ਤੋਂ ਲਗ ਕੇ ਤਕੜੇ ਛਾਹ ਵੇਲੇ ਤਕ ਉਸ ਨੇ ਜੋਤਰਾ ਲਾਇਆ। ਛਾਹ ਵੇਲੇ ਦੀ ਰੋਟੀ ਖਾਣ ਸਮੇਂ ਕੁਝ ਚਿਰ ਵਾਸਤੇ ਹਲ ਰੋਕਿਆ ਸੀ। ਥਕੇਵੇਂ ਨਾਲ ਉਸ ਨੂੰ ਨੀਂਦ ਆਉਂਦੀ ਜਾਂਦੀ ਸੀ। ਬੋਹੜ ਦੀ



Sri Satguru Jagjit Singh Ji Elibrary NamdhariElibrary@gmail.com

ਛਾਂ ਸੰਘਣੀ ਸੀ ਤੇ ਠੰਡੀ।

ਮਿਟੀ ਰੰਗਾ ਤੇ ਮੁੜ੍ਹਕੇ ਨਾਲ ਸਿਲ੍ਹਾ ਕੁੜਤਾ ਗਲੋਂ ਲਾਹਕੇ ਨੈਣੇ ਨੇ ਸਿਰ ਹੇਠਾਂ ਰਖਿਆ ਸੀ ਤੇ ਲੇਟਣ ਦੇ ਦੋ ਤਿੰਨ ਮਿੰਟ ਪਿਛੋਂ ਹੀ ਉਹ ਸੌਂ ਗਿਆ। ਉਨੀਂਦਰੇ ਤੇ ਥਕੇਵੇਂ ਦਾ ਭੰਨਿਆ ਸੀ, ਮਾਂ-ਧਰਤੀ ਦੀ ਗੋਦ ਵਿਚ ਨੀਂਦ ਆ ਗਈ। ਥਕੇਵੇਂ ਤੇ ਉਨੀਂਦਰੇ ਦਾ ਗਿਲਾ ਨਹੀਂ ਸੀ। ਕਿਉਂਕਿ ਆਪਣੀ ਭੋਂ ਸੀ ਤੇ ਆਪਣੇ ਵਾਸਤੇ ਵਾਹੀ ਜਾ ਰਹੀ ਸੀ। ਸਮੇਂ ਦੀ ਕਦਰ ਕੀਤੀ ਜਾ ਰਹੀ ਸੀ। ਵਕਤ ਨਾ ਸੰਭਾਲਿਆ ਗਿਆ ਤਾਂ ਬਰਾਨੀ ਭੋਂ ਨੇ ਫਸਲ ਨਹੀਂ ਦੇਣੀ।' ਉਸ ਦਾ ਵਿਸ਼ਵਾਸ ਸੀ, ਉਹ ਧਰਤੀ ਦਾ ਪੁੱਤਰ ਸੀ। ਸਚਾ ਪੁੱਤਰ, ਨਚਿੰਤ ਸੌਂ ਗਿਆ।

ਨੈਣਾ ਸੌਂ ਗਿਆ। ਉਸ ਦੇ ਦੋਵੇਂ ਵਗਣ ਵਾਲੇ ਪਸ਼ੂ ਪੱਠੇ ਖਾਣ ਲਗ ਪਏ। ਉਹ ਭੁੱਖੇ ਸਨ ਤੇ ਥੱਕੇ, ਪੱਠੇ ਖਾ ਕੇ ਉਹ ਵੀ ਬੈਠ ਗਏ, ਠੰਢੀ ਛਾਂ ਉਹਨਾਂ ਵਾਸਤੇ ਵੀ ਸੁਖਦਾਈ ਸੀ।

ਕੋਈ ਦੋ ਘੰਟੇ ਪਿਛੋਂ ਨੈਣੇ ਦਾ ਤਾਇਆ ਸੁਰਾਇਣਾ ਤੇ ਉਸ ਦਾ ਵਡਾ ਪੁਤਰ ਰਾਮੂ ਵੀ ਹਲ ਵਾਹਕੇ ਖੂਹ ਉਤੇ ਪੱਜ ਗਏ। ਉਸ ਵੇਲੇ ਗਰਮੀ ਹੋਰ ਤੇਜ਼ ਹੋ ਗਈ ਸੀ। ਉਹਨਾਂ ਨੇ ਬਲਦਾਂ ਦੇ ਗਲ੍ਹੋਂ ਪੰਜਾਲੀਆਂ ਲਾਹੀਆਂ ਤੇ ਉਹਨਾਂ ਨੂੰ ਖੁਲ੍ਹੇ ਛਡਕੇ ਪਾਣੀ ਵਿਖਾਇਆ। ਪਾਣੀ ਪੀਣ ਪਿਛੋਂ ਚਾਰੇ ਬਲਦ ਖੁਰਲੀ ਉਤੇ ਜਾ ਖਲਤੇ। ਰਾਮੂ ਨੇ ਪੱਠੇ ਪਾਏ, ਉੱਨੇ ਚਿਰ ਨੂੰ ਸੁਰਾਇਣੇ ਨੇ ਟਿੰਡ ਨਾਲ ਪਾਣੀ ਪੀਤਾ ਤੇ ਥੜੇ ਉਤੇ ਬੈਠ ਗਿਆ।

ਬੈਠਿਆਂ ਬੈਠਿਆਂ ਸੁਰਾਇਣੇ ਦਾ ਧਿਆਨ ਨੈਣੇ ਵਲ ਗਿਆ। ਜਿਹੜਾ ਘੂਕ ਸੁੱਤਾ ਸੀ। ਉਸ ਦੇ ਤੇੜ ਖਦਰ ਦਾ ਗੁਰਮੁਖੀ ਕਛਹਿਰਾ ਦੇਖ ਮੁਸਕਰਾਇਆ। ਕਛਹਿਰਾ ਗੋਡਿਆਂ ਤੋਂ ਕੋਈ ਤਿੰਨ-ਚਾਰ ਉਂਗਲਾਂ ਉਚਾ ਸੀ ਤੇ ਦੂਹਰਾ ਨਾਲਾ ਲਕ ਉਦਾਲੇ ਸੀ।

ਉਹ ਮਨ ਹੀ ਮਨ ਕੁਝ ਸੋਚ ਰਿਹਾ ਸੀ ਕਿ ਰਾਮੂ ਵੀ



Sri Satguru Jagjit Singh Ji Elibrary NamdhariElibrary@gmail.com

ਉਹਦੇ ਕਲ ਆ ਬੈਠਾ। ਉਸ ਨੇ ਵੀ ਨੈਣੇ ਨੂੰ ਘੂ ਸੁੱਤਿਆਂ ਦੇਖਿਆ ਤੇ ਨਣੇ ਦੇ ਤੇੜ ਗੁਰਮੁਖੀ ਕਛਹਿਰਾ ਵੇਖਕੇ ਉਹ ਬੋਲ ਪਿਆ—'ਬਾਪੂ! ਨੈਣਾ ਵੀ ਭਾਵੇਂ ਭਾਈ ਦੇ ਆਖੇ ਲੱਗ ਕੇ ਕੂਕਾ ਬਣ ਗਿਆ!......ਕਛ ਨਵੀਂ ਸਵਾਂ ਕੇ ਪਾਈ ਸੁ।'

'ਮੈਂ ਵੀ ਏਹੋ ਦੇਖ ਰਿਹਾ ਆਂ। ਕੋਈ ਸਿਆਪਾ ਪਾਊ।' ਸੁਰਾਇਣੇ ਨੇ ਉੱਤਰ ਦਿੱਤਾ। ਉਸ ਦਾ ਚਿਹਰਾ ਗੰਭੀਰ ਸੀ।

'ਅਧੀ ਅਧੀ ਰਾਤ ਤਕ ਤਾਂ ਧਰਮਸਾਲਾ ਵਿਚ ਕੂਕਾਂ ਮਾਰਕੇ ਸ਼ਬਦ ਪੜ੍ਹਦੇ ਹਨ। ਭਾਈ ਨੇ ਕਈਆਂ ਨੂੰ ਕਛਾਂ ਪਵਾ ਦਿਤੀਆਂ ਹਨ।'

'ਤੂੰ ਨਾ ਧਰਮਸਾਲਾ ਭੁਲਕੇ ਕਿਤੇ ਜਾਂਈਂ। ਇਹ ਨਾ ਹੋਏ ਚਾਰ ਸਿਆੜ ਭੋਂ ਦੇ ਜਿਹੜੇ ਰਹਿ ਗਏ ਹਨ, ਉਹਨਾਂ ਤੋਂ ਵੀ ਹੱਥ ਨਾ ਧੋ ਬੈਠੀਏ। ਫਰੰਗੀ ਸਰਕਾਰ ਕੱਛਾਂ ਵਾਲਿਆਂ ਨੂੰ ਚੰਗਾ ਨਹੀਂ ਸਮਝਦੀ।

'ਮੈਂ ਸਮਝਦਾ ਹਾਂ। ਅਨਜਾਣ ਨਹੀਂ...ਭਾਈ ਨੇ ਇਕ ਦੋ ਵਾਰ ਆਖਿਆ—'ਰਾਮੂ ਧਰਮਸਾਲਾ ਆਇਆ ਕਰ...ਗੁਰਮੁਖੀ ਪੜ੍ਹ......ਸ਼ਬਦ ਪੜ੍ਹਿਆ ਕਰ। ਤੇਰਾ ਬੋਲ ਚੰਗਾ ਹੈ......' ਮੈਂ ਆਖਿਆ, 'ਨਹੀਂ ਬਾਬਾ ਜੀ! ਰਾਤ ਨੂੰ ਸਵਖਤੇ ਨੀਂਦ ਆ ਜਾਂਦੀ ਹੈ।'

'ਚੰਗਾ ਕੀਤਾ......ਕਿਲੇ ਦਾ ਸਰਦਾਰ ਤੇ ਗੁਰੂ ਸਰ ਦਾ ਮਹੰਤ ਤਾਂ ਸੂਹਾਂ ਹੀ ਲੈਂਦੇ ਰਹਿੰਦੇ ਹਨ ਕਿ ਕੋਈ ਬਹਾਨਾ ਮਿਲੇ ਤਾਂ ਕਿਸੇ ਦਾ ਬੇੜਾ ਗਰਕ ਕਰੀਏ।'

'ਕਿਲੇ ਦਾ ਸਰਦਾਰ' ਸ਼ਬਦ ਸੁਣਕੇ ਰਾਮੂ ਨੇ ਸੁਤੇ ਨੈਣੇ ਵਲ ਦੇਖਿਆ ਤੇ ਹੌਲੀ ਜਹੀ ਬੋਲਿਆ, 'ਬਾਪੂ...ਮੈਂ ਕੁਝ ਸੁਣਿਆ ਹੈ?'

'ਕੀ ਸੁਣਿਆ ਈ?'

'ਕਿਲੇ ਦਾ ਸਰਦਾਰ......' ਰਾਮੂ......ਪੂਰੀ ਗਲ ਕਥਨੋਂ



Sri Satguru Jagjit Singh Ji Elibrary NamdhariElibrary@gmail.com

ਝਿਜਕਿਆ । ਉਸ ਨੂੰ ਸ਼ਾਇਦ ਸ਼ਕ ਪਿਆ ਕਿ ਨੈਣਾ ਕਿਤੇ ਜਾਗਦਾ ਤਾਂ ਨਹੀਂ ਸੀ।

'ਕਿਲੇ ਦਾ ਸਰਦਾਰ, ਕੀ ਗਲ ਕਰਨ ਲਗਾ ਹੈ ?' ਸੁਰਾਇਣੇ ਨੇ ਪੁਛਿਆ। ਉਹ ਨਹੀਂ ਝਿਜਕਿਆ।

'ਆਪਣੀ ਨੈਣੀ (ਨੈਣੇ ਦੀ ਛੋਟੀ ਭੈਣ) ਹੈ ਨਾ !'

'ਆਹੋ !'

'ਸੁਣਿਆਂ ਸਰਦਾਰ ਉਸ ਦਾ ਸਾਕ ਮੰਗਦਾ ਹੈ।'

'ਕਿਹੜੇ ਮੁੰਡੇ ਵਾਸਤੇ ?'

'ਮੁੰਡੇ ਵਾਸਤੇ ਨਹੀਂ ਬਾਪੂ...।'

'ਹੋਰ...'

'ਆਪਣੇ ਵਾਸਤੇ . ਉਹਦੇ ਘਰੋਂ ਮਰ ਗਈ ਹੈ ਨਾ।'

'ਤੈਨੂੰ ਕਿਸ ਦਸਿਆ ?'

'ਗੁਰੂ ਸਰ ਦਾ ਮਹੰਤ ਆਇਆ ਸੀ, ਝੰਡੇ ਨੰਬਰਦਾਰ ਕੋਲ। ਉਸ ਨੂੰ ਆਖਦਾ ਰਿਹਾ ਕਿ ਉਹ ਚਾਚੇ (ਰੂੜੇ) ਨੂੰ ਆਖੇ। ਝੰਡੇ ਦਾ ਮੁੰਡਾ ਗੇਜਾ ਕੋਲ ਬੈਠਾ ਸੁਣਦਾ ਰਿਹਾ...ਉਸ ਨੇ ਮਨੂੰ ਪੁੱਛਿਆ ਤੇ ਨਾਲੇ ਟਿਕਚਰ ਕੀਤੀ। ਝਗੜਾ ਹੋਣੋ ਮਸਾਂ ਰੁਕਿਆ। ਮੈਂ ਗਾਲ ਕਢ ਦਿੱਤੀ।'

'ਕਿਸੇ ਨੂੰ ਗਾਲ ਕਾਹਨੂੰ ਕਢਣੀ। ਅਗ ਧੁਖਦੀ ਹੈ ਤਾਂ ਧੂੰਆਂ ਨਿਕਲਦਾ ਹੈ . ਅਰਾਮ ਕਰਲਾ...।'

ਸੁਰਾਇਣ ਪਲੇਟ ਗਿਆ। ਉਹ ਬੋਹੜ ਦੇ ਪੱਤਿਆਂ ਤੇ ਟਾਹਣਾ ਵਲ ਦੇਖਦਾ ਹੋਇਆ ਸੋਚੀ ਗਿਆ। ਸੋਚਦੇ ਨੂੰ ਨੀਂਦ ਆ ਗਈ।

ਸੁਰਾਇਣੇ ਦੀ ਉਮਰ ੫੫-੫੬ ਸਾਲ ਦੇ ਨੇੜੇ ਸੀ ਤੇ ਪੰਜਾਂ ਪੁਤਰਾਂ ਦਾ ਬਾਪ ਸੀ । ਰਾਮੂ ਉਸ ਦਾ ਵਡਾ ਪੁੱਤਰ ਸੀ। ਬਾਕੀ ਦੇ ਚਾਰ ਮੁੰਡੇ ਵੀ ਘਰ ਦੇ ਕੰਮ ਕਰਨ ਜੋਗੇ ਸਨ। ਦੋਂਹ ਹਲਾਂ ਦੀ ਵਾਹੀ ਸੀ ਤੇ ਦੋ ਸੌ ਵਿਘਾਹ ਭੋਂਇ ਉਸ ਦੇ



Sri Satguru Jagjit Singh Ji Elibrary NamdhariElibrary@gmail.com

ਵੰਡੇ ਆਈ ਸੀ। ਸੁਰਾਇਣਾ ਵਡਾ ਸੀ, ਰੂੜਾ ਉਸ ਤੋਂ ਛੋਟਾ ਅਤੇ ਦੋ ਭਰਾ ਚੇਲਿਆਂ ਵਾਲੀ ਲੜਾਈ ਵਿਚ ਸ਼ਹੀਦ ਹੋ ਗਏ ਸਨ। ਉਹ ਅਣਵਿਆਹੇ ਸਨ। ਉਹਨਾਂ ਦਾ ਪਿਤਾ ਜੈਮਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੂਬੇਦਾਰੀ ਦੇ ਅਹੁਦੇ ਉਤੇ ਤੋਪਖਾਨੇ ਵਿਚ ਨੌਕਰ ਸੀ। ਕੁਝ ਜਗੀਰ ਮਿਲੀ ਸੀ। ਉਹ ਫਰੰਗੀ ਸਰਕਾਰ ਨੇ ਜ਼ਬਤ ਕਰ ਲਈ ਸੀ। ਜੈਮਲ ਸਿੰਘ ਵਲੋਂ ਉਸਾਰੀ ਦੋਹਾਂ ਭਰਾਵਾਂ ਕੋਲ ਇਕ ਪਕੀ ਹਵੇਲੀ ਸੀ। ਉਸ ਹਵੇਲੀ ਵਿਚ ਹੀ ਦੋਹਾ ਦੀ ਰਹਾਇਸ਼ ਸੀ ਤੇ ਦੋਂਹ ਖੂਹਾਂ ਉਤੇ ਜ਼ਮੀਨ ਇਕੱਠੀ ਸੀ। ਦੋਹਾਂ ਭਰਾਵਾਂ ਨੇ ਵੰਡ ਲਈ ਸੀ। ਭਾਵੇਂ ਬਹੁਤੀ ਅਮੀਰੀ ਨਹੀਂ ਸੀ ਫਿਰ ਵੀ ਜੈਮਲ ਸਿੰਘ ਦੇ ਕਾਰਣ ਪਿੰਡ ਵਾਲੇ 'ਸਰਕਾਰੀਏ ਸਰਦਾਰ' ਆਖਕੇ ਬੁਲਾਉਂਦੇ ਸਨ।

ਸੁਰਾਇਣਾ ਬਹੁਤ ਹੀ ਡਰਾਕਲ ਸੀ। ਜਦੋਂ ਜਗੀਰ ਜ਼ਬਤ ਹੋਈ ਤੇ ਸਰਕਾਰੀ ਹੁਕਮ ਸੁਣੇ ਤਾਂ ਉਸ ਨੇ ਹੌਲੀ ਹੌਲੀ ਸਿਖੀ ਨੂੰ ਜਵਾਬ ਦੇ ਦਿਤਾ। ਦਾਹੜੀ ਕਤਰ ਕੇ ਛੋਟੀ ਕਰ ਲਈ ਤੇ ਸਾਰੇ ਪਰਵਾਰ ਦੇ ਤੇੜੋਂ ਕਛਹਿਰੇ ਲੁਹਾ ਦਿਤੇ। ਪਰਨੇ, ਸੂਤਣੇਂ, ਚਾਦਰਾਂ ਤੇ ਔਰਤਾਂ ਨੂੰ ਸਲਵਾਰਾਂ ਤੇ ਘਘਰੀਆਂ ਨਿਰੀਆਂ ਪਵਾਈਆਂ। ਨੰਬਰਦਾਰ, ਚੌਂਕੀਦਾਰ, ਥਾਨੇ ਦੀ ਪੁਲੀਸ...ਸਭ ਅਗੇ ਹੱਥ ਜੋੜ ਖਲੋਤਾ ਸੀ। 'ਅਸੀਂ ਫਰੰਗੀ ਸਰਕਾਰ ਨੂੰ ਚੰਗਾ ਸਮਝਦੇ ਹਾਂ। ਅਨੇਕਾਂ ਸੁਖ ਹਨ।' ਉਹ ਗਲ ਗਲ ਨਾਲ ਆਖਣ ਲੱਗ ਪਿਆ ਸੀ।

'ਗੁਰੂ ਸਰ' ਇਤਿਹਾਸਕ ਗੁਰਦਵਾਰਾ ਉਹਨਾਂ ਦੇ ਪਿੰਡ ਦੇ ਬਾਹਰੇ ਵਿਚ ਸੀ। ਮਸਿਆ, ਸੰਗ੍ਰਾਂਦ ਦਾ ਮੇਲਾ ਲਗਦਾ ਸੀ। ਉਸ ਗੁਰਦੁਆਰੇ ਦੇ ਮਹੰਤ ਛਬੀਲਦਾਸ ਕੋਲ ਉਠਣ ਬੈਠਣ ਸੀ। ਮਹੰਤ ਛਬੀਲਦਾਸ ਤੇ ਕੋਹ ਕਿਲਾ ਪੰਜਾਬ ਸਿੰਘ ਦੇ ਸਰਦਾਰ ਦੀ ਨਿੱਘੀ ਮਿਤਰਤਾ ਸੀ। ਦੋਹਾਂ ਦੀ ਬੁਰਕੀ ਸਾਂਝੀ ਸੀ। ਦੋਵੇਂ



Sri Satguru Jagjit Singh Ji Elibrary NamdhariElibrary@gmail.com

ਹੀ ਥਾਂਨੇ ਵਿਚ ਮੁਖੀ ਸਰਕਾਰੀ ਬੰਦੇ ਮੰਨੇ ਗਏ ਸਨ। ਦੋਵੇਂ ਉਮਰ ਵਿਚ ਵੀ ਹਾਣੀ ਸਨ।

ਕਿਲਾ ਪੰਜਾਬ ਸਿੰਘ ਦਾ ਸਰਦਾਰ ਪਿੰਡ ਦੇ ਬਾਨੀ ਪੰਜਾਬ ਸਿੰਘ ਦਾ ਪੋਤਰਾ ਬੇਲਾ ਸਿੰਘ ਸੀ। ਉਹ ਪਾਉਣੇ ਛੇ ਫੁੱਟ ਉਚਾ ਲੰਮਾ ਆਦਮੀ ਸੀ, ਸਰੀਰ ਅਰੋਗ ਅਤੇ ਉਮਰ ੫੫ ਸਾਲ ਦੇ ਨੇੜੇ ਸੀ। ਛ ਉਸ ਦੇ ਬੱਚ ਸਨ, ਚਾਰ ਲੜਕੇ ਤੇ ਦੋ ਧੀਆਂ। ਸਾਰੇ ਹੀ ਵਿਆਹੇ ਹੋਏ ਸਨ। ਉਹਦੀ ਵਹੁਟੀ ਮਰੀ ਨੂੰ ਪੰਜ ਸਾਲ ਹੋ ਗਏ ਸਨ। ਜਿਨ੍ਹਾ ਸਰਦਾਰ ਸ਼ਰਾਬੀ ਕਬਾਬੀ ਤੇ ਨੀਵੇਂ ਇਖਲਾਕ ਦਾ ਬੰਦਾ ਸੀ, ਉੱਨੀ ਹੀ ਸਰਦਾਰਨੀ ਤੇਜ ਕੌਰ ਨੇਣ ਤੇ ਘਰੇਲੂ ਔਰਤ ਸੀ। ਉਸ ਦੇ ਮਰਨ ਤੇ ਰਾਜ ਪਲਟੇ ਦੇ ਕਾਰਕ ਬੇਲਾ ਸਿੰਘ ਇਕ ਆਪ ਹੁਦਰਾ, ਵੈਲੀ, ਚੁਗਲ ਤੇ ਕੌਮ-ਧਰੋਹੀ ਬਣ ਗਿਆ ਸੀ। ਇਲਾਕੇ ਦੇ ਲੋਕ ਉਸ ਦੇ ਪਰਛਾਵੇਂ ਕੋਲੋਂ ਡਰਨ ਲਗ ਪਏ ਸਨ। ਇਲਾਕੇ ਦੇ ਥਾਨੇ ਦਾ ਅੰਗਰੇਜ਼ ਅਫਸਰ ਮਿਸਟਰ ਟੀਟੋਨੀ ਉਸ ਦਾ ਭਰਾ ਬਣ ਚੁਕਿਆ ਸੀ। ਮਹੰਤ ਛਬੀਲ ਦਾਸ, ਬੇਲਾ ਸਿੰਘ ਤੇ ਟੀਟੋਨੀ ਇਲਾਕੇ ਦੇ ਤੀਹ ਪਿੰਡਾਂ ਦੇ ਅਸਲ ਹਾਕਮ ਸਮਝੇ ਜਾਂਣ ਲਗੇ। ਉਹਨਾਂ ਨੂੰ ਗੁੱਸੇ ਕਰਨਾ ਧਰਮ ਰਾਜ ਦੇ ਜਮਦੂਤਾਂ ਨੂੰ ਆਵਾਜ਼ ਦੇਣਾ ਸੀ।

ਦੁਪਹਿਰ ਢਲਣ ਤੇ ਨੈਣੋ ਨੂੰ ਜਾਗ ਆਈ। ਉਹ ਉਠਕੇ ਬੈਠ ਗਿਆ, ਉਸ ਨੇ ਵੇਖਿਆ, ਉਸ ਦਾ ਤਾਇਆ ਤੇ ਤਾਏ ਦਾ ਪੁੱਤਰ ਰਾਮੂ ਸੁੱਤੇ ਸਨ। ਪਸ਼ੂ ਸਾਰੇ ਬੈਠੇ ਸੀ, ਧੁਪ ਦੀ ਲਿਸ਼ਕ ਤੇਜ਼ ਸੀ। ਨਾਲ ਹੀ ਉਤਰ-ਪਛਮ ਦੀ ਨੁਕਰ ਵਲੋਂ ਕਾਲਾ ਬਦਲ ਉਠਿਆ ਸੀ। ਉਥੋਂ ਬਦਲ ਉਠੇ ਬਾਬਤ ਆਮ ਵੀਚਾਰ ਸੀ ਕਿ ਜ਼ਰੂਰ ਵਰ੍ਹਦਾ। ਮਜਨੂੰ ਦੇ ਟਿਲ ਦਾ ਬਦਲ।

ਨੈਣੋ ਨੇ ਚਰ੍ਹ ਤੇ ਗਵਾਰੇ ਦੇ ਪੱਠੇ ਵਢਣੇ ਸਨ। ਦੋ-ਤਿੰਨ ਭਰੀਆਂ ਪਠੇ ਵੱਢੇ ਬਿਨਾਂ ਡੰਗ ਨਹੀਂ ਸੀ ਟਪਦਾ। ਚਾਰ ਪਸ਼ੂ ਵਗਣ ਵਾਲੇ ਤੇ ਦੋ ਲਵੇਰੀਆਂ ਸਨ। ਬਾਕੀ ਬਾਰਾਂ-ਤੇਰਾਂ



Sri Satguru Jagjit Singh Ji Elibrary NamdhariElibrary@gmail.com

ਪਸ਼ੂ-ਡੰਗਰ, ਕਟੇ-ਵਛੇ ਜੂਹ ਵਿਚੋਂ ਹੀ ਚਰਕੇ ਰਜ ਆਉਂਦੇ ਸਨ। ਨੈਣ ਦਾ ਛੋਟਾ ਭਰਾ ਗਿਆਨਾ ਉਹਨਾਂ ਨੂੰ ਚਾਰਿਆ ਕਰਦਾ ਸੀ। ਸੌਣ-ਭਾਦਰੋਂ ਮਹੀਨਿਆਂ ਵਿਚ ਜੂਹ ਵਿਚ ਘਾਹ ਬਹੁਤ ਹੋ ਜਾਂਦਾ ਸੀ।

ਨੈਣੇ ਨੇ ਖੂਹ ਗੇੜਿਆ ਤੇ ਪਾਣੀ ਭਰੀਆਂ ਟਿੰਡਾਂ ਉਪਰ ਲਿਆਂਦੀਆਂ ਖੂਹ ਦੇ ਗਿੜਨ ਤੇ ਝਵਕਲੀ ਤੇ ਢੋਲ ਦੇ ਧੁਰਿਆਂ ਨੇ ਚੀਕਾਂ ਮਾਰੀਆਂ। ਉਹਨਾਂ ਚੀਕਾਂ ਨੇ ਨੈਣੇ ਦੇ ਤਾਏ ਸੁਰਾਇਣੇ ਨੂੰ ਜਗਾ ਦਿਤਾ। ਉਹ ਉਠਕੇ ਬੈਠ ਗਿਆ। ਉਸ ਨੇ ਨੈਣੇ ਵਲ ਦੇਖਿਆ। ਉਸ ਵੇਲੇ ਨੈਣਾ ਟਿੰਡ ਵਿਚੋਂ ਬੁਕਾਂ ਨਾਲ ਪਾਣੀ ਪੀ ਰਿਹਾ ਸੀ।

ਪਾਣੀ ਪੀ ਕੇ ਨੈਣੇ ਨੇ ਹੱਥ ਨਾਲ ਹੀ ਬੁਲ੍ਹ ਸੁਕਾਏ ਤੇ ਉਚੀ ਧੌਣ ਕਰਕੇ ਇਕ ਪਾਸੇ ਲਿਸ਼ਕ ਦੀ ਧੁੱਪ ਅਤੇ ਦੂਸਰੇ ਪਾਸੇ ਉਠ ਰਹੇ ਕਾਲੇ ਬਦਲ ਵਲ ਦੇਖਣ ਹੀ ਲੱਗਾ ਸੀ ਕਿ ਉਸ ਦੇ ਤਾਏ ਨੇ ਵਾਜ ਮਾਰੀ—

'ਨੈਣਿਆ ਗਲ ਸੁਣ।'

'ਦਸੋ ਤਾਇਆ ਜੀ!' ਕੋਲ ਜਾ ਕੇ ਨੈਣੇ ਨੇ ਆਖਿਆ।

'ਬਹਿਜਾ!' ਸੁਰਾਇਣੇ ਨੇ ਹੌਲੀ ਜਹੀ ਕਿਹਾ।

ਨੈਣਾ ਬੈਠ ਗਿਆ।

ਹੁਣ ਤੂੰ ਬਾਲ ਨਹੀਂ। ਕੁੜੀ ਮੁੰਡੇ ਦਾ ਬਾਪ ਬਣ ਚੁਕਿਆ ਹੈਂ ਤੇ ਉਮਰ ਵੀ ੨੪-੨੫ ਸਾਲ ਹੋ ਗਈ ਹੈ। ਅਕਲ ਹਣੋ ਉਗ ਖਲੋਤੀ। ਆਪਣਾ ਬੁਰਾ ਭਲਾ ਸੋਚ ਸਕਦਾ ਹੈਂ। ..'

'ਕੀ ਖੁਨਾਮੀ ਹੋਈ ਮੈਥੋਂ ਤਾਇਆ ਜੀ?'

'ਪੁੱਤਰ! ਨਹਿਰ ਦੇ ਕਿਨਾਰੇ ਚੂਹਾ ਰੁਡ ਕਢਦਾ ਹੈ। ਰੁਡ ਮਾਮੂਲੀ ਹੁਦੀ ਹੈ ਤੇ ਉਹ ਆਪਣੇ ਵਾਸਤੇ ਰੁਡ ਪੁੱਟਦਾ ...ਪਰ ਜਦੋਂ ਨਹਿਰ ਦਾ ਪਾਣੀ ਉਛਲਕੇ ਰੁਡ ਵਿਚ ਪੈਂਦਾ ਹੈ ਤਾਂ ਉਹ ਛੋਟੀ ਰੁਡ ਪਾੜ ਬਣ ਜਾਂਦੀ ਹੈ। ਨਹਿਰ ਦਾ ਕਢਾ ਟੁਟ ਜਾਂਦਾ



Sri Satguru Jagjit Singh Ji Elibrary NamdhariElibrary@gmail.com

ਹੈ। ਰੁੜ, ਚੁਹਾ ਤੇ ਕਿਨਾਰੇ ਦੇ ਰੁਖ ਹੀ ਨਹੀਂ ਰੁੜਦੇ ਸਗੋਂ ਸੈਂਕੜੇ ਵਿਘੇ ਭੋਂਈ ਦੀ ਫਸਲ ਵੀ ਖਰਾਬ ਹੋ ਜਾਂਦੀ ਹੈ ...ਕਈ ਗਲਾਂ ਹੁੰਦੀਆਂ ਮਾਮੂਲੀ ਹਨ, ਪਰ ਜੇ ਵਧ ਜਾਣ ਤਾਂ ਰੋਕਿਆ ਪਰ ਰੁਕਦੀਆਂ ਤੇ ਲੈਣੇ ਦੇ ਦੇਣੇ ਪੈ ਜਾਂਦੇ ਹਨ। ... ਤੂੰ ਛੀਂਬੇ ਬਘੇਲ ਸਿੰਘ ਕੋਲੋਂ ਸਵਾਂਕੇ ਇਹ ਕਛ ਤਾਂ ਪਾ ਲਈ ਹੈ .. ਪਰ ਪਤਾ ਈ ਇਹ ਕੀ ਰਗ ਲਾਏਗੀ ?'

ਨੈਣੇ ਨੂੰ ਸਾਫ ਸਮਝ ਲਗੀ ਕਿ ਉਸ ਦਾ ਤਾਇਆ ਕੀ ਬੁਝਾਰਤਾਂ ਪਾ ਰਿਹਾ ਸੀ। ਉਸ ਨੇ ਆਪਣੇ ਤਾਏ ਨੂੰ ਉਤਰ ਦਿਤਾ।

'ਤਾਇਆ ਜੀ .....ਮੈਂ ਤੇੜ ਕਛਹਿਰਾ ਪਾਇਆ ਹੈ। ਜਿਹੜਾ ਪੜਦਾ ਹੈ, ਗੁਰਸਿਖੀ ਦੀ ਨਿਸ਼ਾਨੀ ਤੇ ਸਾਊਆਂ ਦਾ ਲਬਾਸ, ਰਮਾਲੀ ਜਾਂ ਸੂਤਨੇ ਨਾਲ ਕੋਈ ਪੜਦਾ ਥੋੜਾ ਹੁੰਦਾ ਹੈ ? ਵਾਹੀ ਦੇ ਕੰਮ ਕਰਨ ਵਾਲਾ ਭਲਾ ਚਤੇ ਪਹਿਰ ਚਾਦਰ ਕਿਵੇਂ ਬੰਨ੍ਹੀ ਰੱਖੂ ? ਇਹ ਕਛਹਿਰਾ ਹੈ। ਉਹ ਵੀ ਖਦਰ ਦਾ। ਇਹ ਪਾ ਕੇ ਭਲਾ ਮੈਂ ਕੀ ਪਾਪ ਕੀਤਾ ਹੈ ?'

'ਇਹੋ ਤਾਂ ਬੇਸਮਝੀ ਦੀ ਗਲ ਹੈ... ਰਣਜੀਤ ਸਿੰਘ ਦਾ ਰਾਜ ਨਹੀਂ। ਫਰੰਗੀ ਦਾ ਰਾਜ ਹੈ। ਜਿਸਦਾ ਰਾਜ......ਉਸੇ ਦੇ ਹੁਕਮ ਚਲਦੇ ਹਨ। ਕਛਾ ਤੇਰਾ ਕੂਕਿਆਂ ਦਾ ਕਛਾ ਹੈ। ਕਕੜਾਂ ਵਾਲਾ ਖੜਕਾ ਸਿੰਘ ਪਿੰਡ ਆਇਆ ਮੈਂ ਦੇਖਿਆ, ਉਹ ਭਾਈ ਨਾਲ ਗਲਾਂ ਕਰਦਾ ਰਿਹਾ.... ਮੈਂ ਉਸ ਦਿਨ ਹੀ ਸਮਝ ਗਿਆ ਸਾਂ ਕਿ ਕੋਈ ਚੰਨ ਚੜ੍ਹਾਏਗਾ। ਭਾਈ ਦੇ ਵੀ ਦਿਨ ਥੋੜੇ ਹਨ, ਜਿਹੜਾ ਕੂਕਿਆਂ ਨਾਲ ਯਾਰੀ ਪਾ ਬੈਠਾ ਹੈ ਪਰ ਉਹ ਤਾਂ ਬੇਘਰਾਂ ਸਾਧੂ ਹੈ ..ਚਾਂਦਰ ਦੀ ਬੁਕਲ ਮਾਰਕੇ ਹੋਰ ਕਿਸੇ ਪਿੰਡ ਜਾਂ ਬੈਠੇਗਾ। ਨਾ ਰੰਨ ਨਾ ਕੰਨ, ਨਾ ਢਗੀ ਨਾ ਵਛੀ ਤੇ ਨੀਂਦ ਆਵੇ ਅਛੀ . ਭੰਗ ਪੀਤੀ ਤੇ ਰੁਖਾਂ ਦੇ ਪੱਤੇ ਗਿਣਨ ਲਗ ਪਿਆ ਤੂੰ ਤਾਂ ਟਬਰਦਾਰ ਹੈ ...ਨਾਲ ਅਸਾਂ ਨੂੰ ਵੀ ਪਲੱਥਣ



Sri Satguru Jagjit Singh Ji Elibrary NamdhariElibrary@gmail.com

ਲਾਵੇਂਗਾ ।...ਮੈਂ ਏਹੋ ਆਖਦਾ ਹਾਂ ਧਰਮਸਾਲਾ ਰੋਜ਼ ਜਾਣਾ ਛਡਦੇ ਕਛਾ ਪਾਉਣਾ ਹੈ ਤਾਂ ਛੋਟਾ ਕਰ...ਬਾਪੂ ਤੇਰਾ ਤਾਂ ਮਹੰਤ ਤੇ ਬੇਲਾ ਸਿੰਘ ਕੋਲ ਬੈਠਦਾ ਉਠਦਾ ਹੈ ਤੇ ਤੂੰ ਕੂਕਾ ਬਣ ਰਿਹਾ ਹੈਂ ? ਥਾਨੇਦਾਰ ਫਰੰਗੀ ਤਾਂ ਕਿਸੇ ਬੰਦੇ ਦਾ ਪੁੱਤਰ ਹੀ ਨਹੀਂ। ਏਹੋ ਤੈਨੂੰ ਆਖਣਾ ਸੀ।'

ਸੁਰਾਇਣਾ ਬੋਲੀ ਗਿਆ। ਨੈਣਾ ਸੁਣਦਾ ਗਿਆ। ਉਸ ਨੇ ਸੁਰਾਇਣੇ ਨੂੰ ਉਤਰ ਤਾਂ ਕੋਈ ਨਾ ਦਿੱਤਾ। ਚੁੱਪ ਰਿਹਾ, ਪਰ ਸੁਰਾਇਣੇ ਦੇ ਉਪਦੇਸ਼ ਨੇ ਉਸ ਦੇ ਦਿਲ ਦਿਮਾਗ ਵਿਚ ਗੁੱਸੇ ਦੀ ਲਹਿਰ ਪੈਦਾ ਕੀਤੀ। ਖੂਨ ਦੀਆਂ ਨਾੜਾਂ ਆਕੜਨ ਲਗੀਆਂ। 'ਮੈਂ ਪੱਠੇ ਵਢਣੇ ਹਨ।' ਆਖਕੇ ਸੁਰਾਇਣੇ ਕੋਲੋਂ ਟੋਕੇ ਦੇ ਪਿੜ ਵਲ ਹੋਇਆ ਤੇ ਦਾਤਰੀ ਰੰਬਾ ਫੜਕੇ ਖੇਤ ਵਲ ਚਲਿਆ ਗਿਆ।

ਉਸ ਦਾ ਤਾਇਆ ਸੁਰਾਇਣਾ ਬਲੀ ਗਿਆ।





Sri Satguru Jagjit Singh Ji Elibrary NamdhariElibrary@gmail.com

# ਦੋ

ਜਦੋਂ ਰਾਜ ਪਲਟੇ ਹੁੰਦੇ ਹਨ, ਤਦੋਂ ਹੈਰਾਨ ਕਰਨ ਵਾਲੀ ਤਬਦੀਲੀ ਆਉਂਦੀ ਹੈ। ਹੇਠਲੀ ਉਤੇ ਹੁੰਦੀ ਹੈ। ਵਸਦੇ ਉਜੜਦੇ ਹਨ ਤੇ ਉਜੜੇ ਵਸਦੇ ਹਨ। ਕਿਸੇ ਦੇ ਸ਼ੀਸ਼ ਮਹਿਲ ਦੀ ਇੱਟ ਨਾਲ ਇੱਟ ਖੜਾਈ ਜਾਂਦੀ ਹੈ ਤੇ ਕਿਲਿਆਂ ਦੇ ਥੇਹ ਬਣ ਜਾਂਦੇ ਹਨ। ਕਿਤੇ ਨਵੀਆਂ ਹਵੇਲੀਆਂ ਉਸਰ ਦੀਆਂ ਹਨ। ਸਰਦਾਰ, ਵਜ਼ੀਰ ਤੇ ਬਾਦਸ਼ਾਹ ਕੈਦੀ ਬਣਦੇ, ਫਾਂਸੀ ਲਗਦੇ ਹਨ। ਉਨ੍ਹਾਂ ਦੇ ਦਾਸਾਂ ਨੂੰ ਸਰਦਾਰ ਬਣਾਇਆ ਜਾਂਦਾ ਹੈ। ਨਵੇਂ ਹਾਕਮ ਆਪਣਾ ਨਵਾਂ ਧੜਾ ਬਣਾ ਕੇ ਜਨਤਾ ਨੂੰ ਦਬਾ ਕੇ ਰਖਦੇ ਹਨ। ਨਵਾਂ ਰਾਜ ਪਲਟਾ ਹੋਣੀ ਅਨਹੋਣੀ ਦਾ ਤਮਾਸ਼ਾ ਹੁੰਦਾ ਹੈ।

੨੯ ਮਾਰਚ ੧੮੪੯ ਈ. ਵਾਲੇ ਦਿਨ ਪੰਜਾਬ ਵਿਚ ਰਾਜ ਪਲਟਾ ਹੋਇਆ ਪੰਜਾਬ ਦਾ ਮਹਾਰਾਜਾ ਦਲੀਪ ਸਿੰਘ ੩੦ ਮਾਰਚ ਨੂੰ ਕੈਦੀ ਬਣ ਗਿਆ। ਉਸ ਦੇ ਵਜ਼ੀਰ, ਦਰਬਾਰੀ ਅਤੇ ਹਮਦਰਦ ਕੱਖਾਂ ਤੋਂ ਹੌਲੇ ਕਰ ਦਿੱਤੇ ਗਏ। ਕੈਦ, ਜਾਇਦਾਦ ਜਬਤੀ, ਜਲਾਵਤਨੀ ਤੇ ਨਜ਼ਰ ਬੰਦੀ ਦੇ ਹੁਕਮ ਜਾਰੀ ਹੋ ਗਏ। ਪੰਜਾਬ ਦੇ ਹਾਕਮ ਉਹ ਬਣੇ, ਜਿਹੜੇ ਸਤਾਂ ਸਮੁੰਦਰਾਂ ਤੋਂ ਪਾਰ ਦੇ



Sri Satguru Jagjit Singh Ji Elibrary NamdhariElibrary@gmail.com

ਫਰੰਗੀ [ਅੰਗਰੇਜ਼] ਜਿਨ੍ਹਾਂ ਦਾ ਨਾ ਪੰਜਾਬ ਨਾਲ ਕੋਈ ਸਬੰਧ' ਨਾ ਰਿਸ਼ਤੇਦਾਰੀ ਨਾ ਭਾਈਚਾਰਾ। ਜਿਨ੍ਹਾਂ ਦੀ ਬੋਲੀ ਹੋਰ, ਸਭਿਅਤਾ ਤੇ ਰਾਜਨੀਤੀ ਹੋਰ...ਸ਼ਕਲ ਸੂਰਤ ਹੋਰ। ਗਿਣਤੀ ਮੁੱਠੀ ਭਰ, ਲਾਹੌਰ, ਮੁਲਤਾਨ, ਕਸੂਰ, ਫਲੌਰ, ਜਮਰੌਦ ਤੇ ਅਟਕ ਦੇ ਕਿਲਿਆਂ ਵਿਚ ਗੋਰੇ ਫੌਜੀਆਂ ਦੀਆਂ ਪਲਟਨਾਂ ਜਾ ਬੈਠੀਆਂ ਤੇ ਪੰਜਾਬ ਦੀ ਫੌਜ ਤੋੜ ਦਿਤੀ ਗਈ। ਫੌਜੀ ਘਰੀਂ ਭੇਜੇ ਗਏ। ਸਰਦਾਰਾਂ ਦੇ ਹੱਥੀਂ ਦਾਤਰੀ ਰੰਬੇ ਫੜਾਏ ਗਏ। ਸ: ਲਹਿਣਾ ਸਿੰਘ ਮਜੀਠੀਏ ਵਰਗੇ ਤੀਰਥਾਂ ਵਲ ਤੁਰ ਗਏ।

ਫਰੰਗੀ ਸਰਕਾਰ ਦੇ ਕਰਮਚਾਰੀਆਂ ਨੇ ਪੰਜਾਬੀ ਲੋਕਾਂ ਵਿਚੋਂ ਅਮੀਰ [ਜਗੀਰਦਾਰ ਤੇ ਬਾਣੀਏ] ਅਤੇ ਗੁਰਦੁਆਰਿਆਂ ਅਖਾੜਿਆਂ ਤੇ ਵਡੀਆਂ ਧਰਮਸਾਲਾਂ ਦੇ ਉਹ ਮਹੰਤ ਖਰੀਦੇ ਜਿਨ੍ਹਾਂ ਗੁਰਦੁਆਰਿਆਂ ਅਖਾੜਿਆਂ ਤੇ ਡੇਰਿਆਂ ਦੇ ਨਾਂ ਮਹਾਰਾਜਾ ਰਣਜੀਤ ਸਿੰਘ ਨੇ ਜਗੀਰਾਂ ਲਾਈਆਂ ਸਨ। ਆਪਣੇ ਰਾਜ ਦਾ ਹਮਾਇਤੀ ਨਵਾਂ ਧੜਾ ਕਾਇਮ ਕੀਤਾ। ਇਕ ਫਰੰਗੀ [ਗੋਰਾ] ਅਫਸਰ ਤੁਰਦਾ ਤਾਂ ਉਸ ਦੇ ਰਾਖੇ ਵੀਹ-ਪੰਜੀ ਪੰਜਾਬੀ ਤੁਰਦੇ। ਉਹ ਕਿਸੇ ਰਾਜੇ ਨਾਲੋਂ ਘਟ ਪ੍ਰਤੀਤ ਨਾ ਹੁੰਦਾ।

ਜੌਹਨ ਲਾਰੰਸ ਪੰਜਾਬ ਦਾ ਦੂਸਰਾ ਫਰੰਗੀ ਹਾਕਮ ਮੁਕਰਰ ਹੋਇਆ। ਚੀਫ ਕਮਿਸ਼ਨਰ ਪੰਜਾਬ। ਉਸ ਦੇ ਹੇਠਾਂ ਕਮਿਸ਼ਨਰ ਤੇ ਕਮਿਸ਼ਨਰਾਂ ਹੇਠਾਂ ਡਿਪਟੀ ਕਮਿਸ਼ਨਰ, ਡਿਪਟੀ ਕਮਿਸ਼ਨਰਾਂ ਅਧੀਨ ਤਹਿਸੀਲਾਂ ਤੇ ਤਹਿਸੀਲਾਂ ਵਿਚ ਥਾਨੇ। ਥਾਨਿਆਂ ਅਧੀਨ ਪਿੰਡ ਤੇ ਪਿੰਡਾਂ ਵਿਚ ਨੰਬਰਦਾਰ ਤੇ ਚੌਂਕੀਦਾਰ ਸਰਕਾਰੀ ਹਾਕਮ ਮੁਕਰਰ ਕੀਤੇ ਗਏ। ਬਹਾਦਰ ਤੇ ਅਣਖੀਲੀ ਕੌਮ ਨੂੰ ਗੁਲਾਮ ਰਖਣ ਲਈ ਇਉਂ ਮਜ਼ਬੂਤ ਕੜੀਆਂ ਦਾ ਸੰਗਲ ਤਿਆਰ ਕੀਤਾ ਗਿਆ। ਜਗੀਰਦਾਰ, ਮਹੰਤ, ਸਫੈਦ ਪੋਸ਼ ਆਦਿਕ ਸੰਗਲ ਦੀਆਂ ਘੁੰਡੀਆਂ ਦੀ ਦੇਖ ਭਾਲ ਕਰਦੇ ਕਿ ਕੋਈ ਘੁੰਡੀ ਟੁਟ ਨਾ ਜਾਏ।



Sri Satguru Jagjit Singh Ji Elibrary NamdhariElibrary@gmail.com

ਜਦੋਂ ਦੀ ਅਸੀਂ ਗਲ ਕਹਦੇ ਹਾਂ, ਤਦੋਂ ਰਾਜ ਪਲਟੇ ਹੋਟੇ ਨੂੰ ੧੪ ਸਾਲ ਬੀਤ ਗਏ ਸਨ। ਉਹਨਾਂ ੧੪ ਸਾਲਾਂ ਵਿਚ ਕਈਆਂ ਪੰਜਾਬੀਆਂ ਨੂੰ ਭੁਲਾ ਦਿੱਤਾ ਗਿਆ ਸੀ ਕਿ ਕਦੀ ਉਹਨਾਂ ਦਾ ਸੁਤੰਤਰ ਰਾਜ ਸੀ। ਹਿੰਦੂ, ਮੁਸਲਮਾਨ ਤੇ ਸਿੱਖ ਜਿਹੜੇ ਪੰਜਾਬ ਦੀ ਇਕ ਰਸੀ ਵਿਚ ਪਰੁਚੇ ਹੋਏ ਵੀਰ ਵੀਰ ਸਨ, ਉਹਨਾਂ ਅੰਦਰ ਕੁਝ ਕੁਝ ਈਰਖਾ (ਫੁਟ) ਦਾ ਬੀਜ ਬੀਜ ਦਿੱਤਾ ਸੀ। ਨੌਕਰੀਆਂ, ਠੇਕਿਆਂ ਤੇ ਈਨਾਮਾਂ ਦੇ ਲਾਲਚ ਨਾਲ ਫਰੰਗੀ ਨੇ ਆਪਣਾ ਰਾਜ ਧੜਾ ਮਜ਼ਬੂਤ ਕਰ ਲਿਆ ਸੀ। ਰਾਜ ਧਤੇ ਦੇ ਸਾਰੇ ਬੰਦੇ ਜਨਤਾ ਵਾਸਤੇ ਡਰਾਉਣੇ ਸਨ। ਦਿਨ ਬ-ਦਿਨ ਲੋਕਾਂ ਵਿਚੋਂ ਅਣਖ, ਦਲੇਰੀ, ਧਰਮ ਦੀ ਗਲ ਘਟਦੀ ਜਾ ਰਹੀ ਸੀ।

ਥਾਨਾ ਲੋਪੋਕੇ [ਚਗਾਵਾਂ] ਤਹਿਸੀਲ ਅਜਨਾਲਾ ਅਤੇ ਜ਼ਿਲਾ ਅੰਮ੍ਰਿਤਸਰ ਵਿਚ ਹੈ। ਏਸੇ ਥਾਨੇ ਵਿਚ ਪਿੰਡ ਠੱਠਾ ਹੈ। ਉਹ ਪਿੰਡ ਨੈਣੇ ਦੇ ਬਾਪ ਦਾਦੇ ਦਾ ਸੀ। ਪਿੰਡ ਵਿਚ ਧਰਮਸਾਲਾ ਸੀ। ਜਿਸ ਦੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਆਰੰਭ ਵਿਚ ਉਸਾਰੀ ਗਈ ਸੀ। ਉਸ ਨੂੰ ਤਿਆਰ ਕਰਾਉਣ ਵਾਲਾ ਨਿਰਮਲਾ ਸੰਤ ਈਸ਼ਰ ਸਿੰਘ ਸੀ। ਉਸ ਦੇ ਚਲਾਣੇ ਪਿਛੋਂ ਜੇਠਾ ਸਿੰਘ ਉਸ ਦਾ ਚੇਲਾ ਮਹੰਤ ਬਣਿਆ ਤੇ ਜੇਠਾ ਸਿੰਘ ਦੇ ਜੀਵਨ ਕਾਲ ਵਿਚ ਸੇਵਕ ਸਿੰਘ ਆ ਚੇਲਾ ਬਣਿਆ। ਉਸ ਦੇ ਚੇਲਾ ਬਣਨ ਦੇ ੫ ਸਾਲ ਪਿਛੋਂ ਜੇਠਾ ਸਿੰਘ ਸਰੀਰ ਛੱਡ ਗਿਆ।

ਸੰਤ ਸੇਵਕ ਸਿੰਘ ਜਦੋਂ ਮਹੰਤ ਬਣ ਗਿਆ ਤਾਂ ਉਸ ਨੇ ਪਹਿਲੇ ਮਹੰਤਾਂ ਵਾਲੀ ਧਰਮਸਾਲਾ ਦੀ ਮਰਯਾਦਾ ਕਾਇਮ ਰੱਖੀ। ਵਾਧਾ ਇਹ ਕੀਤਾ ਕਿ ਜਪੁਜੀ, ਸੁਖਮਨੀ, ਆਸਾ ਦੀ ਵਾਰ, ਕੁਝ ਸ਼ਬਦਾਂ ਦੇ ਛੋਟੇ ਛੋਟੇ ਗੁਟਕੇ ਲਿਖਣੇ ਸ਼ੁਰੂ ਕੀਤੇ। ਉਹਨਾਂ ਦੀ ਹੱਥ-ਲਿੱਖਤ ਬਹੁਤ ਸੁੰਦਰ ਸੀ। ਸਿਆਹੀ ਵੀ ਆਪ ਤਿਆਰ ਕਰਦੇ ਤੇ ਸਿਆਲ ਕੋਟੀ ਕਾਗਜ਼ ਲਾਹੋਰੋਂ ਲਿਆ ਰਖਿਆ ਸੀ। ਬਚਿਆਂ ਨੂੰ ਗੁਰਮੁਖੀ ਪੜ੍ਹਾਉਂਦੇ। ਧਰਮਸਾਲਾ ਵਿਚ ਪ੍ਰਕਾਸ਼



Sri Satguru Jagjit Singh Ji Elibrary NamdhariElibrary@gmail.com

ਗ੍ਰੰਥ ਸਾਹਿਬ ਦੀ ਬੀੜ ਹੱਥ ਲਿਖਤ ਸੀ ਤੇ ਉਸ ਦੀ ਲਿਖਣ ਦੀ ਸੇਵਾ ਸੰਤ ਈਸ਼ਰ ਸਿੰਘ ਨੇ ਆਪ ਕੀਤੀ ਸੀ। ਪਿੰਡ ਦੇ ਸਰਦਾਰ ਜੈਮਲ ਸਿੰਘ ਨੇ ਉਸ ਬੀੜ ਦੇ ਤਿਆਰ ਕਰਨ ਵਾਸਤੇ ਖਰਚ ਕੀਤਾ ਸੀ।

ਸੰਤ ਸੇਵਕ ਸਿੰਘ ਦੀ ਉਮਰ ੩੫-੩੬ ਸਾਲ ਦੇ ਨੇੜੇ ਤੇੜੇ ਸੀ ਅਤੇ ਸਰੀਰਕ ਕਦ ਦਰਮਿਆਨਾ ਕੋਈ ਸਾਢੇ ਪੰਜ ਫੁੱਟ। ਸਰੀਰ ਅਰੋਗ, ਪੀਡਾ ਤੇ ਸ਼ਕਤੀ ਵਾਲਾ ਸੀ। ਜਿੰਨਾ ਸਰੀਰ ਤਕੜਾ ਸੀ। ਉੱਨੀ ਹੀ ਆਤਮਾ ਨਿਰਭੈ ਤੇ ਨਿਰਵੈਰ ਸੀ। ਪ੍ਰਭੂ ਭਗਤੀ ਦੀ ਰੰਗਨ ਵਿਚ ਰੰਗੇ ਰਹਿੰਦੇ ਸਨ। ਸੇਵਾ ਕਰਨ ਦਾ ਉਤਸ਼ਾਹ ਕੁਦਰਤੀ ਸੀ। ਰੰਗ ਗੋਰਾ, ਅਖਾਂ ਮੋਟੀਆਂ ਤੇ ਚੌੜਾ ਮੱਥਾ ਹੋਣ ਕਰਕੇ ਚਿਹਰਾ ਬਹੁਤ ਸੁੰਦਰ ਸੀ। ਨਿਕੇ ਵੱਡੇ ਸਾਰੇ ਪਿੰਡ ਦੇ 'ਬਾਬਾ ਜੀ' ਆਖਕੇ ਬੁਲਾਉਂਦੇ ਸਨ।

ਸੰਤ ਸੇਵਕ ਸਿੰਘ ਬੜੇ ਠੰਡੇ ਸੁਭਾ ਵਾਲੇ ਤੇ ਧੀਰਜਵਾਨ ਸਨ। ਕੋਈ ਮੰਦਾ ਬੋਲੇ ਜਾਂ ਚੰਗਾ ਆਖੇ ਤਾਂ ਉਹ ਮੁਸਕਰਾ ਛਡਦੇ ਸਨ। ਪਿੰਡ ਵਿਚ ਸੰਤ ਸੁਭਾ ਤੇ ਸਧਾਰਨ ਭੋਲੇ ਭਾਲੇ ਇਸਤ੍ਰੀ-ਪੁਰਖ ਵੀ ਸਨ ਤੇ ਕੁਝ ਸਾਕਤ ਪੁਰਸ਼ ਵੀ। ਪਰ ਸੇਵਕ ਸਿੰਘ ਵਾਸਤੇ ਸਾਰੇ ਭਲੇ ਹੀ ਭਲੇ ਸਨ।

ਮਾਘ ਮਹੀਨੇ ਦੇ ਅੰਤਲੇ ਹਫਤੇ ਦਾ ਸ਼ੁਕਰਵਾਰ ਦਾ ਦਿਨ ਸੀ। ਸੰਤ ਸੇਵਕ ਸਿੰਘ ਗਿਆਰਾਂ ਕੁ ਵਜੇ ਦਿਨੇ ਧਰਮਸਾਲਾ ਵਿਚੋਂ ਨਿਕਲਕੇ ਬਾਹਰ ਨੂੰ ਚਲਿਆ। ਉਸ ਦੇ ਹਥ ਵਿਚ ਪਿਤਲ ਦਾ ਕਰਮੰਡਲ ਤੇ ਸਫਾ ਜੰਗ (ਟਕੂਆ) ਸੀ। ਜਿਸ ਦਾ ਵਾਂਸ ਦਾ ਸੋਟਾ ਕੋਈ ਚਾਰ ਕੁ ਫੁਟ ਲੰਮਾ ਸੀ। ਉਸ ਦੇ ਹੇਠਲੇ ਪਾਸੇ ਲੋਹੇ ਦਾ ਸੰਮ ਚੜ੍ਹਿਆ ਸੀ ਅਤੇ ਪਿਤਲ ਦੇ ਕੋਕੇ ਲਗੇ ਸਨ। ਸਫਾ ਜੰਗ ਇਉਂ ਲਿਸ਼ਕਦਾ ਸੀ ਜਿਵੇਂ ਅਜ ਕਲ ਦੇ ਨਿਕਲ ਕੀਤੇ ਟਕੂਏ ਲਿਸ਼ਕਦੇ ਹਨ।

ਸਿੱਟੇ ਕਢ ਰਹੀਆਂ ਕਣਕਾਂ ਦੇ ਹਰੇ-ਭਰੇ ਖੇਤਾਂ ਵਲ ਉਹ



Sri Satguru Jagjit Singh Ji Elibrary NamdhariElibrary@gmail.com

ਦੂਰ ਨਿਕਲ ਗਏ। ਇਕ ਖੂਹ ਤੋਂ ਜਲ ਲੈਕੇ ਸੁਚੇਤੇ ਹੋਏ। ਮੁੜ ਉਸੇ ਖੂਹ ਤੋਂ ਕਰਮੰਡਲ ਮਾਂਜਕੇ ਅਤੇ ਹੱਥ ਮੂੰਹ ਧੋਕੇ ਵਾਪਸ ਨਗਰ ਵਲ ਮੁੜਨ ਹੀ ਲਗੇ ਸਨ ਕਿ ਦੂਸਰੇ ਪਿੰਡ ਵਲੋਂ ਮੁੜਿਆ ਆਉਂਦਾ ਨੰਬਰਦਾਰ ਝੰਡਾ ਸਿੰਘ ਉਹਨਾਂ ਨੂੰ ਮਿਲ ਪਿਆ। ਦੋਹਾਂ ਨੇ ਇਕ ਦੂਸਰੇ ਨੂੰ ਗੁਰ ਫ਼ਤਹ ਬੁਲਾਈ।

ਨੰਬਰਦਾਰ ਥੜੇ ਉਤੇ ਬੈਠ ਗਿਆ। ਜਿਵੇਂ ਉਹ ਥਕਾ ਸੀ। ਉਸ ਨੇ ਸੰਤਾਂ ਨੂੰ ਆਖਿਆ, 'ਬਾਬਾ ਜੀ ! ਬੈਠ ਜਾਉ ਰਤਾ।'

ਸੇਵਕ ਸਿੰਘ ਵੀ ਥੜੇ ਉਤੇ ਬੈਠ ਗਿਆ।

'ਤੁਸੀਂ ਆਏ ਕਿਥੋਂ ? ਥੱਕੇ ਹੋਏ ਜਾਪਦੇ ਹੋ।' ਸੇਵਕ ਸਿੰਘ ਨੇ ਪੁੱਛਿਆ।

'ਜੁਤੀਆਂ ਖਾਣ ਗਿਆ ਸਾਂ, ਖਾ ਆਇਆ।' ਝੰਡਾ ਸਿੰਘ ਨੇ ਅਗੋਂ ਉਤਰ ਦਿੱਤਾ।

'ਵਾਹਿਗੁਰੂ ਬੋਲੋ ! ਕੈਸੇ ਬਚਨ ਕਰਦੇ ਹੋ !' ਸੇਵਕ ਸਿੰਘ ਨੇ ਝੰਡਾ ਸਿੰਘ ਵਲ ਦੇਖਿਆ ਤੇ ਆਖਿਆ।

'ਨੰਬਰਦਾਰੀ ਕੀ ਲਈ, ਬਿਪਤਾ ਸਹੇੜ ਲਈ। ਉਖਲੀ ਵਿਚ ਸਿਰ ਦੇ ਲਿਆ। ਹਰ ਘੜੀ ਥਾਣਿਉਂ ਸਦਾ ਆ ਜਾਂਦਾ ਹੈ। ਕੋਈ ਨਾ ਕੋਈ ਕਿੱਸਾ ਤਿਆਰ ਹੁੰਦਾ ਹੈ। ਚੇਤੇ ਆਉਂਦਾ ਮਹ ਰਾਜਾ ਰਣਜੀਤ ਸਿੰਘ ਦਾ ਰਾਜ..! ਫਰੰਗੀ ਤਾਂ ਪਤਾ ਨਹੀਂ ਭੈੜਾ ਹੈ ਕਿ ਚੰਗਾ, ਪਰ ਅਸਾਡੇ ਚੁਗਲ ਤੇ ਝੋਲੀ ਚੁੱਕ ਹੀ ਸਾਹ ਨਹੀਂ ਲੈਣ ਦਿੰਦੇ..!'

'ਨਵੀਂ ਗਲ ਕੀ ਹੋਈ ?'

'ਨਵੀਂ ਗਲ ਜਿਹੜੀ ਹੋਈ ਹੈ, ਉਸ ਦਾ ਤੁਸਾਂ ਨਾਲ ਸਬੰਧ ਹੈ ਬਾਬਾ ਜੀ।'

'ਮੇਰੇ ਨਾਲ..?'

'ਹਾਂ.. ...ਥਾਨੇ ਰਪਟ ਦਿਤੀ ਗਈ ਹੈ ਕਿ ਠੱਠੇ ਦਾ



Sri Satguru Jagjit Singh Ji Elibrary NamdhariElibrary@gmail.com

ਧਰਮਸਾਲੀਆ ਕੂਕਾ ਬਣ ਗਿਆ ਹੈਂ। ਉਹ ਲੋਕਾਂ ਨੂੰ ਕੂਕੇ ਬਣਨ ਲਈ ਆਖ ਰਿਹਾ ਹੈ। ਗਰੂ ਸਰੀਆ ਮਹੰਤ ਵੀ ਉਥੇ ਸੀ। ਉਸ ਨੇ ਵੀ ਏਹੋ ਆਖਿਆ...ਮਨੂੰ ਤਾਂ ਇਹ ਵੀ ਨਹੀਂ ਪਤਾ ਕਿ ਕੂਕੇ ਕੋਣ ਹਨ ?...ਹਵਾਲਦਾਰ ਸੁੰਦਰ ਦਾਸ ਨੇ ਬੜੀਆਂ ਧਮਕੀਆਂ ਦਿਤੀਆਂ ਹਨ। ਉਸ ਨੇ ਆਖਿਆ ਹੈ ਕਿ ਜ਼ਿਲੇ ਦੇ ਅਫਸਰਾਂ ਵਲੋਂ ਹੁਕਮ ਆਇਆ ਹੈ ਕਿ ਥਾਨੇ ਦੇ ਹਲਕੇ ਵਿਚ ਜਿਸ ਪਿੰਡ ਵੀ ਕੋਈ ਕੂਕਾ ਹੈ ਉਸ ਦਾ ਨਾਮ-ਪਤਾ ਲਿਖਿਆ ਜਾਏ। ਕੂਕੇ ਸਰਕਾਰ ਦ ਵਿਰੁਧ ਗਲਾਂ ਕਰਦੇ ਹਨ। ਆਪਣੇ ਪਿੰਡ ਕਕੜਾਂ ਦਾ ਖੜਗ ਸਿੰਘ ਆਇਆ ਸੀ ?'

'ਦੋ-ਤਿੰਨ ਮਹੀਨੇ ਹੋਏ ਆਇਆ ਸੀ। ਧਰਮਸਾਲਾ ਘੜੀ ਪਲ ਬੈਠਕੇ ਤੇ ਜਲ ਪਾਣੀ ਛਕ ਕੇ ਚਲਿਆ ਗਿਆ ਸੀ। ...ਉਹ ਮੇਰਾ ਜਾਣੂ ਬਣਿਆ ਸੀ, ਮੁਕਤਸਰ ਸਾਹਿਬ ਜਦੋਂ ਮੈਂ ਮ ਘੀ ਦੇ ਪੁਰਬ ਤੇ ਗਿਆ ਸਾਂ, ਉਹ ਵੀ ਸ਼ਾਇਦ ਤਿੰਨ ਸਾਲ ਹੋ ਗਏ ਨੇ ਕਿ ਚਾਰ ਚੇਤ ਨਹੀਂ।'

'ਤੁਸੀਂ ਮਾਘੀ ਦੇ ਮੇਲੇ ਤੇ ਗਏ ਸੀ ?'

'ਗਿਆ ਸਾਂ।

'ਇਹ ਵੀ ਇਕ ਰਫੜ ਦਾ ਕਾਰਨ ਹੈ...।'

'ਗੁਰੂ ਘਰ ਦੇ ਦਰਸ਼ਨ ਕਰਨ ਤੇ ਪੁਰਬ ਦਾ ਇਸ਼ਨਾਨ ਕਰਨ ਗਿਆ...ਭਲਾ ਇਹ ਕੀ ਰਫੜ ਹੋਇਆ ?'

'ਉਥੇ ਕੂਕਿਆਂ ਨੇ ਫਸਾਦ ਕੀਤਾ ਸੀ। ਤੁਸੀਂ ਉਸ ਫਸਾਦ ਵਿਚ ਸ਼ਾਮਲ ਹੋਏ ਸੀ।'

'ਇਹ ਸਭ ਗਲਾਂ ਤੁਸਾਂ ਨੂੰ ਕਿਸ ਨੇ ਦਸੀਆਂ ?'

'ਥਾਨੇ ਲਿਖਿਆ ਹੈ ਨਾਲੇ ਇਹ ਸਰਕਾਰ, ਪਿਛਲੀ ਸਰਕਾਰ (ਮਹਾਰਾਜਾ ਰਣਜੀਤ ਸਿੰਘ) ਵਰਗੀ ਨਹੀਂ। ਇਹ ਤਾਂ ਲੋਕਾਂ ਦਾ ਤੁਰਨਾ-ਫਿਰਨਾ, ਸਾਹ ਲੈਣਾ ਵੀ ਲਿਖੀ ਜਾ ਰਹੀ ਹੈ। ਮੇਲੇ ਤੋਂ ਆ ਕੇ ਤੁਸਾਂ ਕਿਸੇ ਕੋਲ ਗਲ ਕੀਤੀ ਹੋਵੇਗੀ ਤੇ



Sri Satguru Jagjit Singh Ji Elibrary NamdhariElibrary@gmail.com

ਉਸ ਨੇ ਥਾਣੇ ਜਾ ਆਖਿਆ ਹੋਏਗਾ। ਕੀ ਪਤਾ ਲਗਦਾ ਹੈ, ਅ:ਪਣਾ ਕੌਣ ਤੇ ਪਰਾਇਆ ਕੌਣ ?'

'ਮੈਂ ਸਮਝ ਗਿਆ ਨੰਬਰਦਾਰ ਜੀ! ਮਾਘੀ ਦੇ ਮੇਲੇ ਉਤੇ ਜੋ ਕੁਝ ਹੋਇਆ ਉਹ ਫਸਾਦ ਨਹੀਂ ਸੀ। ਚਾਕੜ ਹੱਥੇ ਗਭਰੂ, ਲੁਚੇ ਲਫਗੇ ਗੁਰਦੁਆਰੇ ਦੇ ਅੰਦਰ ਜੁਤੀਆਂ ਸਮੇਤ ਫਿਰਦੇ ਬੋਲੀਆਂ ਪਾਉਂਦੇ, ਗਾਹਤ ਨਚਾਉਂਦੇ ਤੇ ਤੂੰਬਾ ਵਜਾਉਂਦੇ ਫਿਰਦੇ ਸਨ। ਧੀ ਭੈਣ ਦੀ ਸ਼ਰਮ ਨਹੀਂ ਸੀ। ਗੁਰਦੁਆਰੇ ਦਾ ਮਹੰਤ, ਪੁਲੀਸ ਵਾਲੇ ਸਭ ਤਮਾਸ਼ੇ ਵਿਚ ਸ਼ਾਮਲ ਸਨ। ਸ਼ਰਾਬ ਪੀ ਕੇ ਚਾਂਗਰਾਂ ਤੇ ਬੁਲਬੁਲੀਆਂ ਵਜਦੀਆਂ ਸਨ। ਜਿਨ੍ਹਾਂ ਨੂੰ ਕੂਕੇ ਆਖਦੇ ਹੋ, ਉਹਨਾਂ ਨੇ ਦੀਵਾਨ ਲਾਇਆ ਸੀ, ਉਹ ਸ਼ਬਦ ਚੌਂਕੀ ਕਰ ਰਹੇ ਸਨ। ਕੁਰੀਤੀ ਹੁੰਦੀ ਨਾ ਦੇਖ ਸਕੇ ਉਹਨਾਂ ਨੇ ਲੋਕਾਂ ਨੂੰ ਰੋਕਿਆ, ਬਦਮਾਸ਼ ਸਗੋਂ ਉਲਟੇ ਉਹਨਾ ਦੇ ਗਲ ਪਏ ਤਾਂ ਕੂਕਿਆਂ ਨੇ ਧਰਮ-ਪਿਆਰ ਦੇ ਜੋਸ਼ ਵਿਚ ਬਦਮਾਸ਼ਾਂ ਨੂੰ ਸੋਧਿਆ। ਇਹ ਅਸਾਂ ਦਾ ਧਰਮ ਦਾ ਮਾਮਲਾ ਹੈ...ਇਸ ਵਿਚ ਭਲਾ ਸਰਕਾਰ ਦਾ ਕੀ ਹਰਜ...।'

'ਦਸਦੇ ਹਨ ਕੂਕਿਆਂ ਦਾ ਕੋਈ ਗੁਰੂ ਰਾਮ ਸਿੰਘ (ਜੀ) ਹੈ। ਉਹ ਸਰਕਾਰ ਵਿਰੁਧ ਲੋਕਾਂ ਨੂੰ ਭੜਕਾ ਰਿਹਾ ਹੈ। ਭੋਲੇ-ਭਾਲੇ ਲੋਕ ਉਸ ਦੇ ਆਖੇ ਲਗ ਰਹੇ ਹਨ। ਕੂਕੇ ਟਕੂਏ ਰਖਦੇ ਹਨ, ਤੁਸਾਂ ਵੀ ਰਖਿਆ ਹੈ ਇਹ ਟਕੂਆ, ਪੱਗ ਬਨ੍ਹਣ ਦਾ ਢੰਗ, ਕਛਹਿਰਾ ਤੇ ਚੋਗਾ ਇਹ ਸਭ ਕੂਕਿਆਂ ਵਰਗਾ ਹੈ। ਹਵਾਲਦਾਰ ਨੇ ਜੋ ਕੁਝ ਦਸਿਆ ਸਚ ਤਾਂ ਹੈ।'

'ਸਚ ਨੇ ਸਚ ਰਹਿਣਾ ਹੈ ਨੰਬਰਦਾਰ ਜੀ! ਸ਼ਸਤ੍ਰ ਰਖਣਾ, ਕਛਹਿਰਾ, ਸਾਫ ਸੁਥਰਾ ਚਿੱਟਾ ਚੋਗਾ ਪਾਉਣਾ, ਸਿਧੀ ਦਸਤਾਰ ਬੰਨ੍ਹਣੀ ਕੇਸੀ ਇਸ਼ਨਾਨ ਕਰਨਾ, ਬਾਣੀ ਦਾ ਪਾਠ ਕਰਨਾ, ਗੁਰਮਤਿ ਦਾ ਪ੍ਰਚਾਰ ਅਤੇ ਗੁਰਧਾਮਾਂ ਦੀ ਪਵਿਤ੍ਰਤਾ ਨੂੰ ਕਾਇਮ ਰਖਣਾ, ਇਹ ਤਾਂ ਸੰਤ-ਖਾਲਸੇ ਦਾ ਜੀਵਨ ਉਦੇਸ਼ ਹੈ।'



Sri Satguru Jagjit Singh Ji Elibrary NamdhariElibrary@gmail.com

'ਉਦੇਸ਼ ਹੋਏਗਾ.. ਬਾਬਾ ਜੀ, ਪਰ ਸਮੇਂ ਦੀ ਹਵਾ ਦਾ ਖਿਆਲ ਰਖਣਾ ਪੈਂਦਾ ਹੈ। ਪਿੰਡ ਵਸਦੇ ਦਾ ਸਵਾਲ ਹੈ। ਅਸੀਂ ਲੋਕ ਜ਼ਮੀਨਾਂ ਵਾਲੇ, ਬਾਲ ਬਚੜਦਾਰ ਹਾਂ। ਅਸੀਂ ਲੋਕ ਕੋਈ ਸਾਧੂ ਫਕੀਰ ਨਹੀਂ ਕਿ ਚਾਦਰ ਦੀ ਬੁਕਲ ਮਾਰੀ ਤੇ ਏਥੋਂ ਤੁਰ ਪਏ, ਅਗੇ ਜਾ ਬੈਠੇ।.. ਸਰਕਾਰ ਵਲੋਂ ਸਖਤ ਹੁਕਮ ਹੋਇਆ ਹੈ...ਤੁਸੀਂ ਕ੍ਰਿਪਾ ਕਰੋ ਤੇ ਪਹਿਲੇ ਮਹੰਤਾਂ ਵਾਂਗ ਭਗਵੇ ਕਪੜੇ ਪਾਉ। ਕਛਹਿਰਾ ਲਾਹ ਦਿਉ ਰਮਾਲੀ ਤੇ ਚਾਦਰ ਲਉ...... ਜੇ ਫਰੰਗੀ ਅਫਸਰ ਗੁਸੇ ਹੋ ਗਿਆ ਤਾਂ ਪਰਲੋ ਆ ਜਾਏਗੀ। ਖੜਗ ਸਿੰਘ ਜਦੋਂ ਪਿੰਡ ਆਏ ਦਸਣਾ, ਉਸ ਨੂੰ ਪੁਲੀਸ ਦੇ ਹਵਾਲੇ ਕਰਾਂਗੇ।...ਉਹ ਡਾਕੂ ਤੇ ਗੁੰਡਾ ਹੈ......ਲੋਕਾਂ ਦੀਆਂ ਜ਼ਨਾਨੀਆਂ ਉਧਾਲਦਾ ਫਿਰਦਾ ਹੈ ਤੁਸਾਂ ਨੂੰ ਕੀ ਪਤਾ। ਬਗਲਾ ਭਗਤ ਹੈ...।'

ਇਹ ਆਖਕੇ ਨੰਬਰਦਾਰ ਭੰਡਾ ਸਿੰਘ ਥੜੇ ਤੋਂ ਉਠ ਬੈਠਾ। ਉਸ ਦੇ ਚਿਹਰੇ ਤੇ ਅਖਾਂ ਦਾ ਰੰਗ ਬਦਲ ਗਿਆ।

'ਸੰਤ ਜੀ! ਮਾਮਲਾ ਸੋਚਣ ਵਾਲਾ ਹੈ। ਅਜ ਤੋਂ ਕੁਝ ਸਾਲ ਪਹਿਲਾਂ ਜੋ ਕੁਝ ਬੇਪਾਰ ਏ ਦੇ ਸਰਕਾਰੀਆਂ ਨਾਲ ਹੋਈ ਬੀਤੀ, ਸ਼ਾਇਦ ਤੁਸਾਂ ਸੁਣੀ ਹੈ। ਫਰੰਗੀ ਸਰਕਾਰ ਦਾ ਗੁਸਾ ਭੈੜਾ ਹੈ ਸੰਭਲ ਕੇ ਤੁਰੋ। ਰਾਜ ਲੈਣ ਦੇ ਸੁਫਨੇ ਨਾ ਲਉ। ਧਰਮਸਾਲੀਏ ਬਣੇ ਰਹੋ ਏਸੇ ਵਿਚ ਤੁਸਾਂ ਦਾ ਭਲਾ ਹੈ...ਤੇ ਅਸਾਂ ਦਾ ਵੀ।...ਮੈਂ ਥਾਣੇ ਆਖ ਆਇਆ ਹਾਂ ਮੈਂ ਸੰਤ ਨੂੰ ਸਮਝ ਦਾਂਗਾ। ਉਹ ਕੂਕੇ ਨਹੀ ਬਣੇ ਰਹਿਣਗੇ। ਨਾਲੇ ਬਿਸ਼ਨੀ ਦੀ ਕੁੜੀ ਸੁਖੀ ਨੂੰ ਬਹੁਤਾ ਮੂੰਹ ਨਾ ਲਾਉ। ਉਹ ਤੜਕੇ ਹੀ ਧਰਮਸਾਲਾ ਆ ਵੜਦੀ ਹੈ। ਕਿਸੇ ਦਾ ਮੂੰਹ ਨਹੀਂ ਫੜ ਲੈਣਾ, ਵੀਹ ਵੀਹ ਗਲਾਂ ਕਰਨ ਲੱਗ ਪਏ ਹਨ, ਲੋਕ।'

ਸੰਤ ਸੇਵਕ ਸਿੰਘ ਨੇ ਸਭ ਕੁਝ ਧੀਰਜ ਨਾਲ ਸੁਣਿਆ।



Sri Satguru Jagjit Singh Ji Elibrary NamdhariElibrary@gmail.com

ਉਹ ਨੰਬਰਦਾਰ ਕੋਲੋਂ ਦੂਰ ਹੋ ਜਾਣਾ ਚਾਹੁੰਦਾ ਸੀ । ਜਦੋਂ ਨੰਬਰਦਾਰ ਪਿੰਡ ਵਲ ਜਾਣ ਵਾਲੀ ਪੱਗ-ਡੰਡੀ ਵਲ ਹੋਇਆ ਤਾਂ ਸੇਵਕ ਸਿੰਘ ਉਹਦੇ ਨਾ ਤੁਰਿਆ । ਉਹ ਖੂਹ ਤੋਂ ਪਾਣੀ ਲੈਣ ਦੇ ਬਹਾਨੇ ਰੁਕ ਗਿਆ ।

ਨੰਬਰਦਾਰ ਝੰਡਾ ਸਿੰਘ ਵਾਹੋ-ਦਾਹੀ ਪਿੰਡ ਵਲ ਤੁਰਿਆ ਗਿਆ । ਉਹ ਥਾਣਿਓਂ ਭਰਿਆ ਪੀਤਾ ਆਇਆ ਸ਼ੀ । ਸੇਵਕ ਸਿੰਘ ਨਾਲ ਗਲਾਂ ਕਰਕੇ ਸ਼ਾਇਦ ਉਸ ਨੇ ਮਨ ਹੌਲਾ ਕਰ ਲਿਆ ਫੇਫੜਿਆਂ ਵਿਚ ਭਰੀ ਹਵਾ ਹਲਕੀ ਕਰ ਲਈ ।



Sri Satguru Jagjit Singh Ji Elibrary NamdhariElibrary@gmail.com

# ਤਿੰਨ

ਸੰਤੋਖ ਅਥਵਾ ਧੀਰਜ ਦੀ ਵੀ ਕੋਈ ਹੱਦ ਹੈ। ਜਦੋਂ ਕੋਈ ਧੀਰਜ ਨੂੰ ਹੁੱਜਾਂ ਮਾਰੀ ਜਾਏ ਤਾਂ ਕਦੀ ਕਦਾਈਂ ਧੀਰਜ ਦੇ ਪੈਰ ਹਿਲ ਜਾਂਦੇ ਹਨ। ਘਬਰਾਹਟ ਤੇ ਕ੍ਰੋਧ ਆ ਜਾਂਦਾ ਹੈ। ਨੰਬਰਦਾਰ ਝੰਡਾ ਸਿੰਘ ਨੇ ਗਲਾਂ ਕਰਕੇ, ਹੁਕਮ ਦੇ ਕੇ ਸੇਵਕ ਸਿੰਘ ਦੀ ਧੀਰਜ ਨੂੰ ਹਿਲਾ ਦਿੱਤਾ। ਸਭ ਤੋਂ ਬੁਰੀ ਗਲ ਆਖੀ 'ਬਿਸ਼ਨੀ ਦੀ ਕੁੜੀ ਸੁਖੀ ਨੂੰ ਬਹੁਤਾ ਮੂੰਹ ਨਾ ਲਾਉ। ਉਹ ਤੜਕੇ ਹੀ ਧਰਮਸਾਲਾ ਆ ਵੜਦੀ ਹੈ।' ਇਹ ਗਲ ਆਖਕੇ ਝੰਡਾ ਸਿੰਘ ਨੇ ਸੇਵਕ ਸਿੰਘ ਦੀ ਵਖੀ ਵਿਚ ਇਕ ਤਰ੍ਹਾਂ ਨਾਲ ਪਰਾਣੀ ਦੀ ਹੁਜ ਮਾਰੀ। ਸੇਵਕ ਸਿੰਘ ਦਾ ਸਰੀਰ ਕੰਬ ਗਿਆ। ਅਜ ਤਕ ਕਿਸੇ ਨੇ ਸੇਵਕ ਸਿੰਘ ਨੂੰ ਕਿਸੇ ਦੀ ਧੀ ਭੈਣ ਜਾਂ ਸੁਖੀ ਦਾ ਨਾਂ ਲੈਕੇ ਮਾੜੇ ਖਿਆਲ ਨਾਲ ਕੋਈ ਇਸ਼ਾਰਾ ਨਹੀਂ ਸੀ ਕੀਤਾ। ਸਾਰੇ ਉਹਨਾਂ ਦੇ ਉਚੇ ਆਚਰਨ ਨੂੰ ਮੰਨਦੇ ਸਨ। ਉਹ ਨਗਰ ਦੀ ਹਰ ਨਾਰੀ ਦਾ ਸਤਕਾਰ ਕਰਦਾ ਸੀ ਤੇ ਸਭ ਦਾ 'ਬਾਬਾ' ਸੀ।

ਖੜਗ ਸਿੰਘ ਦੇ ਠੱਠੇ ਆਉਣ ਤੇ ਸੇਵਕ ਸਿੰਘ ਨਾਲ ਮੇਲ-ਮਿਲਾਪ ਦੀ ਗਲ ਸਚੀ ਸੀ। ਇਹ ਵੀ ਸਚ ਸੀ ਕਿ ਖੜਗ



Sri Satguru Jagjit Singh Ji Elibrary NamdhariElibrary@gmail.com

ਸਿੰਘ ਪੱਕਾ ਕੂਕਾ (ਨਾਮਧਾਰੀ) ਸੀ ਤੇ ਉਸ ਨੇ ਭੈਣੀ ਜਾ ਕੇ ਖੰਡੇ ਦਾ ਅੰਮ੍ਰਿਤ ਛਕਿਆ ਸੀ। ਨਿਰਭੈ ਪ੍ਰਚਾਰਕ ਸੀ। ਘਰ ਘਟ ਹੀ ਬੈਠਦਾ ਸੀ। ਉਸ ਨੇ ਜੀਵਨ ਦਾ ਉਦੇਸ਼ ਪ੍ਰਚਾਰ ਕਰਨਾ ਬਣਾ ਲਿਆ ਸੀ। ਉਸ ਕੋਲੋਂ ਗੁਰੂ ਸਰ ਦਾ ਮਹੰਤ ਛਬੀਲਦਾਸ ਤੇ ਕਿਲੇ ਦਾ ਸਰਦਾਰ ਬੇਲਾ ਸਿੰਘ ਬਹੁਤ ਭੈ ਖਾਂਦੇ ਸਨ, ਉਹ ਚਾਹੁੰਦੇ ਸੀ ਕਿਸੇ ਨਾ ਕਿਸੇ ਤਰ੍ਹਾਂ ਖੜਗ ਸਿੰਘ ਨੂੰ ਬਿਲੇ ਲਾ ਦੇਣ। ਪਰ ਖੜਗ ਸਿੰਘ ਉਹਨਾਂ ਦਾ ਵਿਸਾਹ ਨਹੀਂ ਸੀ ਖਾਂਦਾ।

ਸੇਵਕ ਸਿੰਘ ਨੇ ਜੋ ਕੁਝ ਖੜਗ ਸਿੰਘ ਪਾਸੋਂ ਸੁਣਿਆ ਸੀ, ਸੋ ਕੁਝ ਉਸ ਨੂੰ ਸਚ ਹੁੰਦਾ ਪ੍ਰਤੀਤ ਹੋਇਆ। 'ਸਰਕਾਰੀ ਬੰਦੇ ਅਸਾਂ ਲੋਕਾਂ ਪਿਛੇ ਹਲਕਾਏ ਕੁੱਤੇ ਵਾਂਗ ਪੈਣਗੇ। ਲਾਲਚੀ ਤੇ ਗੁਲਾਮ ਹਨ। ਮਾਲਕ ਦੇ ਇਸ਼ਾਰੇ ਤੇ ਰਾਤ ਨੂੰ ਦਿਨ ਆਖਣਗੇ। ਪਰ ਤੁਸਾਂ ਕੋਈ ਪਰਵਾਹ ਨਹੀਂ ਕਰਨੀ। ਗੁਰੂ ਰਾਮ ਸਿੰਘ ਜੀ ਮਹਾਰਾਜ ਸਹਾਈ ਹੋਣਗੇ।'

ਸੇਵਕ ਸਿੰਘ ਧਰਮਸਾਲਾ ਪੁੱਜ ਗਿਆ। ਰਾਹ ਵਿਚ ਕਿਸੇ ਕੋਲ ਨਾ ਖਲੋਤਾ ਤੇ ਨਾ ਕੋਈ ਬਚਨ ਹੀ ਕਿਸੇ ਨਾਲ ਕੀਤਾ। ਮਨ ਖਿਆਲਾਂ ਵਿਚ ਗਵਾਚਦਾ ਗਿਆ। ਉਹਨਾਂ ਦੇ ਚੇਲੇ ਰਣਜੀਤ ਸਿੰਘ ਨੇ ਪਿੰਡ ਵਿਚੋਂ ਗਜਾ ਕਰਕੇ ਪ੍ਰਸ਼ਾਦੇ ਲਿਆਂਦੇ। ਸੇਵਕ ਸਿੰਘ ਵਾਸਤੇ ਇਕ ਘਰੋਂ ਉਚੇਚੀ ਰੋਟੀ ਆਈ। ਕੋਈ ਉਚੇਚੀ ਗਲ ਸੀ ਤੇ ਧਰਮਸਾਲਾ ਰੋਟੀ ਭੇਜਣੀ ਜ਼ਰੂਰੀ ਸੀ। ਸੇਵਕ ਸਿੰਘ ਨੇ ਬਹੁਤ ਘਟ ਪ੍ਰਸ਼ਾਦ ਛਕਿਆ।

ਮਨ ਵਿਚ ਕੀ ਖਿਆਲ ਆਇਆ? ਇਹ ਤਾਂ ਪ੍ਰਗਟ ਨਾ ਕੀਤਾ, ਪਰ ਜਿਥੇ ਗਊ ਤੇ ਘੋੜਾ ਬੰਨ੍ਹਿਆ ਸੀ—ਹਵੇਲੀ ਵਿਚ, ਉਥੇ ਜਾ ਕੇ ਘੋੜੇ ਦੀ ਧੌਣ ਤੇ ਪਿੱਠ ਉਤੇ ਹੱਥ ਫੇਰਨ ਜਾ ਲਗੇ। ਮਾਲਕ ਵਲੋਂ ਮਿਲਿਆ ਪਿਆਰ ਪ੍ਰਾਪਤ ਕਰਕੇ ਘੋੜਾ ਹਿਣਕਿਆ। ਉਸ ਨੇ ਸਿਰ ਹਿਲਾਇਆ। ਆਪਣਾ ਮੂੰਹ ਸੇਵਕ ਸਿੰਘ ਦੇ ਹੱਥ ਉਤੇ ਰਖਿਆ। ਉਹ ਘੋੜਾ ਹੀ ਸੇਵਕ ਸਿੰਘ ਦਾ



Sri Satguru Jagjit Singh Ji Elibrary NamdhariElibrary@gmail.com

ਆਪਣਾ ਸੀ।

'.. ਸੇਵਕ ਸਿੰਘਾ! ਤੂੰ ਸੰਤ ਹੈਂ! ਜੇ ਤੂੰ ਹੀ ਡਰ ਗਿਆ ਤਾਂ ਟਬਰਦਾਰਾਂ ਦਾ ਕੀ ਬਣੇਗਾ? ਅਨਿਆਏ ਅਗੇ ਝੁਕਨਾ ਨਹੀਂ। ਜਿਹੜਾ ਜੰਮਿਆ ਹੈ, ਉਸ ਨੇ ਇਕ ਵਾਰ ਮਰਨਾ ਹੈ। ਡਰ ਕਿਸ ਗਲ ਦਾ?'

ਘੋੜ ਦੇ ਕੋਲ ਖਲੋਤਿਆਂ ਸੇਵਕ ਸਿੰਘ ਦੀ ਆਤਮਾ ਨੇ ਵਾਜ਼ ਦਿੱਤੀ। ਆਪਣੀ ਆਤਮਾ ਦੀ ਵਾਜ਼ ਸੁਣਕੇ ਸੇਵਕ ਸਿੰਘ ਦਾ ਸਰੀਰ ਹਿਲਿਆ। ਹਿਰਦਾ ਕੰਬਿਆ, ਉਸ ਦੇ ਨੇਤਰਾਂ ਅੱਗੇ ਉਸ ਦੇ ਦੀਖਿਆ ਗੁਰੂ ਸੰਤ ਈਸ਼ਰ ਸਿੰਘ ਦਾ ਚਿਤਰ ਆਇਆ, ਮੁਕਤਸਰ ਸਾਹਿਬ ਦੇ ਦੀਵਾਨ ਵਿਚ ਗੁਰੂ ਰਾਮ ਸਿੰਘ ਜੀ ਪਾਸੋਂ ਸੁਣਿਆ ਉਪਦੇਸ ਕੰਨਾਂ ਵਿਚ ਗੂੰਜਣ ਲੱਗਾ। ਉਹਨਾਂ ਬਚਨ ਕੀਤਾ ਸੀ, 'ਮਨ ਮਤਿ ਦਾ ਪਹਿਰਾ ਹੈ। ਨਿਰੋਲ ਗੁਰਮਤਿ ਦੇ ਪ੍ਰੇਮੀਆਂ ਨੂੰ ਦੁਖ ਉਠਾਉਣੇ ਪੈਣਗੇ।'

ਘੋੜੇ ਨੂੰ ਪਿਆਰ ਦੇ ਕੇ ਉਸ ਦੇ ਕੰਨਾਂ, ਧੌਣ ਅਤੇ ਪਿੱਠ ਤੇ ਹੱਥ ਫੇਰਕੇ ਸੇਵਕ ਸਿੰਘ ਧਰਮਸਾਲਾ ਦੇ ਪ੍ਰਕਾਸ਼ ਅਸਥਾਨ ਵਿਚ ਦਾਖਲ ਹੋਏ ਤੇ ਚੰਡੀ ਦੀ ਵਾਰ ਦਾ ਹੱਥ ਲਿਖਤ ਗੁਟਕਾ ਫੜਕੇ ਵਾਰ ਦਾ ਪਾਠ ਕਰਨ ਲਗ ਪਏ।

ਸ਼ਾਮ ਹੋਈ। ਸ਼ਾਮ ਦੀ ਮਰਯਾਦਾ ਪੂਰੀ ਕੀਤੀ, ਪਰ ਰਾਤ ਦੀ ਸ਼ਬਦ ਚੌਂਕੀ ਨਾ ਕੀਤੀ। ਨੈਣਾ ਸਿੰਘ ਆਇਆ ਉਹ ਢੋਲਕੀ ਵਜਾਇਆ ਕਰਦਾ ਸੀ ਤੇ ਢੋਲਕੀ ਵਜਾਉਣੀ ਵੀ ਉਸ ਨੇ ਸੇਵਕ ਸਿੰਘ ਪਾਸੋਂ ਸਿਖੀ ਸੀ। 'ਅਜ ਸ਼ਬਦ ਨਹੀਂ ਪੜ੍ਹਨੇ।' ਇਸ ਤੋਂ ਅਗੇ ਕੋਈ ਸ਼ਬਦ ਸੇਵਕ ਸਿੰਘ ਨੇ ਨਾ ਬੋਲਿਆ। ਚਾਰ-ਪੰਜ ਪ੍ਰੇਮੀ ਆਏ ਤੇ ਤੁਰ ਗਏ।

ਆਪਣੇ ਮਿਥੇ ਨਿਤਨੇਮ ਅਨੁਸਾਰ ਸੇਵਕ ਸਿੰਘ ਨੇ ਅੰਮ੍ਰਿਤ ਵੇਲੇ ਸੰਖ ਪੂਰਿਆ। ਸੰਖ ਪੂਰ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਲਗ ਪਿਆ।



Sri Satguru Jagjit Singh Ji Elibrary NamdhariElibrary@gmail.com

ਸੰਖ ਪੂਰਨ ਦੇ ਕੋਈ ੧੫ ਮਿੰਟ ਪਿਛੋਂ ਸੁਖੀ ਧਰਮਸਾਲਾ ਵਿਚ ਦਾਖਲ ਹੋਈ। ਉਸ ਨੇ ਪਹਿਲਾਂ ਵਿਹੜੇ ਵਿਚ ਝਾੜੂ ਮਾਰਿਆ ਤੇ ਮੁੜ ਟੂਟੀਆ ਤੋਂ ਇਸ਼ਨਾਨ ਕਰਕੇ ਅੰਦਰ ਜਾ ਬੈਠੀ। ਚੌਕੜਾ ਮਾਰਕੇ ਨਾਮ ਸਿਮਰਨ ਕਰਨ ਲਗ ਪਈ। ਸੰਤ ਸੇਵਕ ਸਿੰਘ ਪਾਠ ਕਰਦਾ ਰਿਹਾ।

ਸੁਖੀ ਨਾਮ ਵਿਚ ਲਿਵ ਜੋੜੀ ਬੈਠੀ ਰਹੀ। ਉਸ ਦੀ ਮਾਂ ਬਿਸ਼ਨੀ ਆਈ ਤੇ ਮੱਥਾ ਟੇਕ ਕੇ ਚਲੀ ਗਈ। ਬਾਬਾ ਖੁਸ਼ਾਲ ਸਿੰਘ ਤੇ ਪੰਜ ਸਤ ਸਰੀਰ ਹੋਰ ਆ ਬੈਠੇ। ਨੇਣਾ ਸਿੰਘ ਆ ਗਿਆ ਢਲਕੀ, ਛੈਣੇ ਤੇ ਚਿਮਟੇ ਨਾਲ ਸੇਵਕ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕੀਤਾ।

ਜਦੋਂ ਆਸਾ ਦੀ ਵਾਰ ਦਾ ਗਾਇਨ ਹੋ ਰਿਹਾ ਸੀ ਤਾਂ ਝੰਡਾ ਸਿੰਘ ਨੰਬਰਦਾਰ ਧਰਮਸਾਲਾ ਪੁੱਜਿਆ। ਵਿਹੜੇ ਵਿਚ ਫਿਰਨ ਪਿਛੋਂ ਵਡੇ ਦਰਵਾਜ਼ੇ ਵਿਚ ਖਲੋਕੇ ਉਸ ਨੇ ਪ੍ਰਕਾਸ਼ ਅਸਥਾਨ ਅੰਦਰ ਝਾਤ ਮਾਰੀ। ਸ਼ਾਇਦ ਦੇਖਿਆ ਕੌਣ ਕੌਣ ਅੰਦਰ ਬੈਠਾ ਸੀ? ਬਿਨਾਂ ਕੋਈ ਸ਼ਬਦ ਬੋਲੇ ਦੇ ਵਾਪਸ ਚਲਿਆ ਗਿਆ। ਸੇਵਕ ਸਿੰਘ ਨੇ ਉਸ ਨੂੰ ਦੇਖ ਲਿਆ ਸੀ।

ਅਰਦਾਸ ਹੋਈ। ਪਤਾਸਿਆਂ ਦਾ ਪ੍ਰਸ਼ਾਦ ਲੈ ਕੇ ਸਾਰੇ ਚਲੇ ਗਏ। ਸੁੱਖੀ ਨਾ ਗਈ, ਉਹ ਪ੍ਰਕਾਸ਼-ਅਸਥਾਨ ਦੀ ਸਫਾਈ ਕਰਨ ਲਗ ਪਈ। ਸੇਵਕ ਸਿੰਘ ਆਪਣੇ ਘੋੜੇ ਤੇ ਗਊ ਨੂੰ ਦੇਖਣ ਤੁਰ ਗਿਆ। ਗਊ ਥੋੜੇ ਦਿਨਾਂ ਨੂੰ ਸੂਣ ਵਾਲੀ ਸੀ।

ਅੰਦਰੋਂ ਸੇਵਾ ਕਰਕੇ ਸੁਖੀ ਬਾਹਰ ਆਈ। ਉਸ ਨੇ ਸੇਵਕ ਸਿੰਘ ਨੂੰ ਖੂਹੀ ਕੋਲ ਖਲੋਤਿਆਂ ਦੇਖਿਆ। ਉਹ ਉਪਰ ਧਿਆਨ ਕਰਕੇ ਪਿਪਲ ਦੇ ਪੱਤਿਆਂ ਵਲ ਦੇਖ ਰਹੇ ਸਨ, ਜਿਹੜੇ ਹਵਾ ਨਾਲ ਹਿਲ ਰਹੇ ਸੀ।

'ਬਾਬਾ ਜੀ!' ਸੁੱਖੀ ਨੇ ਵਾਜ ਦਿੱਤੀ।

ਸੇਵਕ ਸਿੰਘ ਨੇ ਸੁੱਖੀ ਵਲ ਦੇਖਿਆ। ਪੁਛਿਆ, 'ਦਸੋ



Sri Satguru Jagjit Singh Ji Elibrary NamdhariElibrary@gmail.com

ਬੀਬੀ ਜੀ ?'

'ਕੋਈ ਬਸਤਰ ਧੋਣ ਵਾਲਾ ਹੈ ਤਾਂ ਦਿਉ। ਧੋਕੇ ਸੁਕਣੇ ਪਾ ਜਾਵਾਂ।'

ਸੁਖੀ ਜ਼ਬਾਨੋ ਇਹ ਬੋਲ ਸੁਣਕੇ ਸੇਵਕ ਸਿੰਘ ਨੇ ਉਹਦੇ ਵਲ ਦੇਖਿਆ। ਬਹੁਤ ਧਿਆਨ ਨਾਲ ਦੇਖਿਆ ਜਿਵੇਂ ਉਸ ਨੇ ਕਦੀ ਦੇਖਿਆ ਨਹੀਂ ਸੀ। ਉਹ ਚਿਹਰੇ ਦੇ ਹਰ ਚਿੰਨ੍ਹ ਨੂੰ ਅੱਖਾਂ ਵਿਚ ਵਸਾਉਣਾ ਜਾਂ ਅਖਾਂ ਰਾਹੀਂ ਦਿਲ ਤੇ ਉਕਰਨ ਦਾ ਜਤਨ ਕਰਨ ਲਗੇ ਸਨ।

'ਮਹਾਰਾਜ ਜੀ! ਅਜ ਕੀ ਗਲ ਹੈ? ਆਪ ਕਿਸੇ ਖਿਆਲ ਵਿਚ ਗਵਾਚੇ ਪ੍ਰਤੀਤ ਹੋ ਰਹੇ ਹੋ।' ਸੁੱਖੀ ਮੁੜ ਬੋਲੀ, ਜਦੋਂ ਉਸ ਨੇ ਦੇਖਿਆ ਕਿ ਸੇਵਕ ਸਿੰਘ ਉਸ ਵਲ ਦੇਖਣ ਲਗ ਪਏ, ਪਰ ਉਹਨਾਂ ਨੇ ਅਗੋਂ ਉਤਰ ਕੋਈ ਨਾ ਦਿੱਤਾ।

'ਬਸਤਰ ਧੋਣ ਵਾਲੇ ਕੋਈ ਨਹੀਂ। ਜੇ ਹੋਏ ਵੀ ਤਾਂ ਤੇਜਾ ਧੋ ਲਵੇਗਾ।' ਸੇਵਕ ਸਿੰਘ ਨੇ ਉਤਰ ਦਿੱਤਾ।

'ਮੇਰੇ ਕੋਲੋਂ ਇਹ ਸੇਵਾ ਕਿਉਂ ਖੋਹੀ ਜਾ ਰਹੀ ਹੈ?'

'ਤੁਸਾਂ ਬਹੁਤ ਸੇਵਾ ਕੀਤੀ ਹੈ। ਸਤਿਗੁਰੂ ਮਹਾਰਾਜ ਤੁਸਾਂ ਦੀ ਸੇਵਾ ਪਰਵਾਨ ਕਰਨ। ਸਦਾ ਦਿਨ ਇਕੋ ਜਹੇ ਨਹੀਂ ਰਹਿੰਦੇ, ਜਿਵੇਂ ਦਿਨ ਬਦਲਦੇ ਹਨ, ਤਿਵੇਂ ਲੋਕਾਂ ਦੇ ਵਿਚਾਰ ਬਦਲਦੇ ਹਨ। ਇਹ ਜੁਗਾਂ ਤੋਂ ਮਰਯਾਦਾ ਚਲੀ ਆ ਰਹੀ ਹੈ।'

'ਮੈਂ ਕੁਝ ਨਹੀਂ ਸਮਝ ਸਕੀ। ਮੇਰੇ ਕੋਲੋਂ ਕੋਈ ਖਨਾਮੀ ਹੋਈ ਹੈ? ਜੇ ਹੋਈ ਹੈ ਤਾਂ ਮੈਂ ਖਿਮਾਂ ਮੰਗਦੀ ਹਾਂ—ਪਰ ਸੇਵਾ ਨਹੀਂ ਛਡ ਸਕਦੀ। ਧਰਮਸਾਲਾ ਵਿਚ ਆਉਣਾ, ਸੇਵਾ ਕਰਨਾ, ਨਾਮ ਸਿਮਰਨ ਵਲ ਧਿਆਨ ਕਰਨਾ, ਬਾਣੀ ਦਾ ਪਾਠ.. ਮੇਰੇ ਮਨ ਨੂੰ ਸ਼ਾਂਤੀ ਦਿੰਦੇ ਹਨ। ਮੈਂ ਜੀਵਨ ਦਾ ਕੰਡਿਆਂ ਭਰਿਆ ਰਸਤਾ ਨੰਗੀ ਪੈਰੀਂ ਤੇ ਨੰਗੇ ਸਿਰ ਕਰ ਰਹੀ ਹਾਂ। ਮੈਨੂੰ ਚਿੰਤਾ ਤੇ ਦੁਖ ਮਾਲੂਮ ਨਹੀਂ ਹੁੰਦਾ।...ਮਹਾਰਾਜ! ਜਾਪਦਾ ਹੈ ਕਿ ਕਿਸੇ ਸਾਕਤ



Sri Satguru Jagjit Singh Ji Elibrary NamdhariElibrary@gmail.com

ਨੇ ਤੁਸਾਂ ਨੂੰ ਕੁਝ ਆਖਿਆ ਹੈ। ਨਿੰਦਕ ਤੇ ਚੁਗਲ ਆਪਣੀ ਭੈੜੀ ਆਦਿਤ ਤੋਂ ਮਜ਼ਬੂਰ ਹਨ। ਉਹ ਕਿਸੇ ਨੂੰ ਮਿਲਕੇ ਤੇ ਸੁਖੀ ਵਸਦਾ ਨਹੀਂ ਦੇਖ ਸਕਦੇ। ਸਾਕਤਾਂ, ਚੁਗਲਾਂ ਤੇ ਨਿੰਦਕਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਸੱਚ ਸੱਚ ਰਹਿੰਦਾ ਹੈ।'

ਸੁੱਖੀ ਜਿਵੇਂ ਜਾਣੂ ਸੀ। ਉਸ ਨੇ ਸੇਵਕ ਸਿੰਘ ਦੀ ਮਨ ਦੀ ਅਵਸਥਾ ਨੂੰ ਜਾਚ ਲਿਆ। ਬਸਤਰ ਧੋਣ ਤੋਂ ਸੇਵਕ ਸਿੰਘ ਦਾ ਰੋਕਣਾ ਤੇ ਇਹ ਆਖਣਾ ਤੇਜਾ (ਚੇਲਾ) ਧੋ ਲਵੇਗਾ। ਕਿਸੇ ਸਾਕਤ ਪੁਰਖ ਨੇ ਸੇਵਕ ਸਿੰਘ ਨੂੰ ਜੋ ਕੁਝ ਆਖਿਆ ਹੋਏਗਾ, ਉਹ ਵੀ ਉਸ ਨੇ ਕਿਆਸ ਕਰ ਲਿਆ।

'ਸਾਕਤ ਲੋਕ ਕੁਝ ਪਏ ਆਖਣ ਤੁਸੀਂ ਕੋਈ ਖਿਆਲ ਨਾ ਕਰੋ। ਵਾਹਿਗੁਰੂ ਦੇਖਦਾ ਤੇ ਜਾਣਦਾ ਹੈ। 'ਮੇਰੇ ਤੇ ਤੁਸਾਂ ਦੇ ਕੀ ਸਬੰਧ ਹਨ—ਇਹ ਆਪਾਂ ਜਾਣਦੇ ਹਾਂ। ਤੁਸਾਂ ਨੇ ਕਈ ਕਥਾ ਸੁਣਾਈਆਂ ਹਨ ਕਿ ਪਾਪ ਕਰਮ ਪ੍ਰਗਟ ਹੋਣੋ ਨਹੀਂ ਰਹਿੰਦਾ, ਭਾਵੇਂ ਪਾਪ ਕਰਨ ਵਾਲੇ ਤੋਂ ਬਿਨਾਂ ਕੋਈ ਨਾ ਜਾਣਦਾ ਹੋਵ। ਜੇ ਆਪਾਂ ਦੇ ਮਨਾਂ ਵਿਚ ਪਾਪ ਭਾਵਨਾ ਨਹੀਂ ਤਾਂ ਡਰ ਕਿਸ ਗਲ ਦਾ। ਪਲੇ ਹੈ ਸਚ ਤਾਂ ਨੰਗਾ ਹੋਕੇ ਨਚ। ਆਪਣਾ ਧਰਮ ਦਾ ਨਾਤਾ ਹੈ। ਮੀਰਾਂ ਬਾਈ ਦੀ ਕਥਾ ਮੇਰੇ ਮਨ ਵਸੀ ਹੈ.. ਤੁਸੀਂ ਨਾ ਡਰੋ। ਤੁਸੀਂ ਤਾਂ ਤਿਆਗੀ ਹੋ।'

ਸੁਖੀ ਸਮਝਦਾਰ ਸੀ। ਉਹ ਹੌਂਸਲੇ ਨਾਲ ਆਪਣੇ ਹਿਰਦੇ ਦੀ ਵਾਜ਼ ਪ੍ਰਗਟ ਕਰੀ ਗਈ।

ਸੁਖੀ ਵਿਧਵਾ ਸੀ। ਸ਼ਹੀਦ ਬਘੇਲ ਸਿੰਘ ਦੀ ਵਿਧਵਾ ਜਿਹੜ ਪੰਜਾਬ ਨੂੰ ਆਜ਼ਾਦ ਕਰਾਉਣ ਦੀ ਖਾਤਰ ਗੁਜਰਾਤ ਦੀ ਲੜਾਈ (੧੮੪੯) ਵਿਚ ਫਰੰਗੀ ਨਾਲ ਲੜਦਾ ਹੋਇਆ ਸ਼ਹੀਦ ਹੋਇਆ ਸੀ। ਜ਼ਿੰਦਾ ਦਿਲ ਪੁਰਖ ਸੀ, ਇਕ ਪੁਤਰ ਪਾਲ ਸਿੰਘ ਤੇ ਲੜਕੀ ਪਾਲੋ ਆਪਣੀ ਨਿਸ਼ਾਨੀ ਸੁੱਖੀ ਕੋਲ ਛੱਡ ਗਿਆ ਸੀ।



Sri Satguru Jagjit Singh Ji Elibrary NamdhariElibrary@gmail.com

ਸੁਖੀ ਦੀ ਜਦੋਂ ਸ਼ਾਦੀ ਹੋਈ ਸੀ, ਤਦੋਂ ਉਸ ਦੀ ਉਮਰ ੧੫ ਸਾਲ ਸੀ ਤੇ ਸ਼ਾਦੀ ਦੇ ਸਾਲ ਪਿਛੋਂ ਪਾਲ ਸਿੰਘ ਨੇ ਜਨਮ ਲਿਆ ਸੀ। ਕੋਈ ਡੇਢ ਸਾਲ ਪਿਛੋਂ ਪਾਲੋ (ਲੜਕੀ) ਜਨਮੀ ਸੀ। ਉਸ ਦੇ ਪਿਛੋਂ ਕੋਈ ਤੀਸਰਾ ਬਾਲ ਨਾ ਹੋਇਆ।

ਭਾਵੇਂ ਸੁਖੀ ਦੀ ਉਮਰ ੩੦ ਸਾਲ ਦੇ ਨੇੜੇ ਪੁੱਜ ਗਈ ਸੀ, ਪਰ ਦੇਖਣ ਵਿਚ ਉਮਰ ਤੋਂ ਘਟ ਪ੍ਰਤੀਤ ਹੋਂਦੀ ਸੀ। ਉਹ ਖੁਲ੍ਹੇ ਹੱਡਾਂ ਪੈਰਾਂ ਦੀ ਪੂਰੀ ਜਵਾਨ ਸੀ। ਮਨੋ ਵਿਚਾਰਾਂ ਦੀ ਸ਼ੁਧ ਹੋਣ ਕਰਕੇ ਚਿਹਰੇ ਉਤੇ ਲਾਲੀਆਂ ਭਖਦੀਆਂ ਸਨ ਤੇ ਰੂਪ ਡੁਲ੍ਹ ਡੁਲ੍ਹ ਪੈਂਦਾ ਸੀ। ਸਿਦਕ-ਸੰਤੋਖ ਕੁਦਰਤੀ ਸੀ। ਪੇਕੇ ਘਰ ਰਹਿਣ ਕਰਕੇ ਬੋਲ ਚਾਲ ਵਿਚ ਖੁਲ੍ਹ ਸੀ। ਆਪਣੇ ਭਰਾਵਾਂ ਨਾਲ ਇਕ ਗਭਰੂ ਬਣਕੇ ਖੇਤੀ ਤੇ ਡੰਗਰ ਪਾਲਣ ਦੇ ਕੰਮਾਂ ਨੂੰ ਕਰਦੀ ਸੀ। ਭਾਰੀ ਪੰਡਾਂ ਸਿਰ ਉਤੇ ਚੁੱਕ ਲੈਂਦੀ ਸੀ। ਸਾਰੇ ਆਖਦੇ ਸਨ, 'ਸੁੱਖੀ ਬਿਸ਼ਨੀ ਦੀ ਧੀ ਨਹੀਂ ਪੰਜਵਾਂ ਪੁੱਤਰ ਹੈ।'

ਬਿਸ਼ਨੀ ਵੀ ਵਿਧਵਾ ਸੀ। ਉਸ ਦਾ ਪਤੀ ਕਰਤਾਰ ਸਿੰਘ ਸਭਰ ਵਾਂ ਦੀ ਲੜਾਈ ਵਿਚ ਸ਼ਹੀਦ ਹੋ ਗਿਆ ਸੀ। ਦੋ ਪੁੱਤਰ ਖਾਲਸਾ ਫੌਜ ਟੁਟਣ ਤੇ ਘਰ ਆ ਗਏ ਸਨ। ਦੋ ਸੌ ਵਿਘਾ ਜ਼ਮੀਨ ਸੀ। ਉਸ ਨੂੰ ਪੁਟਣਾ ਸ਼ੁਰੂ ਕਰ ਦਿੱਤਾ ਸੀ। 'ਹਿੰਮਤ ਅਗੇ ਲਛਮੀ ਤੇ ਪਖੇ ਅਗੇ ਪੌਣ' ਵਾਲੀ ਲਕੋਕਤੀ ਸਤ ਆਈ ਸੀ। ਚੌਂਹ ਭਰ ਵਾਂ ਤੇ ਪੰਜਵੀਂ ਭੈਣ ਸਖੀ ਨੇ ਐਸੀ ਹਿੰਮਤ ਕੀਤੀ ਸੀ ਕਿ ਰਜਕੇ ਰੋਟੀ ਖਾ ਰਹੇ ਸਨ। ਦੁੱਧ ਘਿਉ ਦੀ ਕਮੀਂ ਨਹੀਂ ਸੀ। ਸਤ ਮਝਾਂ ਦੋ ਗਊਆਂ ਤੇ ਬਕਰੀਆਂ ਰਖੀਆਂ ਸਨ। ਉਸ ਵੇਲੇ ਘਿਉ ਰੁਪਈਏ ਦਾ ਵਟੀ (ਦੋ ਸੇਰ ਕਚਾ) ਵਿਕਦਾ ਸੀ ਤੇ ਇਕ ਰੁਪੈ ਦੀ ਬੜੀ ਕੀਮਤ ਸੀ। ਚੋਹਾਂ ਭਰਾਵਾਂ ਦੀਆਂ ਚਾਰੇ ਵਹੁਟੀਆਂ ਵੀ ਮਰਦਾਂ ਵਾਂਗ ਘਰ ਦਾ ਤੇ ਬਾਹਰਲਾ ਕੰਮ ਕਰਦੀਆਂ ਸਨ। ਬਿਸ਼ਨੀ ਦੀ ਕਾਠੀ ਵੀ ਤਕੜੀ ਸੀ।

ਮਿਹਨਤ, ਭਗਤੀ ਅਤੇ ਭਰਾਵਾਂ-ਭਰਜਾਈਆਂ ਦੀ



Sri Satguru Jagjit Singh Ji Elibrary NamdhariElibrary@gmail.com

ਸਤਭਾਵਨਾਂ ਨੇ ਸੁੱਖੀ ਨੂੰ ਵਿਧਵਾ ਪਨ ਦੀਆਂ ਕਠਨਾਈਆਂ ਭੁਲਾ ਦਿੱਤੀਆਂ ਸਨ। ਜਵਾਨੀ ਤੇ ਰੂਪ ਸੀ, ਪਰ ਵਾਸ਼ਨਾ ਦੀ ਅੱਗ ਸੰਤੋਖ ਤੇ ਗੁਰਬਾਣੀ ਦੇ ਪਾਠ ਰੂਪੀ ਜਾਲ ਨਾਲ ਠੰਡੀ ਰਹਿੰਦੀ ਸੀ। ਜੇ ਕੋਈ ਉਸ ਦੀ ਵਾਸ਼ਨਾ ਦੀ ਅੱਗ ਨੂੰ ਭੜਕਾਉਣ ਦਾ ਜਤਨ ਕਰਦਾ ਤਾਂ ਉਹ ਐਸੀ ਘੂਰੀ ਵਟਦੀ ਕਿ ਉਹ ਠੰਡਾ ਹੋ ਜਾਂਦਾ। ਮੁੜਕੇ ਗਲ ਕਰਨ ਦਾ ਹੌਂਸਲਾ ਨਾ ਕਰਦਾ। ਪਰ ਅਗਿਆਨੀ ਤੇ ਮੈਲੇ ਮਨ ਵਾਲੇ ਪਿੰਡ ਦੇ ਕੁਝ ਬੰਦੇ ਤੇ ਅੱਠ ਸਤ ਔਰਤਾਂ ਵਿਚਾਲੇ ਕੰਨਾਂ ਫੂਸੀ ਹੁੰਦੀ ਸੀ ਕਿ ਸੁੱਖੀ ਤੇ ਸੰਤ ਸੇਵਕ ਵਿਚਾਲੇ ਕੁਝ ਪਿਆਰ-ਮੁਹਬਤ ਦੇ ਸਬੰਧ ਹਨ। ਸੇਵਕ ਸਿੰਘ ਵੀ ਤਾਂ ਪੂਰਾ ਜਵਾਨ ਤੇ ਦਰਸ਼ਨੀ ਪੁਰਖ ਸੀ।

ਉਹੋ ਕਾਨਾਂ-ਫੂਸੀ ਨੰਬਰਦਾਰ ਝੰਡਾ ਸਿੰਘ ਦੇ ਕੰਨਾਂ ਤਕ ਪੁੱਜੀ ਸੀ। ਝੰਡਾ ਸਿੰਘ ਛਟਿਆ-ਫੂਕਿਆ ਵਾਲੀ ਬੰਦਾ ਸੀ। ਜਵਾਨੀ ਵੇਲੇ ਚੋਰ ਰਿਹਾ ਸੀ। ਆਪਣੀ ਕਮਜ਼ੋਰੀਆਂ ਦੇ ਕਾਰਨ ਹੀ ਫਰੰਗੀ ਸਰਕਾਰ ਅੱਗੇ ਹਥ-ਜੋੜ ਖਲੋਤਾ ਤੇ ਵਤਨ ਅਤੇ ਆਪਣੇ ਵੀਰਾਂ ਦਾ ਦੁਸ਼ਮਨ ਬਣ ਗਿਆ ਸੀ। ਨਵੀਂ ਸਰਕਾਰ ਨੂੰ ਐਸੇ ਬੰਦਿਆਂ ਦੀ ਲੋੜ ਸੀ, ਜਿਹੜੇ ਥਾਨੇਦਾਰ ਬਣਕੇ ਆਪਣੀ ਮਾਂ ਨੂੰ ਹੀ ਕੁਟ-ਮਾਰ ਕਰਨ। ਕਿਲੇ ਦੇ ਬੇਲਾ ਸਿੰਘ ਤੇ ਗੁਰੂ ਸਰ ਦੇ ਮਹੰਤ ਲਛਮਨ ਦਾਸ ਨੇ ਵੀ ਉਸੇ ਦੀ ਸਫਾਰਸ਼ ਕੀਤੀ ਸੀ ਕਿਉਂਕਿ ਉਹਨਾਂ ਦੇ ਨਾਲ ਪਿਆਲੇ ਦੀ ਸਾਂਝ ਸੀ ਤੇ ਉਹਨਾਂ ਦੇ ਕਈ ਕੰਮ ਸਵਾਰਦਾ ਸੀ। ਮਹੰਤ ਨੇ ਲਾਕੇ ਦਾ ਕੋਈ ਸੌ ਮਾੜਾ ਬੰਦਾ ਆਪਣੇ ਹੱਥ ਵਸ ਕੀਤਾ ਸੀ। ਜਦੋਂ ਵੀ ਕਦੀ ਮਹੰਤ ਵਿਰੁਧ ਕੋਈ ਗਲ ਕਰਦਾ ਜਾਂ ਕੁਸਕਦਾ ਤਾਂ ਉਹ ਸ਼ਰਾਬ ਪੀ ਕੇ ਡਾਂਗਾਂ ਚੁਕ ਲੈਂਦੇ। ਉਹ ਪਿੰਡਾਂ ਵਿਚ ਬੁਰੀਆਂ ਹਰਕਤਾਂ ਕਰਦੇ ਤਾਂ ਮਹੰਤ ਅਤੇ ਬੇਲਾ ਸਿੰਘ ਪੁਲੀਸ ਕੋਲੋਂ ਉਹਨਾਂ ਨੂੰ ਛਡਾਉਂਦੇ।

ਸੁਖੀ ਦੇ ਨਿਰਭੈਤਾ ਭਰੇ ਅਤੇ ਸਚ ਦੇ ਬੋਲ ਸੁਣਕੇ ਸੇਵਕ ਸਿੰਘ ਨੂੰ ਹੌਂਸਲਾ ਹੋਇਆ। ਫਿਰ ਵੀ ਉਹ ਬੋਲਿਆ, '.. ਬੀਬੀ



Sri Satguru Jagjit Singh Ji Elibrary NamdhariElibrary@gmail.com

ਸੁੱਖੀ . ਜੋ ਕੁਝ ਆਖਦੀ ਹੈ ਠੀਕ ਹੈ।...ਪਰ ਮੈਂ ਨਹੀਂ ਚਾਹੁੰਦਾ ਕਿ ਮੇਰੇ ਬਦਲੇ ਤੁਸਾਂ ਦੇ ਵੀਰਾਂ ਨੂੰ ਡਾਂਗਾਂ ਚੁਕਣੀਆਂ ਪੈਣ। ਕਿਉਂਕਿ ਸਚਾ ਤੇ ਅਣਖੀਲਾ ਆਦਮੀ ਝੂਠੀ ਗਲ ਸੁਣਕੇ ਛੇਤੀ ਤਤਾ ਹੋ ਜਾਂਦਾ ਹੈ। ਸਿਆਣੇ ਆਖਦੇ ਨੇ ਤੀਜਾ ਰਲਿਆ ਝੁਗਾ ਗਲਿਆ। 'ਅਸਾਂ ਵਿਚਾਲੇ ਤੀਸਰਾ ਫਰੰਗੀ ਆ ਗਿਆ ਹੈ।' ਭੈਣੀ ਵਾਲੇ ਗੁਰੂ ਰਾਮ ਸਿੰਘ ਜੀ—ਜਿਨ੍ਹਾਂ ਨੂੰ ਸੌ ਸਾਖੀ ਅਨੁਸਾਰ ਕਲਗੀ ਅਵਤਾਰ ਅਥਵਾ ਗੁਰੂ ਗੋਬਿੰਦ ਸਿੰਘ ਜੀ ਦਾ ਸਰੂਪ ਮੰਨਿਆ ਜਾਂਦਾ ਹੈ। ਨੂੰ ਫਰੰਗੀ ਸਰਕਾਰ ਸ਼ਕ ਦੀ ਨਿਗਾਹ ਨਾਲ ਦੇਖ ਰਹੀ ਹੈ...ਉਹਨਾਂ ਦਾ ਉਪਦੇਸ਼ ਚੜ੍ਹਦੀ ਕਲਾ ਵਾਲਾ ਹੈ। ਨਾਮ ਪ੍ਰਾਪਤ ਕਰਕੇ, ਉਹਨਾਂ ਪਾਸੋਂ ਖੰਡੇ ਦਾ ਅੰਮ੍ਰਿਤ ਛਕ ਕੇ ਅਤੇ ਸੰਗਤ ਕਰਕੇ ਮੁਰਦੇ ਜ਼ਿੰਦਾ ਹੋ ਰਹੇ ਹਨ। ਅਸੀਂ ਮੰਦ ਭਾਗੀ ਹਾਂ ਜਿਹੜੇ ਉਹਨਾਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਕਰ ਸਕੇ। ਸੁਣਿਆ ਹੈ ਵਿਸਾਖੀ ਦੇ ਸਮੇਂ ਅੰਮ੍ਰਿਤਸਰ ਆਉਣਾ ਹੈ—ਜੇ ਆਏ ਤਾਂ ਜ਼ਰੂਰ ਅੰਮ੍ਰਿਤ ਛਕਣਾ ਹੈ। ਭਾਈ ਖੜਗ ਸਿੰਘ ਕਕੜਾਂ ਵਾਲਿਆਂ ਨੇ ਉਹਨਾਂ ਦੀ ਮਹਿਮਾਂ ਦੀਆਂ ਬਹੁਤ ਸਾਰੀਆਂ ਸਾਖੀਆਂ ਸੁਣਾਈਆਂ ਹਨ। ਆਖਦੇ ਹਨ, ਜੇ ਮਨ-ਬਿਰਤੀ ਇਕਾਗਰ ਕਰਕੇ ਯਾਦ ਕਰੀਏ ਤਾਂ ਪਰਤਖ ਦਰਸ਼ਨ ਦਿੰਦੇ ਤੇ ਦੁਖਾਂ ਕਲੇਸ਼ਾਂ ਦਾ ਨਾਸ ਕਰਦੇ ਹਨ। ਅਸਾਂ ਲੋਕਾਂ ਤੇ ਕਦੀ ਕ੍ਰਿਪਾ ਹੋ ਜਾਏਗੀ। ਘਟ ਘਟ ਦੀ ਜਾਣਨ ਹਾਰ ਹਨ।–'

ਸੇਵਕ ਸਿੰਘ ਜੀ ਬਚਨ ਕਰ ਹੀ ਰਹੇ ਸਨ ਕਿ ਮਾਤਾ ਬਿਸ਼ਨੀ ਦੁਧ ਦਾ ਕਰਮੰਡਲ ਤੇ ਦੋ ਪਰੌਂਠੇ ਲੈਕੇ ਪੁੱਜ ਗਈ। ਉਹ ਹਰ ਰੋਜ਼ ਸੇਵਕ ਸਿੰਘ ਨੂੰ ਦੁੱਧ ਛਕਾਉਣ ਆਉਂਦੀ ਸੀ।

ਸੁਖੀ ਤੇ ਸੇਵਕ ਸਿੰਘ ਦਾ ਧਿਆਨ ਮਾਤਾ ਬਿਸ਼ਨੀ ਵਲ ਹੋ ਗਿਆ।

*
* *



Sri Satguru Jagjit Singh Ji Elibrary NamdhariElibrary@gmail.com

# ਰਾਰ

ਨਿਕੇ ਸੁਰਜੂ ਮੁੰਡੇ ਦਾ ਛੋਹਰਾ ਪਾਉਣ ਦੇ ਸਬੰਧ ਵਿਚ ਘਬਰਾਹਟ ਭਰੀ ਨਸ ਭਜ ਕਰਦਿਆਂ ਬੇਲਾ ਸਿੰਘ ਨੂੰ ੧੫ ਦਿਨ ਬੀਤ ਗਏ ਸਨ ਤੇ ਛੋਹਰੇ ਦੇ ਮਿਥੇ ਦਿਨ ਦੇ ਆਉਣ ਵਿਚ ਦੋ ਦਿਨ ਰਹਿ ਗਏ ਸਨ। ਅਜੇ ਕਈ ਕੰਮ ਕਰਨ ਵਾਲੇ ਸਨ। ਭਾਵੇਂ ਉਸ ਦੇ ਤਿੰਨਾਂ ਪਿੰਡਾਂ ਦੀ ਜ਼ਮੀਨ ਵਾਹੁਣ ਵਾਲੇ ਸਾਰੇ ਕਿਸਾਨ ਤੇ ਹੋਰ ਲਾਗੀ-ਚੋਕੀ ਤੇ ਮਿਹਨਤੀ ਲੋਕ ਸਿਰੋਂ ਪੈਰੋਂ ਲਾਹਕੇ ਕੰਮਾਂ ਵਿਚ ਜੁਟੇ ਸਨ।

ਅਟਾ-ਸਟਾ ਖਿਆਲ ਕੀਤਾ ਗਿਆ ਸੀ ਕਿ ਪੰਜ-ਛੇ ਸੋ ਇਸਤ੍ਰੀ-ਪੁਰਖਾਂ ਦੀ ਦੋ ਡੰਗ ਦੀ ਚੰਗੀ ਰੋਟੀ ਦਾ ਪ੍ਰਬੰਧ ਕਰਨਾ ਸੀ।...ਦੁੱਧ, ਘਿਉ, ਮਿਠਾ, ਚਾਵਲ ਆਟੇ ਤੋਂ ਬਿਨਾਂ ਬਕਰਿਆਂ ਦਾ ਮਾਸ ਬਣਨਾ ਸੀ। ਆਟਾ ਪੀਹਣ ਵਾਸਤੇ ਖਰਾਸ ਚਲਾਏ ਗਏ ਸਨ ਤੇ ਚਾਵਲ ਵੀ ਆਪਣੀ ਰਿਆਸਤ ਵਿਚੋਂ ਹੀ ਮਿਲ ਗਏ ਸਨ। ਪਰ ਸਭ ਤੋਂ ਵਧ ਖਿਆਲ ਸੀ ਤਿੰਨ ਛਤੇ ਮਹਿਲਾਂ ਦੀ ਸਫਾਈ, ਹਵੇਲੀ ਦੀ ਸਜਾਵਟ, ਆਉਣ ਵਾਲੇ ਮਹਿਮਾਨਾਂ ਲਈ ਬੈਠਣ ਵਾਸਤੇ ਮੰਜੇ, ਬਿਸਤਰੇ ਆਦਿਕ ਦਾ ਪ੍ਰਬੰਧ



Sri Satguru Jagjit Singh Ji Elibrary NamdhariElibrary@gmail.com

ਕਰਨਾ ਸੀ।

ਬਚੀਵਿੰਡ ਤੇ ਖਿਹਾਲੇ ਦੇ ਕਲਾਲਾਂ ਨੂੰ ਹੁਕਮ ਹੋਇਆ ਸੀ ਕਿ ਦਸ ਮੱਟ ਵਧੀਆ ਸ਼ਰਾਬ ਤਿਆਰ ਕਰਨੀ ਸੀ। ਹਰੀ ਸ਼ਰਾਬ ਜਿਹੜੀ ਲਾਹੌਰ ਦਰਬਾਰ ਦੀ ਮੰਨੀ ਹੋਈ ਚੰਗੀ ਸ਼ਰਾਬ ਸੀ, ਜਿਸ ਨੂੰ ਵਡ ਸਰਦਾਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਫਰੰਗੀ ਅਫਸਰ ਸ਼ੌਕ ਨਾਲ ਪੀਂਦੇ ਹੋਏ ਫਰਾਂਸ ਦੀ ਅੰਗੂਰੀ ਤੇ ਸੌ ਸਾਲਾ ਸ਼ਰਾਬ ਨੂੰ ਭੁਲ ਜਾਇਆ ਕਰਦੇ ਸਨ। ਬਚੀਵਿੰਡ ਦਾ ਨਿਹਾਲਾ ਕਲਾਲ ਅਤੇ ਖਿਹਾਲੇ ਦਾ ਰਾਮਾ ਉਸ ਸ਼ਰਾਬ ਨੂੰ ਤਿਆਰ ਕਰਨ ਵਿਚ ਸਾਰੇ ਪੰਜਾਬ ਵਿਚ ਇਕ ਨੰਬਰ ਸਨ। ਸ਼ਰਾਬ ਦੀ ਵਿਕਰੀ ਤੋਂ ਚਗੇ ਮਾਯਾਧਾਰੀ ਬਣ ਗਏ ਸਨ।

ਗੁਰੂ ਸਰ ਦੇ ਮਹੰਤ ਛਬੀਲਦਾਸ ਨੂੰ ਲਾਹੌਰੋਂ ਨਾਚ-ਗਾਣੇ ਵਾਲੀ ਪਾਰਟੀ ਨੂੰ ਲਿਆਉਣ ਦੀ ਸੇਵਾ ਦਿੱਤੀ ਗਈ ਸੀ, ਕਿਉਂਕਿ ਨਾਚ-ਗਾਣੇ ਵਾਲੀਆਂ ਵੇਸ਼ਵਾਵਾਂ ਉਸਦੀਆਂ ਜਾਣੂ ਸਨ। ਉਹ ਮੁਜਰੇ ਦੇਖਣ ਲਈ ਕਈ ਕਈ ਦਿਨ ਲਾਹੌਰ ਰਹਿੰਦੇ ਸਨ। ਸ਼ਰਾਬ ਤੇ ਨਾਚ ਗਾਣੇ ਨਾਲ ਮਨ ਪ੍ਰਚਾਉਣ ਤੇ ਚੋਖਾ ਰੁਪਿਆ ਖਰਚਦੇ ਸਨ, ਕਿਉਂਕਿ ਰੁਪੈ ਦੀ ਘਾਟ ਨਹੀਂ ਸੀ। ਦਿਨ-ਤਿਉਹਾਰ ਤੇ ਗੁਰੂ ਜੀ ਦੇ ਦਰਬਾਰ ਚੜ੍ਹਾਵਾ ਚੜ੍ਹਦਾ, ਕਾਰ ਭੇਟ ਆਉਂਦੀ ਤੇ ਜ਼ਮੀਨ ਦੀ ਆਮਦਨ ਬਹੁਤ ਸੀ। ਵਡੇ ਮਹੰਤ ਵੇਲੇ ਅਤੇ ਖਾਲਸਾ ਰਾਜ ਕਾਲ ਵਿਚ ਛਬੀਲ ਦਾਸ ਘਟ ਹੀ ਪੀਂਦਾ ਸੀ। ਉਹ ਵੀ ਚੋਰੀ ਬੇਲਾ ਸਿੰਘ ਦੇ ਘਰ ਜਾਂ ਲਾਹੌਰ ਜਾਕੇ, ਪਰ ਮਹੰਤ ਦੇ ਮਰਨ ਪਿਛੋਂ ਉਸ ਨੂੰ ਉਸੇ ਤਰ੍ਹਾਂ ਖੁਲ੍ਹ ਹੋ ਗਈ, ਜਿਵੇਂ ਅਮੀਰ ਬਾਪ ਦੇ ਮਰਨ ਪਿਛੋਂ ਉਸ ਦੇ ਮੁੰਡੇ ਸੁਤੰਤਰ ਹੋ ਜਾਂਦੇ ਹਨ ਤੇ ਮਨ ਮਰਜ਼ੀ ਨਾਲ ਅਯਾਸ਼ੀ ਕਰਦੇ ਸਨ। ਕੁਆਲ, ਕਲਾਲ ਤੇ ਮਰਾਸੀ ਉਸ ਦੇ ਸੇਵਕ ਸਨ। ਪਿੰਡਾਂ ਦੇ ਗੁਰਸਿਖ ਗੁਰੂ ਘਰ ਨਿਮਸ਼ਕਾਰ ਕਰਨ ਤੇ ਦੁੱਖ ਤਕਲੀਫਾਂ ਦੂਰ ਕਰਨ ਵਾਸਤੇ ਆਉਂਦੇ ਸਨ ਤੇ ਉਹ ਮਹੰਤ ਦੇ ਕਰਮ ਸੁਕਰਮ ਜਾਂ



Sri Satguru Jagjit Singh Ji Elibrary NamdhariElibrary@gmail.com

ਕੁਕਰਮ ਦਾ ਧਿਆਨ ਨਹੀਂ ਸਨ ਕਰਦੇ। ਜਨਤਾ ਦੇ ਭੋਲੇਪਨ ਤੇ ਅੰਨ੍ਹੇ ਭਰੋਸੇ ਕਾਰਨ ਮਹੰਤ ਆਪਣੇ ਜੀਵਨ ਨੂੰ ਨੀਵਾਂ ਕਰੀ ਜਾ ਰਿਹਾ ਸੀ।

ਬੇਲਾ ਸਿੰਘ ਨੂੰ ਬਹੁਤਾ ਫਿਕਰ ਨਸ਼ੇ ਤੇ ਨਾਚ ਪਾਰਟੀ ਦਾ ਸੀ। ਦੋਵੇਂ ਵੇਲੇ ਸਿਰ ਹਾਜ਼ਰ ਹੋਣ। ਕਿਉਂਕਿ ਉਹ ਪੱਧਰ ਦੇ ਸਰਕਾਰੀ ਅਫਸਰ, ਸਰਦਾਰ ਤੇ ਇਲਾਕੇ ਦੇ ਇਤਿਹਾਸਕ ਗੁਰਦੁਆਰਿਆਂ ਦੇ ਮਹੰਤ, ਕਈ ਨੰਬਰਦਾਰਾਂ ਨੇ ਆਉਣਾ ਸੀ। ਡਿਪਟੀ ਕਮਿਸ਼ਨਰ ਦੇ ਨਾਲ ਕੀ ਪਤਾ ਕਿੰਨੇ ਆਦਮੀ ਆ ਜਾਣੇ ਸੀ। ਜੇ ਨਾਚ-ਗਾਣਾ ਤੇ ਸ਼ਰਾਬ ਨਾ ਹੋਈ ਤਾਂ ਸਾਰੀ ਕੀਤੀ ਕਤਰੀ ਖੂਹ ਵਿਚ ਪੈਣੀ ਸੀ।

ਮਹੰਤ ਛਬੀਲ ਦਾਸ ਨੂੰ ਨਾ ਆਇਆ ਦੇਖ ਬੇਲਾ ਸਿੰਘ ਕਾਹਲਾ ਪਿਆ। ਉਸ ਨੇ ਆਪਣੇ ਕਰਿੰਦੇ ਜੇਮਲ ਸਿੰਘ ਨੂੰ ਕੋਲ ਸਦਕੇ ਆਖਿਆ, 'ਜੇਮਲਾ! ਘੋੜੀ ਲੈ ਤੇ ਗੁਰੂ ਸਰ ਤਕ ਜਾਹ ਮਹੰਤ ਦਾ ਪਤਾ ਲੈ...ਆਖਿਆ ਸੀ, ਪਾਰਟੀ ਤੋਂ ਤਿੰਨ ਦਿਨ ਪਹਿਲਾਂ ਪੁੱਜੇ, ਪਰ ਅਜ ਤਕ ਕੋਈ ਥੌਹ ਪਤਾ ਨਹੀਂ ਦਿੱਤਾ। ਪਤਾ ਕਰ ਕੰਜਰ ਜੀਉਂਦਾ ਹੈ ਕਿ ਮਰ ਗਿਆ!'

'ਬਹੁਤਾ ਅਛਾ ਸਰਕਾਰ!' ਆਖਕੇ ਜੇਮਲ ਸਿੰਘ ਉਸੇ ਵੇਲੇ ਹਵੇਲੀ ਵਲ ਨੱਠ ਗਿਆ।

ਜਿਥੋਂ ਘੋੜੀ ਲੈਣੀ ਸੀ।

'ਓਏ ਰਹੀਮਿਆ ਤੂੰ ਬੱਚੀ ਵਿੰਡ ਗਿਆ ਸੀ, ਕੀ ਪਤਾ ਲਿਆਇਐਂ ਉਥੇ ਖਲੋਤੇ ਬੇਲਾ ਸਿੰਘ ਨੇ ਕੋਲ ਆਏ ਮੁਸਲਮਾਨ ਤੇਲੀ ਰਹੀਮ ਬਖਸ਼ ਨੂੰ ਪੁੱਛਿਆ।'

'ਸਰਕਾਰ ਖੋਤਿਆਂ ਤੇ ਲੱਦੀ ਆ ਰਹੇ ਹਨ, ਬਸ ਘੜੀ ਪਲ ਨੂੰ ਅਪੜੇ ਸਮਝੋ। ਉਹਨਾਂ ਨੂੰ ਤੋਰਕੇ ਮੈਂ ਘੋੜੀ ਭਜਾ ਕੇ ਆ ਗਿਆ ਕਿ ਕੋਈ ਹੋਰ ਕੰਮ ਨਾ ਹੋਵੇ।' ਰਹੀਮ ਨੇ ਉਤਰ ਦਿੱਤਾ।

'...ਕੰਮ...ਕੰਮ ਬਹੁਤ ਕਰਨ ਵਾਲ ਹਨ...ਜ਼ਿਲੇ ਦੇ



Sri Satguru Jagjit Singh Ji Elibrary NamdhariElibrary@gmail.com

ਮਾਲਕ ਨੇ ਆਉਣਾ ਹੈ ਸਾਰੇ ਕੰਮ ਅਧੂਰੇ ਹਨ.. ਦੀਵਾਨ ਖਾਨੇ ਦੀ ਸਜਾਵਟ ਨਹੀਂ ਹੋਈ.. ਉਥੇ ਵੀ ਬੰਦੇ ਲਾ ਕੇ ਆਇਆ ਹਾਂ। ਤੂੰ ਕੋਈ ਲੱਸੀ ਪਾਣੀ ਪੀਣਾ ਹੈ ਤਾਂ ਪੀ ਤੇ ਠੱਠੇ ਜਾ। ਨੰਬਰਦਾਰ ਝੰਡਾ ਸਿੰਘ ਤੇ ਰੂੜ ਸਿੰਘ ਨੂੰ ਬੁਲਾ ਕੇ ਲਿਆ।

'ਅਛਾ ਸਰਕਾਰ ! ..ਮੈਂ ਕੁਝ ਖਾ ਪੀ ਕੇ ਜਾਂਦਾ ਹਾਂ। ਸਵੇਰ ਦੀ ਲਸੀ ਪੀਤੀ ਹੈ...ਕਲਾਲ ਵੀ ਕੰਜੂਸ ਮੱਖੀ ਚੂਸ ਹਨ... ਨਸ਼ੇ ਦਾ ਘੁਟ ਪਲਾ ਦਿੱਤਾ ਸਗੋਂ ਸਿਰ ਦਰਦ ਹੋਣ ਲਗ ਪਈ।'

'ਬੱਚੂ ਤਦੇ ਦੇਰ ਹੋਈ। ਪੀਣ ਮਰਨ ਲੱਗ ਪਿਆ.. ਜਾਹ ਛੇਤੀ ਕਰ।'

ਰਹੀਮ ਚਲਿਆ ਗਿਆ।

ਬੇਲਾ ਸਿੰਘ ਆਪਣੇ ਮਹਿਲਾਂ ਦੇ ਸਦਰ ਦਰਵਾਜ਼ੇ ਵਲ ਹੋਇਆ। ਉਹ ਦਰਵਾਜ਼ੇ ਵਿਚ ਪੁੱਜਾ ਹੀ ਸੀ ਕਿ ਬੱਚੀ ਵਿੰਡ ਦਾ ਨਿਹਾਲਾ ਕਲਾਲ ਖੋਤਿਆਂ ਉਤੇ ਕੁੱਪੇ ਸ਼ਰਾਬ ਦੇ ਲਦੀ ਆਉਂਦਾ ਨਜ਼ਰ ਪਿਆ। ਖੋਤਿਆਂ ਉਤੇ ਲਦੇ ਕੁਪੇ ਨੂੰ ਦੇਖਕੇ ਬੇਲਾ ਸਿੰਘ ਦੀਆਂ ਵਰਾਸ਼ਾਂ ਖਿਲ ਗਈਆਂ ਤੇ ਖੁਸ਼ੀ ਨਾਲ ਅੱਖਾਂ ਨੂੰ ਝਮਕ ਕੇ ਉਚੀ ਵਾਜ਼ ਦਿਤੀ।

'ਆ ਓਏ ਭਰਾ ਨਿਹਾਲਿਆ ਧਰਮ ਨਾਲ ਜਾਣੀ ਤੇਰੀ ਉਡੀਕ ਕਰਦਿਆਂ ਤੇ ਰਾਹ ਦੇਖਦਿਆਂ ਹੋਇਆਂ ਅੱਖਾਂ ਪੱਕ ਗਈਆਂ।'

ਨਿਹਾਲਾ ਕੋਲ ਆਇਆ। ਫਤਹ ਬੁਲਾਈ ਤੇ ਬੇਲਾ ਸਿੰਘ ਨਾਲ ਹੱਥ ਮਿਲਾਇਆ। ਦੇਰ ਹੋਣ ਦਾ ਕਾਰਨ ਦਸਿਆ. 'ਅਟਾਰੀ ਵਾਲਿਆਂ ਸਰਕਾਰੀਆਂ ਦੇ ਜੰਞ ਆਉਣੀ ਹੈ। ਉਹਨਾਂ ਨੇ ੪੦ ਕੁੱਪੇ ਮੰਗਵਾਏ। ਆਪ ਵਾਸਤੇ ਤਾਂ ਵਧੀਆ ਕਢਕੇ ਲਿਆਇਆ ਹਾਂ। ਰਖਾਓ ਜਿਥੇ ਰਖਾਉਣੀ ਹੈ।

'ਡਿਉਤੀ ਵਿਚ ਹੀ ਖੋਤੇ ਡਕੋ। ਉਪਰਲੇ ਦੀਵਾਨ ਖਾਨੇ ਵਿਚ ਰਖਣੀ ਹੈ।'



Sri Satguru Jagjit Singh Ji Elibrary NamdhariElibrary@gmail.com

ਬੇਲਾ ਸਿੰਘ ਦੀ ਜ਼ਬਾਨੋਂ ਇਹ ਸੁਣਕੇ ਖੋਤਿਆਂ ਵਾਲਾ ਘੁਮਿਆਰ ਅਗੇ ਹੋਇਆ ਤੇ ਖੋਤੇ ਡਿਉੜੀ ਵਿਚ ਰੋਕ ਦਿਤੇ। ਉਸੇ ਵੇਲੇ ਹੋਰ ਸੇਵਕ ਆ ਗਏ ਤੇ ਚਾਬੀਆਂ ਵਾਲਾ ਭੰਡਾਰੀ ਆਇਆ। ਉਹ ਹੀਰਾ ਰਾਮ ਬ੍ਰਾਹਮਣ ਸੀ। ਜਿਹੜਾ ਫਾਰਸੀ ਤੇ ਉਰਦੂ ਪੜ੍ਹਿਆ ਸੀ। ਉਸ ਦੀ ਉਮਰ ੩੦ ਸਾਲ ਦੇ ਨੇੜੇ ਸੀ ਤੇ ਰੰਗ ਦਾ ਕਾਲਾ ਸੀ।

'ਹੀਰਿਆ...ਇਹ ਕੁੱਪੇ ਉਪਰ ਕੋਠੜੀ ਵਿਚ ਰਖਾ।' ਬੇਲਾ ਸਿੰਘ ਨੇ ਹੀਰੇ ਨੂੰ ਆਖਿਆ।

'ਸਾਰੇ ਉਪਰ ਰਖਣੇ ਹਨ ਸਰਕਾਰ ? ਹੀਰੇ ਨੇ ਪੁੱਛਿਆ।

'ਇਹ ਸਾਰੇ ਉਪਰ ਰਖੋ। ਜਿਹੜੇ ਖਿਹਾਲੇ ਤੋਂ ਆਉਣੇ ਉਹ ਹੇਠਾਂ ਰੱਖਣੇ, ਆਮ ਮਹਿਮਾਨਾਂ ਨੂੰ ਉਸ ਵਿਚੋਂ ਪਿਲਾਉਣੀ ਹੈ। ਇਹ ਉਚੇਚੇ ਪ੍ਰਾਹੁਣਿਆਂ ਵਾਸਤੇ ਹੈ ।'

'ਹੋਰ ਲੋੜ ਹੋਵੇ ਤਾਂ ਹੋਰ ਭੇਜਦਿਆਂ। ਅਵਲ ਨੰਬਰ ਹੈ... ਜਿਹੜਾ ਪੀ ਜਾਏਗਾ, ਯਾਦ ਰਖੇਗਾ.. ਆਪ ਦੀ ਕ੍ਰਿਪਾ ਨਾਲ ਜਿਹੜੀ ਸ਼ਰਾਬ ਨਿਹਾਲਾ ਤਿਆਰ ਕਰ ਸਕਦਾ ਹੈ ਹੋਰ ਕੋਈ ਨਹੀਂ ਕਰ ਸਕਦਾ!'

ਨਿਹਾਲੇ ਨੇ ਹਉਮੈਂ ਭਰੇ ਲਹਿਜੇ ਵਿਚ ਆਖਿਆ, ਹੈ ਵੀ ਹਉਮੈ ਵਾਲੀ ਗਲ ਸੀ ਕਿਉਂਕਿ ਉਹਦੀਆਂ ਸ਼ਰਾਬ ਦੀਆਂ ਭੱਠੀਆਂ ਵਰਗੀਆਂ ਭਠੀਆਂ ਕਿਸੇ ਦੀਆਂ ਨਹੀਂ ਸਨ। ਝਬਾਲ ਤੋਂ ਰਮਦਾਸ ਤਕ ਜ਼ਿਲਾ ਅੰਮ੍ਰਿਤਸਰ ਦੇ ਪਛਮੀ ਇਲਾਕੇ ਦੇ ਸਾਰੇ ਸਰਦਾਰ, ਮਹੰਤ, ਰਜੇ-ਪੁਜ ਵਿਗੜੇ ਲੋਕ ਉਸ ਕੋਲੋਂ ਸ਼ਰਾਬ ਮੰਗਵਾਉਂਦੇ ਸਨ।

'ਇਹ ਤਾਂ ਮੰਨੀ ਹੋਈ ਗਲ ਹੈ ਤੁਸਾਂ ਵਰਗਾ ਸਿਆਣਾ ਕਲਾਲ ਕੋਈ ਨਹੀਂ.. ਤੁਸੀਂ ਕਰਾਰ ਦੇ ਵੀ ਪੂਰੇ ਹੋ ਪਰ ਲਾਹੌਰ ਗਿਆ ਮਹੰਤ ਛਬੀਲ ਦਾਸ ਨਹੀਂ ਆਇਆ।'

'ਉਹ ਕੀ ਲੈਣ ਗਿਆ ?'



Sri Satguru Jagjit Singh Ji Elibrary NamdhariElibrary@gmail.com

'ਨਚਣ ਗਾਉਣ ਵਾਲੀ ਟੋਲੀ ਨੂੰ...।'

'ਉਹ ਟੋਲੀ ਮੰਗਵਾਉਣੀ ਸੀ ਤਾਂ ਮੈਨੂੰ ਦਸਣਾ ਸੀ। ਐਸ ਵੇਲੇ ਨੂਰ ਜਹਾਨ ਬੇਗ਼ਮ ਤੇ ਅਖਤਰ ਬੇਗ਼ਮ ਦੋਂਹ ਭੈਣਾਂ ਵਰਗੀ ਕੋਈ ਨਾਚੀ ਤੇ ਗਾਉਣ ਵਾਲੀ ਨਹੀਂ। ਭੀਲੋਵਾਲੀਆਂ ਖਤਰੀਆਂ ਨੇ ਮੰਗਵਾਈਆਂ ਸਨ-ਬਹਿਜਾ ਬਹਿਜਾ ਹੋ ਗਈ ਸੀ। ਹਫਤਾ ਭਰ ਰਹੀਆਂ ਸਨ। ਮੈਂ ਕਾਂ ਹੱਥ ਸਨੇਹਾ ਭੇਜਦਾ ਤਾਂ ਨਸ ਕੇ ਆਉਂਦੀਆਂ।'

'ਮਹੰਤ ਵੀ ਸਿਆਣਾ ਤੇ ਰੰਡੀਆਂ ਦਾ ਉਸਤਾਦ ਹੈ।'

'ਇਹ ਠੀਕ ਬਹੁਤ ਹੀ ਰੰਗੀਲਾ ਬੰਦਾ ਹੈ...ਹੁਣ ਤਾਂ ਧਰਮ-ਕਰਮ ਛਡੀ ਜਾਂਦਾ ਹੈ। ਮਹਾਰਾਜ ਦੇ ਦਰਬਾਰ ਵਿਚ ਵੀ ਪੀ ਕੇ ਬੈਠਦਾ ਹੈ...ਅਖਾਂ ਲਾਲ ਤੇ ਚਿਹਰਾ ਭਖਦਾ। ਚੇਲੇ ਹੀ ਕੰਮ ਕਰਦੇ ਹਨ।......ਹਾਂ ਮਕਦਮਾ ਇਕ ਸੁਣਿਆ ਸੀ-ਕੁੜੀ ਦਾ।'

'ਐਸੇ ਮਕਦਮਿਆਂ ਨੂੰ ਕੌਣ ਸੁਣਦਾ ਹੈ। ਥਾਨੇ ਵਿਚ ਕੀ ਜ਼ਿਲੇ ਵਿਚ ਰਾਜ ਆਪਣਾ ਹੈ। ਸਾਰੇ ਸਰਕਾਰੀ ਬੰਦਿਆਂ ਨੇ ਕਲ ਪਾਰਟੀ ਤੇ ਆਉਣਾ ਹੈ...।'

'ਸਭ ਆਪ ਦਾ ਪ੍ਰਤਾਪ ਹੈ ਅਸਾਂ ਦੇ ਮਹਾਰਾਜੇ ਤਾਂ ਆਪ ਹੋ।...ਚੰਗਾ ਮੈਨੂੰ ਆਗਿਆ ਬਖਸ਼ੋ।

'ਬਿਨਾਂ ਕੁਝ ਖਾਣ-ਪੀਣ ਦੇ ਭਲਾ ਇਸ ਘਰੋਂ ਕਦੀ ਕੋਈ ਐਵੇਂ ਗਿਆ ਹੈ?'

'ਇਹੋ ਤਾਂ ਇਸ ਘਰ ਦੀ ਸਰਦਾਰੀ ਹੈ...।'

'ਆਓ ਅੰਦਰ ਚਲੀਏ।'

ਬੇਲਾ ਸਿੰਘ ਨੇ ਨਿਹਾਲੇ ਨੂੰ ਨਾਲ ਲਿਆ ਤੇ ਛੋਟੇ ਦੀਵਾਨ ਖਾਨੇ ਵਿਚ ਜਾ ਬੈਠਾ।

ਉਸੇ ਹੀ ਸ਼ਾਮ ਨੂੰ ਛਬੀਲਦਾਸ ਮਹੰਤ ਲਾਹੌਰੋਂ ਆ ਗਿਆ। ਉਹ ੧੫ ਔਰਤਾਂ ਮਰਦਾਂ ਦੀ ਪਾਰਟੀ ਤਿੰਨਾਂ ਗੜਬਹਿਲਾਂ ਰਾਹੀਂ



Sri Satguru Jagjit Singh Ji Elibrary NamdhariElibrary@gmail.com

ਲੈ ਕੇ ਪੁੱਜ ਗਿਆ। ੫ ਔਰਤਾਂ ਸਨ—ਤਿੰਨ ਸੁੰਦਰ ਤੇ ਜਵਾਨ ਮੁਟਿਆਰਾਂ, ਉਮਰ ੨੦ ਸਾਲ ਤੋਂ ੨੩ ਸਾਲ ਤਕ ਹੋਏਗੀ ਤੇ ਦੋ ਉਹਨਾਂ ਦੇ ਨਾਲ ਅਧ-ਖੜ ਉਮਰ ਦੀਆਂ। ਉਹ ਪਾਨਦਾਨ ਸੰਭਾਲਣ ਤੇ ਤਾਲੀ ਵਜਾਉਣ ਵਾਲੀਆਂ। ੧੦ ਮਰਦ ਸਾਜੀ ਤੇ ਸੇਵਾ ਕਰਨ ਵਾਲੇ। ਹੀਰਾ ਮੰਡੀ ਦੀ ਮਾਂ-ਵਿਧਵਾ ਬੇਗ਼ਮ ਜਾਂਆਰਾ ਦੀ ਪਾਰਟੀ ਸੀ।

ਉਸ ਪਾਰਟੀ ਦੇ ਪੁੱਜਣ ਤੇ ਬੇਲਾ ਸਿੰਘ ਦਾ ਸੇਰ ਖ਼ੂਨ ਵਧ ਗਿਆ ਮਹੰਤ ਨੂੰ ਜਫੀ ਪਾਕੇ ਆਖਣ ਲਗਾ, 'ਬਸ ਸਭੇ ਕਮ ਸੰਪੂਰਨ ਹੋ ਗਏ। ਓ.. ਮਹੰਤ ਜੀ ਗੁਣਾਂ ਦੇ ਗੁਥਲੇ ਤੇ ਰਿਧੀਆਂ ਸਿਧੀਆਂ ਦੇ ਮਾਲਕ ਹੋ . ਮੰਨ ਲਿਆ। ਬੇਲਾ ਸਿੰਘ ਕਿੰਨਾ ਕੁਝ ਊਟ-ਪਟਾਂਗ ਬੋਲੀ ਗਿਆ ਵਡਿਆਈ ਖੋਰਾ ਮਹੰਤ ਖ਼ੁਸ਼ ਹੁੰਦਾ ਗਿਆ।

ਛੋਹਾਰੇ ਦਾ ਦਿਨ ਆ ਗਿਆ। ਸਭ ਤੋਂ ਪਹਿਲਾ ਮੁਜ਼ਰਾ (ਨਾਚ) ਬੇਲਾ ਸਿੰਘ ਦੇ ਮਹਿਲਾਂ ਅਗਲੇ ਵਡੇ ਪੱਕੇ ਪੰਚਾਇਤੀ ਥੜੇ ਉਤੇ ਹੋਇਆ। ਬੈਠਨ ਵਾਲਿਆਂ ਵਿਚ ਥਾਨਾ ਇੰਨਚਾਰਜ ਮਿਜਟਰ ਟੀਟੋਨੀ, ਉਸ ਦਾ ਸਹਾਇਕ ਮਿਸਟਰ ਥਾਮਸ, ਇਲਾਕੇ ਦਾ ਇਨਸਪੈਕਟਰ, ਅਤੇ ਡਿਪਟੀ ਕਪਤਾਨ ਸਾਹਿਬ ਆ ਬੈਠੇ ਸੀ। ਉਹਨਾਂ ਦੇ ਕੋਲ ਗੁਰੂ ਸਰ ਦਾ ਮਹੰਤ, ਬੇਲਾ ਸਿੰਘ ਤੇ ਚਾਰ ਪੰਜ ਮੁਸਲਮਾਨ ਅਫਸਰ ਤੇ ਅਮੀਰ ਬੈਠੇ। ਥੜੇ ਤੋਂ ਹੇਠਾਂ ਸੈਂਕੜੇ ਮਰਦ ਖਲੋਤੇ ਬੈਠੇ ਸਨ ਤੇ ਇਸਤ੍ਰੀਆਂ ਕੋਠਿਆਂ ਦੀਆਂ ਛਤਾਂ ਤੇ ਮਹਿਲਾਂ ਦੀ ਡਿਉੜੀ ਦੀ ਛਤ ਉਤ ਬੈਠੀਆਂ ਸਨ।

ਨਾਚ ਹੋਇਆ। ਨਾਚ ਦੇ ਨਾਲ ਮਿਰਜੇ ਦੀਆਂ ਸੁਰਾਂ ਗਾਈਆਂ ਗਈਆਂ, ਨਚਣ ਵਾਲੀਆਂ ਨੇ ਵੇਲਾਂ ਉਠਾਈਆਂ। ਕੋਲਿਆਂ ਦੇ ਕੋਲੋ ਸ਼ਰਾਬ ਪੀਤੀ ਗਈ ਤੇ ਕਬਾਬ ਖਾਧੇ ਗਏ।

ਉਸੇ ਹੀ ਮਹਿਫਲ ਵਿਚ ਮੁੰਡੇ ਨੂੰ ਸ਼ਗਨ ਲਗਾ। ਪਿੰਡ ਦਾ ਵਾਜਾ ਵਜਿਆ। ਢੋਲ ਵਜਿਆ ਤੇ ਵਧਾਈਆਂ ਦਿੱਤੀਆਂ



Sri Satguru Jagjit Singh Ji Elibrary NamdhariElibrary@gmail.com

ਗਈਆਂ।

ਰਾਤ ਦੀ ਮਹਿਫਲ ਖਾਸ ਦੀਵਾਨ ਖਾਨੇ ਵਿਚ ਸ਼ੁਰੂ ਹੋਈ। ਜਿਸ ਵਿਚ ਨਾਚ ਪਾਰਟੀ ਸ਼ਾਮਲ ਹੋਈ ਤੇ ਦਰਸ਼ਕਾਂ ਵਿਚ ਸਰਕਾਰੀ ਅਫਸਰ। ਪ੍ਰਧਾਨਗੀ ਜ਼ਿਲੇ ਦੇ ਛੋਟੇ ਕਪਤਾਨ ਪੁਲੀਸ ਦੀ ਸੀ। ਬੇਲਾ ਸਿੰਘ ਤੇ ਮਹੰਤ ਛਬੀਲ ਦਾਸ ਦੇ ਨਾਲ ਸਨ ਠੱਠੇ ਦੇ ਨੰਬਰਦਾਰ ਝੰਡਾ ਸਿੰਘ ਅਤੇ ਨੈਣਾ ਸਿੰਘ ਦੇ ਬਾਪ ਰੂੜ ਸਿੰਘ ਨੂੰ ਉਚੇਚਾ ਉਸ ਪਾਰਟੀ ਵਿਚ ਸ਼ਾਮਲ ਕੀਤਾ ਗਿਆ ਸੀ। ਦੋਵੇਂ ਮਹੰਤ ਦੇ ਕੋਲ ਬੈਠੇ ਸਨ।

ਡਿਪਟੀ ਕਮਿਸ਼ਨਰ ਨੂੰ ਸਦਿਆ ਗਿਆ ਸੀ। ਪਰ ਉਹ ਨਾ ਆਇਆ, ਐਸ. ਪੀ ਵੀ ਨਾ ਆਇਆ। ਪਰ ਮਿਸਟਰ ਕੀਨ ਸਮਿਥ ਸਹਾਇਕ (ਏ. ਐਸ. ਪੀ.) ਪੁਲੀਸ ਕਪਤਾਨ ਆ ਗਿਆ ਸੀ। ਉਸ ਨਾਲ ਬੇਲਾ ਸਿੰਘ ਦੀ ਮੁਲਾਕਾਤ ਚਾਰ ਪੰਜ ਵਾਰ ਪਹਿਲਾਂ ਹੋ ਚੁੱਕੀ ਸੀ। ਮੁਲਾਕਾਤ ਕਰਾਈ ਸੀ, ਰਾਜਾਸਾਂਸੀ ਦੇ ਉਸ ਸਰਦਾਰ ਨੇ ਜਿਹੜਾ ਫਰੰਗੀ ਸਰਕਾਰ ਦਾ ਵਫਾਦਾਰ ਸੀ। ਰਾਜਾਸਾਂਸੀ ਦੇ ਸਰਦਾਰ ਸੰਧਾਂਵਾਲੀਏ ਮਜੀਠਾ ਤੇ ਅਟਾਰੀ ਦੇ ਸਰਦਾਰ ਹੀ ਸਭ ਤੋਂ ਵਡੇ ਸਰਦਾਰ ਸਨ ਬਾਹਰੇ ਵਿਚ। ਕੁਝ ਸਰਦਾਰ ਫਰੰਗੀ ਦੀ ਜੇਹਲ ਵਿਚ ਸਨ ਤੇ ਕੁਝ ਫਰੰਗੀ ਦੇ ਵਫਾਦਾਰ।

'ਸ੍ਰੀ ਮਾਨ ਜੀ! ਇਹ ਮਹੰਤ ਛਬੀਲ ਦਾਸ ਜੀ ਹਨ, ਇਸ ਇਲਾਕੇ ਦੇ ਸਭ ਤੋਂ ਵਡੇ ਮਜ਼ਬੀ ਆਗੂ। ਆਮ ਜਨਤਾ ਇਹਨਾਂ ਦੀ ਪੂਜਾ ਕਰਦੀ ਤੇ ਇਹਨਾਂ ਦਾ ਹੁਕਮ ਮੰਨਦੀ ਹੈ।.. ਇਹ ਸਰਕਾਰ ਦੇ ਦਿਲੋਂ ਵਫਾਦਾਰ ਹਨ। ਕੋਈ ਸਰਕਾਰ ਵਿਰੁਧ ਗਲ ਕਰਦਾ ਹੈ ਤਾਂ ਝਟ-ਪਟ ਮੈਨੂੰ ਦਸਦੇ ਹਨ। ਮੈਂ ਥਾਨੇ ਰੀਪੋਰਟ ਜਾ ਕਰਦਾ ਹਾਂ। ਬਹੁਤ ਅਛੇ ਆਦਮੀ ਹਨ।'

ਬੇਲਾ ਸਿੰਘ ਨੇ ਮਹੰਤ ਛਬੀਲ ਦਾਸ ਦੀ ਜਾਣ ਪਛਾਣ ਕਰਾਉਂਦਿਆਂ ਹੋਇਆ ਮਿਸਟਰ ਕੀਨ ਸਮਿਥ ਨੂੰ ਆਖਿਆ।



Sri Satguru Jagjit Singh Ji Elibrary NamdhariElibrary@gmail.com

'ਹਮ ਨੇ ਇਨ ਕਾ ਨਾਮ ਸੁਣਾ ਐ ! ਮਿਲ ਕਰ ਖੁਸ਼ ਹੋਆ !' ਕੀਨ ਸਮਿਥ ਬੋਲਿਆ ਉਸ ਵੇਲੇ ਉਹ ਨਸੇ ਨਾਲ ਰੰਗਿਆ ਸੀ । ਨਚਣ ਵਾਲੀਆਂ ਨੇ ਨਾਚ ਕਲਾ ਤੇ ਰਸੀਲੇ ਬੋਲ ਜਾਲ ਨੇ ਖੁਸ਼ੀ ਨੂੰ ਹੋਰ ਹਲਾ ਸੇਰੀ ਦਿੱਤੀ ਸੀ। 'ਸਰਕਾਰ ਕਾ ਵਫਾਦਾਰ ਐ ! ਔਰ ਬੀ ਖੁਸ਼ੀ ਕਾ ਬਾਤ ਹੈ। ਹਮ ਕ ਜੋ ਸੇਵਾ ਅਾਖੇਗਾ, ਹਮ ਕਰੇਗਾ।'

'ਮੈਨੂੰ ਵੀ ਬੜੀ ਖੁਸ਼ੀ ਹੋਈ ਮਿਲਕੇ।' ਮਹੰਤ ਬੋਲਿਆ, 'ਕਦੀ ਡੇਰੇ ਆਉ...ਸੇਵਾ ਬਖਸ਼ੋ।'

'ਆਏਗਾ...ਕਿਸੀ ਰੋਜ਼ ਆਏਗਾ.. ਆਪ ਕੋ ਮਾਲੂਮ ਐ... ਓ ਕੂਕਾ ਲੋਕ ਐ, ਗੁਰੂ ਰਾਮ ਸਿੰਘ [ਜੀ] ਕਾ ਚੇਲਾ ਉਨ ਕਾ ਖਿਆਲ ਰਖੇਂ। ਕੂਕਾ ਲੋਕ ਬਾਗੀ ਬਣ ਰਹਾ ਹੈ। ਲਾਹੌਰੋਂ ਖਬਰ ਆਇਆ। ਇਲਾਕੇ ਵਿਚ ਕੂਕਾ ਲੋਕ ਨਹੀਂ ਹੋਣਾ ਚਾਹੀਏ ! ਦਬਾਣੇ ਔਰ ਪਕੜਾਣੇ ਕਾ ਇਨਾਮ ਮਿਲੇਗਾ...।'

'ਸਾਹਿਬ ਬਹਾਦਰ !' ਬੇਲਾ ਸਿੰਘ ਬੋਲ ਪਿਆ, 'ਕਿਸੇ ਦਾ ਕੂਕਾ ਹੋਣਾ ਤਾਂ ਦੂਰ ਦੀ ਬਾਤ ਹੈ—ਕਛਹਿਰੇ ਵਾਲਾ ਸਿੱਖ ਨਹੀਂ ਇਲਾਕੇ ਵਿਚ ਰਿਹਾ.. ਬਹਾਦਰੀ, ਅਣਖ ਤੇ ਸਿਖੀ ਦੀ ਰੂਹ ਅਤੇ ਮੁੜ ਰਾਜ ਪ੍ਰਾਪਤ ਕਰਨ ਦੇ ਸੁਫਨੇ ਵੀ ਖਤਮ ਕਰੀ ਜਾ ਰਹੇ ਹਾਂ। ਬਹੁਤ ਡਰਾਇਆ ਜਾ ਰਿਹਾ ਐ ਲੋਕਾਂ ਨੂੰ...।'

'ਚੋਰ ਡਾਕੂ ਦਾ ਬੀ ਖਿਆਲ ਰਖਣਾ ਐ।'

'ਜ਼ਰੂਰ ਸਾਹਿਬ ਬਹਾਦਰ...ਪੁਛਲੋ ਮਿਸਟਰ ਟੀਟੋਨੀ ਨੂੰ ਕਿੰਨੀ ਇਤਲਾਹ ਦਿੰਦੇ ਆਂ।'

'ਹਾਂ ਮਿਸਟਰ ਟੀਟੋਨੀ ਹਮ ਕੋ ਬੋਲਾ।' ਕੀਨ ਸਮਿਥ ਨੇ ਉਤਰ ਦਿੱਤਾ।

ਇਉਂ ਗਲਾਂ ਕਰਦੇ ਹੋਏ ਮੁੜ ਖਾਣ-ਪੀਣ ਵਿਚ ਰੁਝ ਗਏ।

ਰਾਤ ਦੇ ਦੋ ਵਜੇ ਦੇ ਪਿਛੋਂ ਸ: ਬੇਲਾ ਸਿੰਘ ਦੇ ਮਹਿਲ ਤੇ



Sri Satguru Jagjit Singh Ji Elibrary NamdhariElibrary@gmail.com

ਹਵੇਲੀ ਵਿਚ ਚੁਪ ਚਾਨ ਹੋਈ। ਜਿਵੇਂ ਰਾਤ ਸੁਤੀ ਤਿਵੇਂ ਕੁਝ ਸ਼ਰਾਬ ਨੇ ਬੇਸੁਰਤ ਕਰ ਦਿਤੇ ਅਤੇ ਕੁਝ ਸੇਵਾਦਾਰ ਤੇ ਲਾਗੀ ਸਾਰਾ ਦਿਨ ਦੀ ਨੱਠ-ਭਜ ਨਾਲ ਥੱਕ ਟੁਟ ਕੇ ਜਿਥੇ ਬੈਠੇ ਖਲੋਤੇ ਸੀ, ਉਥੇ ਹੀ ਡਿਗ ਪਏ ਤੇ ਸੌਂ ਗਏ।

ਨਾਚ ਪਾਰਟੀ ਵੀ ਖਿਲਰ ਕੇ ਅੱਧ ਮੋਈ ਹੋ ਪੈ ਗਈ। ਕੋਈ ਕਿਸੇ ਦੀ ਨਾ ਸੁਰਤ ਲੈਣ ਵਾਲਾ ਰਿਹਾ ਨਾ ਰਾਖੀ ਕਰਨ ਵਾਲਾ। ਨਿਹਾਲੇ ਦੀ ਤੇਜ਼ ਸ਼ਰਾਬ ਨੇ ਸਾਰਿਆਂ ਦੀ ਹੋਸ਼ ਗਵਾ ਦਿੱਤੀ।

ਦੁਪਹਿਰ ਦੀ ਰੋਟੀ ਖਾ ਕੇ ਆਪ ਪ੍ਰਾਹੁਣੇ ਤੇ ਸਰਕਾਰੀ ਅਫਸਰ ਤੁਰ ਗਏ। ਭੀੜ ਘਟ ਗਈ, ਨਾਚ ਪਾਰਟੀ ਨੂੰ ਛੁਟੀ ਨਾ ਮਿਲੀ। 'ਸ਼ਾਮ ਨੂੰ ਇਕ ਮੁਜ਼ਰਾ ਹੋਰ ਕਰਨ ਦੀ ਮੰਗ ਸੀ। ਖਾਸ ਪ੍ਰਾਹੁਣੇ ਦਸ ਕੁ ਰਹਿ ਗਏ। ਉਹਨਾਂ ਵਿਚ ਰੂੜ ਸਿੰਘ ਤੇ ਝੰਡਾ ਸਿੰਘ ਨੰਬਰਦਾਰ ਵੀ ਸਨ, ਜਿਨ੍ਹਾਂ ਨੂੰ ਨਾ ਜਾਣ ਦੀ ਆਗਿਆ ਮਿਲੀ ਤੇ ਨਾ ਉਨ੍ਹਾਂ ਦੇ ਬੁਲ੍ਹਾਂ ਨਾਲੋਂ ਪਿਆਲਾ ਹੀ ਲਥਾ ਸ਼ਾਹ ਵੇਲੇ ਸੁਤੇ ਉਠੇ। ਬਾਹਰ ਹੋਕੇ ਤੇ ਖੂਹ ਤੋਂ ਨਹਾ ਕੇ ਆਏ ਤਾਂ ਸ਼ਰਾਬ ਪੀਣ ਦੀ ਮੁੜ ਚਕੀ ਝੋ ਦਿੱਤੀ।

ਸ਼ਾਮ ਨੂੰ ਜਦੋਂ ਰਹਿਰਾਸ ਦਾ ਵੇਲਾ ਸੀ, ਤਦੋਂ ਮਹੰਤ ਛਬੀਲ ਦਾਸ ਕੋਲ ਤੇ ਕੋਲ ਸ਼ਰਾਬ ਦਾ ਪੀ ਰਿਹਾ ਸੀ। ਉਸ ਦੇ ਕੋਲ ਝੰਡਾ ਸਿੰਘ ਤੇ ਰੂੜ ਸਿੰਘ ਬਰਾਬਰ ਦੀ ਪੀਣ ਵਾਲ ਸਨ। ਉਹ ਤਿੰਨੇ ਸਨ, ਬੇਲਾ ਸਿੰਘ ਉਸ ਵੇਲੇ ਨਾਚ ਪਾਰਟੀ ਦੀ ਇਕ ਸੁੰਦਰੀ ਨੂੰ ਕੋਲ ਬਿਠਾ ਕੇ ਕਿਤੇ ਪੀ ਰਿਹਾ ਸੀ। ਪਾਪ ਕੁਕਰਮ ਦਾ ਪਹਿਰਾ ਸੀ। ਸਾਰੇ ਸਾਕਤ ਬਣੇ ਸਨ, ਗ਼ਰੀਬ ਮਿਹਨਤੀ ਕਿਸਾਨਾ ਦੀ ਗਾਹੜੇ ਲਹੂ ਦੀ ਕਮਾਈ ਰੰਗ-ਰਲੀਆਂ ਮਾਨਣ ਤੇ ਕੌਮ ਧਰੋਹੀ ਤੇ ਧਾਰਮਿਕ ਵਿਰੋਧਤਾ ਦੀਆਂ ਯੋਜਨਾਵਾਂ ਉਲੀਕਣ ਵਿਚ ਪਾਣੀ ਵਾਂਗ ਰੋੜ੍ਹੀ ਜਾ ਰਹੀ ਸੀ।

'ਸੁਣ ਭਰਾ ਨੰਬਰਦਾਰਾ !' ਮਹੰਤ ਛਬੀਲ ਦਾਸ ਬੋਲਿਆ



Sri Satguru Jagjit Singh Ji Elibrary NamdhariElibrary@gmail.com

ਤੇ ਨੰਬਰਦਾਰ ਦੇ ਮੋਢੇ ਉਤੇ ਹੱਥ ਰੱਖਕੇ ਉਸਦਾ ਮੂੰਹ ਆਪਣੇ ਵਲ ਕੀਤਾ—

'ਦਸੋ ਮਾਲਕੋ !' ਨੰਬਰਦਾਰ ਅਗੋਂ ਬੋਲਿਆ।

'ਇਕ ਸੇਵਾ ਬਖਸ਼ਣੀ ਹੈ।'

'ਬਖਸ਼ੋ...ਗੋਲੀ ਕੀਹਦੀ ਤੇ ਗਹਿਣੇ ਕੀਹਦੇ.. ਹਥੀਂ ਬੰਨ੍ਹੀ ਗੁਲਾਮ ਆਂ ਆਪ ਦੇ। ਸੇਵਾ ਬਖਸ਼ੋ ਤਾਂ ਹੋਰ ਕੀ ਚਾਹੀਦਾ ਹੈ...ਧੰਨ ਭਾਗ !'

'ਸਰਦਾਰ ਬੇਲਾ ਸਿੰਘ ਦੀ ਮਹਿਮਾ ਤਾਂ ਦੇਖ ਲਈ।'

'ਆਂ ਦੇਖ ਲਈ ! ਸਰਦਾਰ ਹੁਰੀਂ ਰਾਜੇ ਹਨ . !'

'ਮਹਾਰਾਜੇ !' ਰੂੜ ਸਿੰਘ ਬੋਲ ਪਿਆ ਉਸ ਦੇ ਹੱਥ ਵਿਚ ਪਿਆਲਾ ਸੀ। ਇਕੋ ਸ਼ਬਦ ਬੋਲ ਕੇ ਪਿਆਲਾ ਮੂੰਹ ਨੂੰ ਲਾਇਆ ਤੇ ਉਠ ਕੇ ਤੁਰ ਪਿਆ।

'ਕਿਧਰ ਚਲਿਆ ?' ਮਹੰਤ ਨੇ ਪੁਛਿਆ।

'ਆਉਂਦਾ ਆਂ...।' ਆਖਕੇ ਰੂੜ ਸਿੰਘ ਕਮਰੇ ਵਿਚੋਂ ਬਾਹਰ ਹੋ ਗਿਆ।

ਰੂੜ ਸਿੰਘ ਦੇ ਬਾਹਰ ਜਾਣ ਪਿਛੋਂ ਮਹੰਤ ਨੇ ਨੰਬਰਦਾਰ ਨੂੰ ਆਖਿਆ, 'ਇਹ ਵੀ ਪਤਾ ਹੈ ਤੈਨੂੰ ਕਿ ਬੇਲਾ ਸਿੰਘ ਦੇ ਘਰੋਂ ਸਰਦਾਰਨੀ ਚਲਾਣਾ ਕਰ ਗਈ ਹੈ ?'

'ਇਹ ਕੋਈ ਲੁਕੀ ਛਿੱਪੀ ਗਲ ਹੈ ?' ਨੰਬਰਦਾਰ ਝੰਡਾ ਸਿੰਘ ਨੇ ਉਤਰ ਦਿੱਤਾ।

'ਸਰਦਾਰ ਅਜੇ ਜਵਾਨ ਉਮਰ ਹੈ...ਕੀ ਹੋ ਗਿਆ ਬੱਚੇ ਜਵਾਨ ਹੋ ਗਏ, ਵਿਆਹ ਵੀ ਤਾਂ ਦਸ ਸਾਲ ਦੇ ਦਾ ਹੋਇਆ ਸੀ।

'ਬੱਚਿਆਂ ਦਾ ਕੀ ? ਪਰ ਮਤਲਬ ਦੀ ਗਲ ਕੀ ?'

'ਨੰਬਰਦਾਰਾ ਮਤਲਬ ਦੀ ਗਲ ਕੇ ਸਰਦਾਰ ਦੀ ਹੋਰ ਸ਼ਾਦੀ ਕਰਨੀ ਹੈ।'

'ਖੁਸ਼ੀ ਦੀ ਗਲ ਹੈ..... ਕੋਈ ਮੁਟਿਆਰ ਸਾਕ ਲਭ



Sri Satguru Jagjit Singh Ji Elibrary NamdhariElibrary@gmail.com

ਲੈਂਦੇ ਆਂ '

'ਸਾਕ ਤਾਂ ਭਰਾ ਹੈ ਤੁਸਾਂ ਕੋਲ।'

'ਮਹੰਤ ਜੀ ਮੇਰੀ ਤਾਂ ਲੜਕੀ ਹੀ ਕੋਈ ਨਹੀਂ ਦੋ ਲੜਕੀਆਂ ਹੋਈਆਂ ਉਹ ਜੰਮਦੀਆਂ ਹੀ ਮਰ ਗਈਆਂ।'

'ਮਰ ਗਈਆਂ ਕਿ ਮਾਰ ਦਿਤੀਆਂ ਗਈਆਂ ?'

'ਕਿਸੇ ਤਰ੍ਹਾਂ ਸਮਝੋ ਹੋਰ ਖਿਆਲ ਕਰਾਂਗੇ ਮੁਟਿਆਰ ਸਾਕ ਲਭਣ ਦਾ।

'ਸਾਕ ਤਾਂ ਤੇਰੇ ਹੱਥਾਂ ਵਿਚ ਹੈ।'

'ਕਿਹੜਾ ?'

'ਰੂੜ ਸਿੰਘ ਦੀ ਲੜਕੀ ਨੈਨੀ.. ਹੁਣ ਸੁਖ ਨਾਲ ੨੦ ਸਾਲ ਦੀ ਹੋਣ ਲਗੀ ਹੈ . ।'

'ਹਾਂ ਨੈਨੀ...੨੦ ਸਾਲ ਦੀ ਨਹੀਂ ਹੋਈ। ਮੇਰੇ ਸੁਰਜੂ ਦੀ ਹਾਨਣ ਹੈ ੧੮ ਕੁ ਸਾਲ ਦੀ ਜ਼ਰੂਰ ਹੈ।'

'ਲੜਕੀ ਤਾਂ ੧੫ ਵੇਂ ਸਾਲ ਵਿਚ ਹੀ ਜੁਆਨ ਹੋ ਜਾਂਦੀ ਹੈ।'

'ਇਹ ਤਾਂ ਠੀਕ ਸੋਹਣੀ ਵੀ ਰਜਕੇ ਹੈ...ਉਮਰ ਤੋਂ ਵਧ ਦਿਸਦੀ ਹੈ। ਜੇ ਰੂੜ ਸਿੰਘ ਮੰਨ ਜਾਏ ਤਾਂ।'

'ਰੂੜ ਸਿੰਘ ਨੂੰ ਮੰਨਾਉਣਾ ਹੈ, ਸਰਦਾਰ ਨੈਨੀ ਤੇ ਅਖ ਰਖ ਬੈਠਾ ਹੈ। ਏਸੇ ਕਰਕੇ ਰੂੜ ਸਿੰਘ ਨੂੰ ਸਦਿਆ ਤੇ ਖਵਾਇਆ—ਪਿਆਇਆ ਹੈ। ਜਿਵੇਂ ਹੋਵੇ ਮਨਾਉਣਾਂ ਹੈ...ਤੈਨੂੰ ਨਸ਼ਾ ਪਾਣੀ ਮਿਲੇਗਾ ਤੇ ਸਰਦਾਰ ਸਦਾ ਲਈ ਤੇਰਾ ਹੋ ਜਾਏਗਾ.. ਸਰਦਾਰ ਨੂੰ ਆਪਣਾ ਬਣਾ ਲਿਆ ਤਾਂ ਸਮਝ ਲਵੀਂ...ਸਾਰੇ ਬਾਹਰੇ ਵਿਚ ਤੇਰਾ ਰਾਜ ਚਮਦੀਆਂ ਚਲਾਉਣੀਆਂ। ਨੈਨੀ ਵਾਸਤੇ ਇਸ ਘਰ ਨਾਲੋਂ ਵਡਾ ਘਰ ਕਿਹੜਾ ਮਿਲਣਾ ਹੈ ? ਸਰਦਾਰ ਦੀ ਉਮਰ ਕਿਹੜੀ ਹੈ ੪੫-੪੬ ਸਾਲ ਹੈ। ਅਰੋਗ ਹਨ, ਤਕੜੇ ।'

'ਗਲ ਤੁਸਾਂ ਦੀ ਠੀਕ ਹੈ..... ਰੂੜ ਸਿੰਘ ਨਾਲ ਗਲ



Sri Satguru Jagjit Singh Ji Elibrary NamdhariElibrary@gmail.com

ਕਰਾਂਗਾ।'

'...ਬਿਸ਼ਨੀ ਦੀ ਧੀ ਸੁੱਖੀ ਤਾਂ ਨਹੀਂ ਮਿਲੀ?'

:ਉਹ ਤਾਂ ਨਹੀਂ ਮਿਲੀ, ਪਰ ਮੈਂ ਭਾਈ (ਸੇਵਕ ਸਿੰਘ) ਦੇ ਕੰਨੀ ਗਲ ਪਾ ਦਿਤੀ, ਜਿਵੇਂ ਤੁਸਾਂ ਆਖਿਆ ਸੀ।'

'ਫਿਰ?'

'ਭਾਈ ਨੂੰ ਸਾਫ ਕਿਆ ਉਹ ਸੋਚੀਂ ਪੈ ਗਿਆ ਸੀ। ਇਹ ਵੀ ਗਲ ਤਸਾਂ ਦੀ ਠੀਕ ਹੈ ਕਿ ਭਾਈ ਦੇ ਹੁੰਦਿਆਂ ਸੁਖੀ ਕਿਸੇ ਦੇ ਹੱਥ ਨਹੀਂ ਆਉਣਾ ਭਾਈ ਨੇ ਉਸ ਦੇ ਸਿਰ ਅੰਨ੍ਹੇ ਧਰਮ ਦਾ ਜਾਦੂ ਧੂੜਿਆ ਹੈ।'

'ਹੋ ਸਕਦਾ ਹੈ...ਕਿ ਭਾਈ ਨਾਲ ਗਾਂਢਾਂ-ਸਾਂਢਾ ਹੋਏ।'

'ਇਹ ਵੀ ਹੋ ਸਕਦਾ ਹੈ।'

'ਜਤਨ ਕਰੋ...ਇਕ ਦਿਨ ਗੁਰੂ ਸਰ ਆਈ। ਮੈਂ ਕਮਰੇ ਵਿਚ ਸਦੀ ਤਾਂ...ਅਗੋਂ ਉਲਟੀ ਹੀ ਬੋਲੀ...।'

'ਤੁਸਾਂ ਵਿਰੁਧ ਲੋਕਾਂ ਕੋਲ ਬੋਲਦੀ ਬਹੁਤ ਹੈ...ਮਹੰਤ ਸ਼ਰਾਬੀ-ਕਬਾਬੀ ਹੈ...ਉਹ..।

'ਅਛਾ ਕਿਤੇ ਹੱਥ ਆ ਗਈ ਤਾਂ ਸਾਰੀਆਂ ਗਲਾਂ ਦਾ ਮੁਲ ਪੈ ਜਾਏਗਾ।

ਮੁਲ ਪੈ ਜਾਏਗਾ... ਸ਼ਬਦ ਮਹੰਤ ਦੇ ਬਲ੍ਹਾਂ ਤੋਂ ਕਿਰੇ ਸਨ ਕਿ ਰੂੜ ਸਿੰਘ ਤੇ ਬੇਲਾ ਸਿੰਘ ਦੋਵੇਂ ਇਕਠ ਹੀ ਕਮਰੇ ਵਿਚ ਆ ਗਏ। ਉਹ ਹੱਸਦੇ ਹੋਏਂ ਕਮਰੇ ਵਿਚ ਦਾਖਲ ਹੋਏ। ਉਹਨਾਂ ਨੇ ਇਕ ਦੂਸਰੇ ਦੇ ਹੱਥ ਵਿਚ ਹਥ ਦਿੱਤਾ ਸੀ। ਰੂੜ ਸਿੰਘ ਦਾ ਚਿਹਰਾ ਲਾਲ ਹੋ ਗਿਆ ਸੀ ਤੇ ਅੱਖਾਂ ਵਿਚ ਜਲ ਛਲਕ ਪਿਆ ਸੀ। ਕਿਉਂਕਿ ਹਵਾ ਲਗਣ ਨਾਲ ਨਸ਼ੇ ਨੇ ਵਧ ਅਸਰ ਕੀਤਾ ਸੀ। ਪੈਰ ਦੋਹਾਂ ਦੇ ਥਿੜਕਦੇ ਸਨ ਤੇ ਹਾਥੀ ਜੋੜੇ ਵਾਂਗ ਝੂਲਦੇ ਹੋਏ ਉਹਨਾਂ ਦੇ ਕੋਲ ਫਰਸ਼ ਉਤੇ ਵਿਛੇ, ਬਿਸਤਰੇ ਉਤੇ ਬੈਠ ਗਏ। ਬੇਲਾ ਸਿੰਘ ਨੇ ਤੱਖੀਆ ਫੜਿਆ ਤੇ ਲਕ ਪਿਛੇ ਰਖਕੇ ਢੋਂਹ



Sri Satguru Jagjit Singh Ji Elibrary NamdhariElibrary@gmail.com

ਲਾ ਲਈ।

'ਮਹੰਤ ਜੀ! ਉਹ ਲਿਖਣ ਤੇ ਆਖਣ ਵਾਲੇ ਝੂਠੇ ਹਨ ਕਿ ਸਵਰਗ ਅਗਲੀ ਅਨਦਿਸ ਦੁਨੀਆਂ ਵਿਚ ਹੈ...ਉਸ ਦੀ ਪ੍ਰਾਪਤ ਵਾਸਤੇ ਘਟ ਖਾਉ...ਘਟ ਸਵੋਂ...ਇਹ ਨਾ ਕਰੋ...ਉਹ ਨਾ ਕਰੋ . ਸਵਰਗ . ਏਥੇ ਹੈ . ਪੈਸੇ ਨਾਲ ਹੈ...ਸਰਦਾਰੀ ਨਾਲ ਹੈ... ਮੌਲਵੀ ਜੀ ਨੇ ਦਸਿਆ...ਇਸਲਾਮ ਦੀ ਧਾਰਮਿਕ ਪੁਸਤਕ ਕਰਾਨ ਵਿਚ ਲਿਖਿਆ ਹੈ..ਖੁਦਾ ਨੇਕ ਬੰਦਿਆਂ ਨੂੰ ਸਵਰਗ ਦੇਵੇਗਾ ਉਥੇ ਅੰਗੂਰਾਂ ਦੀ ਸ਼ਰਾਬ, ਮਹਿਲ ਸੁੰਦਰ, ਦੁਧ ਦੀਆਂ ਨਹਿਰਾਂ ਤੇ ਹੂਰਾਂ ਪਰੀਆਂ ਤੇ ਮੇਰੇ ਮਹਿਲ ਵਿਚ ਕੀ ਨਹੀਂ... ਸ਼ਰਾਬ, ਗਾਉਣ ਵਾਲੀਆਂ ਸੁੰਦਰ ਅਪਛਰਾਂ, ਦੁਧ ਵਾਸਤੇ ੧੦ ਮਝਾਂ ਲਵੇਰੀਆਂ...ਨੌਕਰ...ਜ਼ਿਲੇ ਦੇ ਹਾਕਮ ਪੈਰਾਂ ਨੂੰ ਹੱਥ ਲਾਉਂਦੇ ਹਨ . ਇਸ ਤੋਂ ਵਧ ਕੋਈ ਸਵਰਗ ਹੈ?'

ਨਸ਼ੇ ਦੀ ਤੇਜ਼ੀ ਨੇ ਸਰਦਾਰ ਨੂੰ ਪਾਗਲ ਕਰ ਦਿਤਾ, ਉਹ ਹੰਕਾਰ ਵਿਚ ਆ ਗਿਆ। ਗਲ ਹੋਰ ਵੀ ਹੰਕਾਰ ਦੀ ਸੀ, ਕਿ ਜਿਸ ਸਰਦਾਰ ਦੀ ਲੜਕੀ ਨਾਲ ਮੁੰਡਾ ਮੰਗਿਆ ਸੀ, ਉਸ ਦੀ ਇਕੋ ਇਕ ਲੜਕੀ ਸੀ ਤੇ ਦੋ ਪਿੰਡਾਂ ਦੀ ਜ਼ਮੀਨ ਉਸ ਦੇ ਮੁੰਡੇ ਨੂੰ ਆਉਣੀ ਸੀ। ਕੁੜੀ ਮੁੰਡੇ ਨਾਲੋਂ ਚਾਰ ਸਾਲ ਵਡੀ ਉਮਰ ਦੀ ਸੀ। ਸੌਦਾ ਨਫੇ ਦਾ ਸੀ। ਉਸੇ ਖੁਸ਼ੀ ਵਿਚ ਖੁਲ੍ਹਾ ਖਰਚ ਕੀਤਾ ਸੀ।

ਅਗਲੇ ਦੀ ਵਿਚੋਂ ਵਧ ਵਡਿਆਈ ਕਰਨੀ ਤੇ ਹਾਂ ਨਾਲ ਹਾਂ ਮਿਲਾਉਣੀ ਮਹੰਤ ਦਾ ਜਮਾਂਦਰੂ ਸੁਭਾ ਸੀ। ਉਹ ਜਾਣ ਗਿਆ ਕਿ ਬੇਲਾ ਸਿੰਘ ਬਹੁਤੀ ਪੀ ਕੇ ਜਦੋਂ ਆਊਟ ਹੁੰਦਾ ਤਾਂ ਆਪਣੀ ਵਡਿਆਈ ਆਪ ਕਰਦਾ। ਸ਼ੇਖੀਆਂ ਮਾਰਦਾ, ਸ਼ੇਖੀ ਖੋਰਾ ਸੁਭਾ ਸੀ।

'ਸਰਦਾਰ ਜੀ! ਸ਼ੇਰਨੀ ਦੇ ਦੁਧ ਤੋਂ ਬਿਨਾਂ ਸਭ ਕੁਝ



Sri Satguru Jagjit Singh Ji Elibrary NamdhariElibrary@gmail.com

ਆਪ ਦੇ ਕੌਲ ਹੈ...ਸਵਰਗ ਦੇ ਮਾਲਕ ਹੋ ਸੁਲੇਮਾਨ ਬਾਦਸ਼ਾਹ ਵਾਂਗ...ਜਿਸ ਗਲ ਦੀ ਘਾਟ ਪਈ ਹੈ...ਉਹ ਵੀ ਘਾਟ ਪੂਰੀ ਕਰਨ ਵਾਸਤੇ ਝੰਡਾ ਸਿੰਘ ਨਾਲ ਗਲ ਕੀਤੀ ਹੈ...ਤੁਸਾਂ ਦਾ ਨਵਾਂ ਵਿਆਹ ਕਰਾ ਦੇਣਾ ਹੈ...ਜਵਾਨ ਸੁੰਦਰ ਕਿਸੇ ਹਥ ਮੂੰਹ ਲਗਦੀ ਮੁਟਿਆਰ ਨਾਲ..।'

'ਵਿਆਹ ਹੁਣ ਮਹੰਤ ਜੀ ਕਿਥੇ ਹੋਣਾ ਹੈ . ਕਿਸ ਧੀ ਦੇਣੀ ਹੈ ? ਜਾਂਆਰਾ ਬੇਗਮ ਨੂੰ ਆਖਿਆ ਹੈ . ਆਪਣੀ ਇਕ ਧੀ ਏਥੇ ਛਡ ਜਾ...ਜਿਨਾ ਰੁਪਿਆ ਲੈਣਾ ਈ ਲੈ ਲੈ ..ਚਾਰ ਦਿਨ ਜ਼ਿੰਦਗੀ ਦੇ...ਕੌਲ ਭਰੀ...ਗਲਾ ਖੁਸ਼ਕ ਹੁੰਦਾ ਹੈ।'

'ਗਲਾ ਖੁਸ਼ਕ ਹੋਏ ਤੁਸਾਂ ਦੇ ਦੁਸ਼ਮਨਾਂ ਦਾ ! ਲਉ ਪੀਉ......।'

ਮਹੰਤ ਨੇ ਕੌਲ ਭਰਕੇ ਸ਼ਰਾਬ ਦਾ ਦਿੱਤਾ। ਬੇਲਾ ਸਿੰਘ ਪਾਣੀ ਵਾਂਗ ਪੀ ਗਿਆ। '.. ਰਾਜਾ ਆਂ ਜੋ ਮਰਜ਼ੀ ਕਰਾਂ ਮੈਨੂੰ ਘਰ ਦੇ ਨਹੀਂ ਰੋਕ ਸਕਦੇ.. ਬਾਹਰ ਦੇ ਨਹੀਂ ਰੋਕ ਸਕਦੇ ਫਰੰਗੀ ਹਾਕਮ.. ਕੋਈ ਵੈਰੀ ਅਗੇ ਖੰਘ ਨਹੀਂ ਸਕਦਾ...ਮੈਂ।' ਬੇਲਾ ਸਿੰਘ ਅਭਿਮਾਨ ਭਰੀਆਂ ਜਬਲੀਆਂ ਮਾਰੀ ਜਾਣ ਲੱਗਾ।

ਸਰਦਾਰ ਜੀ...ਇਹ ਰੂੜ ਸਿੰਘ...!' ਮਹੰਤ ਨੇ ਰੂੜ ਸਿੰਘ ਵਲ ਇਸ਼ਾਰਾ ਕੀਤਾ...।

'ਆਂ...ਰੂੜ ਸਿੰਘ ਠੱਠਾ ਜਟ ਚੱਠਾ ਗਲ ਕਰੇ ਪੱਕੀ, ਪੱਠਾ...ਪਹਿਨੇ ਪਟ ਤੇ ਲੱਠਾ...!' ਰੂੜ ਸਿੰਘ ਦੇ ਮੋਢੇ ਉਤੇ ਹੱਥ ਮਾਰਕੇ ਬੇਲਾ ਸਿੰਘ ਬੋਲਿਆ।

'ਵਾਹਵਾ...ਵਾਹਵਾ...ਸਰਦਾਰ ਜੀ ਤੁਸੀਂ ਤਾਂ ਕਵੀਸ਼ਰੀ ਵੀ ਕਰ ਸਕਦੇ ਹੋ !' ਮਹੰਤ ਨੇ ਫੂਕ ਭਰੀ।

'ਲੋੜ ਪੈਣ ਤੇ ਕਵੀਸ਼ਰੀ ਕਰ ਲੈਂਦੇ ਆਂ.. ਕਵੀਸ਼ਰ ਵੀ



Sri Satguru Jagjit Singh Ji Elibrary NamdhariElibrary@gmail.com

ਤਾਂ ਆਦਮੀ ਹੁੰਦੇ ਹਨ ?'

'ਤਾਂ ਸੁਣੋ ਫਿਰ..!' ਮਹੰਤ ਅਗੇ ਹੋਇਆ...ਰੂੜ ਸਿੰਘ ਤੁਸਾਂ ਨੂੰ ਆਪਣੀ ਲੜਕੀ ਨੈਨੀ ਦਾ ਸਾਕ ਦੇਣ ਨੂੰ ਤਿਆਰ ਹੈ,। ਰੂੜੀ ਦਾ ਕੂੜਾ ਰੂੜ ਸਿੰਘ ਨੇ ਰੂੜੀ ਤੇ ਸੁਟਣਾ ਹੈ!'

'ਇਹ ਕੀ ਕਿਆ ਮਹੰਤ ਜੀ...ਰੂੜੀ.. ਰੂੜਾ...ਕੂੜਾ ! ਬੇਲਾ ਸਿੰਘ ਕੁਝ ਘਬਰਾਇਆ ਕਿ ਉਸ ਨੂੰ 'ਰੂੜੀ' ਆਖਿਆ ਗਿਆ।

'ਮੇਰਾ ਮਤਲਬ ਸਰਕਾਰ .।' ਮਹੰਤ ਗਲ ਖੋਲ੍ਹਣੀ ਚਾਹੀ।

'ਕੀ ਮਤਲਬ.. ?'

'ਮਤਲਬ ਕਿ ਭਾਈ ਰੂੜ ਸਿੰਘ ਜੀ ਨੇ ਆਪਣੀ ਧੀ ਵਿਆਹਣੀ ਹੈ, ਅਜੇ ਕਿਤੇ ਮੰਗੀ ਨਹੀਂ ਤੁਸਾਂ ਨਾਲੋਂ ਚੰਗਾ ਵਰ ਤੇ ਸਰਕਾਰੀਆ ਘਰ ਕਿਹੜਾ ਮਿਲਣਾ ਹੈ. ਤੁਸਾਂ ਦੀ ਉਮਰ ਕਿਤੇ ਰਣਜੀਤ ਸਿੰਘ ਜਿੰਨੀ ਥੋੜੀ ਹ ਗਈ ਹੈ। ਉਸ ਨੇ ਵੀ ਤਾਂ ਵਡੇਰੀ ਉਮਰ ਵਿਚ ਜ਼ਿੰਦਾ ਨਾਲ ਵਿਆਹ ਕਰਾਇਆ ਸੀ— ਤੁਸੀਂ ਤਾਂ ਆਪ ਜੀਉਂਦੇ ਹੋ ਆਪਣੇ ਲਹੂ ਨਾਲ, ਪਰ ਰਣਜੀਤ ਸਿੰਘ ਉਸ ਵੇਲੇ ਹਕੀਮਾਂ ਆਸਰੇ ਜੀਉਂਦਾ ਸੀ। ਰੂੜ ਸਿੰਘ ਹਾਂ ਕਰ ਚੁਕਿਆ ਹੈ ਕਿਉਂ ਭਾਈ ਰੂੜ ਸਿੰਘ ਜੀ ?'

ਮਹੰਤ ਨੇ ਰੂੜ ਸਿੰਘ ਨੂੰ ਸੰਬੋਧਨ ਕੀਤਾ।

ਰੂੜ ਸਿੰਘ ਨੇ ਨੈਨੀ ਦੇ ਸਾਕ ਬਾਰੇ ਹਾਂ ਨਹੀਂ ਸੀ ਕੀਤੀ। ਹਾਂ ਝੰਡਾ ਸਿੰਘ ਨੇ ਇਕ ਵਾਰ ਗਲ ਕੀਤੀ ਸੀ। ਉਸ ਵੇਲੇ ਰੂੜ ਸਿੰਘ ਦੇ ਮਨ ਗਲ ਨਹੀਂ ਸੀ ਲਗੀ ਗੁੱਸਾ ਕੀਤਾ ਸੀ, ਪਰ ਮਨ ਵਿਚ। ਗੁਜੇ ਨੂੰ ਪ੍ਰਗਟ ਨਹੀਂ ਸੀ ਕੀਤਾ। ਮਹੰਤ ਦੀ ਜ਼ਬਾਨੋਂ ਇਹ ਸੁਣਕੇ, 'ਰੂੜ ਸਿੰਘ ਹਾਂ ਕਰ ਚੁਕਿਆ ਹੈ।' ਰੂੜ ਸਿੰਘ ਹੈਰਾਨ ਹੋਇਆ। ਸ਼ਰਾਬੀ ਸੀ, ਸਰਦਾਰ ਦੇ ਘਰ ਸ਼ਰਾਬ ਪੀਂਦੇ ਨੂੰ



Sri Satguru Jagjit Singh Ji Elibrary NamdhariElibrary@gmail.com

ਤਿੰਨ ਦਿਨ ਹੋ ਗਏ ਸਨ। ਆਪਣੇ ਪਿੰਡ ਗਿਆ ਹੀ ਨਹੀਂ ਸੀ। ਉਸ ਨੇ ਮਹੰਤ ਵਲ ਦੇਖਿਆ। ਉਸ ਦੇ ਬੁਲ੍ਹ ਹਲਾਉਣ ਤੋਂ ਪਹਿਲਾਂ ਹੀ ਮਹੰਤ ਨੇ ਕਿਹਾ 'ਹਾਂ ਹੈ! ਆਪ ਹੀ ਬੋਲ ਦਿਉ ਹਾਂ ਹੈ।'

ਰੂੜ ਸਿੰਘ ਦਾ ਨਸ਼ਾ ਲੱਥਣ ਲੱਗਾ। ਪਰ ਆਖੇ ਕੀ ਖਾਣ ਪੀਣ ਦੀ ਸ਼ਰਮ, ਸਰਕਾਰੀ ਰੋਅਬ ਦਾ ਦਿਖਾਵਾ, ਸਰਕਾਰੀਆ ਸਰਦਾਰ, ਉਸ ਨੂੰ ਦੁਸ਼ਮਨ ਬਣਾਉਣਾ ਵੀ ਸੌਖਾ ਨਹੀਂ ਸੀ। ਦਿਲ-ਦਿਮਾਗ ਉਤੇ ਨਸ਼ੇ ਦਾ ਭਾਰ। ਘਬਰਾਕੇ ਉਸ ਨੇ ਥਥਲਾਂਦੀ ਜ਼ਬਾਨ ਨਾਲ ਆਖ ਹੀ ਦਿੱਤਾ—'ਹਾਂ ਹੈ...ਨੈਨੀ ਦਾ ਰਿਸ਼ਤਾ ਦਿਆਂਗਾ।'

ਮਹੰਤ ਨੇ ਰੂੜ ਸਿੰਘ ਨੂੰ ਜਫੀ ਵਿਚ ਘੁਟ ਲਿਆ।



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸਿੰਘ ਪੁਸਤਕਾਲਯ ★ ਸ੍ਰੀ ਭੈਣੀ ਸਾਹਿਬ ★
ਪੁਸਤਕ ਨੰ: .......
ਮਿਤੀ .......

# ਪੰਜ

ਰੂੜ ਸਿੰਘ ਚੌਥੇ ਦਿਨ ਘਰ ਮੁੜਿਆ। ਚਾਰ ਦਿਨ ਲਗਾਤਾਰ ਸ਼ਰਾਬ ਪੀਣ ਨਾਲ ਉਹ ਬੀਮਾਰ ਹੋ ਗਿਆ। ਮੰਜਾ ਮਲ ਲਿਆ, ਦੋ ਦਿਨ ਮੰਜੇ ਤੇ ਪਿਆ ਰਿਹਾ। ਘਰ ਦੇ ਸਾਰੇ ਜੀ ਟਿਕਚਰਾਂ ਕਰਦੇ ਰਹੇ ਤੇ ਨੈਣਾ ਸਿੰਘ ਤਾਂ ਗੁਸੇ ਹੋਇਆ ਕਿ ਉਸ ਨੇ ਸਰਦਾਰ ਦੇ ਘਰੋਂ ਪੀਤੀ ਕਿਉਂ? ਉਸ ਦੀ ਗੰਦੀ ਮਹਿਫਲ ਵਿਚ ਸ਼ਾਮਲ ਕਿਉਂ ਹੋਇਆ ਸੀ?

ਨੈਣਾ ਸਿੰਘ ਪਹਿਲਾਂ ਮਾਸ-ਸ਼ਰਾਬ ਖਾਣ-ਪੀਣ ਦਾ ਆਦੀ ਸੀ, ਪਰ ਜਦੋਂ ਦੀ ਸ਼ੇਵਕ ਸਿੰਘ ਦੀ ਸੰਗਤ ਕੀਤੀ, ਤਦੋਂ ਤੋਂ ਮਾਸ-ਸ਼ਰਾਬ ਛਡ ਗਿਆ ਸੀ। ਉਸ ਨੂੰ ਦੋਹਾਂ ਚੀਜ਼ਾਂ ਤੋਂ ਘਿਰਨਾ ਹੋ ਗਈ ਤੇ ਘਰਦਿਆਂ ਨੂੰ ਦੋਹਾਂ ਚੀਜ਼ਾਂ ਤੋਂ ਰੋਕਦਾ ਹੋਇਆ ਆਖਿਆ ਕਰਦਾ, 'ਜਦੋਂ ਦੁੱਧ, ਘਿਉ, ਦਹੀਂ ਲਸੀ ਹੈ...ਹੋਰ ਪਦਾਰਥ ਹਨ ਤਾਂ ਇਹਨਾਂ ਦੀ ਵਰਤੋਂ ਕਰਨ ਦੀ ਲੋੜ ਕੀ? ਜਿਸ ਨੇ ਸ਼ਰਾਬ ਪੀ ਲਈ, ਉਸ ਦਾ ਧਰਮ-ਕਰਮ ਕਮਜ਼ੋਰ ਹੋਇਆ। ਉਹ ਕਿਸੇ ਦਿਨ ਬੇ-ਅਣਖਾ, ਬੇਈਮਾਨ, ਝੂਠਾ ਤੇ ਚਲਿਤ੍ਰ-ਹੀਣ ਵੀ ਹੋ ਸਕਦਾ ਹੈ।'



Sri Satguru Jagjit Singh Ji Elibrary NamdhariElibrary@gmail.com

ਨੈਣਾ ਸਿੰਘ ਆਪਣੇ ਬਾਬੇ-ਦਾਦੇ ਦੇ ਪੱਦ-ਚਿੰਨ੍ਹਾਂ ਤੇ ਤੁਰਨ ਲਗਾ ਸੀ। ਉਹ ਬਹੁਤ ਗੁਰਸਿਖ ਹੋ ਗੁਜਰੇ ਸਨ। ਪਰ ਰੂੜ ਸਿੰਘ ਤੇ ਉਸ ਦਾ ਵਡਾ ਭਰਾ ਸੁਰਾਇਣਾ ਢਿਲੜ ਸਨ।

ਦੋ-ਤਿੰਨ ਦਿਨ ਰੂੜ ਸਿੰਘ ਨੇ ਨਾ ਘਰਦਿਆਂ ਨਾਲ ਕੋਈ ਗਲ ਕੀਤੀ ਤੇ ਨਾ ਬਾਹਰ ਕਿਸੇ ਨੂੰ ਮਿਲਿਆ, ਪਰ ਝੰਡਾ ਸਿੰਘ ਨੇ ਪਿੰਡ ਵੜਦਿਆਂ ਹੀ ਗਲੇ ਗਲੀ ਇਹ ਗਲ ਧੁਮਾ ਦਿੱਤੀ, 'ਰੂੜ ਸਿੰਘ ਆਪਣੀ ਲੜਕੀ ਨੈਨੀ ਦਾ ਰਿਸ਼ਤਾ ਬੇਲਾ ਸਿੰਘ ਕਿਲੇ ਵਾਲੇ ਨਾਲ ਕਰਨ ਲਗਾ। ਉਸ ਨੂੰ ਹਾਂ ਕਰ ਆਇਆ ਹੈ।'

ਸਿਆਣੇ ਆਖਦੇ ਹਨ, 'ਗਲ ਆਖਦੀ ਹੈ, 'ਤੂੰ ਮੈਨੂੰ ਜ਼ਬਾਨੋਂ ਕਢ ਮੈਂ ਤੈਨੂੰ ਪਿੰਡੋਂ ਕਢਦੀ ਹਾਂ।' ਇਹ ਲਕੋਕਤੀ ਸਚ ਹੋਈ। ਝੰਡਾ ਸਿੰਘ ਨੇ ਇਕ ਦੋ ਸਿਆਣੇ ਆਦਮੀਆਂ ਕੋਲ ਗਲ ਕੀਤੀ। ਆਦਮੀਆਂ ਨੇ ਘਰੀਂ ਜਾ ਕੇ ਜ਼ਨਾਨੀਆਂ ਕੋਲ ਗਲ ਕੀਤੀ ਤਾਂ ਜ਼ਨਾਨੀਆਂ ਰਾਹੀਂ ਹਵਾ ਵਾਂਗ ਸਾਰੇ ਪਿੰਡ ਵਿਚ ਖਿਲਰ ਗਈ। ਰੂੜ ਸਿੰਘ ਦੀ ਵਹੁਟੀ ਅਤਰੀ ਨੂੰ ਇਕ ਦੋ ਜ਼ਨਾਨੀਆਂ ਨੇ ਪੁਛਿਆ ਤਾਂ ਉਹ ਹੈਰਾਨ ਹੋਕੇ ਉਤਰ ਦਿੰਦੀ ਰਹੀ—'ਮੈਨੂੰ ਤਾਂ ਕੁਝ ਪਤਾ ਨਹੀਂ। ਘਰ ਕੋਈ ਗਲ ਹੋਈ ਨਹੀਂ।'

'ਚਲ ਨੀ ਲੁਕਾ ਰਖ ਰਹੀ ਐਂ। ਅੱਗ ਬਲਣ ਤੋਂ ਬਿਨਾਂ ਧੂੰਆਂ ਭਲਾ ਕਿਵੇਂ ਨਿਕਲਿਆ। ਕੋਈ ਗੱਲ ਹੋਈ ਹੈ ਤਾਂ ਹੀ ਚਰਚਾ ਹੋ ਰਹੀ ਐ— ਚੰਗੀ ਗਲ ਹੈ। ਰਾਜੇ ਦੇ ਘਰ ਜਾ ਕੇ ਧੀ ਰਾਣੀ ਬਣ ਜਾਏਗੀ। ਅਜ ਰਾਜ-ਦਰਬਾਰੇ ਉਸੇ ਦੀ ਗਲ ਸੁਣੀ ਜਾਂਦੀ ਹੈ। ਦਸ ਨਾ ਦਸ ਆਖਰ ਤਾਂ...।' ਇਹ ਆਖਕੇ ਤਬੋ ਅਗੇ ਚਲੀ ਗਈ। ਪਰ ਅਤਰੀ ਦੇ ਦਿਲ-ਦਿਮਾਗ ਨੂੰ ਬੁਖ਼ਾਰ ਚੜ੍ਹ ਗਿਆ। ਕਾਹਲੀ ਕਦਮ ਪੁੱਟਦੀ ਹੋਈ ਘਰ ਆਈ। ਉਸ ਨੂੰ ਸਾਹ ਚੜ੍ਹ ਗਿਆ। ਉਹ ਰੂੜ ਸਿੰਘ ਕੋਲੋਂ ਸਾਰੀ ਗਲ ਪੁਛਣਾ ਚਾਹੁੰਦੀ ਸੀ। ਪਰ ਉਹ ਘਰ ਨਹੀਂ ਸੀ। ਬਾਹਰ ਗਿਆ ਸੀ।



Sri Satguru Jagjit Singh Ji Elibrary NamdhariElibrary@gmail.com

ਝੰਡਾ ਸਿੰਘ ਨੇ ਗਲ ਛੇੜੀ ਸ਼ਰਾਰਤ ਨਾਲ ਕਿ ਆਮ ਚਰਚਾ ਹੋ ਜਾਏ ਤਾਂ ਮਜ਼ਬੂਰ ਹੋਕੇ ਰੂੜ ਸਿੰਘ ਨੈਨੀ ਦਾ ਸਾਕ ਕਰ ਹੀ ਦੇਵੇਗਾ। ਇਹ ਚਾਲ ਵੀ ਉਸ ਨੂੰ ਮਹੰਤ ਨੇ ਦਸੀ ਸੀ। ਅੱਗ ਦੀ ਚਵਾਤੀ ਲਾ ਦਿਤੀ। ਉਸ ਚਵਾਤੀ ਨੇ ਭਾਂਬੜ ਬਾਲ ਦਿੱਤਾ।

ਨੈਣਾ ਸਿੰਘ ਖੂਹ ਨੂੰ ਜਾ ਰਿਹਾ ਸੀ ਤਾਂ ਨੰਬਰਦਾਰ ਨੇ ਸ਼ਰਾਰਤ ਦੇ ਲਹਿਜੇ ਵਿਚ ਉਸ ਨੂੰ ਆਖਿਆ, ' ਬੱਚੂ ਵਧਾਈ ਹੋਵੇ, ਸ: ਬੇਲਾ ਸਿੰਘ ਕਿਲੇ ਦਾ ਸਾਲਾ ਬਣ ਰਿਹਾ ਹੈ।'

ਨੰਬਰਦਾਰ ਝੰਡਾ ਸਿੰਘ ਦਾ ਨੈਣਾ ਸਿੰਘ ਨੂੰ ਇਹ ਗਲ ਮਖੌਲ ਨਾਲ ਆਖਦਾ ਉਸੇ ਤਰ੍ਹਾਂ ਸੀ ਜਿਵੇਂ ਕੋਈ ਕਿਸੇ ਦੇ ਅਲੇ ਜ਼ਖਮ ਉਤੇ ਨਸ਼ਤਰ ਮਾਰਕੇ ਹੋਰ ਛਿਲੇ ਜਾਂ ਲੂਣ ਪਾਏ। ਨੈਣਾ ਸਿੰਘ ਗੁਸੇ ਨਾਲ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਹੋਰਨਾਂ ਕੋਲੋਂ ਵੀ ਇਹੋ ਗਲ ਸੁਣੀ ਸੀ। ਉਸ ਵੇਲੇ ਨੈਣਾ ਸਿੰਘ ਦੇ ਹੱਥ ਵਿਚ ਡਾਂਗ ਸੀ। ਉਹ ਗੁਸੇ. ਨਾਲ ਬਲਿਆ—'ਤੇਰੀ ਓ ਧੀ ਨੂੰ ਕਜਰਾ ਆਪਣੀ ਧੀ ਜਸੋ ਸਰਦਾਰ ਨੂੰ ਦੇਹ ਜੇ ਜਾਨ ਦੀ ਲੋੜ ਈ ਤਾਂ ਕੇਜਰਾ ਚਲਿਆ ਜਾ। ਜੇ ਮੁੜਕੇ ਮੇਰੀ ਭੈਣ ਦਾ ਨਾਂ ਲਿਆ ਤਾਂ ਨਾ ਬੇਲਾ ਰਹੇਗਾ ਨਾ ਕੇਲਾ। ਹੁਣ ਮੈਂ ਜਾਣ ਦਿੰਦਾ ਆਂ. ਮੈਨੂੰ ਪਤਾ ਲਗ ਗਿਆ, ਤੂੰ ਬੇਲਾ ਸਿੰਘ ਦਾ ਚਿਮਚਾ ਬਣਿਆ ਹੈਂ ਤੇ ਸਾਰੇ ਪਿੰਡ ਵਿਚ ਝੂਠੀ ਗਲ ਧਮਾਈ ਹੈ।'

ਝੰਡਾ ਸਿੰਘ ਇਹ ਉਕੀ ਆਸ ਨਹੀਂ ਸੀ ਕਿ ਨੈਣਾ ਸਿੰਘ ਉਸ ਨੂੰ ਗਾਲਾਂ ਦੇਵੇਗਾ। ਉਸ ਦੇ ਗਲ ਪੈਣ ਨੂੰ ਤਿਆਰ ਹੋਵੇਗਾ, ਜਦੋਂ ਕਿ ਨੰਬਰਦਾਰ ਹੋਣ ਦੇ ਨਾਤੇ ਉਸ ਦੇ ਅਗੇ ਕੋਈ ਕੁਸਕਦਾ ਨਹੀਂ ਸੀ। ਉਹ ਗਾਲ ਤੋਂ ਬਿਨਾਂ ਵਡੇ ਛੋਟੇ ਨੂੰ ਬੁਲਾਉਂਦਾ ਨਹੀਂ ਸੀ। ਨੈਣਾ ਸਿੰਘ ਦਾ ਬਦਲਿਆ ਹੁਲੀਆ ਦੇਖਕੇ ਕੰਨ ਵਲਟ ਕੇ ਅਗੇ ਤੁਰ ਪਿਆ। ਨੈਣਾ ਸਿੰਘ ਖੂਹ ਵਲ ਤੁਰਿਆ ਗਿਆ।

ਜਦੋਂ ਨੈਣਾ ਸਿੰਘ ਉਸ ਨੂੰ ਦਿਸਣੋਂ ਹਟ ਗਿਆ ਤੇ ਦੂਰ ਚਲਿਆ ਗਿਆ ਤਾਂ ਜ਼ਹਿਰੀਲੇ ਸੱਪ ਵਾਂਗ ਆਪਣੇ ਦਿਮਾਗ ਵਿਚ



Sri Satguru Jagjit Singh Ji Elibrary NamdhariElibrary@gmail.com

ਜ਼ਹਿਰ ਘੋਲਦਾ ਹੋਇਆ ਆਪਣੇ ਆਪ ਬੋਲਿਆ, 'ਬੱਚੂ ! ਗਾਲਾਂ ਦਾ ਮੁਲ ਪਾਵਾਂਗਾ ! ਮੇਰਾ ਨਾਮ ਝੰਡਾ ਸਿੰਘ ਹੈ। ਇਕ ਦਿਨ ਤੈਨੂੰ ਬੇਲਾ ਸਿੰਘ ਦਾ ਸਾਲਾ ਬਣਾ ਕੇ ਹੀ ਦਮ ਲਵਾਂਗਾ।...ਜਿਸ ਨੇ ਤੈਨੂੰ ਪੁਠ ਰਾਹ ਪਾਇਆ, ਬੋਲਣਾ ਸਿਖਾਇਆ ਹੈ, ਉਸ ਨਾਲ ਵੀ ਨਜਿੱਠਾਂਗਾ।' ਇਉਂ ਬੁੜ ਬੁੜ ਕਰਦਾ ਹੋਇਆ। ਨੰਬਰਦਾਰ ਪਿੰਡ ਪਹੁੰਚ ਗਿਆ।

ਉਸ ਨੇ ਜਾਣਾ ਤਾਂ ਧਰਮਸਾਲਾ ਵਲ ਸੀ, ਪਰ ਉਹ ਅ ਪਣੇ ਘਰ ਵਲ ਮੁੜਿਆ, ਕਿਉਂਕਿ ਉਸ ਦਾ ਮੁੰਡਾ ਉਸ ਨੂੰ ਸਦਣ ਆਇਆ ਸੀ ਕਿ ਘਰ ਪ੍ਰਾਹੁਣੇ ਆਏ ਹੋਏ ਸਨ। ਇਹ ਵੀ ਉਸ ਦੀ ਗਲ ਹੁੰਦੀ ਸੀ—'ਡਿਗੀ ਖੋਤੇ ਤੋਂ ਗੁਸਾ ਘੁਮਿਆਰ ਤੇ।' ਲੜਦਾ ਕਿਸੇ ਨਾਲ ਗੁੱਸੇ ਦਾ ਉਬਾਲ ਕਢਦਾ ਕਿਸੇ ਪਰ।

ਉਧਰ ਨੈਣਾ ਸਿੰਘ ਖੂਹ ਉਤੇ ਗਿਆ ਤਾਂ ਅਗੇ ਉਸ ਦਾ ਤਾਇਆ ਸੁਰਾਇਣਾ ਬੜੀ ਗਰਮੀ ਨਾਲ ਰੂੜ ਸਿੰਘ ਨਾਲ ਗਲ ਕਰ ਰਿਹਾ ਸੀ। ਨੈਣਾ ਸਿੰਘ ਨੇ ਸੁਰਾਇਣ ਸਿੰਘ ਦੀ ਜ਼ਬਾਨੋਂ ਇਹ ਸੁਣਿਆ, 'ਤੂੰ ਗਲ ਕਰਨ ਲਗਿਆਂ ਇਹ ਵੀ ਨਾ ਸੋਚਿਆ ਕਿ ਲੋਕ ਕੀ ਆਖਣਗੇ ? ਸਾਰੇ ਸਿਰ ਘਟਾ ਪਾਉਣਗੇ ਕਿ ਧੀ ਵੇਚ ਦਿਤੀ। ਜਗੀਰਦਾਰ ਕੋਲੋਂ ਰੁਪਿਆ ਲੈਕੇ ਵਿਆਹ।... ਕੁੜੀ ਸਾਰੀ ਉਮਰ ਰੋਏਗੀ। ਉਸ ਦੀ ਪਹਿਲੀ ਵਹੁਟੀ ਦੇ ਮੁੰਡਿਆਂ ਨੇ ਇਸ ਦੀਆਂ ਬੋਟੀਆਂ ਖਾ ਜਾਣੀਆਂ ਹਨ।.. ਹਾਂ ਤੂੰ ਹਾਂ ਕੀਤੀ ਹੈ ਮਹੰਤ ਤੇ ਝੰਡਾ ਸਿੰਘ ਦੇ ਆਖੇ ਲਗ।'

'ਤਾਇਆ ਜੀ ! ਖਫਾ ਨਾ ਹੋਵੋ। ਮੈਂ ਸਭ ਨਜਿਠ ਲਵਾਂਗਾ, ਇਹ ਭਾਵੇਂ ਲਖ ਹਾਂ ਕਰੇ, ਨੈਨੀ ਦਾ ਰਿਸ਼ਤਾ ਉਥੇ ਨਹੀਂ ਹੋਏਗਾ। ਮੈਂ ਬੇਲਾ ਸਿੰਘ, ਝੰਡਾ ਸਿੰਘ ਤੇ ਮਹੰਤ ਤਿੰਨਾਂ ਨੂੰ ਸਦਾ ਵਾਸਤੇ ਚੁੱਪ ਕਰਾ ਦਿਆਂਗਾ। ਪਤਾ ਨਹੀਂ ਇਸ ਨੇ ਨੈਨੀ ਨੂੰ ਗਾਜਰ ਮੂਲੀ ਸਮਝਿਆ।' ਨੈਣਾ ਸਿੰਘ ਬੋਲਿਆ।

'ਮੈਨੂੰ ਤਾਂ ਕੁਝ ਔੜਦਾ ਨਹੀਂ ਕੀ ਕਰੀਏ। ਸਾਰੇ ਪਿੰਡ



Sri Satguru Jagjit Singh Ji Elibrary NamdhariElibrary@gmail.com

ਵਿਚ ਹੋਏ ਹੋਏ ਹੋ ਗਈ ਹੈ। ਉਧਰ ਮਹੰਤ ਤੇ ਬੇਲਾ ਸਿੰਘ ਨੇ ਮੈਨੂੰ ਪੁਛਿਆਂ ਤਾਂ ਮੈਂ ਕੀ ਆਖਾਂਗਾ। ਮੂੰਹ ਮਥੇ ਲਗਦੇ ਨੇ, ਸਪ ਦੇ ਮੂੰਹ ਕੋਹੜ ਕਿਰਲੀ ਹੈ ਖਾਏ ਤਾਂ ਅੰਨ੍ਹਾ, ਛਡ ਤਾਂ ਕੋਹੜੀ।' ਜੇ ਡਟਕੇ ਨਾਂਹ ਕੀਤੀ ਤਾਂ ਪਤਾ ਨਹੀਂ ਕਲਜੁਗ ਕੀ ਕਰਨ। ਫਰੰਗੀ ਦੇ ਯਾਰ ਹਨ ਤੇ ਫਰੰਗੀ ਦਾ ਰਾਜ ਬੇ-ਪੀਰਿਆਂ ਦਾ ਹੈ। ਲਾਈ ਲੱਗ, ਉਹਨਾਂ ਦ ਕੰਨ ਹਵਾ ਨਾਲ ਗਲਾਂ ਕਰਦੇ ਹਨ ।' ਇਹ ਅ ਖਕੇ ਸੁਰਾਇਣਾ ਸਿਰ ਫੜਕੇ ਬੈਠ ਗਿਆ।

ਰੂੜ ਸਿੰਘ ਨਹੀਂ ਬੋਲਿਆ। ਉਹ ਚੁੱਪ ਰਿਹਾ, ਨਸ਼ਾ ਲਥਣ ਪਿਛੋਂ ਉਸ ਨੇ ਵੀ ਸੋਚਿਆਂ ਸੀ ਕਿ ਕੁੜੀ ਦੇ ਰਿਸ਼ਤੇ ਦੀ ਹਾਂ ਕਰਕੇ ਉਸ ਨੇ ਉਸਤਰਿਆਂ ਦੀ ਮਾਲਾ ਗਲ ਪਾ ਲਈ ਸੀ। ਨਾਂਹ ਕਰਨ ਵਿਚ ਵੀ ਬਚਾ ਨਹੀਂ ਸੀ ਤੇ ਹਾਂ ਕਰਨ ਵਿਚ ਬਰਾਦਰੀ, ਸਾਕਾਂ ਅੰਗਾਂ ਵਿਚ ਬਦਨਾਮ ਹੋਣਾ। ਕੁੜੀ ਦਾ ਦਿਲ ਤੋੜਨਾ, ਸੌਂਕਣ ਨਾਲੋਂ ਜਵਾਨ ਤੇ ਆਪ ਹਾਣੀ ਨੂੰਹਾਂ ਨਾਲ ਚਲਣਾ ਕਠਣ। ਸਰਕਾਰੀਆਂ ਦੇ ਮਹਿਲਾਂ ਵਿਚ ਕੈਦ ਹੋਣਾ ਤੇ ਜੀਵਨ ਦੀਆਂ ਸਾਰੀਆਂ ਖੁਸ਼ੀਆਂ ਦੀਆਂ ਕਰੂਮਲੀਆਂ ਨੂੰ ਤੋੜ ਸੁਟਣਾ ਸੀ। ਰੂੜ ਸਿੰਘ ਮੁੰਡੇ ਨੈਣਾ ਸਿੰਘ ਕੋਲੋਂ ਵੀ ਡਰਦਾ ਸੀ। ਅਤਰੀ ਵੀ ਮਰਨੇ ਪੈ ਗਈ ਸੀ। ਸਾਰੇ ਪਿੰਡ ਵਿਚ ਦੰਦ-ਕਥਾ ਸ਼ੁਰੂ ਹੋ ਗਈ ਸੀ।

ਜਿੰਨੀ ਕਾਹਲੀ ਹੋ ਸਕਿਆ ਨੈਣਾ ਸਿੰਘ ਨੇ ਬਾਹਰ ਦੇ ਕੰਮ ਮੁਕਾਏ ਤੇ ਰਹਿਰਾਸ ਦੇ ਵੇਲੇ ਧਰਮਸਾਲਾ ਪੁੱਜ ਗਿਆ। ਉਸ ਵੇਲੇ ਧਰਮਸ ਲਾ ਵਿਚ ਪੰਜ-ਛੇ ਸਾਧੂ ਆਏ ਬੈਠੇ ਸਨ। ਉਹਨਾਂ ਦੇ ਸਾਰੇ ਬਸਤਰ ਗੂਹੜੇ ਗੁਲਾਬੀ ਰੰਗ ਦੇ ਸਨ। ਗਲ੍ਹਾਂ ਵਿਚ ਰੁਦਰਾਸ ਦੀਆਂ ਮਾਲਾ, ਚਿਮਟੇ ਅਤੇ ਚਿੱਪੀਆਂ ਸਨ। ਉਹ ਅਗੇ ਜਾ ਰਹੇ ਸਨ ਤੇ ਰਾਤ ਸਿਰ ਤੇ ਆਈ ਦੇਖਕੇ ਰੁਕ ਗਏ। ਉਹਨਾਂ ਨੇ ਕਕੜਾਂ ਦੇ ਪਤਨ ਤੋਂ ਦਰਿਆ ਰਾਵੀ ਨੂੰ ਪਾਰ ਕਰਨਾ ਸੀ।

ਸੰਤ ਸੇਵਕ ਸਿੰਘ ਉਹਨਾਂ ਦੀ ਸੇਵਾ ਵਿਚ ਰੁਝੇ ਸਨ।



Sri Satguru Jagjit Singh Ji Elibrary NamdhariElibrary@gmail.com

ਉਹਨਾਂ ਦੇ ਚੇਲੇ ਤੇਜੇ ਨੇ ਘਰਾਂ ਵਿਚੋਂ ਦੁੱਧ ਲਿਆਂਦਾ ਸੀ। ਦੁੱਧ ਗਰਮ ਕਰਕੇ ਸਾਰਿਆਂ ਨੂੰ ਪਿਲਾਇਆ ਗਿਆ ਸੀ। 'ਪ੍ਰਸ਼ਾਦਾ ਆਪਣਾ ਆਪ ਤਿਆਰ ਕਰਾਂਗੇ!' ਉਹਨਾਂ ਦੇ ਇਹ ਆਖਣ ਤੇ ਸੁਕਾ ਰਾਸ਼ਨ ਦਿੱਤਾ ਗਿਆ। ਉਹਨਾਂ ਵਿਚੋਂ ਇਕ ਪ੍ਰਸ਼ਾਦਾ ਤਿਆਰ ਕਰ ਰਿਹਾ ਸੀ।

ਰਹਿਰਾਸ ਦਾ ਪਾਠ ਹੋਇਆ। ਸ਼ਬਦ ਚੌਕੀ ਹੋਣੀ ਸੀ ਕਿ ਸੁੱਖੀ ਆਈ। ਉਸ ਦੇ ਨਾਲ ਇਕ ਵੀਹ-ਬਾਈ ਸਾਲ ਉਮਰ ਦੀ ਮੁਟਿਆਰ ਸੁੰਦਰ ਬੀਬੀ ਸੀ। ਜਿਸ ਨੇ ਚਿੱਟੇ ਖਦਰ ਦੇ ਬਸਤਰ ਪਾਏ ਹੋਏ ਸਨ। ਚਿਹਰਾ ਗੁਲਾਬੀ ਰੰਗ ਵਿਚ ਭਖ਼ਦਾ ਸੀ। ਦੋਹਾਂ ਨੇ ਗੁਰੂ ਗ੍ਰੰਥ ਸਾਹਿਬ ਅਗੇ ਨਿਮਸ਼ਕਾਰ ਕੀਤੀ। ਨਿਮਸ਼ਕਾਰ ਕਰਨ ਪਿਛੋਂ ਬਰਾਜ ਗਈਆਂ। ਨੈਣਾ ਸਿੰਘ, ਬਾਬਾ ਖੁਸ਼ਾਲ ਸਿੰਘ ਅਤੇ ਸੰਤ ਸੇਵਕ ਸਿੰਘ ਨੇ ਅਨਡਿੱਠੀ ਆਈ ਬੀਬੀ ਵਲ ਤਕਿਆ। ਉਹ ਅਕਾਸ਼ੋਂ ਉਤਰੀ ਦੇਵੀ ਪ੍ਰਤੀਤ ਹੋ ਰਹੀ ਸੀ।

ਸ਼ਬਦ ਚੌਂਕੀ ਹੋਈ।

ਸ਼ਬਦ ਚੌਂਕੀ ਵਿਚ ਸਾਧੂ ਵੀ ਸ਼ਾਮਲ ਹੋਏ। ਇਕ ਸਾਧੂ ਨੇ ਨੌਵੇਂ ਪਾਤਸ਼ਾਹ ਦੀ ਵੈਰਾਗ ਪਦੀ ਬਾਣੀ ਦਾ ਇਕ ਸ਼ਬਦ ਪੜ੍ਹਿਆ। ਅਵਾਜ਼ ਬੜੀ ਰਸੀਲੀ ਸੀ ਤੇ ਮਨ ਵਿਚ ਪ੍ਰੇਮ ਤਰੰਗ ਸੀ। ਚੰਗਾ ਰੰਗ ਬੱਝਿਆ।

ਸ਼ਬਦ ਚੌਂਕੀ ਦੀ ਸਮਾਪਤੀ ਤੇ ਅਰਦਾਸ ਹੋਈ। ਗ੍ਰੰਥ ਸਾਹਿਬ ਸੰਤੋਖਿਆ ਗਿਆ ਤੇ ਅੰਤਮ ਅਰਦਾਸ ਕੀਤੀ ਗਈ। ਅਰਦਾਸ ਦੇ ਪਿਛੋਂ ਉਥੇ ਬੈਠਿਆਂ ਹੀ ਸੁੱਖੀ ਨੇ ਆਪਣੇ ਨਾਲ ਲਿਆਂਦੀ ਬੀਬੀ ਬਾਰੇ ਜਾਣ-ਪਛਾਣ ਕਰਾਈ। ਉਸ ਵੇਲੇ ਸਿਰਫ ਨੈਣਾ ਸਿੰਘ ਤੇ ਸੰਤ ਸੇਵਕ ਸਿੰਘ ਹੀ ਬੈਠੇ ਸਨ। ਬਾਕੀ ਦੇ ਸਾਰੇ ਬਾਹਰ ਚਲੇ ਗਏ ਸਨ।

'ਬਾਬਾ ਜੀ! ਇਹ ਮੇਰੇ ਨਾਲ ਆਈ ਬੀਬੀ ਹੁਕਮੀ ਹੈ।



Sri Satguru Jagjit Singh Ji Elibrary NamdhariElibrary@gmail.com

ਮੇਰੀ ਮਾਸੀ ਦੇ ਸਹੁਰੇ ਘਰ ਦੇ ਸਬੰਧੀਆਂ ਵਿਚੋਂ। ਅੰਮ੍ਰਿਤਸਰ ਆਈ ਹੈ।'

'ਬਹੁਤ ਖੁਸ਼ੀ ਦੀ ਗਲ ਹੈ। ਜੀਉ ਆਇਆਂ ਨੂੰ ਗੁਰੂ ਰਾਮਦਾਸ ਜੀ ਦੀ ਨਗਰੀ ਤੋਂ ਆਏ ਹਨ।' ਸੰਤ ਸੇਵਕ ਸਿੰਘ ਨੇ ਉੱਤਰ ਦਿੱਤਾ।

ਦੋਂਹ ਦੀਵਿਆਂ ਦੀ ਤੇਜ਼ ਰੌਸ਼ਨੀ ਵਿਚ ਨੈਣਾ ਸਿੰਘ ਨੇ ਬੀਬੀ ਹੁਕਮੀ ਵਲ ਦੇਖਿਆ। ਚੁੱਪ ਕਰਕੇ ਬਚਨ ਸੁਣਦੇ ਰਹੇ।

'ਬਹੁਤ ਜ਼ਰੂਰੀ ਸਨੇਹਾ ਦੇਣ ਆਏ ਹਨ।' ਸੁੱਖੀ ਬੋਲੀ, ਪਰ ਵ ਜ਼ ਹੌਲੀ ਸੀ।

'ਧੰਨ ਭਾਗ !' ਸੰਤ ਸੇਵਕ ਸਿੰਘ ਨੇ ਇਕੋ ਸ਼ਬਦ ਕਿਹਾ।

'ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਏਧਰ ਆ ਰਹੇ ਹਨ। ਆਪ ਕੁਝ ਸੇਵਕਾਂ ਤੇ ਸ਼ਰਧਾਲੂਆਂ ਨਾਲ ਹਜ਼ਰੋ ਵਲ ਜਾ ਰਹੇ ਹਨ। ਉਹਨਾਂ ਨੇ ਅੰਮ੍ਰਿਤਸਰ ਤੋਂ ਚਲਕੇ ਕਕੜ ਪਿੰਡ ਰੁਕਣਾ ਹੈ। ਦੀਵਾਨ ਹੋਏਗਾ, ਸਤਿਗੁਰੂ ਜੀ ਉਪਦੇਸ਼ ਕਰਨਗੇ ਤੇ ਖੰਡੇ ਦਾ ਅੰਮ੍ਰਿਤ ਵੀ ਤਿਆਰ ਕਰਨਗੇ ਜੋ ਅੰਮ੍ਰਿਤ ਛਕਣ ਵਾਲੇ ਮਾਈ-ਭਾਈ ਤਿਆਰ ਹੋਏ।' ਸੁੱਖੀ ਨੇ ਜੋ ਸਨੇਹਾ ਬੀਬੀ ਹੁਕਮੀ ਕੋਲੋਂ ਸੁਣਿਆ ਸੀ, ਸੋ ਸੁਣਾ ਦਿੱਤਾ।

'ਬਲਿਹਾਰੇ ਜਾਈਏ ! ਧੰਨ ਭਾਗ.. ...ਆਪ ਸਤਿਗੁਰੂ ਮਹਾਰਾਜ ਜੀ ਉਸੇ ਤਰ੍ਹਾਂ ਅਸਾਂ ਵਰਗੇ ਪਾਪੀਆਂ, ਦਿਲਗੜਾ, ਕਾਇਰਾਂ ਤੇ ਅਗਿਆਨੀਆਂ ਨੂੰ ਤਾਰਨ ਤੇ ਬਲ ਬਖਸ਼ਣ ਆਪ ਆ ਰਹੇ ਨੇ ਜਿਵੇਂ ਭਗਵਾਨ ਰਾਮ ਜੀ ਨੇ ਪੰਪਾ ਸਰ ਦੇ ਅਗਿਆਨੀਆਂ ਤਪਸ੍ਵੀਆਂ ਤੇ ਭੀਲਣੀ ਨੂੰ ਤਾਰਿਆ, ਗਿਆਨ ਬਖਸ਼ਿਆ ਭਗਵਾਨ ਕ੍ਰਿਸ਼ਨ ਜੀ ਆਪ ਬਿਦਰ ਦਾ ਸਾਗ ਖਾਣ ਵਾਸਤੇ ਉਹਨਾਂ ਦੀ ਕਖਾਂ ਦੀ ਕੁਲੀ ਵਿਚ ਪੁੱਜ ਸਨ। ਅਕਾਲ ਪੁਰਖ ਦਾ ਕੋਟਾਨ-ਕੋਟ ਧੰਨਵਾਦ।' ਸੰਤ ਸੇਵਕ ਸਿੰਘ ਖੁਸ਼ੀ ਨਾਲ ਬੋਲੇ। ਖੁਸ਼ੀ ਨਾਲ ਉਹਨਾਂ ਦਾ ਅੰਗ ਅੰਗ ਫੁਰਨ ਲਗਾ।



Sri Satguru Jagjit Singh Ji Elibrary NamdhariElibrary@gmail.com

'ਸੰਤ ਖੜਗ ਸਿੰਘ ਜੀ ਕਿਥੇ ਮਿਲਣਗੇ ?' ਬੀਬੀ ਹੁਕਮੀ ਨੇ ਪੁਛਿਆ।

'ਸੰਤ ਖੜਗ ਸਿੰਘ ਮਿਲ ਜਾਣਗੇ !' ਸੰਤ ਸੇਵਕ ਸਿੰਘ ਨੇ ਉਤਰ ਦਿੱਤਾ।

'ਕਿਤੇ ਦੂਰ ਕਿ ਨੇੜੇ ?'

'ਨੇੜੇ ਹੀ।'

'ਕੋਈ ਸਨੇਹਾ ਦੇ ਆਏ ਕਿ ਉਹ ਅੰਮ੍ਰਿਤਸਰ ਪੁੱਜਣ ਤੇ ਭਾਈ ਅਤਰ ਸਿੰਘ ਸਪੁਤਰ ਭਾਈ ,ਜੀਤ ਸਿੰਘ ਕੀਰਤਨੀਏ ਨੂੰ ਉਹਨਾਂ ਦੇ ਘਰ ਜਲ੍ਹਿਆਂ ਵਾਲੇ ਬਾਗ ਦੇ ਪਿਛਲੇ ਮਹਲੇ ਵਿਚ ਮਿਲਕੇ ਸਤਿਗੁਰੂ ਜੀ ਦੇ ਆਉਣ ਦਾ ਕਰਮ-ਨੇਮ ਪੁਛ ਲੈਣ। ਸਾਰੇ ਸੜਕ ਨੇੜੇ ਦੇ ਨਗਰਾਂ ਵਿਚ ਖਬਰ ਪਚੌਣੀ ਹੈ।'

'ਕੀ ਅਗੇ ਭਾਈ ਅਤਰ ਸਿੰਘ ਨੂੰ ਜਾਣਦੇ ਹਨ ਸੰਤ ਖੜਗ ਸਿੰਘ ਜੀ ?'

'ਜ਼ਰੂਰ ਜਾਣਦੇ ਹੋਣਗੇ...ਨਹੀਂ ਤੇ ਦਸ ਦਿਤਾ ਜਾਵੇ ਭਾਈ ਅਤਰ ਸਿੰਘ ਜੀ ਲੋਟਾ।'

ਲੋਟਾ ?' ਸੰਤ ਸੇਵਕ ਸਿੰਘ ਜੀ ਮੁਸਕਰਾ ਕੇ ਬੋਲੇ।

'ਹਾਂ ਲੋਟਾ...ਉਹਨਾਂ ਦੇ ਘਰਾਣੇ ਦੀ ਅਲ ਜਾਂ ਕਹੋ ਗੋਤਰ ਹੈ। ਆਪ ਭਾਈ ਲਾਲੋ ਜੀ ਬੰਸ ਵਿਚੋਂ ਹਨ ਤੇ ਸ਼ਹੀਦਾਂ ਦੀ ਸੰਤਾਨ। ਬੜੇ ਅਣਖੀ, ਧਰਮੀ ਤੇ ਦਲੇਰ ਨੌਜਵਾਨ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਸ਼ਰਧਾਲੂ...ਗੁਪਤ ਕੰਮ ਬਹੁਤ ਕਰਦੇ ਹਨ।.. ਸ਼ਬਦ ਪੜ੍ਹਦੇ ਹਨ। ਆਏ ਗਏ ਦੀ ਸੇਵਾ ਵੀ ਕਰਦੇ ਹਨ।.. ਸਤਿਗੁਰੂ ਜੀ ਨਾਲ ਹਜ਼ਰੋ ਜਾ ਰਹੇ ਹਨ।...ਸ਼ਬਦ ਪੜ੍ਹਦੇ ਹਨ ਤਾਂ ਮਕਾਨ ਦੀਆਂ ਕੰਧਾਂ ਕੰਬਣ ਲਗ ਪੈਂਦੀਆਂ ਹਨ। ਬੜੀ ਗੂੰਜ ਪੈਂਦੀ ਹੈ, ਦਸੋ ਸਨੇਹੇ ਦੀ ਸੇਵਾ ਕੌਣ ਕਰੇਗਾ ?'

'ਇਹ ਸੇਵਾ ਨੈਣਾ ਸਿੰਘ ਕਰੇਗਾ। ਉਦਮੀ ਨੌਜਵਾਨ਼ ਹੈ। ਕੁਕੜ ਦੀ ਬਾਂਗ ਨਾਲ ਤੁਰੇਗਾ ਤੇ ਸੂਰਜ ਚੜ੍ਹਨ ਤੋਂ ਪਹਿਲਾਂ ਮੁੜ



Sri Satguru Jagjit Singh Ji Elibrary NamdhariElibrary@gmail.com

ਪਿੰਡ ਆ ਜਾਣਗੇ।' ਸੰਤ ਸੇਵਕ ਸਿੰਘ ਨੇ ਉੱਤਰ ਦਿੱਤਾ। ਉਹਨਾਂ ਨੇ ਨੈਣਾ ਸਿੰਘ ਵਲ ਦੇਖਿਆ।

'ਜੋ ਹੁਕਮ ! ਸੇਵਾ ਕਰਾਂਗਾ।' ਨੈਣਾ ਸਿੰਘ ਨੇ ਉਤਰ ਦਿੱਤਾ।

'ਪਰ ਬਾਬਾ ਜੀ !' ਬੀਬੀ ਹੁਕਮੀ ਨੇ ਹੌਲੀ ਜਹੀ ਆਖਿਆ, 'ਇਹ ਜਿਹੜੇ ਸਾਧੂ ਆਏ ਹਨ ਕੌਣ ਹਨ ?'

'ਸਾਧੂ ਹਨ...ਰਾਤ ਕਟਕੇ ਅਗੇ ਚਲ ਜਾਣਗੇ...ਕੀ ਪਤਾ ਕਿਸੇ ਡੇਰੇ ਨਾਲ ਸਬੰਧਤ ਹਨ ਕਿ ਚਕਰਵਰਤੀ।' ਸੰਤ ਸੇਵਕ ਸਿੰਘ ਨੇ ਉੱਤਰ ਦਿੱਤਾ।

'ਅਜ ਕਲ ਰਤਾ ਹੁਸ਼ਿਆਰ ਰਹਿਣ ਦੀ ਲੋੜ ਹੈ। ਸਰਕਾਰ ਨੇ ਆਪਣੇ ਬੰਦੇ ਜਾਸੂਸ (ਸੂਹੀਏ) ਬਹੁਤ ਛਡੇ ਹਨ। ਜਿਹੜੇ ਛਲੱਡੇ ਵਾਂਗ ਭੇਸ ਤੇ ਰੂਪ ਬਦਲਦੇ ਰਹਿੰਦੇ ਹਨ। ਭੇਤ ਕਢਦੇ ਹਨ। ਰਤਾ ਜਾਗਦੇ ਰਹਿਣਾ ਤੇ ਜੇ ਗਲਬਾਤ ਕਰਨ ਤਾਂ ਸੁਣਨ ਦਾ ਜਤਨ ਕਰਨਾ। ਸੰਤ ਖਾਲਸੇ ਦੀ ਅਮਰ ਲਹਿਰ ਨੂੰ ਰੋਕਣ ਦੇ ਜਤਨ ਹੋ ਰਹੇ ਹਨ।'

'ਸਚ ਆਖਦੇ ਹੋ ! ਅਸਾਂ ਦੇ ਨੇੜੇ ਤੇੜੇ ਵੀ ਕੌਮ-ਧਰੋਹੀ ਜੂਠਾਂ ਹਨ। ਏਸੇ ਕਰਕੇ ਆਮ ਤੌਰ ਤੇ ਸੰਤ ਖੜਗ ਸਿੰਘ ਜੀ ਜੋ ਆਸੇ ਪਾਸੇ ਗੁਪਤ ਰਹਿੰਦੇ ਹਨ।' ਸੇਵਕ ਸਿੰਘ ਬੋਲਿਆ।

'ਸਤਿਗੁਰੂ ਜੀ ਆਪਣੇ ਸੇਵਕਾਂ ਦੇ ਆਪ ਰਾਖੇ ਹਨ। ਕੋਈ ਚਿੰਤਾ ਨਾ ਕਰੋ।' ਹੁਕਮੀ ਨੇ ਸ਼ਰਧ ਪੂਰਤ ਲਹਿਜੇ ਵਿਚ ਆਖਿਆ।

ਉਹਨਾਂ ਦੀ ਮੀਟਿੰਗ ਖਤਮ ਹੋਈ। ਸੁੱਖੀ ਤੇ ਹੁਕਮੀ ਧਰਮਸਾਲਾ ਵਿਚੋਂ ਬਾਹਰ ਹੋਕੇ ਆਪਣੇ ਘਰ ਵਲ ਤੁਰ ਪਈਆਂ ਨੈਣਾ ਸਿੰਘ ਸੰਤ ਸੇਵਕ ਸਿੰਘ ਕੋਲ ਹੀ ਰਿਹਾ। ਉਸ ਨੇ ਇਕ ਦੋ ਖਾਸ ਗਲਾਂ ਕਰਨੀਆਂ ਸਨ।

ਸੁੱਖੀ ਤੇ ਹੁਕਮੀ ਜਦੋਂ ਬਿਸ਼ਨੀ ਦੇ ਘਰ ਵਲ ਜਾ ਰਹੀਆਂ



Sri Satguru Jagjit Singh Ji Elibrary NamdhariElibrary@gmail.com

ਸਨ ਤਾਂ ਚੰਦਰਾ ਨੰਬਰਦਾਰ ਝੰਡਾ ਸਿੰਘ ਗਲੀ ਵਿਚ ਮਿਲਿਆ ਹਨੇਰਾ ਸੀ ਉਹ ਹੁਕਮੀ ਨੂੰ ਤਾਂ ਨਾ ਪਛਾਣ ਸਕਿਆ, ਪਰ ਇਹ ਜਾਣ ਗਿਆ ਸੀ ਕਿ ਸੁੱਖੀ ਧਰਮਸਾਲਾ ਤੋਂ ਆ ਰਹੀ ਸੀ। ਫਿਰ ਵੀ ਪੁਛਿਆ, 'ਕੌਣ ਸੁਖੀ ਹੈ?'

'ਹਾਂ ਚਾਚਾ ਨੰਬਰਦਾਰਾ ਮੈਂ ਸੁੱਖੀ ਹਾਂ!' ਸੁੱਖੀ ਨੇ ਉਤਰ ਦਿੱਤਾ।

'ਧਰਮਸਾਲਾ ਵਲੋਂ ਆਈ ਹੈਂ?'

'ਹਾਂ ਚਾਚਾ . ਸਤਿਸੰਗ ਸੀ।'

'ਨਾਲ ਕੌਣ ਹੈ?'

'ਮੇਰੀ ਮਾਸੀ ਦੀ ਧੀ ਭੈਣ . ਚਾਚਾ ਜੀ ਕਦੀ 'ਸਤਿਨਾਮ ਵਾਹਿਗੁਰੂ' ਵੀ ਜਬਾਨੋਂ ਬੋਲਿਆ ਕਰੋ। ਨਿੰਦਾ ਚੁਗਲੀ ਬੇੜਾ ਗਰਕ ਕਰਦੀ ਹੈ। ਇਹ ਆਖਕੇ ਸੁੱਖੀ ਅੱਗੇ ਤੁਰ ਪਈ। ਦੋਵੇਂ ਘਰ ਜਾ ਵੜੀਆਂ।

ਰਾਤ ਦੀ ਰੋਟੀ ਖਾ ਕੇ ਬਿਸਤਰਿਆਂ ਤੇ ਬੈਠੀਆਂ ਤਾਂ ਸੁੱਖੀ ਨੇ ਸਤਿਗੁਰ ਰਾਮ ਸਿੰਘ ਜੀ ਦੀ ਮਹਿਮਾਂ ਤੇ ਉਹਨਾਂ ਦੇ ਹੁਕਮ ਸੁਣਨ ਦੀ ਇੱਛਾ ਪ੍ਰਗਟ ਕੀਤੀ। ਕਿਉਂਕਿ ਹੁਕਮੀ ਨੇ ਦਸਿਆ ਸੀ, 'ਮੈਂ ਆਪਣੇ ਪਿਤਾ (ਰਤਨ ਸਿੰਘ) ਨਾਲ ਸਤਿਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਪੰਜ ਮਹੀਨੇ ਰਹਿ ਆਈ ਹਾਂ। ਖੁਲ੍ਹੇ ਦਰਸ਼ਨ ਕੀਤੇ, ਹੁਕਮ ਸੁਣੇ ਨਾਮ ਲਿਆ ਤੇ ਖੰਡੇ ਦਾ ਅੰਮ੍ਰਿਤ ਛਕਿਆ ਹੈ।'

'ਤੁਸਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਦਿੱਤਾ?' ਸੁੱਖੀ ਨੇ ਕੁਝ ਹੈਰਾਨੀ ਨਾਲ ਪੁਛਿਆ।

'ਛਕਾਉਣਾ ਕਿਉਂ ਨਹੀਂ ਸੀ?' ਹੁਕਮੀ ਨੇ ਪੁੱਛਿਆ।

'ਮੈਂ ਸੁਣਿਆ ਔਰਤਾਂ ਨੂੰ ਖੰਡੇ ਦਾ ਅੰਮ੍ਰਿਤ ਨਹੀਂ



Sri Satguru Jagjit Singh Ji Elibrary NamdhariElibrary@gmail.com

ਛਕਾਇਆ ਜਾਂਦਾ। ਫਿਰ ਤੁਸੀਂ ਅਜੇ ਅਨਵਿਆਹੇ।'

'ਤੁਸੀਂ ਵੀ ਸਚੇ ਹੋ ਭੈਣ ਜੀ! ਖੰਡੇ ਦਾ ਅੰਮ੍ਰਿਤ ਚੌਂਹ ਤਖਤ-ਸਾਹਿਬਾਂ ਤੋਂ ਬਿਨਾਂ ਕਿਤੇ ਤਿਆਰ ਨਹੀਂ ਹੁੰਦਾ। ਤੇ ਤਖਤ–ਸਾਹਿਬਾ ਦੀ ਮਰਯਾਦਾ ਢਿਲੀ ਪੈ ਗਈ। ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਅੰਮ੍ਰਿਤ ਦਾ ਬਾਟਾ ਬੀਬੀਆਂ ਤੇ ਵੀਰਾਂ ਨੂੰ ਸਾਂਝਾ ਪਿਲਾਉਣ ਦਾ ਹੁਕਮ ਦਿੱਤਾ ਸੀ। ਪਿਤਾ ਜੀ ਦਸਦੇ ਹਨ ਕਿ ਸਿੱਖ ਪਥ ਦਾ ਧਿਆਨ ਰਾਜ ਕਰਨ ਤੇ ਸੁਖ ਲੈਣ ਵਲ ਹੋ ਗਿਆ ਤਾਂ ਤਖਤਾਂ ਦੇ ਪੁਜਾਰੀਆਂ, ਗੁਰਦੁਆਰਿਆਂ ਦੇ ਗ੍ਰੰਥੀਆਂ, ਅਖਾੜਿਆਂ ਦੇ ਮਹੰਤਾਂ ਅਤੇ ਗੁਰੂ–ਬੰਸੀ ਬੇਦੀਆਂ, ਸੋਢੀਆਂ ਆਦਿਕ ਨੇ ਆਪਣੇ ਆਪ ਨੂੰ ਖ਼ੁਦ ਗੁਰੂ ਪ੍ਰਗਟ ਕਰ ਕਰਕੇ। ਮਰਯਾਦਾ ਬਦਲ ਦਿਤੀ। ਮਨਮਤੀ ਅਤੇ ਉਹਨਾਂ ਮਰਦਾਂ ਦੇ ਆਖੇ ਲਗਕੇ ਜਿਹੜੀ ਇਸਤ੍ਰੀ ਨੂੰ ਪੁਰਖ ਨਾਲੋਂ ਨੀਵਾਂ ਤੇ ਅਛੂਤ ਸਮਝਦੇ ਹਨ। ਇੱਕਠਾ ਅੰਮ੍ਰਿਤ ਛਕਾਉਣਾ ਬੰਦ ਕਰ ਦਿੱਤਾ ਤੇ ਸੁੱਚ ਅਤੇ ਜੂਠ ਦਾ ਖਿਆਲ ਕਰ ਲਿਆ। ਧੰਨ ਹਨ ਸਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਖਾਲਸਾਈ ਮਰਯਾਦਾ ਨੂੰ ਮੁੜ ਸੁਰਜੀਤ ਕੀਤਾ ਹੈ। ਨਾਲੇ ਆਪ ਹੈਣ ਵੀ ਤਾਂ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਤੀਸਰੇ ਸਰੂਪ ਉਹਾ ਜੋਤ।'

'ਦੂਸਰੇ ਸਰੂਪ ਕੌਣ ਸਨ?' ਸੁਖੀ ਨੇ ਪੁੱਛਿਆ।

'ਸਤਿਗੁਰੂ ਬਾਲਕ ਸਿੰਘ ਜੀ ਮਹਾਰਾਜ ਹਜ਼ਰੋ ਵਾਲੇ, ਦਸਿਆ ਜਾਂਦਾ ਹੈ—ਪਿਤਾ ਜੀ ਦਸਦੇ ਹਨ, ਉਹਨਾਂ ਨੂੰ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰਿਆਈ ਤਿਲਕ ਦਿੱਤਾ ਸੀ— ਸੰਤ ਖਾਲਸੇ ਨੂੰ ਅਮਰ ਰਖਣ ਲਈ। ਦੇਖਦੇ ਹੋ ਨਾ ਰਾਜ ਤੇ ਸਰਦਾਰੀ-ਮਦ ਨੇ ਸਭ ਨੂੰ ਸੰਤ ਖਾਲਸਾ ਨਹੀਂ ਰਹਿਣ ਦਿੱਤਾ। ਮਨ ਮਤੀਏ, ਸੁਲਤਾਨੀਏ, ਹਿੰਦੂ-ਸਨਾਤਨੀ ਪੱਥਰ ਪੂਜ, ਮੜ੍ਹੀ ਤੇ



Sri Satguru Jagjit Singh Ji Elibrary NamdhariElibrary@gmail.com

ਕਬਰ ਪੂਜ, ਗੁੱਗਾ ਦੇਵੀ ਦੇ ਪੁਜਾਰੀ ਹੋ ਗਏ ਹਨ। ਰਾਜ ਪਲਟੇ ਨੇ ਨਾਂ ਅਸਲੋਂ ਹੀ ਗਿਲ-ਗਾਲ ਦਿਤੀ। ਸਤਿਗੁਰੂ ਗੋਬਿੰਦ ਸਿੰਘ ਜੀ ਆਸਰੇ ਅਕਾਲ ਪੁਰਖ ਨੇ ਭਾਖਿਆ ਦਿੱਤੀ ਸੀ—

ਜਬ ਲਗ ਰਹੇ ਖ਼ਾਲਸਾ ਨਿਆਰਾ ॥
ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈ ਨ ਕਰੋਂ ਇਨ ਕੀ ਪ੍ਰਤੀਤ ॥

ਹੁਣ ਨਿਆਰਾ ਖਾਲਸਾ ਅਥਵਾ ਸੰਤ ਖ਼ਾਲਖਾ ਪ੍ਰਗਟ ਹੋ ਰਿਹਾ ਹੈ। ਸੰਤ ਖਾਲਸੇ ਵਾਸਤੇ ਹੁਕਮ ਹੈ, ਨਾਮ-ਸਿਮਰਨ, ਇਸ਼ਨਾਨ ਤੇ ਪਵਿਤ੍ਰਤਾ ਅਤੇ ਸੁਤੰਤਰਾ ਵਾਸਤੇ ਜਿਥੇ ਧਨ ਦਾਨ ਕਰਨਾ ਹੈ—ਉਥੇ ਮਨ ਅਤੇ ਤਨ ਦਾ ਲਹੂ ਵੀ ਦਾਨ ਕਰਨਾ ਹੈ। ਭਗਤਾਂ ਸੰਤਾਂ ਤੇ ਬਹਾਦਰਾਂ ਦੇ ਲਹੂ ਦਾਨ ਕਰਨ ਨਾਲ ਹੀ ਮਾਨਵਤਾ ਦੇ ਚਿਹਰੇ ਉਤੋਂ ਗੁਲਾਮੀ ਤੇ ਘਿਰਨਾਂ ਦੇ ਕਾਲੇ ਦਾਗ ਧੋਤੇ ਜਾਂਦੇ ਹਨ। ਸੋ—

'ਪਹਿਲਾਂ ਮਰਨ ਕਬੂਲ ਕਰ, ਜੀਵਨ ਦੀ ਛਡ ਆਸ ॥
ਊਹੋ ਸਗਲ ਕੀ ਰੇਣਕਾ ਤਾਂ ਆਉ ਹਮਾਰੇ ਪਾਸ ॥'

ਐਸਾ ਸਤਿਗੁਰੂ ਜੀ ਦਾ ਹੁਕਮ ਹੈ। ..

'ਸਿਰ ਧਰ ਤਲੀ ਗਲੀ ਮੇਰੀ ਆਉ।'

ਜੀਵਨ ਨਿਸ਼ਾਨਾ ਬਣਾਉਣਾ ਹੈ।

'ਮੇਰੀ ਛੋਟੀ ਭੈਣ ਸੁਭਾਗਣ ਹੈ ਜਿਸ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਹਨ।' ਸੁਖੀ ਬੋਲੀ, ਸਤਿਗੁਰੂ ਜੀ ਦੀ ਮਹਿਮਾ ਸੁਣਕੇ ਉਹ ਨਸ਼ਿਆ ਗਈ।

'ਤੁਸਾਂ ਨੂੰ ਵੀ ਦਰਸ਼ਨ ਹੋ ਜਾਣਗੇ ਸਤਿਗੁਰੂ ਜੀ ਏਧਰ



Sri Satguru Jagjit Singh Ji Elibrary NamdhariElibrary@gmail.com

ਦੀ ਲੰਘ ਰਹੇ ਹਨ। ਵਿਸਾਖੀ ਦੇ ਪੁਰਬ ਉਤੇ ਸਤਿਗੁਰੂ ਜੀ ਅੰਮ੍ਰਿਤਸਰ ਦੀਵਾਨ ਕਰਨਗੇ। ਅਮੋੜ ਮਨ ਮਤੀਏ, ਕੁਰਾਹੇ ਤੁਰਕੇ ਮਨੁੱਖਾ ਜੀਵਨ ਨੂੰ ਭੰਗ ਦੇ ਭਾੜੇ ਨਸ਼ਟ ਕਰ ਰਹੇ ਇਸਤ੍ਰੀ-ਪੁਰਖਾਂ ਨੂੰ ਬਚਾ ਰਹੇ ਹਨ।'

'ਸੁਣਿਆ ਹੈ ਫਰੰਗੀ ਸਰਕਾਰ ਆਪ ਦੇ ਪ੍ਰਚਾਰ ਤੇ ਜੀਵਨ-ਢੰਗ ਨੂੰ ਗਹਿਰੀ-ਅੱਖ ਨਾਲ ਦੇਖ ਰਹੀ ਹੈ?'

'ਉਸ ਨੇ ਤਾਂ ਦੇਖਣਾ ਹੈ ਸਤਿਗੁਰੂ ਜੀ ਦੇ ਪਵਿਤਰ ਨੇਤਰਾਂ ਵਿਚੋਂ ਰਬੀ ਨੂਰ ਦੀਆਂ ਬਿਜਲਈ ਐਸੀਆਂ ਕਿਰਨਾਂ ਪ੍ਰਗਟ ਹੁੰਦੀਆਂ ਹਨ ਕਿ ਮੁਰਦੇ ਜਾਗ ਪੈਂਦੇ ਹਨ। ਆਪ ਨੇ ਭਗਤੀ ਤਪਸਿਆ, ਤ ਸਚ ਸਾਧਨਾ ਨਾਲ ਬ੍ਰਹਮ-ਸ਼ਕਤੀ ਪ੍ਰਾਪਤ ਕੀਤੀ ਹੈ ਥੋੜੇ ਸਮੇਂ ਵਿਚ ਹੀ ਹਜ਼ਾਰਾਂ 'ਸੰਤ ਖ਼ਾਲਸਾ ਦਲ' ਵਿਚ ਸ਼ਾਮਲ ਹੋ ਗਏ ਹਨ। ਦੂਸਰਾ ਫਰੰਗੀ ਸਰਕਾਰ ਨੂੰ ਇਹ ਪਤਾ ਲਗ ਗਿਆ ਹੈ.. ਕਿ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ—'ਫਰੰਗੀ ਸਰਕਾਰ ਨਾਲ ਕਿਸੇ ਤਰ੍ਹਾਂ ਮਿਲਵਰਤਨ ਨਹੀਂ ਕਰਨਾ।

'ਕੀ ਮਤਲਬ ?'

'ਫਰੰਗੀ ਸਰਕਾਰ ਨੇ ਜਿਨ੍ਹੇ ਕਾਨੂੰਨ ਬਣਾਏ ਹਨ, ਉਹ ਨਹੀਂ ਮੰਨਣੇ, ਜਿਹੜਾ ਵੀ ਝਗੜਾ ਆਪਸ ਵਿਚ ਹਏ, ਉਹ ਘਰੇ ਬੈਠਕੇ ਨਜਿਠਣਾ। ਕਚਹਿਰੀ ਨਹੀਂ ਜਾਣਾ, ਫਰੰਗੀ ਕੋਲੋਂ ਨਿਆਏ ਦੀ ਆਸ ਨਹੀਂ ਹੋ ਸਕਦੀ। ਆਪਣੇ ਬਚਿਆਂ ਨੂੰ ਸਰਕਾਰੀ ਮਦਰਸਿਆਂ ਵਿਚ ਨਹੀਂ ਪੜ੍ਹਨ ਭੇਜਣਾ। ਅੰਗਰੇਜ਼ੀ ਨਹੀਂ ਪੜ੍ਹਨੀ—ਆਪਣੀ ਗੁਰਮੁਖੀ ਤੇ ਸੰਸਕ੍ਰਿਤ ਪੜ੍ਹਨੀ ਹੈ, ਉਹ ਵੀ ਵਿਦਿਆਲਿਆਂ ਵਿਚ। ਫਰੰਗੀ ਸਰਕਾਰ ਦੀ ਨੌਕਰੀ ਨਹੀਂ ਕਰਨੀ, ਫਰੰਗੀ ਦੀਆਂ ਬਣਾਈਆਂ ਸੜਕਾਂ ਤੇ ਨਹੀਂ ਤੁਰਨਾ, ਰੇਲ ਗਡੀ ਵਿਚ ਸਫਰ ਨਹੀਂ ਕਰਨਾ, ਬਦੇਸ਼ੋਂ ਆਇਆ ਕਪੜਾ ਨਹੀਂ ਪਾਉਣਾ ਘਰ ਦਾ ਕਤਿਆ ਉਣਿਆ ਖਦਰ ਵਰਤਨਾ



Sri Satguru Jagjit Singh Ji Elibrary NamdhariElibrary@gmail.com

ਹੈ—ਡਾਕ ਦਾ ਆਪਣਾ ਪ੍ਰਬੰਧ ਕਰਨਾ ਹੈ—ਚਿਠੀ ਫਰੰਗੀ ਦੇ ਨਾਮ ਕੀਤੇ ਡਾਕਖ਼ਾਨਿਆਂ ਰਾਹੀਂ ਨਹੀਂ ਭੇਜਣੀ। ਫਰੰਗੀ ਦੀ ਗਲ ਤੇ ਭਰੋਸਾ ਨਹੀਂ ਕਰਨਾ...ਉਸ ਤੋਂ ਦੂਰ ਰਹਿਣਾ.. ਇਹ ਹੁਕਮ ਹਨ ਸਤਿਗੁਰੂ ਜੀ ਦੇ।'

ਸੁੱਖੀ ਦੀ ਇਛਾ ਹੋਰ ਬਹੁਤ ਕੁਝ ਸੁਣਨ ਦੀ ਇੱਛਾ ਸੀ। ਪਰ ਰਾਤ ਬਹੁਤ ਬਤੀਤ ਹੋ ਜਾਣ ਕਰਕੇ ਅਤੇ ਹੁਕਮੀ ਸਾਰੇ ਦਿਨ ਦੇ ਸਫਰ ਦੀ ਥਕੀ ਸੀ ਉਸ ਦੇ ਅਰਾਮ ਦਾ ਖਿਆਲ ਕਰਕੇ ਉਸ ਨੇ ਕਿਹਾ, 'ਅਛਾ ਭੈਣ ਜੀ! ਹੁਣ ਆਰਾਮ ਕਰੋ...ਅੰਮ੍ਰਿਤ ਵੇਲੇ ਫਿਰ ਇਸ਼ਨਾਨ ਕਰਨਾ ਹੈ।'

'ਠੀਕ ਹੈ!' ਆਖਕੇ ਹੁਕਮੀ ਕੀਰਤਨ ਸੋਹਲੇ ਦਾ ਪਾਠ ਕਰਨ ਲਗ ਪਈ।



Sri Satguru Jagjit Singh Ji Elibrary NamdhariElibrary@gmail.com

# ਛੇ

ਕੁਰਬਾਣੀ ਤਿਨ੍ਹਾਂ ਗੁਰ ਸਿਖਾਂ,
ਪਿਛਲ ਰਾਤੀਂ ਉਠਿ ਬਹੰਦੇ ॥
ਕੁਰਬਾਣੀ ਤਿਨ੍ਹਾਂ ਗੁਰ ਸਿਖਾਂ,
ਅੰਮ੍ਰਿਤ ਵੇਲੇ ਸਰ ਨ੍ਹਾਵੰਦੇ ॥
ਕੁਰਬਾਣੀ ਤਿਨ੍ਹਾਂ ਗੁਰ ਸਿਖਾਂ,
ਇੱਕੁ ਮਨਿ ਹੋ ਗੁਰ ਜਾਪ ਜਪੰਦੇ ॥
(ਭਾਈ ਗੁਰਦਾਸ ਜੀ)

'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮੁ ਨ ਕੋਇ ॥'

ਦੇ ਮਹਾਂਵਾਕ ਅਨੁਸਾਰ ਆਪਣੇ ਕਰਤਾ ਕਰਤਾਰ ਦਾ ਹੁਕਮ ਮੰਨਣ ਵਾਲੇ ਕੁੱਕੜ ਨੇ ਪਹਿਲੀ ਬਾਂਗ ਦੇ ਕੇ ਜੀਵਾਂ ਨੂੰ ਸੁਚੇਤ ਕੀਤਾ ਕਿ ਰਾਤਰੀ ਦਾ ਅੱਧ ਬੀਤ ਗਿਆ ਹੈ ਤੇ ਪਿਛਲ-ਪੱਖ ਸ਼ੁਰੂ ਹੋ ਗਿਆ ਹੈ। ਜਿਨ੍ਹਾਂ ਪੰਛੀ, ਪਸ਼ੂਆਂ ਤੇ ਮਨੁੱਖਾਂ ਨੂੰ ਆਪਣੇ ਪ੍ਰੇਮ ਵਲ ਲਾਇਆ ਹੈ ਉਹ ਕੁਕੜ ਦੀ ਪਹਿਲੀ ਬਾਂਗ ਸੁਣਕੇ ਜਾਗ ਪੈਂਦੇ ਤੇ 'ਤੂੰ ਹੀ ਤੂੰ' ਦਾ ਰਟਨ ਕਰਨ ਲੱਗ ਪੈਂਦੇ ਹਨ। ਉਹ ਨੀਂਦ ਨਾਲ ਪਿਆਰ ਨਹੀਂ ਕਰਦੇ, ਸਗੋਂ ਪ੍ਰਭੂ ਪਿਆਰਿਆਂ



Sri Satguru Jagjit Singh Ji Elibrary NamdhariElibrary@gmail.com

ਦੀ ਸੱਦ ਸੁਣਦੇ ਹਨ—

ਫਰੀਦਾ ਰਾਤਿ ਕਥੂਰੀ ਵੰਡੀਐ, ਸੁਤਿਆ ਮਿਲੈ ਨ ਭਾਉ ॥
ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥
ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ ਲਹੰਨਿ ਸੇ, ਸਾਈ ਕੰਨੋ ਦਾਤਿ ॥

(ਬਾਬਾ ਫਰੀਦ ਜੀ)

ਪ੍ਰਭੂ ਪ੍ਰੇਮੀ ਜਾਗਦੇ ਹਨ । ਆਪੋ ਆਪਣੀ ਭਾਸ਼ਾ ਦੇ ਸ਼ਬਦਾਂ ਰਾਹੀਂ ਕਰਤਾਰ ਨੂੰ ਯਾਦ ਕਰਦੇ ਤੇ ਖੂਹ, ਤਲਾ ਜਾਂ ਦਰਿਆ ਵਲ ਚਲ ਪੈਂਦੇ ਹਨ । ਇਹ ਮਰਯਾਦਾ ਜੁਗਾਂ ਤੋਂ ਚਲੀ ਆਉਂਦੀ ਹੈ । ਪ੍ਰੇਮੀ ਜਨ ਭੈ ਅਧੀਨ ਨੇਮ ਨੂੰ ਉਸੇ ਤਰ੍ਹਾਂ ਪਾਲਦੇ ਹਨ, ਜਿਵੇਂ—

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ ॥

(ਆਸਾ)

ਨੇਹੁ ਵਾਲਿਆਂ ਦੇ ਨੈਣਾਂ ਵਿਚ ਜੇ ਨੀਂਦ ਨਹੀਂ ਰਹਿੰਦੀ ਤਾਂ ਉਹਨਾ ਦੀ ਆਤਮਾ ਬਲਵਾਨ ਤੇ ਨਿਰਭੈ ਹੋ ਜਾਂਦੀ ਹੈ । ਮਾਯਾ ਰੂਪੀ ਡਰ ਉਹਨਾਂ ਨੂੰ ਨਹੀਂ ਡਰਾਉਂਦਾ । ਸੱਸੀ ਨੇ ਰੇਤ ਦਾ ਦਰਿਆ ਹਿੱਕ ਦੇ ਭਾਰ ਤਰਿਆ ਤੇ ਸੋਹਣੀ ਨੇ ਝਨਾਂ ਦੇ ਡੂੰਘੇ, ਠੰਡੇ ਤੇ ਜਵਾਰ ਭਾਟੇ ਵਾਲੇ ਬੇਚੈਨ ਪਾਣੀ ਨਾਲ ਘੁਲਦਿਆਂ ਹੋਇਆਂ ਪਿਆਰ ਬਚਨ ਨੂੰ ਪਾਲਿਆ । ਕੱਚੇ ਘੜੇ ਨੂੰ ਪੱਕਾ ਸਮਝਿਆ । ਮਨਸੂਰ ਤੇ ਈਸਾ ਨੇ ਸੂਲੀ ਉਤੇ ਖਲਤਿਆਂ ਮਾਲਕ ਵਲ ਧਿਆਨ ਕੀਤਾ । ਸਤਿਗੁਰੂ ਅਰਜਨ ਦੇਵ ਜੀ ਨੂੰ ਤਤੀ ਲੋਹ ਤੇ ਉਬਲਦੀ ਦੇਗ ਡਰਾ ਨਾ ਸਕੀ, ਸੱਚੇ ਨੇਮੀਆਂ ਪ੍ਰੇਮੀਆਂ ਨੇ ਮੌਤ ਨੂੰ ਮਾਰਿਆ ਆਮ ਅਮਰ ਰਹੇ ।



Sri Satguru Jagjit Singh Ji Elibrary NamdhariElibrary@gmail.com

ਹਰ ਰੁਤੇ, ਹਰ ਮਹੀਨੇ ਹਰ ਰੋਜ਼ ਹੁਕਮ ਨੂੰ ਮੰਨਣ ਵਾਲ ਸੱਚਾ ਸੇਵਕ ਕੁਕੜ ਬਾਂਗ ਦਿੰਦਾ ਹੈ। ਐਨ ਸਮੇਂ ਸਿਰ। ਰਾਤ ਘੁਟਦੀ ਹੋਏ ਜਾਂ ਠੰਡੀ ਸਿਆਲ ਰੁਤ ਦੀ ਜਾਂ ਬਸੰਤ ਰੁਤ ਦੀ ਕੁਕੜ ਬਾਂਗ ਦਿੰਦਾ ਹੈ। ਪਹਿਲੀ ਬਾਂਗ ਤੇ ਦੂਸਰੀ ਬਾਗ। ਪਹਿਲੀ ਬਾਂਗੇ ਰਬ-ਪ੍ਰੇਮੀ ਜਾਗਦੇ ਹਨ, ਦੂਸਰੀ ਬਾਂਗੇ ਗ੍ਰਿਹਸਤੀ, ਮਿਹਨਤੀ ਅਤੇ ਹਾਲੀ ਇਸ ਦ ਪਿਛੋਂ ਦਲਿਦਰੀ ਨੇ ਕਾਮੀ, ਸ਼ਰਾਬੀ ਤੇ ਮਾਯਾਧਾਰੀ ਆਲਸੀ ਉਠਦੇ ਹਨ।

ਜਿਵੇਂ ਸੋਹਣੀ ਦ ਪ੍ਰੇਮ ਦੀ ਪਰਖ ਕਰਨ ਵ ਸਤੇ ਕੁਦਰਤ ਨੇ ਰਾਤ ਦਾ ਭਿਆਨਕ ਰੂਪ ਪ੍ਰਗਟ ਕੀਤਾ ਸੀ, ਤਿਵੇਂ ਇਤਿਹਾਸ ਸਾਖੀ ਭਰਦਾ ਹੈ ਕਿ ਵਤਨ ਪ੍ਰੇਮੀਆਂ, ਈਸ਼ਵਰ ਭਗਤਾਂ, ਤਪ-ਸਵੀਆਂ, ਮਿਹਨਤੀਆਂ ਅਤੇ ਸੈਨਿਕ ਜਰਨੈਲਾਂ ਦੇ ਜੀਵਨ-ਮਾਰਗ ਵਿਚ ਕਈ ਭਿਆਨਕ ਅਤੇ ਕਦੀ ਨਾ ਭੁਲਣ ਵਾਲੀਆਂ ਰਾਤਾਂ ਆਈਆਂ। ਤਨ ਤੇ ਮਨ ਉਤ ਅਸਹਿ ਕਸ਼ਟ ਝਲਕੇ ਵੀ ਬੁਲ੍ਹਾਂ ਤੋਂ 'ਸੀ' ਨਾ ਕੀਤੀ।

ਦਸੰਬਰ (ਪੋਹ) ਮਹੀਨੇ ਦੀ ਬਰਫਾਨੀ ਹਵਾ ਤੇ ਸਰਸਾ ਦੇ ਹੜ੍ਹ ਦਾ ਮੁਕਾਬਲਾ ਕਰਦਿਆਂ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਖੁਦ, ਉਹਨਾਂ ਦੇ ਸਿਖਾਂ ਅਤੇ ਮਾਸੂਮ ਸਾਹਿਬਜ਼ਾਦਿਆਂ ਨੇ ਭਿਆਨਕ ਰਾਤ ਦੇਖੀ। ਕਈ ਸ਼ਹੀਦ ਹੋਏ, ਕਈ ਵਿਛੜੇ ਪਰ ਕਿਸੇ ਨੇ ਰਾਤ ਦਾ ਡਰ ਦਾ ਅਸਰ ਨਾ ਮਨ ਉਤੇ ਹੋਣ ਦਿੱਤਾ।... ਕੁਪ ਹਰੀੜੇ ਦੇ ਮੈਦਾਨ (ਵਡੇ ਘਲੂਘਾਰੇ ਸਮੇਂ) ਵੀ ਪੰਥਕ ਆਗੂਆਂ ਨੇ ਡਰ ਉਨੀ ਰਾਤ ਦੇਖੀ ਸੀ ਤੇ ਸਭਰਾਵਾਂ ਦੇ ਮੈਦਾਨ ਦੀਆਂ ਅੱਠ ਰਾਤਾਂ ਅਭੁਲ ਹਨ।

ਉਹ ਰਾਤ ਵੀ ਉੱਨੀ ਹੀ ਭਿਆਨਕ ਸੀ। ਠੰਡੀ ਹਵਾ ਜ਼ੋਰ ਨਾਲ ਚਲ ਰਹੀ ਸੀ, ਮੀਂਹ ਵਰ੍ਹਿਆ ਸੀ, ਨਾਲ ਗੜੇ ਪਏ ਸਨ। ਸਾਰੇ ਅਕਾਸ਼ ਉਤੇ ਕਾਲੀ ਘਟਾ ਛਾਈ ਸੀ ਤੇ ਘੁੱਪ ਹਨੇਰਾ ਸੀ। ਪੰਛੀ, ਕੀੜ-ਮਕੌੜੇ ਚਾਰ ਪਾਏ ਪਸ਼ੂ ਤੇ ਮਨੁੱਖ ਸਿਰ-ਕਜ-



Sri Satguru Jagjit Singh Ji Elibrary NamdhariElibrary@gmail.com

ਰੈਣ ਬਸੇਰਿਆਂ ਵਿਚ ਜੜੇ ਸਨ। ਸਰੀਰ ਦੇ ਹੱਡ ਕੰਬਦੇ ਸਨ।

ਅੱਧੀ ਰਾਤ ਤਕ ਮੀਂਹ-ਝਖੜ ਦਾ ਜ਼ੋਰ ਰਿਹਾ ਤੇ ਫਿ
ਮੀਂਹ ਰੁਕਿਆ ਪਰ ਠੰਡ ਦਾ ਜ਼ੋਰ ਨਾ ਘਟਿਆ। ਕੁਕੜ
ਪਹਿਲੀ ਬਾਂਗ ਦੇ ਦਿੱਤੀ। ਭਗਤ ਜੀ ਜਾਗੇ! ਉਹਨਾਂ ਨੂੰ ਰਾਤ
ਭਿਆਨਕਤਾ ਨੇ ਨਾ ਡਰਾਇਆ।

ਧਰਮ ਕਿਰਤ ਕਰਨ ਵਾਲੇ ਜਗਿਆਸੂ ਰਾਮ ਸਿੰਘ ਜੀ
ਆਪਣੇ ਬਿਸਤਰੇ ਵਿਚੋਂ ਉਠੇ। ਕਛਹਿਰਾ, ਪਰਨਾ ਲਿਆ
ਕਾਲੇ ਭੂਰੇ ਦੀ ਬੁਕਲ ਮਾਰੀ ਅਤੇ ਦਰਿਆ ਸਤਲੁਜ ਵਲ ਚ
ਪਏ। ਦਰਿਆ ਸਤਲੁਜ ਉਹਨਾਂ ਦੇ ਡੇਰੇ ਤੋਂ ਚੋਖਾ ਦੂਰ ਵਗਦ
ਸੀ। ਰਾਹ ਪੱਗ ਡੰਡੀ ਦਾ ਸੀ। ਕਿਤੇ ਪਾਣੀ ਤੇ ਕਿਤੇ ਉਚੀ
ਸੀ। ਸੂਕਦਾ ਬੇਲਾ, 'ਸਤਿਨਾਮ-ਵਾਹਿਗੁਰੂ' ਦਾ ਜਾਪ ਕਰਦੇ
ਅਤੇ ਨੇਤਰਾਂ ਅਗੇ ਦੀਖਿਆ ਗੁਰੂ ਦੀ ਤਸਵੀਰ ਲਟਕਾਈ ਤੁ
ਗਏ। ਡੇਰੇ ਵਿਚੋਂ ਹੋਰ ਕੋਈ ਨਾ ਉਠਿਆ। ਨਿੱਤ ਦੇ ਸਤਿਸੰ
ਵੀ ਰਾਤ ਦੀ ਭਿਆਨਕਤਾ ਤੋਂ ਡਰ ਗਏ। ਦਸੰਬਰ (੧੮੫੪
ਦੀ ਰਾਤ ਸੀ।

ਮਹਾਰਾਜ ਜੀ ਤੁਰੇ ਜਾ ਰਹੇ ਸਨ। ਬਿਜਲੀ ਲਿਸ਼ਕੀ
ਕੜਕੀ, ਇਕ ਹਵਾ ਦਾ ਬੁੱਲਾ ਵੀ ਜ਼ੋਰ ਦਾ ਆਇਆ। ਸ਼ਾਇ
ਜਗਤ ਕਰਤਾ ਨੇ ਸਾਰੇ ਦੇਵਤਿਆਂ ਨੂੰ ਹੁਕਮ ਕੀਤਾ ਸੀ
ਆਪਣੀਆਂ ਸ਼ਕਤੀਆਂ ਵਰਤੀਆਂ ਵਰਤਕੇ "ਇਸ ਪੁਰਖ
ਪਰਖੋ! ਕੀ ਭਾਈ ਲਹਿਣਾ ਜੀ ਵਾਂਗ ਅਟਲ, ਨਿਰਭੈ
ਨਿਰਮਾਣਤਾ, ਸੰਜਮ, ਸੁਚ ਤੇ ਸਚ ਦੇ ਧਾਰਨੀ, ਆਪਣੇ ਮਾਲ
ਦੇ ਭਰੋਸੇ ਵਾਲੇ ਸੇਵਕ-ਭਗਤ ਰਹਿਣਗੇ ?' ਹੁਕਮ ਦੀ ਪੰ
ਹੋ ਰਹੀ ਸੀ।

ਮਹਾਰਾਜ ਜੀ ਦੇ ਸਰੀਰਕ ਨੇਤਰਾਂ ਅੱਗੇ ਹਨੇਰਾ ਸੀ।
ਬਿਜਲੀ ਦੀ ਲਿਸ਼ਕ ਦੇ ਚਾਨਣ ਵਲ ਧਿਆਨ ਨਹੀਂ ਸੀ, ਨਾ
ਉਸ ਦੇ ਆਸਰੇ ਦੀ ਲੋੜ ਸੀ। ਮਨ ਦੇ ਨੇਤਰ ਨਿਰਮਲ ਬੁੱਧ



Sri Satguru Jagjit Singh Ji Elibrary NamdhariElibrary@gmail.com

ਦੀ ਸ਼ਕਤੀ ਨਾਲ ਕੰਮ ਕਰ ਰਹੇ ਸਨ। ਉਹਨਾਂ ਦੇ ਚਰਨ ਖਿੜਕਦੇ ਨਹੀਂ ਸਨ। ਕਮਲ-ਚਰਨਾਂ ਦੀਆਂ ਗੁਲਾਬੀ ਨੰਗੀਆਂ ਤਲੀਆਂ ਨੂੰ ਨਾ ਕੋਈ ਰੋੜ, ਢੀਮ, ਕੰਡਾ...ਅ ਦਿਕ ਨਹੀਂ ਸੀ ਚੁੱਭਦਾ ਅਨਭਵ ਹੁੰਦਾ। ਪਗ-ਡੰਡੀ ਤੇ ਚਰਨ ਟਿਕਦੇ ਜਾ ਰਹੇ ਸਨ। ਬਦਲ ਗਜਿਆ ਤਾਂ ਆਪ ਦੇ ਪਵਿਤ੍ਰ ਬੁਲ੍ਹਾਂ ਤੋਂ ਬਚਨ ਨਿਕਲਿਆ, '...ਮਾਲਕ! ਇਉਂ ਹੀ ਖੁਸ਼ ਰਹੋ। ਹਸੋ ਖੁਲ੍ਹਕੇ ਹੱਸੋ...ਤੁਸਾਂ ਦੀ ਕ੍ਰਿਪਾ ਦ੍ਰਿਸ਼ਟੀ ਸੇਵਕ ਪਰ ਰਹੇ।'

ਫੀਰੋਜ਼ਪੁਰ ਛਾਉਣੀ ਵਿਚ ਫਰੰਗੀ ਸਰਕਾਰ ਵਲੋਂ ਨਵਾਂ ਵਡਾ ਕਿਲ੍ਹਾ ਉਸਾਰਿਆ ਜਾ ਰਿਹਾ ਸੀ। ਉਸ ਕਿਲ੍ਹੇ ਦੇ ਅੰਦਰ ਮਿਸਤ੍ਰੀਆਂ, ਰਾਜਾਂ ਤੇ ਮਜ਼ਦੂਰਾਂ ਦਾ ਡੇਰਾ ਸੀ। ਉਸ ਡੇਰੇ ਵਿਚੋਂ ਮਹਾਰਾਜ ਜੀ ਅੰਮ੍ਰਿਤ ਵੇਲੇ ਉਠਕੇ ਸਤਲੁਜ ਨਾਲ ਦੋਸਤੀ ਕਰਦੇ ਸਨ। ਨੇਮ ਸੀ, ਹਰ ਰੋਜ਼ ਦਾ ਨੇਮ। ਮਨ ਦੀ ਅਵਸਥਾ ਬਣ ਚੁੱਕੀ ਸੀ—

'ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥'

ਬੇਲਾ ਚੀਰਕੇ ਦਰਿਆ ਸਤਲੁਜ ਦੇ ਕਿਨਾਰੇ ਪੁੱਜੇ। ਦਰਿਆ ਦਾ ਤੇਜ਼ ਚਾਲੇ ਵਗਦੇ ਜਲ ਵਿਚ ਕਪਰ ਪੈ ਰਹੇ ਸਨ। ਅਵਾਜ਼ਾਂ ਉਠਦੀਆਂ ਸਨ। ਹਿਮਾਲਿਆ ਦੀਆਂ ਚੋਟੀਆਂ ਦਾ ਸੀਤਲ ਜਲ, ਸ੍ਰੀ ਅਨੰਦਪੁਰ ਦੀ ਧਰਤੀ ਅਤੇ ਮੈਦਾਨ ਦਾ ਜਲ ਸਾਰੇ ਜਲ ਇੱਕਠੇ ਹੋਕੇ ਇਕ ਵੈਸ਼ਾਲ ਧਾਰਾ ਬਣੀ ਸੀ। ਜਿਸ ਧਾਰਾ ਦੀ ਚੋੜੀ ਹਿੱਕ ਉਤੋਂ ਦੀ ਬੇੜੀ ਵੀ ਤਰ ਨਹੀਂ ਸੀ ਸਕਦੀ। ਉਹ ਹੀ ਸਤਲੁਜ ਸੀ, ਜਿਸ ਨੇ ਸਤਜੁਗ ਦਾ ਸਮਾਂ ਦੇਖਿਆ ਸੀ। ਰਿਖੀਆਂ ਕੋਲੋਂ ਰਿਗਵੇਦ ਮੰਤ੍ਰ ਸੁਣੇ ਸਨ। ਸਤਿਗੁਰੂ ਮਹਾਰਾਜ ਦੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ ਸੀ। ਗੁਰੂ ਹਰਿ ਗੋਬਿੰਦ ਸਾਹਿਬ, ਹਰਿ ਰਾਇ ਸਾਹਿਬ, ਹਰਿ ਕ੍ਰਿਸ਼ਨ ਸਾਹਿਬ,



Sri Satguru Jagjit Singh Ji Elibrary NamdhariElibrary@gmail.com

ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਇਸ਼ਨਾਨ ਕਰਾ ਕੇ ਮਾਣ ਪ੍ਰਾਪਤ ਕੀਤਾ ਸੀ। ਅਕਾਲ ਪੁਰਖ ਦੀ ਉਸਤਤ ਸੁਣੀ ਸੀ, ਉਹੋ ਸਤਲੁਜ ਜੁਗਾਂ ਤੋਂ ਅ ਪਣੀ ਚਾਲੇ ਪ੍ਰਭੂ ਪ੍ਰਮਾਤਮਾ ਮਾਲਕ ਦੇ ਹੁਕਮ ਤੇ ਭੇ ਵਿਚ ਵਗ ਰਿਹਾ ਤੇ ਪਰਉਪਕਾਰ ਕਰੀ ਜਾ ਰਿਹਾ ਸੀ।

'ਭੈ ਵਿਚਿ ਚਲਹਿ ਲਖ ਦਰੀਆਉ ॥'

ਉਹਨਾਂ ਲਖਾਂ ਦਰਿਆਵਾਂ ਵਿਚੋਂ ਇਕ ਸਤਲੁਜ ਸੀ।

ਉਪਰਲੇ ਭੂਰੇ ਨੂੰ ਉਪਰੋਂ ਲਾਹਿਆ ਉਸ ਵਿਚ ਸੁਕਾ ਕਛਹਿਰਾ ਤੇ ਚੋਗਾ (ਕੁੜਤਾ) ਵਲ੍ਹੇਟਿਆ। ਕਿਨਾਰੇ ਰਖਕੇ 'ਸਤਿਨਾਮ ਵਾਹਿਗੁਰੂ' ਉਚੀ ਆਖਕੇ ਮਹਾਰਾਜ ਨੇ ਜਲ ਵਿਚ ਚਰਨ ਪਾਏ। ਜਲ ਦੀ ਚਾਲ ਬਹੁਤ ਤੇਜ਼ ਸੀ। ਚਰਨ ਖਿਸਕ, ਪਰ ਆਪ ਸੰਭਲ ਗਏ। ਜਲ ਵਿਚ ਚੁੱਭਾ ਲ ਇਆ। ਕੇਸ ਵੀ ਹਰੇ ਹ ਗਏ ਤੇ ਇਸ਼ਨਾਨ ਵੀ ਹੋ ਗਿਆ। ਪੰਜ ਚੁੱਭੇ ਲਾਏ, ਜਦੋਂ ਆਪ ਪੰਜਵੇਂ ਚੁੱਭੇ ਜਲ ਵਿਚੋਂ ਬਾਹਰ ਚਿਹਰਾ ਕੀਤਾ, ਖੁਲ੍ਹੇ ਕੇਸਾਂ ਨੂੰ ਮੱਥੇ ਅਗੋਂ ਹੱਥ ਨਾਲ ਪਰੇ ਕੀਤਾ ਹਾਂ ਬਿਜਲੀ ਦੀਆਂ ਤੇਜ਼ ਕਿਰਨਾਂ ਚਿਹਰੇ ਉਤੇ ਪਈਆਂ। ਨੇਤਰ ਖੁਲ੍ਹੇ ਰਹੇ... ਤਿੰਨ ਵਾਰ ਬਿਜਲੀ ਦੀ ਲਿਸ਼ਕ ਪਈ। ਉਸੇ ਤਰ੍ਹਾਂ ਜਿਵੇਂ ਤੂਰ ਪਹਾੜ ਉਤੇ ਖਲੋਤਿਆਂ ਪੈਗੰਬਰ ਹਜ਼ਰਤ ਮੂਸੇ ਦੇ ਚਿਹਰੇ ਉਤੇ ਰਬੀ ਨੂਰ ਦੀ ਲਿਸ਼ਕ ਪਈ ਸੀ। ਮੂਸੇ ਦੇ ਨੇਤਰ ਬੰਦ ਹੋ ਗਏ ਸਨ। ਉਹ ਨੂਰ ਵਿਚੋਂ ਰਬ ਦੇ ਦੀਦਾਰ ਨਹੀਂ ਕਰ ਸਕੇ ਸਨ। 'ਦਸ-ਹੁਕਮ ਸੁਣੇ ਸਨ। ਕਰਾਮਾਤੀ ਸੋਟਾ ਪ੍ਰਾਪਤ ਕੀਤਾ ਸੀ।

ਜਦੋਂ ਮਹ ਰਾਜ ਦੇ ਚਿਹਰੇ ਉਤੇ ਉਚੇਚੀ ਰੋਸ਼ਨੀ ਪਈ ਤਾਂ ਬੁਲ੍ਹਾਂ ਦੀ ਮੁਸਕਰਾਹਟ ਨਾਲ ਸੁਤੇ ਸਿਧ ਬਚਨ ਹੋਇਆ, 'ਧੰਨ ਭਾਗ... ਪ੍ਰਭੂ ਜੀ! ਆਪ ਪ੍ਰਸੰਨ ਹੋਏ।' ਉਸੇ ਵੇਲੇ ਮਹਾਰਾਜ ਜੀ ਨੇ ਜਾਪ ਸਾਹਿਬ ਬਾਣੀ ਰਾਹੀਂ ਮਾਲਕ ਦੀ ਉਸਤਤ ਕਰਨੀ ਸ਼ੁਰੂ



Sri Satguru Jagjit Singh Ji Elibrary NamdhariElibrary@gmail.com

ਕਰ ਦਿੱਤੀ। ਲੂੰ ਲੂੰ ਪ੍ਰਸੰਨ ਹੋ ਗਿਆ, ਹਿਰਦੇ-ਕਮਲ ਵਿਚ ਹੋਰ ਖੇੜਾ ਆਇਆ। ਸੁਰਤ ਪ੍ਰਭੂ ਨਾਲ ਜੁੜ ਗਈ ਪੰਜ-ਭੂਤਕ ਤਨ ਠੰਡ-ਤੱਤ ਤੋਂ ਸੁਤੰਤਰ ਹੋ ਗਿਆ। ਠੰਡੀ ਹਵਾ ਤੇ ਬਾਰਸ਼ ਦਾ ਅਸਰ ਨਾ ਹਣ ਲਗਾ। ਹਵਾ ਤੇ ਪਾਣੀ ਸੁਖਦਾਈ ਪ੍ਰਤੀਤ ਹੋਇਆ।

ਮਹਾਰਾਜ ਜੀ ਜਲ ਵਿਚੋਂ ਬਾਹਰ ਹੋਏ। ਭੂਰੇ ਦੀ ਬੁਕਲ ਮਾਰਕੇ ਕਛਹਿਰਾ ਬਦਲਿਆ, ਚੋਗਾ ਗਲ ਪਾਇਆ ਅਤੇ ਭੂਰੇ ਦੀ ਬੁਕਲ ਮਾਰਕੇ ਡੇਰੇ ਵਲ ਤੁਰਨ ਲਗੇ ਤਾਂ ਅਵਾਜ਼ ਸੁਣਾਈ ਦਿੱਤੀ, 'ਡਰ ਗਏ...ਹਵਾ ਤੇ ਮੀਂਹ ਕੋਲੋਂ ਡਰ ਗਏ! ਅਗੇ ਤਾਂ ਏਥੇ ਹੀ 'ਪਦਮਾਸਨ' ਬੈਠ ਭਜਨ ਹੁੰਦਾ ਸੀ। 'ਆਵਾਜ਼ ਉਹਨਾਂ ਦੀ ਬਲਵਾਨ ਆਤਮਾ ਦੀ ਸੀ।

ਸੋ ਡਰ ਕੈਸੇ ਪਾਵੈ ..

ਚਰਨ ਰੁਕ ਗਏ। ਉਥੇ ਹੀ 'ਪਦਮਾਸਨ' ਦੀ ਦਸ਼ਾ ਵਿਚ ਬਰਾਜ ਗਏ ਤੇ ਨਾਮ ਸਿਮਰਨ ਕਰਨ ਲਗ ਪਏ। ਅਜੇ ਘੁੱਪ ਹਨੇਰਾ ਸੀ, ਮੀਂਹ ਪੈਣਾ ਸ਼ੁਰੂ ਹੋ ਗਿਆ ਬਦਲ ਗਰਜਿਆ। ਬਿਜਲੀ ਲਿਸ਼ਕੀ, ਪਰ ਆਪ ਅਡੋਲ ਜੁਗਾਂ ਦੇ ਸਮਾਧੀ ਲਾ ਬੈਠੇ ਜੋਗੀ ਵਾਂਗ ਮਹਾਰਾਜ ਜੀ ਸਮਾਧੀ ਲਾ ਨਾਮ ਸਿਮਰਨ ਕਰਦੇ ਰਹੇ। ਸ੍ਰੀ ਜਾਪੁ ਸਾਹਿਬ ਦੀ ਬਾਣੀ ਦਾ ਪਾਠ ਪੂਰਾ ਕੀਤਾ।... ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕੀਤਾ...ਅਜਪਾ-ਜਾਪ ਸ਼ੁਰੂ ਹੋ ਗਿਆ। ਸੁਰਤ ਟਿਕੀ ਰਹੀ, ਸਮਾਧੀ ਨਾ ਖੁਲ੍ਹੀ। ਰਾਤ ਬੀਤਦੀ ਗਈ। ਦਿਨ ਚੜ੍ਹਦਾ ਗਿਆ, ਹਵਾ ਰੁਕ ਗਈ। ਅਕਾਸ਼ ਨਿਰਮਲ ਹੋ ਗਿਆ ਤੇ ਸੂਰਜ ਦੀਆਂ ਕਿਰਨਾਂ ਨੇ ਧਰਤੀ ਨੂੰ ਚਮਕਾ ਦਿੱਤਾ। ਠੰਡ ਮਾਰੇ ਜੀਵਾਂ ਨੇ ਸੌਖਾ ਸਾਹ ਲਿਆ। ਪਰ ਮਹਾਰਾਜ ਜੀ ਦੀ ਸਮਾਧੀ ਲਗੀ ਰਹੀ। ਮਹਾਤਮਾ ਬੁੱਧ ਦੀ ਅਤੁੱਟ ਸਮਾਧੀ ਵਾਂਗ।

ਉਧਰ ਡੇਰੇ ਵਿਚ ਸੁਤੇ ਸਾਰੇ ਜਾਗ ਪਏ।

ਕਿਸੇ ਇਸ਼ਨਾਨ ਕੀਤਾ, ਕਿਸੇ ਪੰਜ ਇਸ਼ਨਾਨਾ। ਕੰਮ ਤੇ



Sri Satguru Jagjit Singh Ji Elibrary NamdhariElibrary@gmail.com

ਜਾਣ ਤੋਂ ਪਹਿਲਾਂ ਕੋਈ ਇਕ ਘੰਟਾ ਸਤਿਸੰਗ ਹੁੰਦਾ ਸੀ। ਸਤਿਸੰਗ ਨੂੰ ਸ਼ੁਰੂ ਮਹਾਰਾਜ ਜੀ ਨੇ ਕੀਤਾ ਸੀ ਤੇ ਹੌਲੀ ਹੌਲੀ ਸਤਿਸੰਗੀ ਚੋਖੇ ਪੁਰਖ ਬਣ ਗਏ ਸਨ। ਕੰਮ ਕਰਨ ਵਾਲੇ ਤਾਂ ਹਜ਼ਾਰ ਤੋਂ ਉਪਰ ਇਜਤ੍ਰੀ-ਪੁਰਖ ਸਨ। ਸਤਿ ਸੰਗੀਆਂ ਦੀ ਗਿਣਤੀ ਘਟ ਸੀ। ਉਹ ਵੀ ਭਾਈ ਖਜ਼ਾਨ ਸਿੰਘ ਦੇ ਡੇਰੇ ਵਿਚ ਰਹਿਣ ਵਾਲੇ ਸਨ। ਕਿਉਂਕਿ ਭਾਈ ਖਜ਼ਾਨ ਸਿੰਘ ਮੁਖ ਮਿਸਤ੍ਰੀ ਸੀ। ਮਹਾਰਾਜ ਜੀ ਦੇ ਮਾਮੇ ਭਾਈ ਹਰੀ ਸਿੰਘ ਦਾ ਸਪੁਤਰ ਸੀ। ਉਹਨਾਂ ਦੇ ਆਖਣ ਤੇ ਹੀ ਮਹਾਰਾਜ ਜੀ 'ਭੈਣੀ ਸਾਹਿਬ' ਤੋਂ ਕੰਮ ਕਰਨ ਵਾਸਤੇ ਫੀਰੋਜ਼ਪੁਰ ਪੁੱਜੇ ਸਨ।

ਹਰ ਰੋਜ਼ ਜਪ ਜਾਪ ਤੇ ਬਾਣੀਆਂ ਦੇ ਪਾਠ ਕਰਨ ਪਿਛੋਂ ਮਹਾਰਾਜ ਜੀ ਕੀਰਤਨ ਨੂੰ ਸ਼ੁਰੂ ਕਰਦੇ ਸਨ। ਆਪ ਢੋਲਕੀ ਵਜਾਉਂਦੇ...ਢੋਲਕੀ, ਚਿਮਟੇ ਤੇ ਛੈਣਿਆਂ ਨਾਲ 'ਆਸਾ ਦੀ ਵਾਰ' ਦਾ ਕੀਰਤਨ ਕਰਨਾ ਆਪ ਨੇ ਸ਼ੁਰੂ ਕੀਤਾ ਸੀ। ਉਸ ਦਿਨ ਸਾਰੇ ਸਤਿਸੰਗੀ ਕੀਰਤਨ-ਅਸਥਾਨ ਵਿਚ ਆ ਬੈਠੇ ਪਰ ਮਹਾਰਾਜ ਜੀ ਨਾ ਆਏ। ਸਭ ਨੂੰ ਹੈਰਾਨੀ ਹੋਈ, ਹਰ ਇਕ ਨੇ ਭਾਈ ਖਜ਼ਾਨ ਸਿੰਘ ਨੂੰ ਪੁਛਿਆ—

'ਭਾਈ ਰਾਮ ਸਿੰਘ ਜੀ ਕਿਥੇ ਹਨ? ਪੁਛਣ ਵਾਲਾ ਸੱਠ ਸਾਲ ਦੀ ਉਮਰ ਦਾ ਗੁਰਮੁਖ ਬਾਬਾ ਭਾਨ ਸਿੰਘ ਸੀ।

'ਬਾਬਾ ਜੀ ਨਹੀਂ ਆਏ?'

'ਮਹਾਰਾਜ ਜੀ ਕਿਤੇ ਬਾਹਰ ਗਏ ਹਨ?'

'ਗਿਆਨੀ ਜੀ! ਸੰਤ ਜੀ! ਭਾਈ ਜੀ! ਆਦਿਕ ਸਤਕਾਰ ਜੋਗ ਵਸ਼ੇਸ਼ਣਾਂ ਨਾਲ ਸੰਬੋਧਨ ਕਰਕੇ ਹਰ ਇਕ ਨੇ ਇਕ ਦੂਸਰੇ ਨੂੰ ਪੁੱਛਿਆ।

'ਭਾਈ ਜੀ! ਕੁਕੜ ਦੀ ਪਹਿਲੀ ਬਾਂਗ ਦਰਿਆ ਵਲ ਇਸ਼ਨਾਨ ਕਰਨ ਗਏ ਸਨ। ਅਜੇ ਤਕ ਮੁੜੇ ਨਹੀਂ!' ਭਾਈ ਖਜ਼ਾਨ ਸਿੰਘ ਨੇ ਉਤਰ ਦਿੱਤਾ। ਸਾਰਿਆਂ ਦੇ ਪੁਛਣ ਤੇ ਉਹਨਾਂ



Sri Satguru Jagjit Singh Ji Elibrary NamdhariElibrary@gmail.com

ਨੂੰ ਵੀ ਮਹਾਰਾਜ ਜੀ ਦਾ ਖਿਆਲ ਆਇਆ। 'ਐਨਾ ਦਿਰ ਤਾਂ ਨਹੀਂ ਸਨ ਬਾਹਰ ਰਹਿੰਦੇ।'

'ਕਹਿਰ ਦਾ ਠੱਕਾ ਵਗਦਾ ਸੀ। ਸੀਤ...ਪਤਾ ਕਰਨਾ ਸੀ।' ਬਾਬਾ ਭਾਨ ਸਿੰਘ ਆਖਿਆ।

'ਪਤਾ ਜ਼ਰੂਰ ਕਰਨ ਦੀ ਲੋੜ ਹੈ. ਮਹਾਰਾਜ ਜੀ ਭਜਨ ਕਰਨ ਵਾਸਤੇ ਬੈਠ ਗਏ ਹੋਣੇ ਹਨ। ਹੋ ਸਕਦਾ ਹੈ, ਸੀਤ ਕਾਰਣ ਉਠ ਨਾ ਸਕੇ ਹੋਣ।' ਇਕ ਹੋਰ ਸਿੱਖ ਬੋਲਿਆ, 'ਆਪ ਰੁਕਣ ਵਾਲੇ ਨਹੀਂ ?'

'ਜ਼ਰੂਰ ਪਤਾ ਕਰਨਾ ਚਾਹੀਦਾ ਹੈ।' ਭਾਈ ਖਜ਼ਾਨ ਸਿੰਘ ਨੇ ਅ ਖਿਆ ਤੇ ਉਸੇ ਵੇਲੇ ਦਰਿਆ ਵਲ ਤੁਰ ਪਏ। ਉਹਨਾਂ ਦੇ ਨਾਲ ਬਾਬਾ ਭਾਨ ਸਿੰਘ ਅਤੇ ਚਾਰ ਪੰਜ ਹੋਰ ਸਿੱਖ ਤੁਰੇ। ਉਹ ਸਿੱਖ ਖਾਲਸਾ ਫੌਜ ਵਿਚ ਨੌਕਰੀ ਕਰ ਚੁੱਕੇ ਸਨ ਤੇ ਟੱਬਰਾਂ ਦੀ ਪਾਲਣਾ ਕਰਨ ਲਈ ਕਿਲ੍ਹੇ ਵਿਚ ਦਿਹਾੜੀ ਕਰਨ ਆਏ ਸਨ। ਬੰਦੂਕ ਦੀ ਥਾਂ ਤੇਸਾ-ਆਰੀ, ਅਤੇ ਤੇਸੀ-ਕਾਂਡੀ ਹੱਥ ਫੜੀ ਸੀ।

ਭਾਵੇਂ ਮਹਾਰਾਜ ਜੀ ਦਾ ਪਤਾ ਕਰਨ ਸਾਰੇ ਹੀ ਜਾਣਾ ਚ ਹੁੰਦੇ ਸਨ, ਪਰ ਬਾਬਾ ਭਾਨ ਸਿੰਘ ਦੇ ਰੋਕਣ ਤੇ ਰੁਕ ਗਏ। ਉਹਨਾਂ ਕਿਹਾ ਸੀ, 'ਤੁਸੀਂ ਕੀਰਤਨ ਕਰੋ।.. ਭਾਈ ਜੀ ਆ ਜਾਂਦੇ ਹਨ, ਅਕਾਲ ਪੁਰਖ ਉਹਨਾਂ ਦੇ ਅੰਗ ਸੰਗ ਹੈ। ਨਾਮ ਸਿਮਰਨ ਦੇ ਪੱਕੇ ਅਭਿਆਸੀ ਹਨ।'

ਬਾਬਾ ਭਾਨ ਸਿੰਘ ਤੇ ਭਾਈ ਖਜ਼ਾਨ ਸਿੰਘ ਦੀ ਅਗਵਾਈ ਹੇਠ ਜਦੋਂ ਛੋਟਾ ਜਿਹਾ ਜਥਾ ਦਰਿਆ ਕਿਨਾਰੇ ਪੁੱਜਾ ਤਾਂ ਦੂਰੋਂ ਹੀ ਮਹਾਰ ਜ ਜੀ ਦੇ ਦਰਸ਼ਨ ਕਰਕੇ ਹੈਰਾਨ ਹੋਏ।

ਉਹਨਾਂ ਸਾਰਿਆਂ ਦੀ ਹੈਰਾਨੀ ਦਾ ਕਾਰਣ ਸੀ ਕਿ ਦਰਿਆ ਦੇ ਕਿਨਾਰੇ ਧਰਤੀ ਉਤੇ 'ਪਦਮਾਸਨ' ਭੂਰੇ ਦੀ ਬੁਕਲ ਮਾਰੀ ਮਹਾਰਾਜ ਜੀ ਸਮਾਧੀ ਲਾਈ ਬਰਾਜੇ ਸਨ। ਅਹਿਲ...ਜਿਵੇਂ ਕਾਲੇ ਸੰਗ ਮਰਮਰ ਦੀ ਮੂਰਤੀ ਹੁੰਦੀ ਹੈ। ਚਿਹਰਾ ਹੱਥ-ਪੈਰ



Sri Satguru Jagjit Singh Ji Elibrary NamdhariElibrary@gmail.com

ਕਜੇ ਸਨ। ਕੋਈ ਪੰਜ ਫੁੱਟ ਦੀ ਵਿਥ ਉਤੇ ਇਕ ਫੁਟ ਨੀਵਾਂ ਦਰਿਆ ਦਾ ਪਾਣੀ ਤੂਫਾਨੀ ਚਾਲ ਵਗੀ ਜਾ ਰਿਹਾ ਸੀ। ਪਾਣੀ ਉਤੇ ਝੱਗ ਸੀ ਤੇ ਕਈ ਨਿਕੇ ਵਡੇ ਦਰਖਤਾਂ ਦੇ ਤੱਣੇ ਤੇ ਟਾਹਣ ਰੁੜ੍ਹੇ ਜਾ ਰਹੇ ਸਨ। ਜਿਹੜੇ ਇਹ ਸੂਚਨਾ ਦਿੰਦੇ ਸਨ ਕਿ ਪਹਾੜ ਤੇ ਪਹਾੜ ਦੇ ਪੈਰਾਂ ਦ ਮੈਦਾਨਾਂ ਵਿਚ ਰਾਤ ਬਾਰਸ਼ ਬਹੁਤ ਹੋਈ ਸੀ।

'ਭਾਈ ਜੀ! ਭਾਈ ਜੀ!!' ਭਾਈ ਖਜ਼ਾਨ ਸਿੰਘ ਨੇ ਅੱਗੇ ਹੋਕੇ ਮਹਾਰਾਜ ਜੀ ਦੇ ਮੋਢੇ ਨੂੰ ਫੜਕੇ ਹਿਲਾਯਾ ਤੇ ਆਵਾਜ਼ ਦਿੱਤੀ।

'ਭਾਈ ਜੀ!'

'ਬਾਬਾ ਜੀ!'

'ਮਹਾਰਾਜ ਜੀ!'

ਸਾਰਿਆਂ ਨੇ ਵਖ ਵਖ ਅਵਾਜ਼ਾਂ ਦਿੱਤੀਆਂ। ਸਾਰਿਆਂ ਨੂੰ ਚਿੰਤਾ ਲਗ ਗਈ ਸੀ ਕਿ ਕਿਤੇ ਸੀਤ ਨੇ ਮਹਾਰਾਜ ਦੇ ਹੱਥ-ਪੈਰ ਤਾਂ ਨਹੀਂ ਸਨ ਖੁਥਾ ਦਿੱਤੇ।

'ਸਰੀਰ ਗਰਮ ਹੈ...' ਭਾਈ ਖਜ਼ਾਨ ਸਿੰਘ ਨੇ ਮਹਾਰਾਜ ਦਾ ਹੱਥ-ਫੜਕੇ ਦੇਖਿਆ ਤੇ ਆਖਿਆ।

ਪਿਆਰ, ਹਮਦਰਦੀ ਤੇ ਸ਼ਰਧਾ ਉਹਨਾਂ ਨੂੰ ਉਡੀਕ ਕਰਨ ਵਾਸਤੇ ਰੋਕ ਨਾ ਸਕੇ। ਭਾਈ ਖਜ਼ਾਨ ਸਿੰਘ ਨੇ ਚਿਹਰੇ ਤੇ ਸਿਰ ਉਪਰੋਂ ਭੂਰਾ ਪਰੇ ਕਰ ਦਿੱਤਾ। ਸਾਰਿਆ ਨੂੰ ਦਰਸ਼ਨ ਹੋਏ, ਚਿਹਰਾ ਲਾਲ ਨੂਰੋ ਨੂਰ ਸੀ। ਬੁਲ੍ਹ ਫੁਰਕੀ ਜਾਂਦੇ ਸਨ ਤੇ ਨੇਤਰ ਮੁੰਦੇ ਸਨ। ਬੁਲ੍ਹਾਂ ਦੇ ਫੁਰਕਣ ਤੋਂ ਮਾਲੂਮ ਹੋਇਆ ਕਿ ਆਪ ਅਜੇ ਨਾਮ-ਸਿਮਰਨ ਕਰੀ ਜਾਂਦੇ ਸਨ। ਸੁਰਤ ਮਾਲਕ ਦੇ ਚਰਨ-ਕਮਲਾਂ ਨਾਲ ਜੁੜੀ ਸੀ। ਰਬੀ ਨੂਰ ਦਾ ਪ੍ਰਕਾਸ਼ ਸੀ।

ਅੱਖਾਂ ਦੇ ਰਾਹੀਂ ਹਿਰਦਿਆਂ ਨੂੰ ਐਸੀ ਖਿਚ ਪਈ ਕਿ ਸਾਰਿਆਂ ਦੇ ਮਸਤਕ ਝੁਕ ਗਏ। ਨਿਮਸ਼ਕਾਰ ਕੀਤੀ।



Sri Satguru Jagjit Singh Ji Elibrary NamdhariElibrary@gmail.com

'ਰਬੀ ਕੌਤਕ ਹੈ।' ਬਾਬਾ ਭਾਨ ਸਿੰਘ ਬੋਲਿਆਂ।

'ਭਵਿਖਤ ਬਾਨੀ ਸਚ ਹੋ ਰਹੀ ਹੈ।' ਸੈਨਿਕ ਦਲੀਪ ਸਿੰਘ ਬੋਲਿਆ। 'ਜਦੋਂ ਅਸਾਂ ਮਹਾਰਾਜ ਬਾਲਕ ਸਿੰਘ ਜੀ ਦੇ ਹਜ਼ਰੋ ਦਰਸ਼ਨ ਕੀਤੇ ਸਨ ਤਾਂ ਉਹਨਾਂ ਨੇ ਬਚਨ ਕੀਤਾ ਸੀ।' ਰਾਮ ਸਿੰਘਾ...ਕਰਤਾਰ ਦੀ ਕ੍ਰਿਪਾ-ਦ੍ਰਿਸ਼ਟੀ ਤੇਰੇ ਉਤੇ ਬਹੁਤ ਹੋਣੀ ਹੈ। ਨਾਮ-ਸਿਮਰਨ ਕਰਨਾ ਤੇ ਕਰਾਉਣਾ। ਸੇਵਾ ਕਰਨੀ ਤੇ ਕਰਾਉਣੀ ਹੋਏਗੀ, ਆਉਣ ਵਾਲੇ ਸਮੇਂ ਨੂੰ ਤੇਰੀ ਲੋੜ ਹੈ। ਮੈਂ ਉਸ ਵੇਲੇ ਮਹਾਰਾਜ ਜੀ ਦੇ ਨਾਲ ਸਾਂ। ਇੱਕੋ ਰਜਮੈਂਟ ਵਿਚ ਨੌਕਰ ਸਾਂ।'

ਦਲੀਪ ਸਿੰਘ ਦੇ ਬੋਲਾਂ ਨੂੰ ਸਾਰਿਆਂ ਧਿਆਨ ਨਾਲ ਸੁਣਿਆਂ। ਬਾਬਾ ਭਾਨ ਸਿੰਘ ਤੇ ਭਾਈ ਖਜ਼ਾਨ ਨੂੰ ਵੀ ਉਹ ਸਾਖੀਆਂ ਚੇਤੇ ਆਉਣ ਲਗੀਆਂ ਜਿਹੜੀਆਂ ਮਹਾਰਾਜ ਬਾਲਕ ਸਿੰਘ ਜੀ ਦੇ ਨਾਮ ਸਿਮਰਨ, ਉਹਨਾ ਪਰ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਦਇਆ ਦ੍ਰਿਸ਼ਟੀ ਹੋਣ ਅਤ ਨੌਂ-ਨਿਧਾਂ ਤ ਬਾਰਾਂ ਸਿਧਾਂ ਨਾਮ-ਸਿਮਰਨ, ਸਚ ਬੋਲਣ ਤੇ ਸੇਵਾ ਕਰਨ ਨਾਲ ਪ੍ਰਾਪਤ ਹੋਣ ਬਾਬਤ ਮਹਾਰਾਜ ਰਾਮ ਸਿੰਘ ਜੀ ਨੇ ਸੁਣਾਈਆਂ ਸਨ। ਮਹਾਰਾਜ ਬਾਲਕ ਸਿੰਘ ਜੀ ਪਾਸੋਂ ਨਾਮ-ਬਾਨੀ ਦੀ ਦੀਖਿਆ ਪ੍ਰਾਪਤ ਕੀਤੀ ਨੂੰ ੧੪ ਸਾਲ ਹੋ ਗਏ ਸਨ। ਜੀਵਨ ਵਿਚ ਭਾਵੇਂ ਕਈ ਉਤਰਾ ਚੜ੍ਹਾ ਆਏ ਸਨ, ਪਰ ਮਹਾਰਾਜ ਜੀ ਨੇ ਨਾਮ-ਸਿਮਰਨ ਦੀ ਭਗਤੀ ਤਪਸਿਆ ਨੂੰ ਜਾਰੀ ਰਖਿਆ ਸੀ। ਬਾਨੀ ਦਾ ਕੀਰਤਨ ਤੇ ਪਾਠ ਕਰਨਾ ਜੀਵਨ ਦਾ ਇਕ ਭਾਗ ਬਣਾ ਲਿਆ ਸੀ।

ਮਹਾਰਾਜ ਜੀ ਨੂੰ ਨੱਪਿਆ-ਘੁਟਿਆ ਗਿਆ ਤਾਂ ਮਹਾਰਾਜ ਜੀ ਦੇ ਨੇਤਰ ਖੁਲ੍ਹੇ। ਨੇਤਰਾਂ ਦੇ ਖੁਲ੍ਹਣ ਦੀ ਪਹਿਲੀ ਦ੍ਰਿਸ਼ਟ ਸਰਵਨ ਸਿੰਘ ਦੇ ਚਿਹਰੇ ਉਤੇ ਪਈ। ਉਸ ਦ੍ਰਿਸ਼ਟ ਨੇ ਜਾਦੂ ਵਰਗਾ ਅਸਰ ਕੀਤਾ। ਨਾਮ ਸਿਮਰਨ ਦੀ ਜਾਹਰੀ ਕਲਾ ਦਿਖਾਈ, ਸਰਵਨ ਸਿੰਘ ਦੇ ਦੇਹ ਦੇ ਰੋਗ ਮਿਟਾ ਦਿੱਤੇ। ਉਸ



Sri Satguru Jagjit Singh Ji Elibrary NamdhariElibrary@gmail.com

ਨੂੰ ਸਰੀਰਕ ਅੰਗਾਂ ਵਿਚ ਪੀੜਾਂ ਹੁੰਦੀਆਂ ਸਨ। ਉਹ ਰੁਕ ਗਈਆਂ, ਉਸੇ ਵੇਲੇ ਖੁਸ਼ੀ ਦੀ ਝੂਮ ਆਈ। ਉਸ ਨੇ ਚਰਨਾਂ ਉਤੇ ਮੱਥਾ ਰਖ ਦਿੱਤਾ।

'ਸਤਿਨਾਮ ਵਾਹਿਗੁਰੂ !' ਉਚਰਕੇ ਮਹਾਰਾਜ ਜੀ ਨੇ ਸਾਰਿਆਂ ਵਲ ਤਕਿਆ। ਉਠਕੇ ਖਲੋ ਗਏ ਤੇ ਮੁਸਕਰਾਏ।

'ਚੋਖਾ ਦਿਨ ਚੜ੍ਹ ਗਿਆ !' ਮਹਾਰਾਜ ਜੀ ਨੇ ਬਚਨ ਕੀਤਾ।

'ਹਾਂ ਭਾ ਜੀ ! ਬਹੁਤ ਦਿਨ ਚੜ੍ਹ ਗਿਆ। ਅਸਾਂ ਨੂੰ ਤਾਂ ਚਿੰਤਾ ਲਗ ਗਈ ਸੀ ਕਿ ਖਵਰੇ ਕਿਉਂ ਨਹੀਂ ਡੇਰੇ ਪੁੱਜੇ। ਸਤਿਸੰਗ ਦਾ ਵੀ ਵੇਲਾ ਹੋ ਗਿਆ ਸੀ।' ਭਾਈ ਖਜ਼ਾਨ ਸਿੰਘ ਨੇ ਆਖਿਆ।

'ਕਰਤਾਰ ਦੀ ਲੀਲਾ ਕਰਤਾਰ ਜਾਣੇ। ਵਡੇ ਸਤਿਸੰਗ ਵਿਚ ਬੈਠੇ ਸਾਂ, ਰਾਗ-ਦਵੇਖ ਤੋਂ ਦੂਰ.. ਪ੍ਰਭੂ ਭਗਤਾਂ, ਸ਼ਹੀਦਾਂ, ਨਾਮ ਰਸੀਆਂ ਦੇ ਖੁਲ੍ਹੇ ਦਰਸ਼ਨ ਹੋਏ...।' ਮਹਾਰਾਜ ਜੀ ਨੇ ਬਚਨ ਕੀਤਾ ਤੇ ਉਹਨਾਂ ਦੇ ਨਾਲ ਤੁਰ ਪਏ।

ਬਚਨ-ਬਿਲਾਸ ਕਰਦੇ ਹੋਏ ਡੇਰੇ ਪੁੱਜੇ। ਅਗੇ ਸਤਿਸੰਗੀ ਅਤੇ ਉਹ ਲੋਕ ਖਲੋਤੇ ਸਨ, ਜਿਨ੍ਹਾਂ ਨੇ ਸੁਣਿਆ ਸੀ, 'ਭਾਈ ਰਾਮ ਸਿੰਘ ਜੀ ਸੰਤ-ਖਾਲਸਾ' ਪਿਛਲ ਰਾਤੀਂ ਦਰਿਆ ਉਤੇ ਇਸ਼ਨਾਨ ਕਰਨਗੇ ਨਹੀਂ ਮੁੜੇ। ਪਤਾ ਨਹੀਂ ਕੀ ਭਾਣਾ ਵਰਤਿਆ। ਚਿਤਾ ਫਿਕਰ ਸਾਰਿਆਂ ਨੂੰ ਸੀ। ਜਦੋਂ ਦਰਸ਼ਨ ਕੀਤੇ ਤਾਂ ਪ੍ਰਸੰਨ ਹੋ ਗਏ।

ਮਹਾਰਾਜ ਜੀ ਅਜੇ ਭਾਈ ਖਜ਼ਾਨ ਸਿੰਘ ਜੀ ਦੇ ਡੇਰੇ ਅੰਦਰ ਦਾਖਲ ਨਹੀਂ ਸਨ ਹੋਏ ਕਿ ਅੱਧ-ਖੜ ਇਸਤ੍ਰੀ, ਜਿਹੜੀ ਆਪਣੇ ਪਤੀ, ਨੂੰਹ ਪੁੱਤ ਤੇ ਚੌਂਹ ਪੁੱਤਰਾਂ ਨਾਲ ਗਰੀਬੀ ਤੇ ਥੁੜ੍ਹਾਂ ਨੂੰ ਦੂਰ ਕਰਨ ਵਾਸਤੇ ਮਜ਼ਦੂਰੀ ਕਰਦੀ ਸੀ। ਹਿੱਕ ਨਾਲ ਦੋ ਸਾਲ ਦਾ ਬੱਚਾ ਲਾਈ ਨੱਠੀ ਆਈ। ਉਸ ਦੇ ਪਿਛੇ ਉਸ ਦੀ ਨੂੰਹ ਤੇ ਬਾਕੀ



Sri Satguru Jagjit Singh Ji Elibrary NamdhariElibrary@gmail.com

ਪਰਵਾਰ ਸੀ । 'ਭਾਈ ਜੀ ! ਮਹਾਰਾਜ ਜੀ ! ਬਾਬਾ ਜੀ..!' ਬੋਲਦੀ ਹੋਈ ਮਾਸੂਮ ਭੋਲੀ ਮਮਤਾ ਲੁਟੀ ਉਸ ਇਸਤ੍ਰੀ ਨੇ ਮਹਾਰਾਜ ਜੀ ਨੂੰ ਸੰਬੋਧਨ ਕੀਤਾ। ਉਸ ਭੋਲੀ ਨੂੰ ਨਹੀਂ ਸੀ ਪਤਾ ਕਿ ਕਿਹੜਾ ਸਤਕਾਰ ਵਾਲਾ ਸ਼ਬਦ ਬੋਲਕੇ ਸੰਬੋਧਨ ਕਰਨਾ ਸੀ। ਉਸ ਨੇ ਉਹ ਸਾਰੇ ਸ਼ਬਦ ਇਕੋ ਵਾਰ ਵਰਤ ਲਏ, ਜਿਹੜ ਉਸ ਸਮੇਂ ਸ਼ਤਕਾਰ ਜੋਗ ਪੁਰਖਾਂ ਨੂੰ ਸੰਬੰਧਨ ਕਰਨ ਵਾਸਤੇ ਵਰਤੇ ਜਾਂਦੇ ਸਨ।

ਇਕ ਦਰਦ ਭਰੀ ਮਾਂ-ਦਿਲ ਦੀ ਅਵਾਜ਼ ਨੇ ਮਹਾਰਾਜ ਜੀ ਦੇ ਚਰਨ ਰੋਕੇ। ਉਹਨਾਂ ਨੇ ਪਿਛੇ ਮੁੜਕੇ ਦੇਖਿਆ। ਉਨੇ ਨੂੰ ਇਸਤ੍ਰੀ ਕੋਲ ਆ ਗਈ।

'ਆ ਭੈਣ ਭਾਗੋ ! ਕੀ ਗਲ ?' ਮਹਾਰਾਜ ਜੀ ਨੇ ਅਗੋਂ ਬਚਨ ਕੀਤਾ।

'ਮੇਰਾ ਪੋਤਰ.. ਕੁੱਦੂ . ਦਇਆ ਕਰੋ ! ਬਚਾਉ ! ਮੇਰੇ ਪੋਤਰੇ ਨੂੰ ਬਚਾਉ !' ਭਾਗੀ ਨੇ ਨੇੜੇ ਹੋਕੇ ਤਰਲਾ ਕੀਤਾ। ਉਸ ਦੀਆਂ ਅਖਾਂ ਸਜਲ ਸਨ ਸਾਹ ਚੜ੍ਹਿਆ ਸੀ ਤੇ ਕਲੇਜਾ ਰ ਲੇ ਨੂੰ ਆਇਆ ਸੀ। ਉਸ ਦਾ ਬਾਕੀ ਪਰਵਾਰ ਵੀ ਨੇੜੇ ਆ ਗਿਆ। ਨੂੰਹ ਨੇ ਰੋ ਰੋ ਕੇ ਅਖਾਂ ਸੁਜਾ ਲਈਆਂ ਸਨ।

'ਮਹਾਰਾਜ ! ਹਕੀਮਾਂ ਵੈਦਾਂ ਨੇ ਜਵਾਬ ਦੇ ਦਿੱਤਾ। ਪਰਸੋਂ ਦਾ ਕੁੱਦੂ ਗੁਮ ਹੈ ਪਤਾ ਨਹੀਂ ਕਿਸ ਚੰਦਰੀ ਛਾਇਆ ਨੇ ਮੇਰੇ ਲਾਲ ਨੂੰ ਘੁਟਿਆ ਹੈ...ਸੁਰਤ ਨਹੀਂ ਕਰਦਾ ਆਪ ਹੀ ਕੋਈ ਰੇਖ ਵਿਚ ਮੇਖ ਮਾਰੋ ਦਇਆ ਕਰੋ !

ਭਾਗੋ ਬੋਲੀ ਗਈ।

ਉਸ ਦੀ ਨੂੰਹ ਤਰਲਾ ਕਰੀ ਗਈ।

ਭਾਗੋ ਦਾ ਪੁੱਤਰ-ਕੁੱਦੂ ਦਾ ਪਿਤਾ ਤਾਂ ਬੋਲ ਨਾ ਸਕਿਆ। ਉਸ ਨੇ ਤੇ ਉਸ ਦੀ ਪਤਨੀ ਨੇ ਤਿੰਨ ਦਿਨ ਤੋਂ ਅੰਨ-ਜਲ ਵੀ ਮੂੰਹ ਨਹੀਂ ਸੀ ਲਾਇਆ। ਉਹਨਾਂ ਦਾ ਅਗੇ ਇਕ ਬਚਾ ਦੋ ਸਾਲ



Sri Satguru Jagjit Singh Ji Elibrary NamdhariElibrary@gmail.com

ਦਾ ਹੌਕੇ ਉਸੇ ਤਰ੍ਹਾਂ ਗੁਮ ਹੋ ਮਰ ਗਿਆ ਸੀ। ਸੱਪ ਦਾ ਡਰਿਆ ਰਸੀ ਕੋਲੋਂ ਡਰਦਾ ਹੈ। ਉਹਨਾਂ ਨੂੰ ਕਿਸੇ ਕਿਹਾ ਸੀ, 'ਠੰਡ ਲਗ ਗਈ।' ਕਿਸੇ ਨੇ ਆਖਿਆ ਛ ਇਆ ਚੰਮੜੀ ਹੈ ' ਜਿਸ ਦੇਖਿਆ ਉਸੇ ਨੇ ਆਪਣੀ ਸਮਝ ਅਨੁਸਾਰ ਦਸਿਆ।

ਬਹੁਤ ਸ ਰੇ ਹੋਰ ਇਸਤ੍ਰੀ-ਪੁਰਖ ਇੱਕਠੇ ਹੋ ਗਏ। ਮਨੁੱਖੀ ਸਾਂਝ ਦੇ ਕਾਰਣ ਸਾਰਿਆਂ ਨੂੰ ਹਮਦਰਦੀ ਸੀ। ਕੁੰਦੂ ਸਭ ਦਾ ਬੱਚਾ ਸੀ।

ਮਹਾਰਾਜ ਜੀ ਨੇ ਕ੍ਰਿਪਾ ਦ੍ਰਿਸ਼ਟੀ ਨਾਲ ਕੁੰਦੂ ਦੇ ਮਾਸੂਮ ਚਿਹਰੇ ਵਲ ਤਕਿਆ। ਉਸ ਦੀਆਂ ਅਖਾਂ ਮਿਟੀਆਂ ਸਨ। ਨਿਕੇ ਪਤਲੇ ਬੁਲ੍ਹ ਅਧ-ਖੁਲ੍ਹੇ ਸਨ। ਉਸ ਦੇ ਚਿਹਰੇ ਦਾ ਰੰਗ ਹਲਦੀ ਰੰਗਾ ਸੀ।

'ਮਾਤਾ ਜੀ! ਮਾਂ-ਬਾਪ ਦੀ ਭੁਲ ਦਾ ਕੌੜਾ ਫਲ ਬਚਿਆਂ ਨੂੰ ਖਾਣਾ ਪੈਂਦਾ ਹੈ।' ਮਾਈ ਭਾਗੋ ਵਲ ਦੇਖਕੇ ਮਹਾਰਾਜ ਜੀ ਨੇ ਬਚਨ ਕੀਤਾ। ਸਾਰੇ ਸਾਹ-ਰੋਕ ਕੇ ਚੁੱਪ ਹੋ ਗਏ।' ਇਸ ਲੜਕੇ ਤੋਂ ਪਹਿਲਾਂ ਤੁਸਾਂ ਦੀ ਨੂੰਹ ਨੇ ਕੰਨਿਆਂ ਨੂੰ ਜਨਮ ਦਿੱਤਾ ਸੀ। ਕੰਨਿਆਂ ਦਾ ਜਨਮ ਹੋਇਆ ਸੁਣਕੇ ਤੁਸਾਂ ਸੰਗ ਕੀਤਾ ਸੀ ਤੇ ਮਾਂ.. ਤੁਸਾਂ ਹੀ ਦਾਈ ਨੂੰ ਇਸ਼ਾਰਾ ਕੀਤਾ ਸੀ—ਗਲਾ ਘੁਟਦੇ। ਉਸ ਨੇ ਗਲਾ ਘੁਟ ਦਿੱਤਾ ਤੇ ਤੁਸੀਂ ਬਾਹਰ ਨੱਪ ਆਏ। ਇਹ ਪ੍ਰਗਟ ਕੀਤਾ, 'ਮੋਈ ਕੁੜੀ ਜੰਮੀ . ਵਾਹਿਗੁਰੂ ਦੇ ਹੁਕਮ ਨਾਲ ਕੁੜੀ ਜੀਊਂਦੀ ਜੰਮੀ ਸੀ।

ਮਹਾਰਾਜ ਜੀ ਦੇ ਪਵਿਤ੍ਰ ਬੁਲ੍ਹਾਂ ਤੋਂ ਕਿਰੇ ਸਚੇ ਬਚਨ ਸੁਣਕੇ ਕੋਲ ਖਲੋਤੇ ਪੁਰਸ਼ ਸੁੰਨ ਹੋ ਗਏ। ਭਾਗੋ ਦਾ ਕਲੇਜਾ ਹਿਲ ਗਿਆ, ਲੁਕਿਆ ਪਾਪ ਪ੍ਰਗਟ ਹੋ ਗਿਆ। ਉਹ ਕੰਬਣ ਲਗ ਪਈ, ਉਸ ਦੇ ਕੰਬਦੇ ਹੱਥਾਂ ਵਿਚੋਂ ਉਸ ਦਾ ਪੋਤਰਾ ਕੁੰਦੂ ਕਿਵੇਂ ਹੀ ਡਿਗਣੋਂ ਬਚਿਆ। ਉਸ ਦੀ ਨੂੰਹ ਹੈਰਾਨੀ ਨਾਲ ਘਬਰਾਉਣ ਲੱਗੀ।



Sri Satguru Jagjit Singh Ji Elibrary NamdhariElibrary@gmail.com

'ਉਸ ਕੰਨਿਆਂ ਦੀ ਰੂਹ ਸ਼ਾਂਤ ਨਹੀਂ ਹੋਈ। ਉਹ ਭੜਕਦੀ ਹੋਈ ਕ੍ਰੋਧਵਾਨ ਹੈ—ਉਸ ਨੇ ਇਸ ਬੱਚੇ ਦਾ ਸਾਹ ਘੁਟਿਆ ਹੈ।— ਕੰਨਿਆਂ ਨੂੰ ਮਾਰਨਾ ਮਹਾਂ ਪਾਪ ਹੈ। ਅਗੇ ਨੂੰ ਬਚਨ ਦਿਉ ਕਿ ਤੁਸਾਂ ਦੇ ਟਬਰ ਵਿਚ ਕੋਈ ਮਾਸੂਮ ਕੰਨਿਆਂ ਨੂੰ ਨਹੀਂ ਮਾਰੇਗਾ, ਸਗੋਂ ਕੰਨਿਆ ਦਾਨ (ਕੰਨਿਆ ਦਾ ਵਿਆਹ) ਕਰੇਗਾ...ਤਾਂ ਅਸੀਂ ਅਰਦਾਸ ਕਰਕੇ ਉਸ ਕੰਨਿਆਂ ਦੀ ਰੂਹ ਨੂੰ ਸ਼ਾਂਤੀ ਦਿਵਾਉਂਦੇ ਹਾਂ ਤੇ ਇਸ ਬਚੇ ਦੀ ਉਮਰ ਲੰਮੀ ਹੋਏਗੀ ।'

ਸਾਰਾ ਪਰਵਾਰ ਮਹਾਰਾਜ ਜੀ ਦੇ ਚਰਨੀ ਡਿਗਾ। ਭਾਗੋ ਨੇ ਕੋਕੇ ਕੀਤੇ ਪਾਪ ਦਾ ਇਕਬਾਲ ਕੀਤਾ। 'ਕੁੜੀਆਂ ਪਾਲਾਂਗੇ... ਦਾਨ ਕਰਾਂਗੇ।' ਸਭ ਨੇ ਆਖਿਆ।

'ਪੁੱਤਰ ਕੁੰਦੂ! ਐਨਾ ਚਿਰ ਸੌਣਾ ਠੀਕ ਨਹੀਂ। ਜਾਗ! ਅਖਾਂ ਖੋਲ੍ਹ! ਮੁਸਕਰਾ...ਤੂੰ ਹੱਸੇਂ-ਮੁਸਕਰਾਏਂਗਾ ਤਾਂ ਸਾਰੇ ਹੱਸਣਗੇ ਕੁਦਰਤ ਹਸੇਗੀ... ਚੰਦ-ਸੂਰਜ ਹਸਣਗੇ...ਪੁਤਰ ਕੁੰਦੂ!' ਮਹਾਰਾਜ ਜੀ ਨੇ ਕੁੰਦੂ ਦਾ ਨਿਕਾ ਜਿਹਾ ਸਜਾ ਹੱਥ ਆਪਣੇ ਹੱਥ ਵਿਚ ਫੜਕੇ ਘੁੱਟਕੇ ਬਚਨ ਕੀਤਾ।

ਬਚਨ ਕਰਨ ਪਿਛੋਂ ਮਹਾਰਾਜ ਜੀ ਨੇ ਕੁੰਦੂ ਦਾ ਹੱਥ ਨਾ ਛਡਿਆ। ਪਰ ਇਕ ਦੋ ਮਿੰਟ ਖਮੋਸ਼ ਹੋ ਗਏ, ਨੇਤਰਾਂ ਦੀਆਂ ਨਿਗਾਹ ਕਰਨਾ ਕੁੰਦੂ ਦੇ ਮੂੰਹ ਉਤੇ ਸੁਟਦੇ ਰਹੇ। ਕੋਈ ਤਿੰਨ ਮਿੰਟ ਪਿਛੋਂ ਬਾਲਕ ਕੁੰਦੂ ਦਾ ਸਾਰਾ ਸਰੀਰ ਕੰਬਿਆ। ਉਸ ਕੰਬਣੀ ਨਾਲ ਬੁਲ੍ਹ ਫੁਰਕੇ...ਖੁਲ੍ਹੇ ਤੇ ਇਕ ਚੀਕ ਨਿਕਲੀ।

ਕੁੰਦੂ ਰੋ ਪਿਆ। 'ਮਾਂ..' ਉਸ ਦੇ ਬੁਲ੍ਹਾਂ ਤੋਂ ਸ਼ਬਦ ਨਿਕਲਿਆ। ਉਸ ਦੀਆਂ ਅਨਖੁਲ੍ਹੀਆਂ ਅਖਾਂ ਵਿਚੋਂ ਹੰਝੂ ਵਗ ਤੁਰੇ।...ਉਸ ਦਾ ਸਰੀਰ ਇਕ ਦਮ ਗਰਮ ਹੋਣ ਲੱਗਾ..।

ਭਾਗੋ, ਉਸ ਦੀ ਨੂੰਹ ਪੁੱਤਰ ਸਾਰੇ ਪਰਵਾਰ ਅਤੇ ਕੋਲ ਖਲੋਤਿਆਂ ਦੇ ਲਹੂ ਵਿਚ ਖੁਸ਼ੀ ਦੀ ਲਹਿਰ ਦੌੜੀ। ਉਦਾਸ ਚਿਹਰਿਆਂ ਤੇ ਖੇੜਾ ਆਇਆ। ਭਾਗੋ ਦੀਆਂ ਅੱਖਾਂ ਵਿਚੋਂ ਖੁਸ਼ੀ



Sri Satguru Jagjit Singh Ji Elibrary NamdhariElibrary@gmail.com

ਦੇ ਅੱਥਰੂ ਕਿਰੇ।

ਸਿਆਣੀ ਭਾਗੋ ਨੇ ਉਸੇ ਵੇਲੇ ਕੁੰਦੂ ਨੂੰ ਮਹਾਰਾਜ ਜੀ ਦੇ ਚਰਨਾਂ ਉਤੇ ਰਖਣ ਦਾ ਜਤਨ ਕੀਤਾ। ਪਰ ਮਹਾਰਾਜ ਜੀ ਨੇ ਬਚਨ ਕੀਤਾ—'ਰਖਣ ਹਾਰ ਕਰਤਾਰ ਦੇ ਨਾਮ ਦਾ ਸਿਮਰਨ ਕਰਨਾ। ਕੁੰਦੂ...ਕੁੰਦਨ ਸਿੰਘ ਬਣੇਗਾ।...ਗੁਰੂ ਘਰ ਦਾ ਪ੍ਰੇਮੀ ਹੋਣੀਆਂ ਨਾਲ ਟਕਰ ਲਵੇਗਾ...। ਚੁਕ ਲਉ।'

ਇਹ ਬਚਨ ਕਰਕੇ ਦਬਾ ਦਬ ਮਹਾਰਾਜ ਜੀ ਆਪਣੇ ਡੇਰੇ ਅੰਦਰ ਚਲੇ ਗਏ।

ਮਾਈ ਭਾਗੋ ਮੁਸਕਰਾਉਂਦੇ ਤੇ ਹਸਦੇ ਪੋਤਰੇ ਨੂੰ ਲੈਕੇ ਆਪਣੇ ਡੇਰੇ ਵਲ ਮੁੜੀ। ਸਾਰਾ ਪਰਵਾਰ ਮਹਾਰਾਜ ਜੀ ਦਾ ਜਸ ਕਰਨ ਲੱਗਾ।

ਕੰਮ ਸ਼ੁਰੂ ਹੋਇਆ। ਸਾਰੇ ਰਾਜ ਮਿਸਤ੍ਰੀ, ਲਕੜੀ ਦੇ ਕਾਰੀਗਰ, ਮਜ਼ਦੂਰ ਸਾਰੇ ਆਪੋ ਆਪਣੇ ਕੰਮ ਲਗ ਗਏ। ਮਹਾਰਾਜ ਜੀ ਲਕੜੀ ਦਾ ਕੰਮ ਕਰਦੇ ਸਨ। ਅੰਦਰ ਸੱਚ ਸੀ, ਹੱਥਾਂ ਵਿਚ ਸੁਚੀ ਕਿਰਤ ਦੀ ਸ਼ਕਤੀ ਸੀ। 'ਹੱਥ ਕਾਰ ਵਲ ਚਿੱਤ ਯਾਰ ਵਲ' ਸੀ। ਉਮਰ ਦਾ ਇਕ ਭਾਗ ਕਿਰਤ ਕਰਦਿਆਂ ਸੋਹਣਾ ਬੀਤਿਆ ਸੀ। ਆਪਣੇ ਕੰਮ ਜਾ ਲਗੇ, ਪਰ ਮਨ-ਬਿਰਤੀ ਕੰਮ ਕਰਨ ਵਲੋਂ ਕੁਝ ਝਿਜਕੀ। ਸੁਰਤ ਨੇ ਕੜਾਕਾ ਖਾਧਾ, ਸੁਰਤ ਅਕਾਲ ਪੁਰਖ ਦੀ ਆਤਮਾ ਨਾਲ ਜੁੜੀ। ਉਹ ਬਚਨ ਸੁਣਾਈ ਦਿੱਤੇ, ਜਿਹੜੇ ਸੁਣੇ ਸਨ। 'ਤੁਸਾਂ ਦੇ ਪ੍ਰਗਟ ਹੋਣ ਦਾ ਸਮਾਂ ਆ ਗਿਆ। ਮੁਰਦਿਆਂ ਨੂੰ ਜੀਉਂਦਿਆਂ ਕਰਨਾ ਹੈ। ਗੁਲਾਮੀ ਦੇ ਭਾਰੇ ਪੈਰਾਂ ਮਾਸੂਮ ਮਨੁੱਖਤਾ–ਦਲੀ-ਮਲੀ ਜਾ ਰਹੀ ਹੈ।...ਤੁਸਾਂ ਨੂੰ ਅਸਾਂ ਭੇਜਿਆ ਹੈ . ਚੁਣਕੇ ਭੇਜਿਆ ਹੈ। (ਗੁਰੂ) ਗੋਬਿੰਦ ਸਿੰਘ ਜੀ ਰਾਹੀਂ ਸ਼ਕਤੀ ਵਰਦਾਨ ਕੀਤੀ (ਗੁਰੂ) ਬਾਲਕ ਸਿੰਘ ਨੂੰ ਤੇ ਉਹਨਾਂ ਰਾਹੀਂ ਤੁਸਾਂ ਨੂੰ ਗੁਰਤਾ ਦੀ ਦੀਖਿਆ ਬਖਸ਼ੀ ਗਈ। ਹੁਣ ਉਹੋ ਉਮਰ ਹੈ . ਤੁਸਾਂ ਦੀ ਜਿਸ ਉਮਰ ਵਿਚ ਅਸਾਂ



Sri Satguru Jagjit Singh Ji Elibrary NamdhariElibrary@gmail.com

ਨੇ ਸ਼ਕਤੀਆਂ ਬਖਸ਼ਕੇ ਤੁਸਾਂ ਤੋਂ ਪਹਿਲਿਆਂ ਨੂੰ ਮਾਨਵਤਾ ਦੀ ਰਾਖੀ ਲਈ ਪ੍ਰਗਟ ਹੋਣ ਦਾ ਹੁਕਮ ਦਿੱਤਾ। ਗੁਲਾਮੀ ਅਤੇ ਸ਼ਤਾਨੀ ਸ਼ਕਤੀਆਂ ਵਿਰੁਧ ਸੰਗ੍ਰਾਮ ਕਰਨ ਵਾਸਤੇ ਕਾਇਰਾਂ, ਡਰਾਕਲਾਂ ਅਤੇ ਹੌਂਸਲਾ ਢਾਹ ਚੁਕਿਆਂ ਨੂੰ ਮੁੜ ਜਿੰਦਿਆਂ ਕਰਕੇ ਨਿਰਭੈ ਅਤੇ ਜੰਗਜੂ ਬਣਾਉਣਾ ਹੈ। ਜਿਵੇਂ ਪਿਛਲੇ ਕਰਦੇ ਰਹੇ।'

ਐਸੇ ਬਚਨ ਹੀ ਤਾਂ ਹੁੰਦਿਆਂ ਸਮਾਧੀ ਦਾ ਸਮਾਂ ਲੰਮਾ ਹੋਇਆ ਸੀ, ਸੁਰਤ ਸੰਸਾਰਕ ਵਾਤਾਵਰਨ ਤੇ ਸੋਚ ਭੁਲ ਗਈ ਸੀ। ਗੁਰੂ ਗੋਬਿੰਦ ਸਿੰਘ ਤੇ ਗੁਰੂ ਬਾਲਕ ਸਿੰਘ ਜੀ ਮਹਾਰਾਜ ਦੇ ਪ੍ਰਤਖ ਦਰਸ਼ਨ ਹੋਏ ਸਨ।.. ਫੇਰੂ ਸ਼ਹਿਰ, ਮੁਦਕੀ ਤੇ ਸਭਰਾਵਾਂ ਦੇ ਸ਼ਹੀਦਾਂ ਨੇ ਰਮਜ ਨਾਲ ਈਸ਼ਾਰਾ ਕੀਤਾ ਸੀ। ਜਦੋਂ ਭਾਈ ਖਜ਼ਾਨ ਸਿੰਘ ਤੇ ਬਾਬਾ ਭਾਨ ਸਿੰਘ ਨੇ ਮਹਾਰਾਜ ਜੀ ਦੇ ਪੰਜ ਭੂਤਕ ਸਰੀਰ ਨੂੰ ਹਿਲਾਇਆ ਤੇ ਸੁਰਤ ਨੂੰ ਮੋੜਨ ਦਾ ਜਤਨ ਕੀਤਾ ਸੀ, ਤਦੋਂ ਮਹਾਰਾਜ ਜੀ ਦੇ ਬਚਨ ਸ਼ਹੀਦ ਸ: ਸ਼ਾਮ ਸਿੰਘ ਜੀ ਅਟਾਰੀ ਨਾਲ ਬਚਨ ਬਿਲਾਸ ਹੋ ਰਹੇ ਸਨ। ਭਾਈ ਖਜ਼ਾਨ ਸਿੰਘ ਨੇ ਸੁਰਤ ਨੂੰ ਮੋੜ ਲਿਆ। ਨੇਤਰ ਖੁਲ੍ਹ ਗਏ।

'ਬਾਬਾ ਦੇਖੈ ਧਿਆਨ ਧਰ,
ਜਲਤੀ ਪਿਰਥਵੀ ਦਿਸ ਆਈ॥'

ਮਹਾਰਾਜ ਦੀ ਕਿਰਤ ਕਰਦੇ, ਅਤੇ ਸੁਆਸ ਸੁਆਸ ਨਾਮ ਸਿਮਰਨ ਕਰਦੇ ਹੋਏ 'ਜਗਤ ਜਲੰਦੇ ਵਲ ਧਿਆਨ ਕਰਨ ਲਗ ਪਏ। ਉਹਨਾਂ ਨੂੰ ਸੰਸਾਰ ਸੜਦਾ-ਬਲਦਾ, ਡਰਦਾ ਤੇ ਲੁਟੀਂਦਾ ਨਜ਼ਰ ਆਇਆ। ਪੰਜਾਂ ਠੱਗਾਂ ਦੇ ਪਹਿਰੇ ਦੀ ਦੁਪਹਿਰ ਹੋ ਰਹੀ ਸੀ। ਪ੍ਰਾਧੀਨਤਾ ਦੀ ਸ਼ਕਤੀ ਪਰਬਲ ਸੀ। ਮਾਨਵਤਾ ਸਿਸਕੀਆਂ ਲੈ ਰਹੀ ਦਿਸੀ।

ਰਿਸ਼ੀਆਂ, ਜੋਗੀਆਂ ਤੇ ਅਵਤਾਰਾਂ ਸਤਕਾਰੀ ਭਾਰਤ ਭੂਮੀ



Sri Satguru Jagjit Singh Ji Elibrary NamdhariElibrary@gmail.com

ਵਿਚ ਅਸਭਿਅਤਾ, ਅਗਿਆਨਤਾ ਅਤੇ ਅਸ਼ੀਲਤਾ ਦਾ ਪ੍ਰਚਾਰ ਫਰੰਗੀ ਵਲੋਂ ਹੋ ਰਿਹਾ ਪ੍ਰਤੀਤ ਹੋਇਆ। ਭਾਰਤੀ ਸੰਸਕ੍ਰਿਤੀ ਦੀ ਥਾਂ ਪਛਮੀ ਭਾਸ਼ਾ, ਤੇ ਪਛਮੀ ਸਭਿਅਤਾ ਦਾ ਰੰਗ ਗਰੀਬਾਂ ਨੂੰ ਚੜ੍ਹਾਇਆ ਜਾ ਰਿਹਾ ਸੀ। ਉਹ 'ਸਾਹਿਬ' ਬਣ ਰਹੇ ਸਨ। ਸਤਿਗੁਰੂ ਨਾਨਕ ਦੇਵ ਜੀ ਦੇ ਮਾਨਵਵਾਦੀ ਮਿਸ਼ਨ ਦੇ ਉਲਟ ਊਚ-ਨੀਚ ਹਿੰਦੂ-ਮੁਸਲਮਾਨ, ਗੋਤ-ਬਰਾਦਰੀ, ਜਾਤ-ਪਾਤ ਆਦਕ ਦਾ ਪ੍ਰਚਾਰ ਕਰਕੇ ਏਕਤਾ ਤੇ ਮੇਲ-ਮਿਲਾਪ ਦੀਆਂ ਤੰਦਾਂ ਨੂੰ ਕਟਿਆ ਜਾ ਰਿਹਾ ਸੀ। ਅਗਿਆਨਤਾ ਦੀ ਕਾਲੀ ਚਾਦਰ ਨਾਲ ਸੱਚ ਦੇ ਸੂਰਜ ਨੂੰ ਕਜਣ ਦਾ ਜਤਨ ਸੀ।

ਮਹਾਰਾਜ ਜੀ ਨੇ ਧਿਆਨ ਧਰ ਕੇ ਦੇਖਿਆ। ਉਸ ਵੇਲੇ ਫਰੰਗੀ ਇੰਜਨੀਅਰ ਹੁੰਦਾ ਕੰਮ ਦੇਖਣ ਵਾਸਤੇ ਦੌਰਾ ਕਰਨ ਆਇਆ। ਉਸ ਦੇ ਨਾਲ ਚਾਰ ਗੋਰੇ 'ਗਨਮੈਨ' ਪੁਲਸੀਏ ਸਨ। ਪੰਜ-ਛੇ ਭਾਰਤੀ। ਉਹਨਾਂ ਵਿਚ ਭਾਈ ਖਜ਼ਾਨ ਸਿੰਘ ਵੀ ਸੀ। ਉਹ ਦੌਰਾ ਕਰਦੇ ਕਰਦੇ ਮਹਾਰਾਜ ਜੀ ਦੇ ਕੋਲੋਂ ਦੀ ਲੰਘੇ। ਮਹਾਰਾਜ ਜੀ ਨੇ ਨਾ ਉਹਨਾਂ ਵਲ ਦੇਖਿਆ ਤੇ ਨਾ ਸਲਾਮ ਕੀਤੀ। ਆਪਣੇ ਕੰਮ ਵਿਚ ਜੁਟੇ ਰਹੇ। ਇੰਜਨੀਅਰ ਅਗੇ ਲੰਘ ਗਿਆ।

ਮਹਾਰਾਜ ਜੀ ਕੰਮ ਕਰਦੇ ਰਹੇ। ਸੋਚਦੇ ਰਹੇ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ ★
ਪੁਸਤਕ ਨੰ.........
ਅਲਮਾਰੀ .........

# ਸੱਤ

ਉਦਮੁ ਕਰੇਂਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

(ਆਸਾ, ਮ: ੫)

ਭੋਜਨ ਗਿਆਨੁ ਮਹਾ ਰਸੁ ਮੀਠਾ ॥
ਜਿਨਿ ਚਾਖਿਆ ਤਿਨਿ ਦਰਸਨ ਡੀਠਾ ॥

(ਮਾਰੂ ਮ: ੧)

ਜਲ ਤੇ ਧਰਤੀ ਕਰਤਾਰ ਕਿਰਤ ਠੋਸ ਸਚ ਮਾਯਾ ਦਾ ਪ੍ਰਤੱਖ ਰੂਪ ਹੈ। ਸਮੁੰਦਰ ਦਾ ਜਲ ਖਾਰਾ ਤੇ ਭਾਰਾ ਹੈ, ਪਰ ਜਦੋਂ ਹਵਾ ਤੇ ਅਗਨੀ ਬਲ ਨਾਲ ਉਡ ਕੇ ਪੁਲਾੜ ਵਿਚ ਬਦਲ ਰੂਪ ਇਕਠਾ ਹੁੰਦਾ ਹੈ ਤਾਂ ਮਿੱਠਾ ਤੇ ਨਿਰਮਲ ਹੋ ਜਾਂਦਾ ਹੈ, ਅੰਮ੍ਰਿਤ ਬਣ ਜਾਂਦਾ ਹੈ। ਧਰਤੀ ਉਤੇ ਡਿਗਕੇ ਉਹ ਅੰਮ੍ਰਿਤ ਜਲ ਧਰਤੀ ਦੇ ਸੁਭਾ ਨਾਲ ਮਿਲਕੇ ਆਪਣਾ ਸੁਭਾ ਬਦਲਦਾ ਹੋਇਆ ਜਲ ਮੁੜ ਸਮੁੰਦਰ ਵਿਚ ਜਾ ਮਿਲਦਾ ਹੈ।

ਜਲ ਵਿਚ ਖਲੋਤੀ ਧਰਤੀ ਤੇ ਧਰਤੀ ਨਾਲ ਖੇਡਦਾ ਜਲ ਜੁਗਾਂ ਤੋਂ ਕਰਮ-ਖੇਤਰ ਦੇ ਚਕਰ ਵਿਚ ਚਲ ਰਿਹਾ ਹੈ। ਧਰਤੀ,



Sri Satguru Jagjit Singh Ji Elibrary NamdhariElibrary@gmail.com

ਜਲ ਪੁਲਾੜ, ਹਵਾ ਅਤੇ ਅਗਨੀ (ਸੂਰਜ) ਦੀ ਅਮਰ ਸਾਂਝ ਹੈ। ਪੰਜਾਂ ਤੱਤਾਂ ਤੋਂ ਬਣੇ ਮਨੁੱਖ ਅਥਵਾ ੮੪ ਲੱਖ ਜੂਨ ਦੀ ਧਰਤੀ ਅਤੇ ਬਾਕੀ ਤੱਤਾਂ ਨਾਲ ਅਟੁਟ ਸਾਂਝ ਹੈ। ਸਾਂਝ ਕਾਇਮ ਹੈ ਹਰਕਤ ਨਾਲ। ਹਰਕਤ ਦਾ ਭਾਵ ਹੈ ਉਦਮ ਕਰਨਾ। ਉਦਮ ਦਾ ਦੂਸਰਾ ਨਾਂ ਜ਼ਿੰਦਗੀ ਹੈ ਤੇ ਆਲਸ ਦਾ ਨਾਮ ਮੌਤ।

ਗੁਰਬਾਣੀ ਦੇ ਉਪਰਲੇ ਮਹਾਂ ਵਾਕ ਰਾਹੀਂ ਉਤਮ ਜੀਵਨ ਜੀਉਣ ਦਾ ਸਿਧਾਂਤ ਦਸਿਆ ਗਿਆ ਹੈ। ਜਿਵੇਂ ਕਾਲ ਵਸ ਹਰ ਵਸਤ ਤੇ ਤੱਤ ਜੀਉਂਦੇ ਚਲੇ ਆ ਰਹੇ ਹਨ, ਤਿਵੇਂ ਮਨੁੱਖ ਆਪਣੀ ਪੂਰੀ ਉਮਰ ਸੁੱਖ-ਸ਼ਾਂਤੀ ਨਾਲ ਭੋਗ ਸਕਦਾ ਹੈ, ਜੇ ਕਦੀ ਆਲਸ ਨਾ ਕਰੇ। ਉਦਮ ਕਰਦਾ ਰਹੇ। ਉਦਮ ਕਰਦਾ ਹੋਇਆ ਸੁਚੀ ਕਿਰਤ ਕਰੇ ਤਾਂ ਸਾਰੇ ਸੁਖ ਪ੍ਰਾਪਤ ਕਰੇ। ਚੋਰੀ, ਠੱਗੀ, ਮੰਗਣਾ ਅਤੇ ਦੂਸਰੇ ਦੇ ਧਨ ਵਲ ਉਹੋ ਖਿਆਲ ਕਰਦਾ ਹੈ, ਜਿਸ ਦੇ ਤਨ ਤੇ ਮਨ ਬੁਧੀ ਵਿਚ ਆਲਸ ਆ ਜਾਏ। ਮਾਨਵ ਜੀਵਨ ਵਿਚ ਸੁਚੀ ਕਿਰਤ ਪ੍ਰਧਾਨ ਹੈ। ਕਿੰਤੂ ਹੋ ਸਕਦਾ ਹੈ ਕਿ ਚੋਰੀ, ਠੱਗੀ, ਬਲੈਕ ਮੇਲ ਕਰਨ ਵਾਲਾ ਵੀ ਤਾਂ ਉਦਮ ਕਰਦਾ ਹੈ, ਕਮਾਈ ਕਰਦਾ ਹੈ। ਉਹ ਕਮਾਈ ਅਸਲ ਕਮਾਈ ਨਹੀਂ। ਉਹ ਪ੍ਰਮਾਤਮਾ, ਸਮਾਜਿਕ ਤੇ ਦਸ਼ ਦੇ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ—ਚੋਰ ਹੈ ਅਤੇ 'ਚੋਰ ਕੀ ਹਮਾ ਭਰੇ ਨ ਕਾਇ।'

ਸਤਿਗੁਰੂ ਜੀ ਅਗੇ ਫੁਰਮਾਉਂਦੇ ਹਨ ਉਦਮ ਨਾਲ ਕਮਾਈ ਕੀਤਿਆਂ ਦੁਨਿਆਵੀ ਸੁਖ ਮਿਲੇ ਅਤੇ ਦੁਨਿਆਵੀ ਸੁਖਾਂ ਵਿਚ ਪ੍ਰਮਾਤਮਾ ਨੂੰ ਨਾ ਭੁਲ, ਉਸਦੇ ਨਾਮ ਦਾ ਸਿਮਰਨ ਕਰ ਤਾਂਕਿ ਇਸ ਜਨਮ ਵਿਚ ਤੇ ਅਗਲੇ ਜਨਮ ਵਿਚ ਵਾਹਿਗੁਰੂ ਨਾਲ ਤੇਰੀ ਅਟੁਟ ਸਾਂਝ ਹੋ ਜਾਏ। ਮੁੜ ਜਨਮ ਮਰਨ ਦੇ ਚੱਕਰ ਦਾ ਭੈ ਨਾ ਰਹੇ। ਚਰਾਸ਼ੀ ਕਟੀ ਜਾਏ। ਅਸਲ ਭੋਜਨ ਆਤਮਾ ਦਾ ਗਿਆਨ ਹੈ, ਜੀਵਨ ਦਾ ਗਿਆਨ, ਪ੍ਰਮਾਤਮਾ ਦਾ ਗਿਆਨ ਤੇ ਉਹ ਮਹਾਂ ਰਸ ਦੇ ਤੁਲ ਹੈ, ਜਿਸ ਨੇ ਐਸਾ ਰਸ ਚਖ ਲਿਆ ਉਸ ਨੇ ਪ੍ਰਮਾਤਮਾ



Sri Satguru Jagjit Singh Ji Elibrary NamdhariElibrary@gmail.com

ਦੇ ਦਰਸ਼ਨ ਕਰ ਲਏ। ਭਾਵ ਮੁਕਤ ਹੋ ਗਿਆ। ਮਾਯਾ ਦੇ ਝਮੇਲੇ ਤੇ ਦੁਖੜੇ ਖਤਮ ਹੋ ਗਏ। ਜੀਵਨ ਦਾ ਪ੍ਰਾਰੰਭ ਹੋ ਇਆ ਉਦਮ ਤੇ ਧਰਮ ਕਿਰਤ ਤੋਂ। 'ਹਥ ਕਾਰ ਵਲ ਦਿਲ ਯਾਰ ਵਲ।'

ਸਤਿਗੁਰੂ ਨਾਨਕ ਦੇਵ ਜੀ ਦੇ ਪਹਿਲੇ ਸਿੱਖ ਭਾਈ ਲਾਲੋ ਜੀ ਸਨ। ਭਾਈ ਲਾਲੋ ਜੀ ਨੂੰ ਸਤਿਗੁਰੂ ਜੀ ਨੇ ਨਿਹਾਲ ਕੀਤਾ ...ਜੁਗਾਂ ਵਾਸਤੇ ਅਮਰ ਕੀਤਾ ਤੇ ਸੁਚੀ ਕਿਰਤ ਦਾ ਸਤਕਾਰ ਕੀਤਾ। ਸੁਚੀ ਕਿਰਤ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਦੀ ਧਾਰ ਵਗਾਈ ਤੇ ਦੂਸਰੇ ਪਾਸੇ ਮਲਕ ਭਾਗੋ ਦੀਆਂ ਪੂੜੀਆਂ ਵਿਚੋਂ ਲਹੂ ਦੀ ਧਾਰ ਚਲੀ। ਮਲਕ ਦੀਆਂ ਪੂੜੀਆਂ ਆਲਸ ਤੇ ਮੁਰਦਾ ਕਿਰਤ ਦੀਆਂ ਸਨ। ਗਰੀਬਾਂ ਕਿਸਾਨਾਂ ਤੇ ਮਿਹਨਤੀਆਂ ਦਾ ਖੂਨ ਜਗੀਰਦਾਰੀ ਤੇ ਸਰਕਾਰੀ 'ਕਰ' (ਟੈਕਸ) ਦੇ ਰੂਪ ਵਿਚ ਨਚੋੜਿਆ ਸੀ।

ਭਾਈ ਲਾਲੋ ਜੀ ਦੇ ਬੰਸ ਨੂੰ ਬਹੁਤ ਮਾਣ ਪ੍ਰਾਪਤ ਹੈ। ਸੁਚੀ ਕਿਰਤ ਅਤੇ ਭਗਤੀ ਦੀ ਮੂਰਤੀ। ਏਸੇ ਬੰਸ ਦੇ ਸਪੁੱਤਰ ਬਾਬਾ ਜਸਾ ਜੀ ਦੇ ਘਰ ਮਾਘ ਸੁਦੀ ੫ (ਬਸੰਤ ਪੰਚਮੀ) ਸੰਮਤ ੧੮੭੫ ਬਿ: ਮੁਤਾਬਿਕ ੩ ਫਰਵਰੀ ਸੰਨ ੧੮੧੬ ਈ: ਨੂੰ ਮਾਤਾ ਸਦਾ ਕੌਰ ਦੀ ਪਵਿਤਰ ਕੁਖ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਿਆ।

ਬਾਬਾ ਜੱਸਾ ਜੀ ਭਾਈ ਲਾਲੋ ਜੀ ਦਾ ਸਰੂਪ ਸਨ। ਸੁਚੀ ਕਿਰਤ ਕਰਦੇ ਤੇ ਰਬ ਦਾ ਨਾਮ ਲੈਂਦੇ ਸਨ। ਆਪ ਲਕੜੀ ਦਾ ਕੰਮ ਕਰਦੇ ਸਨ। ਪਿੰਡ ਦੇ ਮਾਸੂਮ ਤੇ ਸਾਊ ਜੀਵਨ ਦੇ ਵਾਤਾਵਰਨ ਵਿਚ ਰਹਿੰਦੇ ਸਨ। ਪਿੰਡ ਦੇ ਵਸਨੀਕਾਂ ਵਲੋਂ ਸਤਿਕਾਰ ਪ੍ਰਾਪਤ ਸੀ। ਗਊਆਂ ਤੇ ਮਝਾਂ ਦਾ ਲਵੇਰਾ ਸਦਾ ਰਹਿੰਦਾ ਸੀ।

ਬਾਬਾ ਜਸਾ ਜੀ ਦਾ ਨਗਰ ਪਿੰਡ ਭੈਣੀ ਰਾਈਆਂ (ਜਿਸ ਨੂੰ ਅਜ ਸ੍ਰੀ ਭੈਣੀ ਸਾਹਿਬ ਆਖਕੇ ਸਤਕਾਰਿਆ ਜਾਂਦਾ ਹੈ) ਜ਼ਿਲਾ ਲੁਧਿਆਣਾ ਸੀ। ਇਹ ਪਿੰਡ ਕੋਈ ਵਡਾ ਨਹੀਂ ਸੀ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦਾ ਬੱਚਪਨ ਉਸੇ ਪਿੰਡ ਵਿਚ ਬੀਤਿਆ · ਪੰਜ ਸਾਲ ਦੀ ਉਮਰ ਵਿਚ ਆਪ ਦੀ ਮੰਗਣੀ ਜਸਾਂ ਜੀ ਨਾਲ ਹੋਈ ਤੇ ਉਸ ਸਮੇਂ ਦੇ ਰਵਾਜ ਅਨੁਸਾਰ ਸਤ ਸਾਲ ਦੀ ਆਯੂ ਵਿਚ ਆਪ ਦੀ ਸ਼ਾਦੀ ਹ ਗਈ। ਬਾਲ ਅਵਸਥਾ ਵਿਚ ਹੀ ਆਪ ਨੇ ਆਪਣੀ ਮਾਤਾ ਜੀ ਪਾਸੋਂ ਗੁਰਮੁਖੀ ਪੜ੍ਹੀ। ੮ ਸਾਲ ਦੀ ਉਮਰ ਵਿਚ ਹੀ ਕਈ ਬਾਣੀਆਂ ਕੰਠ ਹੋ ਗਈਆਂ। ਬਾਣੀਆਂ ਦਾ ਪਾਠ ਕਰਨ ਲਗੇ, ਉਸ ਸਮੇਂ ਹੱਥ ਲਿਖਤ ਬਾਣੀ ਮਿਲਦੀ ਸੀ। ਛਾਪੇ ਖਾਨੇ ਨਹੀਂ ਸਨ। ਬਹੁਤੀ ਬਾਣੀ ਕੰਠ ਕਰਨੀ ਪੈਂਦੀ ਸੀ।

ਭਗਵਾਨ ਸ੍ਰੀ ਕ੍ਰਿਸ਼ਨ ਅਤੇ ਸਤਿਗੁਰੂ ਨਾਨਕ ਦੇਵ ਜੀ ਵਾਂਗ ਆਪ ਨੂੰ ਵਾਗੀ ਬਣਨ ਦਾ ਸਮਾਂ ਮਿਲਿਆ। ਕੋਈ ਤੇਰਾਂ ਸਾਲ ਦੀ ਉਮਰ ਤਕ ਤਿੰਨ ਚਾਰ ਸਾਲ ਗਊਆਂ ਤੇ ਮਝਾਂ ਚਰਵਾਈਆਂ।

ਉਸ ਸਮੇਂ ਤੇ ਅਜ ਵੀ ਪੰਜਾਬ ਦੇ ਵਾਗੀ ਗਾਉਂਦੇ ਰਹਿੰਦੇ ਹਨ। ਉਹਨਾਂ ਦੇ ਗੀਤ ਪੰਜਾਬ ਦੇ ਲੋਕ ਗੀਤ, ਜਾਂ ਕਿਸਾ ਕਹਾਣੀ ਦੇ ਟਪੇ ਤੇ ਬੈਂਤ ਹੁੰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਸਾਥੀ ਵੀ ਗੀਤ ਗਾਉਂਦੇ, ਪਰ ਆਪ ਗੁਰਬਾਣੀ ਦੇ ਸ਼ਬਦ ਪੜ੍ਹਦੇ। ਆਪ ਦੇ ਨਾਲ ਸ਼ਬਦ ਪੜ੍ਹਨ ਵਾਲੇ ਸੰਗੀ ਵੀ ਬਣ ਗਏ। ਜੀਵਨ ਧਾਰਮਿਕ ਚਕਰ ਵਿਚ ਹੀ ਰਿਹਾ। ਆਪ ਨੇ ਪਿਤਾ ਜੀ ਨਾਲ ਲਕੜੀ ਦਾ ਕੰਮ ਵੀ ਕੀਤਾ, ਪਰ ਉਹ ਕੰਮ ਕਰਨ ਨੂੰ ਮਨ ਨਾ ਮੰਨਿਆ ਤਾਂ ੧੮੩੬ ਈ: ਵਿਚ ਆਪਣੇ ਭਣਵੱਈਏ ਸ: ਕਾਬਲ ਸਿੰਘ ਰਾਹੀਂ ਖਾਲਸਾ ਫੌਜ ਵਿਚ ਭਰਤੀ ਹੋ ਗਏ। ਫੌਜ ਵਿਚ ਹੀ ਬਾਬਾ ਕਾਹਨ ਸਿੰਘ ਜੀ ਬੜਾ ਚਕ ਪਿੰਡ ਰਿਆਸਤ ਮਲੇਰ ਕੋਟਲਾ ਆਪ ਦੇ ਸੰਗੀ ਬਣੇ।

੧੮੩੬ ਤੋਂ ੧੮੪੦ ਤਕ ਦਾ ਉਹ ਸਮਾਂ ਹੈ, ਜਦੋਂ ਖਾਲਸਾ ਰਾਜ ਦਾ ਸੂਰਜ ਸਿਖਰ ਉਤੇ ਸੀ। ਜਦੋਂ ਰਾਜ ਦਾ ਤੇਜ਼ ਸਿਖਰ ਤੇ ਪੁੱਜਦਾ ਹੈ ਤਾਂ ਰਾਜ ਕਰਮਚਾਰੀਆਂ ਦੇ ਜੀਵਨ



Sri Satguru Jagjit Singh Ji Elibrary NamdhariElibrary@gmail.com

ਵਿਚ ਕਈ ਪ੍ਰਕਾਰ ਦੀਆਂ ਗਰਾਵਟਾਂ ਆ ਜਾਂਦੀਆਂ ਹਨ ਤੇ ਗਰਾਵਟਾਂ ਵੀ ਗੁਣ ਨਜ਼ਰ ਆਉਂਦੀਆਂ ਹਨ। ਖਾਲਸਾ ਰਾਜ ਦੇ ਕਰਮਚਾਰੀਆਂ ਵਿਚ ਵੀ ਕਈ ਜੀਵਨ ਗਰਾਵਟਾਂ ਆ ਗਈਆਂ ਸਨ। ਜਿਸ ਕਾਰਣ ਰਾਜ ਦਰਬਾਰੀ ਤੇ ਸੈਨਿਕ ਦੋ ਸ਼੍ਰੇਣੀਆਂ ਵਿਚ ਵੰਡੇ ਗਏ ਸਨ। ਇਕ ਸ਼ਰਾਬੀ ਕਬਾਬੀ ਤੇ ਕਿੱਸੇ ਕਹਾਣੀਆਂ ਪੜ੍ਹਨ ਵਾਲੇ, ਇਹਨਾਂ ਦੀ ਗਿਣਤੀ ਬਹੁਤੀ ਸੀ। ਦੂਸਰੀ ਸ਼੍ਰੇਣੀ ਵਿਚ ਉਹ ਸੈਨਿਕ ਸਨ, ਜਿਨ੍ਹਾਂ ਨੇ ਜੀਵਨ ਵਿਚ ਧਰਮ ਤੇ ਰਹਿਤ ਮਰਯਾਦਾ ਨੂੰ ਬਹੁਤੀ ਥਾਂ ਦਿੱਤੀ ਸੀ! ਉਹ ਪੰਜ ਕਕਾਰ ਦੀ ਰਹਿਤ ਰਖਦੇ। ਬਾਣੀ ਦਾ ਪਾਠ ਕਰਦੇ, ਸੰਤ, ਆਤਮਾ, ਜਗਿਆਸੂ ਜਨਾਂ ਦੀ ਸੰਗਤ ਕਰਦੇ ਅਤੇ ਜਦੋਂ ਸਮਾਂ ਮਿਲਦਾ ਸਮਾਧੀ ਲਾ ਕੇ ਨਾਮ ਸਿਮਰਨ ਵੀ ਕਰਦੇ। ਰਾਜਸੀ ਤੌਰ ਤੇ ਲੜਾਈਆਂ ਮੁਕ ਚੁਕੀਆਂ ਸਨ। ਜਿਨੀ ਖੁਲ੍ਹ ਮਿਲੀ ਸੀ ਮਹਾਰਾਜ ਰਣਜੀਤ ਸਿੰਘ ਨੂੰ ਇਲਾਕੇ ਫਤਹ ਕਰਨ ਦੇ ਉਹ ਹੋ ਚੁੱਕੇ ਸਨ। ਹੋਰ ਕਿਸੇ ਪਾਸੇ ਤੁਰਿਆ ਬ੍ਰਿਤਾਨਵੀ ਸਾਮਰਾਜ ਨਾਲ ਟਕਰ ਲੈਣੀ ਪੈਂਦੀ ਸੀ। ਇਸ ਲਈ ਫੌਜੀ ਛਾਉਣੀਆਂ ਵਿਚ ਵਿਹਲੇ ਸਨ।

ਸਤਿਗੁਰੂ ਰਾਮ ਸਿੰਘ ਜੀ ਦਾ ਸਬੰਧ ਪਿਛਲੀ ਨਾਮ-ਬਾਣੀ ਵਾਲੀ ਸ਼੍ਰੇਣੀ ਨਾਲ ਸੀ। ਆਪ ਬਹੁਤਾ ਸਮਾਂ ਨਾਮ-ਸਿਮਰਣ, ਬਾਣੀ ਪੜ੍ਹਨ ਤੇ ਗੁਰ ਇਤਿਹਾਸ ਦੀਆਂ ਸਾਖੀਆਂ ਸੁਣਨ ਵਲ ਬਹੁਤਾ ਧਿਆਨ ਦਿੰਦੇ ਸਨ। ਆਪ ਦੀ ਧਾਰਮਿਕ ਰੁਚੀ ਬਹੁਤੀ ਹੋਣ ਕਰਕੇ ਆਪ ਨੂੰ ਸਾਰੇ 'ਭਾਈ ਰਾਮ ਸਿੰਘ ਜੀ! ਆਖਕੇ ਬੁਲਾਉਂਦੇ ਸਨ। ਕਿਉਂਕਿ 'ਭਾਈ' ਸ਼ਬਦ ਉਸ ਵੇਲੇ ਉਚੇ ਤੇ ਸੁਚੇ ਅਰਥ ਰਖਦਾ ਸੀ।

੧੮੩੬ ਤੋਂ ੧੮੪੫ ਤਕ ਆਪ ਨੇ ਖਾਲਸਾ ਫੌਜ ਦੀ ਨੌਕਰੀ ਕੀਤੀ। ਏਸੇ ਨੌਕਰੀ ਦੇ ਸਮੇਂ ਵਿਚ ਹੀ ਆਪ ਨੇ ਕੁਝ ਸਾਥੀਆਂ ਸਮੇਤ ਉਸ ਕਾਲ ਦੀ ਮਹਾਨ ਤਪਸਵੀ ਹਸਤੀ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ। ਐਸੇ ਦਰਸ਼ਨ



Sri Satguru Jagjit Singh Ji Elibrary NamdhariElibrary@gmail.com

ਕੀਤੇ ਕਿ ਉਹਨਾਂ ਦੇ ਹੀ ਹੋ ਗਏ। ਗੁਰ ਦੀਖਿਆ ਪ੍ਰਾਪਤ ਕੀਤੀ। ਨਾਮ ਬਾਣੀ ਵਲ ਹੋਰ ਲਗ ਗਏ ਤੇ ਸਤਿਗੁਰੂ ਬਾਲਕ ਸਿੰਘ ਜੀ ਦੇ ਬਚਨ ਅਨੁਸਾਰ ਨਾਮ ਸਿਮਰਨ ਵਲ ਹੋਰ ਸਮਾਂ ਦੇਣ ਲਗ ਪਏ।

ਮਾ ਰਣਜੀਤ ਸਿੰਘ ਦੀ ਮੌਤ ਦੇ ਪਿਛੋਂ ਲਾਹੌਰ ਦਰਬਾਰ ਵਿਚ ਆਪਣਿਆਂ ਦੇ ਖ਼ੂਨ ਨਾਲ ਹੋਲੀ ਖੇਡਣੀ ਸ਼ੁਰੂ ਹੋਈ ਤਾਂ ਆਪ ਚੁਪ ਚਾਪ ਸਾਰੀ ਹੋਲੀ ਵੇਖਦੇ ਰਹੇ। ਜਦੋਂ ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਸੰਧਾਂ ਵਾਲੀਆਂ ਸਰਕਾਰਾਂ ਹੱਥੋਂ ਕਤਲ ਹੋ ਗਏ ਤਾਂ ਆਪ ਨੇ ਦਲੇਰੀ ਨਾਲ ਉਚੀ ਮੱਧਲਾਈ– ਸਿਖ ਸਰਦਾਰ ਹੁਣ ਮਲੇਛਾਂ ਵਾਲੇ ਨੀਵੇਂ ਕੰਮ ਕਰਨ ਲਗ ਪਏ ਹਨ। ਇਹ ਆਪ ਤਾਂ ਮਰਨ ਡੁਬਣਗੇ, ਨਾਲ ਸਿਖ ਜਨਤਾ ਨੂੰ ਵੀ ਖ਼ਾਰੇ ਸਮੁੰਦਰ ਵਿਚ ਡੋਬ ਦੇਣਗੇ।.. ਸਿਖ ਆਪਣੇ ਉਚੇ ਆਚਰਨ ਤੋਂ ਡਿਗ ਪਏ ਹਨ।' ਆਪ ਦੀ ਸੱਚ ਦੀ ਵਾਜ਼ ਨੂੰ ਸੁਣਨ ਵਾਲਾ ਕੋਈ ਨਹੀਂ ਸੀ ਰਿਹਾ। ਸਾਰੇ ਅਫਸਰ ਔਗੁਣਾਂ ਨੂੰ ਗੁਣ ਤੇ ਪਾਪ ਨੂੰ ਧਰਮ ਮੰਨਦੇ ਸਨ। ਕੌਮ-ਧਰੋਹੀ ਦੇਸ਼ ਭਗਤੀ ਸੀ।

ਬ੍ਰਤਾਨਵੀ ਕੁਟਲ ਨੀਤੀ ਦੇ ਅਧੀਨ ਤੇਜਾ ਸਿੰਘ ਤੇ ਲਾਲ ਸਿੰਘ ਨੇ ਜਦੋਂ ਖਾਲਸਾ ਫੌਜ ਨੂੰ ਸਤਲੁਜ ਟਪਣ ਦਾ ਹੁਕਮ ਦਿੱਤਾ ਤਾਂ ਸਤਲੁਜ ਦੇ ਕਿਨਾਰੇ ਖਲੋਕੇ ਸਤਿਗੁਰੂ ਰਾਮ ਸਿੰਘ ਨੇ ਨੇ ਆਪ ਸਾਥੀਆਂ ਨੂੰ ਆਖਿਆ, 'ਕਿਉਂ ਐਵੇਂ ਮਰਨ ਜਾ ਰਹੇ ਹੋ, ਹਾਰ ਤੁਸਾਂ ਦੇ ਗਿਟੇ ਨਾਲ ਬੰਨ੍ਹ ਦਿਤੀ ਗਈ ਹੈ। ਖਾਲਸਾ ਫੌਜ ਨੂੰ ਖਤਮ ਕਰਨ ਦੀ ਵਿਉਂਤ ਹੈ। ਨਾ ਅਗੇ ਵਧੋ, ਹਨੇਰਾ ਹਾਰ, ਧੋਖਾ, ਮੌਤ ਆਦਿਕ ਕਲਜੋਗਨਾਂ ਨਾਚ ਕਰ ਰਹੀਆਂ ਹਨ।'

ਜਦੋਂ ਕਿਸੇ ਵਾਜ਼ ਨਾ ਸੁਣੀ ਤਾਂ ਆਪ ਨੇ ਦਰਿਆ ਸਤਲੁਜ ਵਿਚ ਆਪਣੀ ਬੰਦੂਕ ਸੁਟ ਦਿੱਤੀ। ਕਾਰਤੂਸ ਰੋੜ੍ਹ ਦਿਤੇ, ਆਪਣੇ ਪਿੰਡ ਵਲ ਚਲ ਪਏ। ਪਰ ਦਰਿਆ ਪਾਰ ਕਰਨ ਵਾਸਤੇ ਵਸੀਲਾ ਕੋਈ ਨਹੀਂ ਸੀ। ਘਾਟ ਸਾਰੇ ਬੰਦ ਸਨ, ਆਪ ਨੇ ਦਰਿਆ ਵਿਚ



Sri Satguru Jagjit Singh Ji Elibrary NamdhariElibrary@gmail.com

ਛਾਲ ਮਾਰੀ ਤੇ ਦਰਿਆ ਤਰਕੇ ਪਾਰ ਕੀਤਾ। ਦਸੰਬਰ ਦੀ ਠੰਡ ਦੇ ਦਿਨ, ਬਰਫ ਵਰਗਾ ਦਰਿਆ ਦਾ ਠੰਡਾ ਪਾਣੀ। ਆਪ ਨੇ ਆਪਣੀਆਂ ਬਲਵਾਨ ਬਾਹੀਂ ਨਾਲ ਪਾਰ ਕੀਤਾ ਤੇ ਲੁਧਿਆਣੇ ਸ਼ਹਿਰ ਆਪਣੇ ਮਾਮੇ ਕੋਲ ਪੁੱਜ ਗਏ।

ਸਿਖਾਂ—ਅੰਗਰਜ਼ਾਂ ਦੀ ਪਹਿਲੀ ਜੰਗ ਲਗੀ ਤੇ ਮੁਕੀ। ਸਿਖਾਂ ਨੂੰ ਹਾਰ ਹੋਈ। ਸਤਿਗੁਰੂ ਜੀ ਦੇ ਬਚਨ ਸਤ ਹੋਏ। ਲਾਹੌਰ ਦੇ ਸ਼ਾਹੀ ਕਿਲ੍ਹੇ ਉਤੇ ਅੰਗਰੇਜ਼ੀ ਰਾਜ ਦਾ ਝੰਡਾ ਝੁਲਾਇਆ ਗਿਆ। ਜਿਸ ਨੂੰ ਦੇਖ ਦੇਖਕੇ ਪੰਜਾਬ ਦੀ ਜਨਤਾ ਲਹੂ ਦੇ ਅਥਰੂ ਕੇਰਨ ਲੱਗੀ। ਘਰ ਦੀ ਫੁਟ ਨੇ ਸੋਨੇ ਦੀ ਲੰਕਾ ਤਬਾਹ ਕੀਤੀ।

ਜਿਵੇਂ ਅਕਾਲ ਪੁਰਖ ਦਾ ਹੁਕਮ ਸੀ। ਆਪਣੇ ਪਿੰਡ ਅਪੜਕੇ ਆਪ ਨੇ ਇਕ ਸਾਲ ਤਾਂ ਲਗਾਤਾਰ ਭਜਨ ਕੀਤਾ। ਉਸ ਦੇ ਪਿਛੋਂ ਬੈਲਾਂ ਦੀ ਜੋਗ ਲੈ ਕੇ ਖੇਤੀ ਕੀਤੀ। ਕੁਝ ਸਾਲ ਖੇਤੀ ਕਰਨ ਪਿਛੋਂ ਆਪਣੇ ਮਾਮੇ ਦੇ ਪੁਤਰ ਸ: ਖਜ਼ਾਨ ਸਿੰਘ ਦੇ ਕੋਲ ਫੀਰੋਜ਼ਪੁਰ ਚਲੇ ਗਏ। ਉਥੇ ਅੰਗਰੇਜ਼ਾਂ ਨੇ ਕਿਲ੍ਹਾ ਤਿਆਰ ਕਰਨਾ ਸ਼ੁਰੂ ਕੀਤਾ ਸੀ। ਕੋਈ ੪ ਸਾਲ ਉਥੇ ਸੁਚੀ ਕਿਰਤ ਤੇ ਭਜਨ ਬੰਦਗੀ ਕੀਤੀ। ਉਥ ਹੀ ਅਕਾਲ ਪੁਰਖ ਵਲੋਂ ਰੋਸ਼ਨੀ ਮਿਲੀ। ਗੁਲਾਮ ਹੋਈ ਪੰਜਾਬ ਨੂੰ ਮੁੜ ਸੁਤੰਤਰ ਕਰਨ ਦਾ ਪ੍ਰੋਗ੍ਰਾਮ ਮਿਲਿਆ ਤੇ ਮੁੜ ਆਪਣੇ ਨਗਰ ਭੈਣੀ ਸਾਹਿਬ ਆ ਗਏ।

ਭੈਣੀ ਸਾਹਿਬ ਪੁੱਜ ਕੇ ਆਪ ਨੇ ਦੁਕਾਨ ਪਾਈ। ਵਾਪਾਰ ਸ਼ੁਰੂ ਕੀਤਾ ਤੇ ਨਾਲ ਹੀ ਮਿਲੇ ਪ੍ਰੋਗ੍ਰਾਮ ਨੂੰ ਅਮਲੀ ਜਾਮਾ ਪਹਿ-ਨਾਉਣ ਦਾ ਜਤਨ ਅਰੰਭਿਆ। ਇਕ ਵਾਰ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਵੀ ਕਰ ਆਏ। ਉਹਨਾਂ ਪਾਸੋਂ ਵਾਪਸ ਆ ਕੇ ਲੋਕਾਂ ਵਿਚ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਭਜਨ ਦੇ ਪ੍ਰਤਾਪ, ਸਤਿਗੁਰੂ ਬਾਲਕ ਸਿੰਘ ਜੀ ਪਾਸੋਂ ਪ੍ਰਾਪਤ ਹੋਈ ਬ੍ਰਹਮ-ਸ਼ਕਤੀ ਦਾ ਐਸਾ ਪ੍ਰਕਾਸ਼ ਹੋਇਆ ਕਿ ਜੇ ਰੋਗੀ ਉਹਨਾਂ ਦੇ ਦਰਸ਼ਨ ਕਰਦਾ ਤਾਂ ਅਰੋਗਤਾ ਪ੍ਰਾਪਤ ਕਰਦਾ, ਜੇ ਨੰਗਾ ਭੁਖਾ ਚਰਨਾਂ ਦੀ



Sri Satguru Jagjit Singh Ji Elibrary NamdhariElibrary@gmail.com

ਛੋਹ ਲੈਂਦਾ ਤਾਂ ਉਸ ਦੀ ਨੰਗ ਤੇ ਭੁਖ ਦੂਰ ਹੁੰਦੀ। ਸ਼ਰਾਬੀ ਅਫੀਮੀ, ਚਰਸੀ ਨੇ ਦਰਸ਼ਨ ਕੀਤੇ ਤਾਂ ਰਾਮ ਨਾਮ ਭਜਨ ਦੇ ਨਸ਼ੇ ਨਾਲ ਰੰਗਿਆ ਗਿਆ—ਨਸ਼ੇ ਪੀਣੇ ਖਾਣੇ ਭੁਲ ਗਏ। ਚੋਰ ਤੇ ਡਾਕੂ ਸੰਤ ਬਣ, ਅਵਾਰਾ ਵੇਹਲੜ ਅਤੇ ਰੰਗੀਲੇ ਗਭਰੂ ਆਪਣੀਆਂ ਬੁਰੀਆਂ ਆਦਿਤਾਂ ਨੂੰ ਭੁਲ ਗਏ। ਸਤਿਗੁਰੂ ਜੀ ਦੀ ਹਜੂਰੀ ਵਿਚ ਰਹਿ ਕੇ ਸੇਵਾ ਕਰਨ ਲਗ ਪਏ। ਜਿਨ੍ਹਾਂ ਘਰੀਂ ਕਦੀ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਇਆ, ਉਹ ਗੁਰੂ ਕੇ ਲੰਗਰ ਵਿਚ ਸੇਵਾ ਕਰਦੇ ਸਤਿਗੁਰੂ ਜੀ ਤੇ ਸੰਗਤ ਦੀਆਂ ਘੋੜੀਆਂ ਵਾਸਤੇ ਘਾਹ ਖੋਤਕੇ ਲਿਆਉਂਦੇ ਤੇ ਪਾਉਂਦੇ ਦੇਖੇ ਗਏ। ਆਪ ਦੇ ਚਿਹਰੇ ਦਾ ਨੂਰ ਤੇ ਸੀਸ ਉਪਰ ਸਵਰਨ ਚੱਕਰ ਨੌਨਿਧੀਆਂ ਤੇ ਬਾਰਾਂ ਸਿਧੀਆਂ ਦਾ ਚਿੰਨ ਸੀ।

ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਥੋੜੇ ਸਮੇਂ ਵਿਚ ਹੀ ਦੂਰ ਨੇੜੇ ਸੁਗੰਧਤ ਹਵਾ ਵਾਂਗ ਖਿਲਰ ਗਈ। ਲੋੜਵੰਦ ਤੇ ਭਗਤ ਜਨ ਦਰਸ਼ਨ ਕਰਨ ਆਉਣ ਲਗੇ। ਨਗਰ ਭੈਣੀ ਜੋ ਪਹਿਲਾਂ ਗੁਮਨਾਮ ਸੀ, ਫਿਰ ਪ੍ਰਗਟ ਤੀਰਥ ਭੈਣੀ ਸਾਹਿਬ ਬਣ ਗਿਆ। ਹਰ ਪ੍ਰਾਣੀ ਇਕ ਸ਼ਬਦ ਦਾ ਗਾਇਨ ਕਰਦਾ—

ਸੋ ਸਤਿਗੁਰੁ ਧਨੁ ਧਨੁ ਜਿਨਿ ਭਰਮ ਗੜ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮ ਨਿਧਾਨੁ ਅਖੁਟ ਗੁਰ ਦੇਇ ਦਾਰੂ ਓ ॥
ਮਹਾ ਰੋਗ ਬਿਕਰਾਲ ਤਿਨੈ ਬਿਦਾਰੂ ਓ ॥
ਪਾਇਆ ਨਾਮ ਨਿਧਾਨੁ ਬਹੁਤ ਖਜਾਨਿਆ ॥
ਜਿਤਾ ਜਨਮ ਅਪਾਰ ਆਪ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥
ਗੁਰ ਪਾਰਬ੍ਰਹਮ ਪਰਮੇਸਰ ਅਪਰੰਪਰ ਅਲਖ ਅਭੇਵ ॥

(ਮ: ੫)

ਸੰਤ ਖੜਗ ਸਿੰਘ 'ਕਕੜ' ਨੇ ਸੰਤ ਸੇਵਕ ਸਿੰਘ ਨੂੰ



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਤੋਂ ਖੰਡੇ ਦਾ ਅੰਮ੍ਰਿਤ ਛਕਾਉਣ ਤਕ ਜਿੰਨੀ ਕਥਾ ਸੁਣੀ ਸੀ, ਸਾਰੀ ਕਥਾ ਸ਼ਰਧਾ ਤੇ ਪਰੇਮ ਨਾਲ ਸੁਣਾਈ ਸੀ। ਰਾਤ ਦਾ ਸਮਾਂ ਸੀ ਤੇ ਸਿਆਲ ਦੀ ਰੁਤ। ਸੰਤ ਸੇਵਕ ਸਿੰਘ ਦੇ ਰਹਿਸ਼ੀ ਕਮਰੇ ਵਿਚ ਹੀ ਦੋਵੇਂ ਮੰਜਿਆਂ ਉਤੇ ਬਰਾਜੇ ਸਨ। ਤੀਸਰਾ ਉਹਨਾਂ ਕੋਲ ਕੋਈ ਨਹੀਂ ਸੀ।

'ਸੰਤ ਜੀ! ਵਾਹਿਗੁਰੂ ਦੀ ਕ੍ਰਿਪਾ ਹੋਣੀ ਸੀ। ਮੇਰੇ ਵਰਗੇ ਪਾਂਬਰ ਤੇ ਅਮਲਾਂ ਦੇ ਗੁਲਾਮ ਨੇ ਸੁਧਰਨਾ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋ ਗਏ। ਉਹ ਵੀ ਢੋ ਐਸਾ ਬਣ ਗਿਆ।' ਖੜਗ ਸਿੰਘ ਕਥਾ ਸੁਣਾਈ ਗਏ ਸਨ।

'ਜਦੋਂ ਕਿਸੇ ਦੇ ਜੀਵਨ ਵਿਚ ਤਬਦੀਲੀ ਆਉਣੀ ਹੋਏ, ਤਦੋਂ ਕੋਈ ਨਾ ਕੋਈ ਵਸੀਲਾ ਵਾਹਿਗੁਰੂ ਬਣਾ ਹੀ ਦਿੰਦਾ ਹੈ।' ਸੇਵਕ ਸਿੰਘ ਨੇ ਆਖਿਆ।

'ਅਜ ਤੋਂ ਪ ਸਾਲ ਪਹਿਲਾਂ ਮੈਂ ਖੜਕੂ ਸਾਂ। ਮੇਰੀਆਂ ਆਦਿਤਾਂ ਚਗੀਆਂ ਨਹੀਂ ਸਨ। ਇਕ ਮਿਤਰ ਦੇ ਨਾਲ ਛਪਾਰ ਦਾ ਮੇਲਾ ਦੇਖਣ ਗਿਆ। ਕੋਲ ਘੋੜੀ ਸੀ, ਉਸ ਨੂੰ ਘੁੰਘਰੂਆਂ ਦੀਆਂ ਮਹੇਲਾਂ ਨਾਲ ਸ਼ਿੰਗਾਰਿਆ ਸੀ। ਰੁਹਾਲ ਚਾਲ ਚਲਦੀ ਸੀ, ਜਦੋਂ ਨਸਦੀ ਤਾਂ ਹਵਾ ਨਾਲ ਗਲਾਂ ਕਰਦੀ ਸੀ। ਸਮਝ ਲਉ ਉਹ ਬਕੀ ਸੀ ਤੇ ਮੈਂ ਸ਼ੌਕੀਨ ਮਿਰਜ਼ਾ।...ਛਪਾਰ ਦਾ ਮੇਲਾ ਦੇਖਕੇ ਵਾਪਸ ਨਾ ਮੁੜਿਆ। ਜਿਸ ਮਿਤਰ ਨਾਲ ਮੈਂ ਗਿਆ ਸਾਂ। ਉਸ ਦੇ ਮਾਲਵੇ ਦੇ ਮਿਤਰਾਂ ਦੀ ਗਿਣਤੀ ਚੋਖੀ ਸੀ। ਉਧਰ ਹੀ ਉਸ ਦ ਨਾਲ ਫਿਰਦਾ ਰਿਹਾ। ਅਮਲੀਆਂ ਨੂੰ ਅਮਲੀ, ਵਲੀਆਂ ਨੂੰ ਵੈਲੀ ਤੇ ਸੰਤਾਂ ਨੂੰ ਸੰਤ ਮਿਲ ਜਾਣ ਤਾਂ ਦਿਨਾਂ ਮਹੀਨਿਆਂ ਦੀ ਗਿਣਤੀ ਨਹੀਂ ਹੁੰਦੀ। ਹਰ ਦਿਨ ਕੁਕੜ ਉਡਾਰੀ ਹੁਦਾ ਹੈ।'

'ਮਨ ਮਿਲ ਦਾ ਮੇਲਾ...ਗੁਰ ਮਿਲੇ ਦਾ ਚੇਲਾ।' ਸੇਵਕ



Sri Satguru Jagjit Singh Ji Elibrary NamdhariElibrary@gmail.com

ਸਿੰਘ ਨੇ ਹੁੰਗਾਰਾ ਦੇਂਦਿਆਂ ਆਖਿਆ ਸੀ।

'ਅਸੀਂ ਕੁਹਾੜੇ ਪਿੰਡ ਵਿਚ ਸਾਂ। ਇਕ ਬਜ਼ੁਰਗ ਪਾਸੋਂ ਸੁਣਿਆ ਕਿ ਵਿਸਾਖੀ ਦੇ ਦਿਹਾੜੇ (੧੮੫੭) ਪਿੰਡ ਭੈਣੀ ਰਾਈਆਂ ਬੜਾ ਭਾਰੀ ਮੇਲਾ ਲਗਣਾ ਹੈ।' ਨਾਲ ਹੀ ਉਸ ਬਜ਼ੁਰਗ ਨੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਜਸ ਤੇ ਮਹਿਮਾ ਦੀਆਂ ਸਾਖੀਆਂ ਸੁਣਾਈਆਂ ਤੇ ਅਸਾਂ ਦੇ ਮਨ ਵਿਚ ਸ਼ਰਧਾ ਬਿਠਈ। 'ਜਾਉ ਦਰਸ਼ਨ ਕਰੋ, ਸ਼ਾਇਦ ਤੁਹਾਡਾ ਜੀਵਨ ਬਦਲ ਜਾਏ। ਜਿਵੇਂ ਹੁਣ ਫਿਰਦੇ ਹੋ ਫਰੰਗੀ ਦੀ ਗੋਲੀ ਜਾਂ ਕਿਸੇ ਆਪਣੇ ਦੀ ਗੰਡਾਸੀ ਨਾਲ ਮਾਰੇ ਜਾਉਗੇ। ਮਨੁਖਾ ਜੀਵਨ ਬਹੁ ਮੁਲਾ ਹੈ, ਭੰਗ ਦੇ ਭਾੜੇ ਨਾ ਗਵਾਉ। ਉਸ ਨੇ ਸਿਧੇ ਬਚਨ ਬੋਲ।

ਮਿਤਰਾਂ ਨਾਲ ਸਲਾਹ ਕਰਕੇ ਅਸੀਂ ਵਿਸਾਖੀ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਭੈਣੀ ਅਪੜ ਗਏ। ਅਸੀਂ ਚਾਰ ਜਣੇ ਸਾਂ, ਮੇਰੇ ਨਾਲ ਬੇਲਾ ਸਿੰਘ, ਜੀਊਣਾ ਤੇ ਨਥਾ। ਸਾਰੇ ਅਸੀਂ ਇਕ ਉਮਰ ਦੇ ਸਾਂ। ਨਥੇ ਕੋਲ ਬੋਤਾ ਸੀ ਤੇ ਤਿੰਨਾਂ ਕੋਲ ਘੋੜੀਆਂ।... ਸ਼ੁਕੀਨ ਅਸਾਂ ਪੁੱਜਕੇ, ਜਦੋਂ ਭੈਣੀ ਪਿੰਡ ਦੀ ਹਦ ਵਿਚ ਦਾਖਲ ਹੋਏ ਤਾਂ ਚਿਟੇ ਦੁੱਧ ਲੀੜੇ ਪਾਈ। ਔਰਤਾਂ ਤੇ ਮਰਦ ਬਹੁਤ ਦਿਸੇ, ਮੇਲਾ ਲੱਗਾ ਜਾਪਿਆ। ਔਰਤਾਂ ਨੇ ਚਿਟੇ ਲੀੜੇ ਲਏ ਸਨ, ਖੁਲ੍ਹੇ ਕੁੜਤੇ ਅਤੇ ਸਲਵਾਰਾਂ ਚਿਟੀਆਂ, ਮਰਦਾਂ ਦੀਆਂ ਪੱਗਾਂ ਚਿਟੀਆਂ ਤ ਸਿਧੀਆਂ ਸੰਤਾਂ ਵਰਗੀਆਂ, ਕਤਰਾਂ ਵਾਲੇ ਕੁੜਤੇ। ਕਈਆਂ ਨੇ ਘੁਟਵੇਂ ਪਜਾਮੇਂ ਪਾਏ ਸਨ ਤੇ ਕਈ ਸਿਰਫ ਕਛਹਿਰਿਆਂ ਨਾਲ। ਦੁਕਾਨਾਂ ਲਗੀਆਂ ਹੋਈਆਂ, ਅਸੀਂ ਘੋੜੀਆਂ ਤੇ ਸਵਾਰ ਹੀ ਕੁਝ ਗਏ ਤਾਂ ਇਕ ਚਿੱਟੀ ਦਾਹੜੀ ਬਾਬਾ ਮਿਲਿਆ ਉਸ ਨੇ ਆਖਿਆ, 'ਗਭਰੂਓ! ਘੋੜੀਆਂ ਤੋਂ ਉਤਰ ਬਹੋ...ਇਹ ਛਪਾਰ ਜਾਂ ਲੁਧਿਆਣਾ ਸ਼ਹਿਰ ਦਾ ਚੇਤ ਚੌਦਸ ਦਾ ਮੇਲਾ ਨਹੀਂ। ਗੁਰੂ ਦਰਬਾਰ ਹੈ। ਕੁਝ ਲੈਕੇ ਜਾਣਾ ਹੈ ..ਪੁਤਰੋ! ਆਖੇ ਲਗੋ।'

'ਸਤਿ ਬਚਨ ਬਾਬਾ ਜੀ!' ਸੁਭਾਵਕ ਹੀ ਮੇਰੇ ਮੂੰਹੋਂ ਬੋਲ



Sri Satguru Jagjit Singh Ji Elibrary NamdhariElibrary@gmail.com

ਨਿਕਲਿਆ ਤੇ ਉਸ ਦੇ ਆਖਣ ਦਾ ਅਸਾਂ ਨੂੰ ਗੁੱਸਾ ਨਾ ਲਗਾ। ਛਪਾਰ, ਲੁਧਿਆਣੇ, ਮੇਲੇ ਦੀਆਂ ਤੀਆਂ, ਅੰਮ੍ਰਿਤਸਰ ਦੀ ਵਿਸਾਖੀ ਦੀਵਾਲੀ ਅਤੇ ਲਾਹੌਰ ਦੇ ਸ਼ਾਲੀ ਮਾਰ ਦੇ ਮੇਲੇ ਵਿਚ ਇਉਂ ਜੇ ਕੋਈ ਅਸਾਂ ਨੂੰ ਆਖਦਾ ਸੀ ਤਾਂ ਅਸੀਂ ਅਗੋਂ ਚਾਰ ਸੁਣਾ ਦਿਆ ਕਰਦੇ ਸਾਂ। ਲੋਕਾਂ ਦੇ ਮੋਢਿਆਂ ਉਤੋਂ ਦੀ ਥੁੱਕਦੇ ਸਾਂ। ਅਸੀਂ ਉਸੇ ਵੇਲੇ ਘੋੜੀਆਂ ਤੋਂ ਉਤਰੇ। ਨਥ ਨੇ ਵੀ ਬੋਤਾ ਬਿਠਾਦਿਆ ਤੇ ਉਤਰਿਆ। ਕਲਗੀਆਂ ਚਾਦਰਾਂ ਖੋਲ੍ਹਕੇ ਠੀਕ ਕੀਤੀਆਂ ਤੇ ਘੋੜੀਆਂ ਦੀਆਂ ਲਗਾਮਾਂ ਫੜਕੇ ਤੁਰੇ। ਇਸਤ੍ਰੀਆਂ ਮਰਦਾਂ ਦੀ ਭੀੜ ਵਿਚੋਂ ਦੀ ਥੋੜਾ ਅਗੇ ਹੋਏ ਤਾਂ ਇਕ ਜਵਾਨ ਉਮਰ ਸਿੰਘ ਨੇ ਦੋਵੇਂ ਹੱਥ ਜੋੜਕੇ ਆਖਿਆ।

'ਗੁਰਮੁਖੋ ! ਸਜੇ ਹੱਥ ਹਵੇਲੀ ਵਿਚ ਘੋੜੀਆਂ ਤੇ ਬੋਤਾ ਬੰਨ੍ਹ ਦਿਉ ! ਆਉ ਮੇਰੇ ਨਾਲ।' ਇਹ ਆਖਕੇ ਉਹ ਅਗੇ ਅਗੇ ਤੁਰਿਆ ਤੇ ਅਸੀਂ ਉਸ ਦੇ ਪਿਛੇ। ਅਸਾਂ ਇਕ ਦੂਸਰੇ ਵਲ ਦੇਖਕੇ ਇਸ਼ਾਰੇ ਕੀਤੇ ਕਿ ਆਉਂਦੇ ਹੀ 'ਗੁਰਮੁਖ ਬਣ ਗਏ ਸਾਂ। ਸੀ ਅਸੀਂ ਪੂਰੇ ਮਨਮੁਖ।

'ਘੋੜੀਆਂ ਬੰਨ੍ਹੀਆਂ। ਅਗੇ ਹੋਰ ਬਹੁਤ ਸਾਰੀਆਂ ਘੋੜੀਆਂ ਤੇ ਘੋੜੇ ਸਨ। ਚਾਰ ਪੰਜ ਊਠ ਤੇ ਗੱਡਿਆਂ, ਗੜਬਹਿਲੀਆਂ ਦੇ ਨਗੌਰੀ ਬੈਲ ਸਨ। ਸਾਰਿਆਂ ਵਾਸਤੇ ਪੱਠਿਆਂ ਦਾ ਪ੍ਰਬੰਧ ਸੀ। ਸ਼ਾਹੀ ਠਾਠ ਸੀ।

ਘੋੜੀਆਂ ਬੰਨ੍ਹਕੇ ਜਦੋਂ ਅਸੀਂ 'ਗੁਰੂ ਦਰਬਾਰ' ਵਲ ਤੁਰੇ ਤਾਂ ਅਸਾਂ ਦੇਖਿਆ, ਅਸਾਂ ਵਰਗੇ ਵੀ ਗਭਰੂ ਤੇ ਚਿਟੀ ਦਾਹੜੀ ਵਾਲੇ ਫਿਰਦੇ ਸਨ। ਪਰ ਬਹੁਤ ਸੰਤ ਲੋਕ ਸਨ...ਪਹਿਲਾਂ ਗੁਰੂ ਕੇ ਲੰਗਰ ਵਲ ਗਏ। ਰਜ ਕੇ ਪ੍ਰਸ਼ਾਦ ਛਕਿਆ ਤੇ ਮੁੜ ਦਰਬਾਰ ਵਿਚ ਜਾ ਬੈਠੇ। ਢੋਲਕੀ ਛੈਣਿਆਂ ਤੇ ਚਿਮਟਿਆਂ ਨਾਲ ਗੁਰਬਾਣੀ ਦੇ ਸ਼ਬਦ ਪੜ੍ਹੇ ਜਾ ਰਹੇ ਸੀ। ਸਾਜਾਂ ਦੀ ਘਨਘੋਰ ਉਚੀ ਤੇ ਉਸ ਤੋਂ ਉਚਾ ਸੀ ਬੋਲ ਸ਼ਬਦ ਪੜ੍ਹਨ ਵਾਲਿਆਂ ਦਾ। ਸਾਰਿਆਂ ਦੀ



Sri Satguru Jagjit Singh Ji Elibrary NamdhariElibrary@gmail.com

ਸੁਰਤ ਖਿਚੀ ਸੀ। ਬੱਲੇ ਕੰਨ ਵੀ ਸੁਣ ਰਹੇ ਸਨ ਤੇ ਮਨ ਦੀਆਂ ਪਹਿਲੀਆਂ ਸਾਰੀਆਂ ਕਲਪਨਾਵਾਂ ਖਤਮ ਹੋ ਰਹੀਆਂ ਸਨ ਤੇ ਸੁਰਤ ਬਾਣੀ ਦੇ ਭਾਵ-ਅਰਥ ਵਲ ਜੁੜ ਰਹੀ ਸੀ। ਇਉਂ ਪ੍ਰਤੀਤ ਹੁੰਦਾ ਸੀ ਕਿ ਅਸੀਂ ਕਿਸੇ ਨਵੀਂ ਦਨੀਆਂ ਦ ਦੀਵਾਨ ਵਿਚ ਬੈਠੇ ਸਾਂ। ਅਸਾਂ ਦੇ ਖਿਆਲਾਂ ਵਿਚ ਤਬਦੀਲੀ ਆ ਰਹੀ ਸੀ।'

'ਇਹ ਕੁਦਰਤੀ ਹੈ !' ਸੇਵਕ ਸਿੰਘ ਕਥਾ ਸੁਣਦੇ ਹੋਏ ਬੋਲੇ। ਉਹਨਾਂ ਦੀ ਸੁਰਤ ਕਥਾ ਸੁਣਨ ਵਿਚ ਖੁਭੀ ਸੀ ਉਹਨਾਂ ਨੂੰ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਉਹ ਖੁਦ ਵੀ ਭੈਣੀ ਸਾਹਿਬ ਦੇ ਦੀਵਾਨ ਵਿਚ ਬੈਠੇ ਸਨ ਤੇ ਸੰਤ ਸਮਾਜ ਭਾਰੀ ਗਿਣਤੀ ਵਿਚ ਸੀ।

'ਜੈਸੀ ਸੰਗਤ ਤੈਸੀ ਰੰਗਤ। ਜਿਸ ਸਥਾਨ ਤੇ ਮਨੁੱਖ ਬੈਠਦਾ ਹੈ, ਉਸ ਦੇ ਵਾਤਾਵਰਨ ਅਨੁਸਾਰ ਸੁਰਤ ਦੀ ਵਸਥਾ ਹੁੰਦੀ ਜਾਂਦੀ ਹੈ।'

'ਬਿਲਕੁਲ ਠੀਕ !' ਸੰਤ ਖੜਗ ਸਿੰਘ ਨੇ ਆਖਿਆ, 'ਅਸੀਂ ਜਦੋਂ ਮੇਲਿਆਂ ਵਲ ਤੁਰਦੇ ਸਾਂ ਤਾਂ ਸਭ ਤੋਂ ਪਹਿਲਾਂ ਖਿਆਲ ਆਉਂਦਾ ਕਿ ਸ਼ਰ ਬ ਪੀਵੀਏ, ਅਫੀਮ ਡੁੰਗੀਏ ਜਾਂ ਸੁਖਾ ਪੀ ਕੇ ਚਲੀਏ ਰਤਾ ਤਾਰ ਬਝ ਜਾਏਗੀ ਤਾਂ ਮੇਲਾ ਦੇਖਣ ਦਾ ਅਨੰਦ ਆਏਗਾ। ਜੇ ਅਖਾਂ ਲਾਲ ਨਹੀਂ ਤਾਂ ਮੇਲੇ ਵਿਚੋਂ ਕੀ ਨਜ਼ਰ ਆਉਣਾ ਹੈ। . ਗੀਤ ਦੋਹੜੇ ਜਾਂ ਮਿਰਜ਼ੇ ਦੀ ਵਾਰ ਦੀਆਂ ਕਲੀਆਂ ਕਿਵੇਂ ਚੇਤੇ ਆਉਣੀਆਂ ਹਨ। ਬਸ ਕਿਸੇ ਨਾ ਕਿਸੇ ਅਮਲ ਨੂੰ ਛਕ ਕੇ ਹੀ ਮੇਲੇ ਵਲ ਪੈਰ ਪੁੱਟਣਾ। ਪਰ ਉਥ ਅਨੋਖੀ ਖੇਡ ਹੋਈ। ਅਸੀਂ ਹੱਥਾਂ ਨਾਲ ਤਾਲੀਆਂ ਦਾ ਤਾਲ ਮਿਲਾਉਂਦੇ ਹੋਏ ਸ਼ਬਦ ਪੜ੍ਹਨ ਵਾਲਿਆਂ ਦੇ ਨਾਲ ਪਿਛਲੀ ਕਤਾਰ ਵਾਲਿਆਂ ਨਾਲ ਸ਼ਬਦ ਦੀਆਂ ਤੁਕਾਂ ਬੋਲਣ ਲਗ ਪਏ। ਗਲੇ ਸਾਫ ਸਨ ਤੇ ਲਚਕਦਾਰ ਬਸ ਲਗ ਪਏ ਝੂਮਕ ਗਾਉਣ.. ।'

ਸੰਤ ਖੜਗ ਸਿੰਘ ਜਦੋਂ ਵੀ ਸਤਿਗੁਰੂ ਰਾਮ ਸਿੰਘ ਜੀ ਦੀ



Sri Satguru Jagjit Singh Ji Elibrary NamdhariElibrary@gmail.com

ਮਹਿਮਾਂ ਵਰਨਣ ਕਰਦੇ ਸਨ, ਤਦੋਂ ਬਿਨ ਅਮਲ ਤੋਂ ਮਸਤਾਨੇ ਹੋ ਜਾਂਦੇ ਸਨ। ਉਹਨਾਂ ਦੇ ਸਰੀਰ ਦੇ ਲੂੰ ਲੂੰ ਵਿਚ 'ਸਤਿਗੁਰੂ ਜਸ' ਤੇ ਪ੍ਰੇਮ ਰਚਿਆ ਸੀ। ਮਨ ਬੁਧੀ ਹੋਰ ਕੁਝ ਸੋਚਦੇ ਨਹੀਂ ਸਨ। ਆਤਮਾ ਨਿਰਭੈ ਬਲਵਾਨ ਹੁੰਦੀ ਜਾ ਰਹੀ ਸੀ। ਆਪਣੇ ਪਿੰਡ ਦੇ ਘਰ ਜਾਂ ਦੂਸਰੇ ਕਿਸੇ ਪਿੰਡ ਕਿਸੇ ਦੇ ਘਰ, ਕਿਸੇ ਧਰਮ-ਸਾਲਾ ਵਿਚ ਰਾਤ ਕਟਦੇ ਤਾਂ ਕੁਕੜ ਦੀ ਦੂਸਰੀ ਬਾਂਗ ਨਾਲ ਜਾਗਕੇ ਇਸ਼ਨਾਨ ਕਰਕੇ ਨਾਮ-ਸਿਮਰਨ ਵਾਸਤੇ ਬੈਠਣ ਤੋਂ ਪਹਿਲਾਂ ਮਕਾਨ ਦੀ ਛਤ ਉਤੇ ਚੜ੍ਹਕੇ ਉਚੀ ਵਾਜ਼ ਵਿਚ ਆਖਦੇ, 'ਚੰਗੇ ਭਾਗਾਂ ਵਾਲਿਓ ਜਾਗੋ! ਸਤਿਗੁਰੂ ਰਾਮ ਸਿੰਘ ਜੀ ਦਾ ਸੰਦੇਸ਼ ਸੁਣੋ-ਨਾਮ ਜਪੋ...ਖੰਡੇ ਦਾ ਅੰਮ੍ਰਿਤ ਛਕੋ ਤ ਤਿਆਰ ਹੋਵੋ... ਮਲੇਛ ਰਾਜ ਦਾ ਅੰਤ ਕਰਨਾ ਹੈ...ਜਾਗੋ ਓ ਸੁਤਿਓ ਜਾਗੋ ਜਾਗਣ ਦਾ ਵੇਲਾ ਹੈ...ਇਕ ਦਿਨ ਤਾਂ ਲੰਮੇ ਗੋਡੇ ਪਸਾਰਕੇ ਸਾਉਣਾ ਹੈ...ਜੀਉਂਦੇ ਨਾ ਸੌਵੋਂ.. ਜਾਗੋ ਭਾਈ ਭਾਗੋ..।' ਆਪ ਦਾ ਗਲਾ ਰਸੀਲਾ ਤੇ ਭਾਰੀ ਵਾਜ਼ ਵਾਲਾ ਸੀ। ਸਾਰੇ ਪਿੰਡ ਦੇ ਘਰਾਂ ਤਕ ਵਾਜ਼ ਪਹੁੰਚ ਜਾਂਦੀ ਸੀ। ਫਰੰਗੀ ਦੇ ਚਾਟੜੇ ਵੀ ਸੁਣ ਲੈਂਦੇ ਸਨ—ਖੜਗ ਸਿੰਘ ਫਰੰਗੀ ਤੇ ਉਸਦੇ ਚੇਲੇ ਚਾਟੜਿਆਂ ਕੌਮ-ਧਰੋਹੀਆਂ ਦਾ ਡਰ ਭੁਲਾ ਬੈਠਾ ਸੀ—

'ਜੇ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰ ਤਲੀ ਗਲੀ ਮੇਰੀ ਆਉ ॥'

ਪਹਿਲਾ ਮਰਨ ਕਬੂਲ ਕਰ, ਜੀਵਨ ਦੀ ਛਡ ਆਸ ॥

ਆਦਿਕ ਤੁਸਾਂ ਨੂੰ ਇਉਂ ਉਚਾਰਦੇ ਸਨ, ਜਿਵੇਂ ਮੁਲਾਂ ਸਵੇਰੇ ਤੇ ਸ਼ਾਮ ਨੂੰ ਬਾਂਗ ਦਿੰਦਾ ਹੈ।

'...ਅਗਲੇ ਦਿਨ ਵਡਾ ਦੀਵਾਨ ਲੱਗਾ। ਦੀਵਾਨ ਦੇ ਵਿਚ.. ਗੁਰੂ ਜੀ...ਉਹਨਾਂ ਦੇ ਦਰਸ਼ਨ ਕਰਨ ਤੇ ਹੀ ਸਿਰ ਝੁਕ ਗਿਆ।... ਖੰਡੇ ਦਾ ਅੰਮ੍ਰਿਤ ਤਿਆਰ ਹੋਇਆ ਪੰਜਾਂ ਸਿਖਾਂ ਨੇ ਬਾਬਾ ਕਾਹਨ



Sri Satguru Jagjit Singh Ji Elibrary NamdhariElibrary@gmail.com

ਸਿੰਘ, ਬਾਬਾ ਲਾਭ ਸਿੰਘ ਰਾਗੀ, ਬਾਬਾ ਆਤਮਾ ਸਿੰਘ, ਬਾਬਾ ਨਰੈਣ ਸਿੰਘ ਅਤੇ ਬਾਬਾ ਸੁੱਚਾ ਸਿੰਘ...। ਉਹਨਾਂ ਪੰਜਾਂ ਨੇ ਹੋਰਨਾਂ ਨੂੰ ਛਕਾਉਣਾ ਸ਼ੁਰੂ ਕੀਤਾ ਬਸ ਅਸੀਂ ਚਾਰੇ ਮਿਤਰ ਵੀ ਅੰਮ੍ਰਿਤ ਛਕਣ ਨੂੰ ਤਿਆਰ ਹੋ ਗਏ। ਉਸੇ ਵੇਲੇ ਕਛਹਿਰੇ ਖਰੀਦੇ, ਚਿੱਟੀਆਂ ਪਗਾਂ ਲਈਆਂ ਤੇ ਅੰਮ੍ਰਿਤ ਛਕ ਲਿਆ। ਉਹਨਾਂ ਨੇ ਬੀਬੀਆਂ ਨੂੰ ਵੀ ਨਾਲ ਹੀ ਅੰਮ੍ਰਿਤ ਛਕਾਇਆ—ਇਕੱਠਾ। ਕੋਈ ਭਿੰਨ ਭੇਤ ਨਾ ਰਖਿਆ। ਕੀ ਦਸਾਂ ਦਸਣਾ ਨਹੀਂ ਆਉਂਦਾ ਰਬੀ ਲੀਲ੍ਹਾ ਸੀ ਸੰਤ ਜੀ।'

'ਇਕ ਮਹੀਨਾ ਭੈਣੀ ਰਹੇ। ਗੁਰੂ ਕਾ ਲੰਗਰ ਚਲਦਾ ਸੀ। ਉਸ ਵਿਚ ਸੇਵਾ ਕਰਨ ਲਗ ਪਏ, ਵਿਹਲੇ ਸਮੇਂ ਗਰਮੁਖੀ ਅਖਰ ਪੜ੍ਹਨੇ ਸਿਖੇ। ਪਹਿਲਾਂ ਧਰਤੀ ਉਤੇ ਲਿਖਦੇ ਰਹੇ। ਫਿਰ ਫਟੀ ਲਈ, ਅਖਰ ਉਠਾਉਣੇ ਆ ਗਏ। ਐਸੀ ਕ੍ਰਿਪਾ ਹੋਈ ਗੁਰੂ ਮਹਾਰਾਜ ਦੀ ਕਿ ਦਰਸ਼ਨ ਕਰਕੇ ਜੀਵਨ ਬਦਲਿਆ, ਉਹਨਾਂ ਦੀ ਮੇਹਰ ਨਾਲ ਅਖਰ ਉਠਾਉਣੇ ਆ ਗਏ। ਜਿਹੜਾ ਸ਼ਬਦ ਚੇਤੇ ਕਰਨਾ ਹੁੰਦਾ ਸੀ, ਉਹੋ ਕੰਠ ਹੋ ਜਾਂਦਾ। ਹੁਣ ਦੇਖ ਲਉ ਕਿੰਨੀ ਬਾਣੀ ਚੇਤੇ ਹੈ ਗੁਰੂ ਜੀ ਬਚਨ ਕਰਦੇ ਰਹੇ—ਸੜਦੇ ਬਲਦੇ ਜਗਤ ਨੇ ਨਾਮ-ਬਾਣੀ ਦੇ ਭਜਨ ਪ੍ਰਤਾਪ ਨਾਲ ਹੀ ਸ਼ਾਂਤ ਹੋਣਾ ਹੈ। ਸੰਤ ਖਾਲਸਾ ਵਡੀ ਗਿਣਤੀ ਵਿਚ ਹੋਏਗਾ। ਮਲੇਛ ਖਾਲਸੇ ਦਾ ਅੰਤ ਹੋਏਗਾ।'

'ਗੁਰੂ ਜੀ ਇਹ ਵੀ ਬਚਨ ਕੀਤਾ, ਮਾਸ ਸ਼ਰਾਬ, ਚੋਰੀ, ਯਾਰੀ, ਬਦਕਾਰੀ, ਝੂਠ ਨਿੰਦਾ ਆਦਿਕ ਸਾਰੇ ਕੁਕਰਮ ਤਿਆਗ ਦੇਣੇ। ਧਰਮ ਦੀ ਗਲ ਜੇ ਸੰਤ ਜੀ ਹੁਣ ਮਾਸ ਸ਼ਰਾਬ ਨੂੰ ਚਿੱਤ ਹੀ ਨਹੀਂ ਕਰਦਾ. ਸਾਰੇ ਸੰਸਾਰ ਦੀਆਂ ਧੀਆਂ ਭੈਣਾਂ ਆਪਣੀਆਂ ਧੀਆਂ ਭੈਣਾਂ ਪ੍ਰਤੀਤ ਹੋ ਰਹੀਆਂ ਹਨ। ਮਨ ਚਲਾਏ ਮਾਨ ਹੁੰਦਾ ਹੀ ਨਹੀਂ—ਐਸੀ ਗੁਰੂ ਮਹਾਰਾਜ ਜੀ ਦੀ ਸ਼ਕਤੀ ਹੈ। ਸੇਵਾ-ਨੇਕੀ ਕਰਨ ਲਈ ਮਨ ਉਛਾਲੇ ਮਾਰਦਾ ਰਹਿੰਦਾ ਹੈ।.. ਜੀਵਨ ਸਫਲ



Sri Satguru Jagjit Singh Ji Elibrary NamdhariElibrary@gmail.com

ਹੋ ਗਿਆ।'

ਸੰਤ ਖੜਗ ਸਿੰਘ ਜੀ ਅਧੀ ਰਤ ਤਾਕ ਇਉਂ ਕਥਾ ਕਰਦੇ ਰਹੇ। ਸੰਤ ਸੇਵਕ ਸਿੰਘ ਜੀ ਧਿਆਨ ਨਾਲ ਸੁਣਦੇ ਰਹੇ। ਉਸ ਰਾਤ ਤੋਂ ਦੋਹਾਂ ਵਿਚਾਲੇ ਪੱਕੀ ਸਾਂਝ ਹੋ ਗਈ। ਅਗਲੇ ਦਿਨ ਤੋਂ ਸੇਵਕ ਸਿੰਘ ਨੇ ਵੀ ਗੁਰੂ ਰਾਮ ਸਿੰਘ ਜੀ ਦੀ ਦਸੀ ਵਿਚਾਰ ਧਾਰਾ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ। ਲਗੇ ਪ੍ਰਚਾਰ ਕਰਨ, ਰੂੜ ਸਿੰਘ ਦਾ ਮੁੰਡਾ ਨੈਣਾ ਸਿੰਘ ਅਤੇ ਹੋਰ ਮੁੰਡੇ ਗੁਰਸਿਖ ਲਿਬਾਸ ਧਾਰਨ ਕਰਨ ਲਗੇ। ਗੁਰੂ ਘਰ ਦੇ ਨਿੰਦਕ ਸੜਨ-ਲਗੇ। ਆਪ ਹਰ ਰੋਜ਼ ਚੰਡੀ ਦਾ ਪਾਠ ਕਰਦੇ ਤੇ ਮਾਈ-ਭਾਈ ਨੂੰ ਸੰਤ ਖਾਲਸਾ ਬਣਨ ਦੀ ਪਰੇਰਨਾ ਦਿੰਦੇ ਹੋਏ ਇਹ ਤੁਕਾਂ ਸੁਣਾਉਂਦੇ—

ਜਬ ਲਗ ਰਹੇ ਖਾਲਸਾ ਨਿਆਰਾ॥
ਤਬ ਲਗ ਤੇਜ ਦਿਉ ਮੈ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨ ਕਰੋ ਇਨ ਕੀ ਪ੍ਰਤੀਤ॥



Sri Satguru Jagjit Singh Ji Elibrary NamdhariElibrary@gmail.com

# ਅੱਠ

ਜਿਵੇਂ ਇਕ ਬਾਪ ਆਪਣੀ ਸੰਤਾਨ ਦਾ ਖਿਆਲ ਰਖਦਾ ਹੈ, ਭਾਵੇਂ ਉਹ ਚੰਗੀ ਹੋਏ ਭਾਵੇਂ ਮੰਦੀ। ਬਾਪ ਵਾਸਤੇ ਸੰਤਾਨ ਹੈ ਤੇ ਮੋਹ-ਮਮਤਾ ਦੀ ਅਤੁਟ ਸੰਗਲ਼ੀ ਨਾਲ ਬੰਨ੍ਹੀ ਹੈ। ਤਿਵੇਂ ਜੀਵਾਂ ਦਾ ਵਡਾ ਪਿਤਾ ਅਕਾਲ ਪੁਰਖ ਆਪਣੀ ੮੪ ਲੱਖ ਸੰਤਾਨ ਦਾ ਖਿਆਲ ਰਖਦਾ ਹੈ। ਪਿਰਤ ਪਾਲਦਾ ਹੋਇਆ ਉਚੀ ਨੀਵੀਂ ਅਵਸਥਾ ਤੋਂ ਬਚਾ ਕੇ ਇਕ ਸੂਤ ਵਿਚ ਰਖਣ ਦਾ ਜਤਨ ਕਰਦਾ ਹੈ। ਝਖੜ, ਹਨੇਰੀਆਂ, ਤੂਫ਼ਾਨ ਅਤੇ ਭੂਚਾਲ, ਜੰਗਾਂ ਅਤੇ ਕਿਰਾਂਤੀਆਂ ਸਭ ਅਕਾਲ ਪੁਰਖ ਦੇ ਚਕਰ ਮਾਨਵਤਾ ਨੂੰ ਅਰੋਗ ਰਖਣ ਵਾਸਤੇ ਆਉਂਦੇ ਹਨ। ਝਖੜ, ਹਨੇਰੀਆਂ, ਤੂਫ਼ਾਨ ਅਤੇ ਭੂਚਾਲਾਂ ਦੀ ਅਗਵਾਈ ਅਗਨੀ (ਗਰਮੀ) ਕਰਦੀ ਹੈ। ਜੰਗਾਂ ਤੇ ਕਰਾਂਤੀਆਂ ਦੀ ਅਗਵਾਈ ਕਰਨ ਲਈ ਉਚੇਚੇ ਸਰਬੁਤਮ ਪਰਮ ਮਨੁਖਾ ਨੂੰ ਜਗਤ ਤੇ ਭੇਜਦਾ ਹੈ। ਉਹ ਮਾਨਵਤਾ ਦੇ ਸਰੀਰ ਉਤੇ ਹੋਏ ਪਾਕ ਭਰੇ ਫੋੜਿਆਂ ਨੂੰ ਖਤਮ ਕਰਨ ਤੇ ਮਾਨਵਤਾ ਦਾ ਪਿੰਡਾ ਅਰੋਗ ਕੁੰਦਨ ਰਖਣ ਲਈ ਜੰਗ ਤੇ ਕਰਾਂਤੀ ਦੀ ਅਗਵਾਈ ਕਰਦੇ ਹਨ। ਭਗਵਾਨ ਰਾਮ ਜੀ, ਕ੍ਰਿਸ਼ਨ ਜੀ, ਹਜ਼ਰਤ ਮੂਸਾ,



Sri Satguru Jagjit Singh Ji Elibrary NamdhariElibrary@gmail.com

ਮਹਾਤਮਾ ਬੁਧ, ਹਜ਼ਰਤ ਈਸਾ, ਕੰਨਫੂਸੀਅਸ, ਹਜ਼ਰਤ ਮੁਹੰਮਦ ਸਾਹਿਬ, ਸਤਿਗੁਰੂ ਨਾਨਕ ਦੇਵ ਜੀ ਚੋਂ ਸਤਿਗੁਰੂ ਰਾਮ ਸਿੰਘ ਜੀ ਤੱਕ ਸਾਰੇ ਦੇ ਸਾਰੇ ਅਵਤਾਰ (ਪੈਗੰਬਰ) ਅਕਾਲ ਪੁਰਖ ਨੇ ਆਪਣੀ ਸ਼ਕਤੀ ਬਖਸ਼ਕੇ ਸੰਸਾਰ ਉਤੇ ਭੇਜੇ। ਉਹਨਾਂ ਨੇ ਆਪਣੇ ਜੁਗ ਵਿਚ ਮਨੁੱਖਾਂ ਨੂੰ ਚੇਤੇ ਕਰਾਇਆ—

'ਮਨ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਨ।'

ਹਰ ਮਨੁੱਖ ਦੇ ਹਿਰਦੇ ਤੇ ਲਹੂ ਵਿਚ ਸੁਤੀ ਮਹਾਨ ਸ਼ਕਤੀ ਨੂੰ ਗਿਆਨ ਦੀ ਸ਼ਕਤੀ ਨਾਲ ਜਗਾਇਆ ਜਿੰਨਾ ਨੇ ਆਪਣੇ ਮਨ ਨੂੰ ਜਾਣ ਲਿਆ। ਉਹੋ ਹੀ ਆਪਣਾ ਪਵਿਤਰ 'ਲਹੂ ਦਾਨ' ਕਰਕੇ ਮਾਨਵਤਾ ਦੇ ਭਲੇ ਲਈ ਸੇਵਾ ਕਰ ਗਏ। ਉਹਨਾਂ ਦਾ ਦੂਸਰਾ ਨਾਮ 'ਸ਼ਹੀਦ' ਹੈ। ਜੁਗਾਂ ਤਕ ਅਮਰ ਹਨ।

ਅਕਾਲ ਪੁਰਖ ਨੇ ਕੂਕਾ ਲਹਿਰ ਨੂੰ ਜਨਮ ਦਵਾਇਆ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਜਿਸਦਾ ਭਾਵ ਕਿ ਇਕ ਪਹਿਰੇ-ਵਾਂਗ ਸੁਤਿਆਂ ਨੂੰ ਉਚੀ ਅਵਾਜ਼ ਦੇਕੇ ਜਗਾਉਣਾ। ਕਈ ਕੁੰਭ ਕਰਣ ਦੀ ਨੀਂਦ ਸੌਂ ਗਏ ਸਨ। ਉਹਨਾਂ ਨੂੰ ਨਾ ਆਪਣੀ ਸ਼ਕਤੀ ਦਾ ਗਿਆਨ ਸੀ। ਆਪਣੇ ਵਡੇ ਵਡੇਰਿਆਂ ਦਾ ਇਤਿਹਾਸ ਭੁਲ ਚੁੱਕੇ ਸਨ। ਗੁਲਾਮੀ ਦੇ ਮੌਲੇ ਤਪੜਾਂ ਨਾਲ ਇਉਂ ਸੌਂ ਰਹੇ ਸਨ, ਜਿਵੇਂ ਬਾਲਕ ਸੌਂ ਜਾਂਦਾ ਹੈ। ਗੁਰਬਾਣੀ ਦੇ ਸ਼ਬਦ ਕੰਨਾਂ ਵਿਚ ਗੂੰਜਾਏ ਅਤੇ ਇਤਿਹਾਸ ਦੀ ਕਥਾ ਸੁਣਾ ਕੇ ਝੰਜੋੜਿਆ। ਜਿਹੜੇ ਜਾਗਦੇ ਗਏ, ਉਹ ਕੂਕ ਬਣਦੇ ਗਏ। ਉਹਨਾਂ ਨੂੰ ਮੌਤ ਭੁਲ ਗਈ। ਮੌਤ ਦੇ ਡਰਦੇ ਕਾਲੇ ਪੜਦੇ ਲੁਕਾਈ ਸੁਤੰਤਰਤਾ ਨੂੰ ਲਭਣ ਲਗੇ। ਫਰੰਗੀ (ਅੰਗਰੇਜ਼) ਦੀ ਤੋਪ, ਬੰਦੂਕ, ਤਲਵਾਰ ਤੇ ਉਸ ਦੇ ਫਾਂਸੀ ਦੇ ਰਸੇ ਵਲ ਦੇਖਕੇ ਹੱਸਣ ਲਗੇ। 'ਸਤਿ ਸ੍ਰੀ ਅਕਾਲ!' ਦਾ ਨਾਹਰਾ ਮੁੜ ਕਰਾਂਤੀ ਦਾ ਨਾਹਰਾ ਬਣ ਗਿਆ।

ਕੂਕਿਆਂ ਦੀਆਂ ਕੂਕਾਂ ਨਾਲ ਸੁਤੇ ਜਾਗਣ ਵਾਲਿਆਂ ਵਿਚ



Sri Satguru Jagjit Singh Ji Elibrary NamdhariElibrary@gmail.com

ਨੌਜਵਾਨ ਅਤਰ ਸਿੰਘ ਵੀ ਇਕ ਸੀ। ਜਿਹੜਾ ਆਪਣੇ ਪਿਤਾ ਅਜੀਤ ਸਿੰਘ ਪ ਸੋਂ ਕਦੀ ਕਦੀ ਆਪਣੇ ਵਡਿਆਂ ਦੀ ਕਹਾਣੀ ਸੁਣਦੇ, ਪਰ ਭੁਲ ਜਾਂਦੇ। 'ਮੈਂ ਕੀ ਹਾਂ? ਕੀ ਕਰਨਾ ਹੈ?' ਇਹ ਨਾ ਸੋਚਦੇ। ਸੋਚਦੇ ਸਨ, ਚੰਗਾ ਖਾਣਾ, ਚੰਗਾ ਪਹਿਨਣਾ ਜਾਂ ਰੋਟੀ ਕਪੜੇ ਵਾਸਤੇ ਕਿਰਤ ਕਰਨੀ। ਜੇ ਕਿਰਤ ਕਰਨ ਤੋਂ ਸਮਾਂ ਬਚਨਾ ਤਾਂ ਆਪਣੇ ਪਿਤਾ ਅਤੇ ਚਾਚਿਆਂ ਨਾਲ ਸ੍ਰੀ ਦਰਬਾਰ ਸਾਹਿਬ ਕੀਰਤਨ ਕਰਨ ਚਲੇ ਜਾਣਾ ਪਰ ਜਦੋਂ ਇਕ ਰਾਤ ਕੂਕਿਆਂ ਦੇ ਦੀਵਾਨ ਵਿਚ ਹਾਜ਼ਰੀ ਭਰੀ। ਕੇਨਾਂ ਦੇ ਝੱਪੇ ਖੁਲ੍ਹੇ ਅਤੇ ਇਕ ਵਾਰ ਸਰੀਰ ਲਰਜ਼ਿਆ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਇੱਛਾ ਪਰਬਲ ਹੋਈ ਤਾਂ ਕੁਝ ਕੁਝ ਗਿਆਨ ਦਾ ਪ੍ਰਕਾਸ਼ ਹੋਣ ਲੱਗਾ। ਜਦੋਂ ਦਰਸ਼ਨ ਹੋ ਹੀ ਗਏ ਤਾਂ ਦਿਲ ਧੜਕਿਆ, ਡੌਲੇ ਫੁਰਕੇ, ਹਿੱਕ ਚੌੜੀ ਹੋਈ। ਜੀਵਨ ਦਾ ਉਦੇਸ਼ ਸੇਵਾ ਹੈ। ਤਨ ਮਨ ਤੇ ਧਨ ਨਾਲ ਸੇਵਾ। 'ਸਚ ਹੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਬਚਨ ਕੀਤਾ ਹੈ, 'ਭਾਈ ਜਨੋ!' ਫਰੰਗੀ ਦਾ ਵਿਸਾਹ ਨਾ ਕਰ। ਮਿਠੇ ਦੀ ਚਾਸਨੀ ਵਿਚ ਲਬੇੜਕੇ ਜ਼ਹਿਰ ਦੀਆਂ ਗੋਲੀਆਂ ਖੁਆ ਰਿਹਾ ਹੈ। ਜਿਸ ਜ਼ਹਿਰ ਨਾਲ ਸਰੀਰ, ਅਣਖ ਧਰਮ ਦਾ ਵਲਵਲਾ, ਭਾਈਚਾਰਕ ਖਿੱਚ, ਦੇਸ਼ ਪਿਆਰ ਸਚ ਬੋਲਣਾ ਆਦਿਕ ਸਾਰੇ ਚੰਗੇ ਗੁਣ ਕਮਜ਼ੋਰ ਹੋ ਜਾਣਗੇ। ਮੋਹਰਕਾ ਤਾਪ ਚੜ੍ਹਨਾ ਸ਼ੁਰੂ ਹੋ ਜਾਏਗਾ। ਹੱਡਾਂ ਵਿਚ ਕਚੇ ਪਾਰੇ ਵਾਂਗ ਜ਼ਹਿਰ ਬੈਠ ਜਾਏਗੀ।...ਗੁਰਮੁਖ ਜਨੋ! ਸੋਚੋ।'

ਨੌਜਵਾਨ ਅਤਰ ਸਿੰਘ ਸੋਚਣ ਲਗ ਪਿਆ ਸੀ। ਉਸ ਨੇ ਆਪਣੇ ਪਿਤਾ ਅਜੀਤ ਸਿੰਘ ਅਗੇ ਬੇਨਤੀ ਕੀਤੀ। 'ਪਿਤਾ ਜੀ! ਆਪ ਆਪਣੇ ਵਡਿਆਂ ਦੀ ਕਥਾ ਸੁਣਾਇਆ ਕਰਦੇ ਹੋ...।'

'ਹਾਂ ਪੁਤਰ! ਕਈ ਵਾਰੀ ਸੁਣਾਈ:..ਜਿਵੇਂ ਤੁਸਾਂ ਦੇ ਬਾਬਾ ਜੀ ਮੈਨੂੰ ਸੁਣਾਇਆ ਕਰਦੇ ਸੀ। 'ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰਾਨੇ' ਕੀ ਤੁਸਾਂ ਭੁਲ ਗਏ?'



Sri Satguru Jagjit Singh Ji Elibrary NamdhariElibrary@gmail.com

'ਪਿਤਾ ਜੀ ! ਕਥਾ ਸੁਣੀ ਜ਼ਰੂਰ, ਪਰ ਦਿਮਾਗ ਵਿਚ ਨਹੀਂ ਬੈਠੀ। ਕਿਉਂਕਿ ਦਿਮਾਗ ਉਤੇ ਖੇਡਣ ਤੇ ਖੁਸ਼ੀਆਂ ਕਰਨ ਦਾ ਕਾਲਾ ਪੜਦਾ ਸੀ।'

'ਹੁਣ ?'

'ਕੂਕਿਆਂ ਦੀ ਸੰਗਤ ਨਾਲ ਪੜਦਾ ਪਾਸੇ ਹੋਇਆ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਤੇ ਉਪਦੇਸ਼ ਨੇ ਉਹ ਕਾਲਾ ਪੜਦਾ ਪਾੜਕੇ ਲੀਰਾਂ ਕਰਕੇ ਪਤਾ ਨਹੀਂ ਕਿਧਰ ਸੁਟ ਦਿੱਤਾ। ਹੁਣ ਜੋ ਕਝ ਸੁਣਾਉਗੇ ਉਹ ਕਦੀ ਨਹੀਂ ਭੁਲੇਗਾ ਪਿਤਾ ਜੀ! ਸਚ ਦਸਦਾ ਹਾਂ ਕਿ ਰੋਸ਼ਨੀ ਹੀ ਰੋਸ਼ਨੀ ਹੈ। ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ। ਜੀਵਨ ਦੇ ਉਦੇਸ਼ ਦਾ ਪਤਾ ਲਗ ਗਿਆ...। ਸੂਰਜ ਰੂਪ ਗੁਰੂ ਹਨ, ਜਿਨ੍ਹਾਂ ਦੇ ਦਰਸ਼ਨ ਤੇ ਬਚਨ ਰੂਪ ਕਿਰਨਾ ਨਾਲ ਹਨੇਰਾ ਦੂਰ ਹੋ ਜਾਂਦਾ ਹੈ।'

ਅਜੀਤ ਸਿੰਘ ਨੇ ਖਾਲਸਾ ਰਾਜ ਦੀ ਸ਼ਾਨ ਦੇਖੀ ਸੀ। ਉਹਨਾਂ ਦੇ ਵਿਚਾਰ ਧਾਰਮਿਕ ਸਨ। ਜੀਵਨ ਵਿਚ ਸਾਦਗੀ ਅਤੇ ਧਰਮ-ਕਿਰਤ ਕਰਨ ਦਾ ਉਪਾਹ ਸੀ। ਇਹ ਗੁਣ ਉਹਨਾਂ ਨੇ ਆਪਣੇ ਪਿਤਾ ਜੋਧ ਸਿੰਘ ਪਾਸੋਂ ਪ੍ਰਾਪਤ ਕੀਤਾ ਸੀ।

ਉਹਨਾਂ ਦੀ ਮਨੋ-ਇਛਾ ਸੀ ਕਿ ਉਹਨਾਂ ਦੇ ਦੋਵੇਂ ਪੁਤਰ ਅਤਰ ਸਿੰਘ ਤੇ ਬੁਧ ਸਿੰਘ ਦੋਵੇਂ ਹੀ ਚੰਗੇ ਪੜ੍ਹਨ ਤੇ ਰਾਗ ਵਿਦਿਆ ਦੇ ਨਾਲ ਗੁਰਬਾਣੀ ਤੇ ਇਤਿਹਾਸ ਦਾ ਪੂਰਨ ਗਿਆਨ ਪ੍ਰਾਪਤ ਕਰਕੇ ਚੰਗੇ ਗ੍ਰੰਥੀ ਜਾਂ ਰਾਗੀ ਬਣਨ। ਪਰ ਦੋਵੇਂ ਧਿਆਨ ਘਟ ਦਿੰਦੇ ਸਨ।

ਅਤਰ ਸਿੰਘ ਦੀ ਬਦਲੀ ਮਨੋ ਬਿਰਤੀ ਨੂੰ ਦੇਖਕੇ ਖੁਸ਼ ਹੋਏ ਤੇ ਆਖਣ ਲਗੇ। 'ਪੁਤਰ! ਆਪਣੇ ਵਡੇ ਵਡੇ ਗੁਰੂ ਘਰ ਤੇ ਗੁਰੂ ਪੰਥ ਦੀ ਸੇਵਾ ਕਰਦੇ ਆਏ ਹਨ। ਗੁਰੂ ਧਾਮਾਂ ਦੀ ਪਵਿਤ੍ਰਤਾ ਤੇ ਸੁਤੰਤਰਤਾ ਵਾਸਤੇ ਲਹੂ-ਦਾਨ ਕਰਦੇ ਰਹੇ।'

'ਏਹੋ ਤਾਂ ਮੈਂ ਸੁਣਨਾ ਚਾਹੁੰਦਾ ਹਾਂ।'



Sri Satguru Jagjit Singh Ji Elibrary NamdhariElibrary@gmail.com

'ਤੂੰ ਸੁਣਨਾ ਚਾਹੁੰਦਾ ਹੈਂ ਤੇ ਮੈਂ ਸੁਣਾਉਣਾ ਚਾਹੁੰਦਾ ਹਾਂ।'

'ਕਥਾ ਸੁਣ ਤੇ ਸੁਣੀ ਕਥਾ ਚੇਤੇ ਰਖੀਂ। ਜਦੋਂ ਭਾਈ ਲਾਲੋ ਜੀ ਨੇ 'ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਸਨ, ਉਸ ਦੇ ਕੋਈ ਦਸ-ਪੰਦਰਾਂ ਸਾਲ ਪਿਛੋਂ ਜਦੋਂ ਸਤਿਗੁਰੂ ਨਾਨਕ ਦੇਵ ਜੀ ਮੁਲਤਾਨ, ਚੂਹਨੀਆਂ ਤੇ ਕਸੂਰ ਆਦਿਕ ਪੀਰਾਂ ਫਕੀਰਾਂ ਦੇ ਸ਼ਹਿਰਾਂ ਵਲ ਗਏ ਸਨ ਤਾਂ ਆਪਾਂ ਦੇ ਵਡੇ ਭਾਈ ਭਗਤਾ ਜੀ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਉਸ ਵੇਲੇ ਅਸਾਂ ਦੇ ਵਡੇ ਪਿੰਡ ਕਲੀਆਂ ਕਸੂਰ ਤਹਿਸੀਲ ਵਿਚ ਰਹਿੰਦੇ ਸਨ। ਪੁਰਾਣਾ ਪਿੰਡ ਸ਼ਹੀਦੀ ਨਾਲ (ਮੀਰ ਮੰਨੂੰ ਦੇ ਰਾਜ ਵੇਲੇ) ਥੇਹ ਕਰ ਦਿੱਤਾ ਗਿਆ ਸੀ, ਅਜ ਦਾ ਕਲੀਆਂ ਪਿੰਡ ਉਸ ਥੇਹ ਦੇ ਨੇੜੇ ਹੈ।'

'ਤਾਂ ਉਹ ਆਪਣਾ ਪੁਰਾਣਾ ਪਿੰਡ ਹੈ?' ਅਤਰ ਸਿੰਘ ਨੇ ਪੁੱਛਿਆ।

'ਹਾਂ ਪੁਤਰ ਉਹ ਜਦੀ ਪਿੰਡ ਹੈ...ਹੁਣ ਤਾਂ ਗੁਰੂ ਰਾਮਦਾਸ ਜੀ ਦੀ ਨਗਰੀ ਹੀ ਜਦੀ ਪਿੰਡ ਬਣ ਗਿਆ ਹੈ। ਦੋ ਪੀਹੜੀਆਂ ਤੋਂ ਏਥੇ ਵਸਦੇ ਹਾਂ ਪਹਿਲਾਂ ਗੁਰੂ ਕੇ ਮਹਿਲਾਂ ਵਲ ਘਰ ਸੀ।... ਹਾਂ ਭਾਈ ਜਗਤਾ ਜੀ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਹਨਾਂ ਨੂੰ ਗੁਰੂ ਧਾਰਨ ਕਰ ਲਿਆ।...ਦੋ ਵਾਰ ਸੰਗ ਲੈਕੇ ਕਰਤਾਰ ਪੁਰ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ। ਉਹਨਾਂ ਦੇ ਦੋ ਸਪੁਤਰ ਸਨ, ਇਕ ਸਪੁਤਰ ਸਾਧਾ ਸੀ। ਉਹ ਸੰਤ ਬਣ ਗਿਆ ਆਪਣੇ ਪਿੰਡ ਦੇ ਨੇੜੇ ਦੋ ਸ਼ਾਹੀ ਸੜਕਾਂ ਦੇ ਚੌਂਕ ਵਿਚ ਛਬੀਲ ਲਾਈ ਤੇ ਜਲ ਛਕਾਉਣ ਲਗ ਪਏ। ਸੇਵਾ ਕਰਦਿਆਂ ਹੀ ਵਡੀ ਉਮਰੇ ਸ਼ਾਦੀ ਕੀਤੀ। ਉਨ੍ਹਾਂ ਦੀ ਸੰਤਾਨ ਵਿਚੋਂ ਹੀ ਬਾਬਾ ਦਰਗਾਹੀਆ ਜੀ ਹੋਏ। ਉਹ ਵੀ ਪਿਉ ਦਾਦੇ ਵਾਂਗ ਸੇਵਾ ਕਰਦੇ। ਖਾਸ ਕਰਕੇ ਜਲ ਛਕਾਉਣ ਦੀ ਸੇਵਾ ਭਾਈ ਕਨ੍ਹਈਆ ਜੀ ਦੇ ਸਾਥੀ ਸਨ। ਮਸ਼ਕ ਤੇ ਤਾਂਬੇ ਦਾ ਗੰਗਾ ਸਾਗਰ ਰਖਦੇ। ਉਸੇ ਗੰਗਾ ਸਾਗਰ ਨੂੰ ਮੁਸਲਮਾਨ 'ਲੋਟਾ' ਆਖਦੇ ਸਨ।'



Sri Satguru Jagjit Singh Ji Elibrary NamdhariElibrary@gmail.com

'ਇਸ ਦਾ ਮਤਲਬ ਕਿ ਆਪਣਾ ਗੋਤਰ 'ਲੋਟਾ' ਉਸੇ ਕਰਕੇ ਹੈ?' ਅਤਰ ਸਿੰਘ ਨੇ ਪੁੱਛਿਆ।

'ਇਹੋ ਪ੍ਰਤੀਤ ਹੁੰਦਾ ਹੈ ਬਾਬਾ ਜੀ (ਪਰਜਾ ਸਿੰਘ) ਜਿਹੜੇ ਲਗ ਪਗ ਇਕ ਸੌ ਦਸ ਸਾਲ ਦੇ ਹੋਏ ਸਨ, ਜਦੋਂ ਉਹਨਾਂ ਨੇ ਚਲਾਣਾ ਕੀਤਾ, ਦਸਿਆ ਕਰਦੇ ਸਨ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਭਾਈ ਭਗਤਾ ਜੀ ਨੂੰ ਜਲ ਛਕਾਉਣ ਦੀ ਸੇਵਾ ਬਖਸ਼ੀ ਸੀ। ਛਬੀਲ ਤੇ ਉਹ ਗੰਗਾ ਸਾਗਰ ਨਾਲ ਜਲ ਛਕਾਉਂਦੇ ਸਨ। ਮੁਸਲਮਾਨ ਆਖਦੇ ਲੋਟੇ ਵਾਲੇ ਭਾਈ ਕੋਲੋਂ ਪਾਣੀ ਪੀਣਾ ਹੈ।...ਹੋਰ ਵੀ ਕਈ ਖਿਆਲ ਹਨ। ਪਰ ਅਸਾਂ ਨੇ ਕੁਲ ਦੀ ਗੋਤ ਲੋਟਾ ਪੱਕੀ ਹੋ ਗਈ। ਭਾਵੇਂ ਕਿਸੇ ਕਾਰਨ ਅਲ ਹੀ ਕਿਉਂ ਨਾ ਪਈ ਹੋਏਗੀ। ਆਪਣੇ ਭਰਾ ਮਾਲਵੇ ਵਿਚ ਵੀ ਹਨ।'

'ਹੋਰ ਕੀ ਖਿਆਲ ਹਨ?'

'ਕਥਾ ਸੁਣ......ਅਗੇ ਚਲਕੇ ਸ਼ਾਇਦ ਇਹ ਭੇਤ ਵੀ ਖੁਲ੍ਹ ਜਾਏ।'

'ਅਛਾ ਸੁਣਾਓ...ਕਿੰਨਾ ਚੰਗਾ ਇਤਿਹਾਸ ਹੈ, ਆਪਣੇ ਵਡਿਆਂ ਦਾ।'

'ਪੁੱਤਰ ਵਡਿਆਂ ਦਾ ਚੰਗਾ ਇਤਿਹਾਸ ਤਾਂ ਹੀ ਚੰਗਾ ਰਹਿੰਦਾ ਹੈ, ਜੇ ਉਹਨਾਂ ਦੀ ਸੰਤਾਨ ਚੰਗੇ ਕਰਮ ਕਰਕੇ ਨਵਾਂ ਇਤਿਹਾਸ ਬਣਾਈ ਜਾਣ। ਜੇ ਸੰਤਾਨ ਮਾੜੇ ਕੁਕਰਮ ਕਰਕੇ ਬਦਨਾਮ ਹੋ ਜਾਣ ਤਾਂ ਸੁਣਨ ਵਾਲੇ ਵਡਿਆਂ ਦੇ ਇਤਿਹਾਸ ਨੂੰ ਵੀ ਝੂਠਾ ਆਖਦੇ ਹਨ, ਗਲ ਨਹੀਂ ਸੁਣਦੇ। ਦੇਖਦੇ ਹੋ ਨਾ ਕਿੰਨੇ ਸਰਦਾਰਾਂ ਦੀ ਸੰਤਾਨ ਕੁਰਾਹੇ ਤੁਰਕੇ ਕੌਮ ਤੇ ਦੇਸ਼ ਨਾਲ ਧਰੋਹ ਕਰਕੇ ਵਡਿਆਂ ਦੇ ਨਾਂ ਤੇ ਕਰਮ ਨੂੰ ਕਲੰਕਤ ਕਰ ਰਹੇ ਹਨ। ਇਹ ਤਾਂ ਵਾਹਿਗੁਰੂ ਦੀ ਕ੍ਰਿਪਾ ਹੈ ਕਿ ਬਾਬੇ ਭਗਤੇ ਤੋਂ ਆਪਣਾ ਬੰਸ ਸੇਵਾ ਕਰਕੇ ਜਨਮ ਸਫਲਾ ਕਰਦਾ ਰਿਹਾ, ਸੁਕਰਮ ਨਾਲ ਬੰਸ ਉਜਲ ਹੁੰਦੇ ਹਨ। ਕੁਕਰਮਾ ਨਾਲ ਬੰਸ ਖਤਮ ਤੇ ਕਲੰਕਤ



Sri Satguru Jagjit Singh Ji Elibrary NamdhariElibrary@gmail.com

ਹੁੰਦੇ ਹਨ। ਇਹੋ ਤਾਂ ਮੈਂ ਸੋਚਦਾ ਹਾਂ ਕਿ ਤੁਸੀਂ ਦੋਨੋਂ ਭਾਈ (ਅਤਰ ਸਿੰਘ ਤੇ ਬੁਧ ਸਿੰਘ) ਵਡਿਆਂ ਦਾ ਨਾਮ ਉਜਲ ਰਖੋ।

'ਪਿਤਾ ਜੀ.. ਆਪ ਦੀ ਸੁਭ ਅਸੀਸ ਦੀ ਲੋੜ ਹੈ, ਹੋ ਸਕਦਾ ਹੈ, ਵਾਹਿਗੁਰੂ ਚੰਗੇ ਕੰਮ ਕਰਗਾ।'

'ਜਦੋਂ ਮੁਗਲਾਂ ਦਾ ਚੰਦਰਾ ਪਹਿਰਾ ਆਇਆ, ਬੰਦੇ ਬਹਾਦਰ ਅਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪਿਛੋਂ ਤਾਂ ਕਸੂਰ ਤੇ ਲਾਹੌਰ ਦੇ ਰੰਗੜਾਂ ਨੇ ਕਲੀਆਂ ਪਿੰਡ ਤਿੰਨ ਭਾਰ ਥੇਹ ਕੀਤਾ। ਆਪਣੇ ਵਡੇ ਕਲੀਆਂ ਛਡ ਕ ਮਾਲਵ ਵਿਚ ਜਾ ਵੱਸੇ।...ਪੁਤਰ ਸਾਰਾ ਪੰਜਾਬ ਹੀ ਨਹੀਂ ਸਾਰਾ ਭਾਰਤ ਅਜ ਤੋਂ ੮ ਸੌ ਸਾਲ ਤੋਂ ਵਸਦਾ ਤੇ ਉਜੜ ਦਾ ਰਿਹਾ। ਸ਼ਹਿਰ ਤੇ ਪਿੰਡ ਕਈ ਵਾਰ ਥੇਹ ਹੋਏ ਤੇ ਕਈ ਵਾਰ ਵਸੇ ਗੁਰੂ ਕਾ ਨਗਰ ਅੰਮ੍ਰਿਤਸਰ ਹੈ, ਜਦੋਂ ਤੋਂ ਵਸਿਆ ਤਦੋਂ ਤੋਂ ਵਸਦਾ ਤੇ ਵਧਦਾ ਰਿਹਾ। ਸਤਿਗੁਰਾਂ ਦੀ ਸ਼ਕਤੀ ਸਮਝੋ।'

ਭਾਈ ਅਜੀਤ ਸਿੰਘ ਵਿਚ ਇਹ ਸੁਭਾਵਕ ਗੁਣ ਸੀ ਕਿ ਉਹ ਜਿਸ ਵੀਚਾਰ-ਧਾਰਾ ਦੀ ਗਲ ਕਰਦੇ ਉਸ ਦੀਆਂ ਡੂੰਘਾ-ਈਆਂ ਵਿਚ ਗਵਾਚ ਜਾਂਦੇ, ਜੇ ਗੁਰਬਾਣੀ ਦਾ ਕੀਰਤਨ ਕਰਦੇ ਤਾਂ ਸ਼ਬਦ ਦੀਆਂ ਤੁਕਾਂ, ਲਗਾਂ-ਮਾਤਰਾਂ, ਅਰਥ ਭਾਵ ਆਦਿਕ ਤੋਂ ਬਿਨਾਂ ਰਾਗ ਰਸ ਵਿਚ ਵੀ ਗਵਾਚ ਜਾਂਦੇ ਸ਼ਰਧਾ ਨਾਲ ਕੀਰਤਨ ਕਰਦੇ। ਜਦੋਂ ਕਿਰਤ ਕਰਦੇ ਤਾਂ ਇਕ ਚੰਗੇ ਕਿਰਤੀ ਬਣਦੇ। ਇਹੋ ਕਾਰਨ ਕਿ ਬਰਕਤ ਉਹਨਾਂ ਦੇ ਪੈਰ ਚੁੰਮਦੀ ਸੀ।

ਉਹਨਾਂ ਨੇ ਆਪਣੇ ਨੌਜਵਾਨ ਪੁਤਰ ਨੂੰ ਅਗਲੀ ਕਥਾ ਸੁਣਾਈ, "ਬਾਬਾ ਦਰਗਾਹੀਆਂ ਜੀ ਦੇ ਤਿੰਨ ਪੁਤਰ ਹੋਏ। ਪਰਜਾ, ਗਰਜਾ ਤੇ ਰਾਜਾ। ਜਵਾਨ ਹੋਣ ਤੇ ਤਿੰਨਾਂ ਨੇ ਗੁਰੂ ਪੰਥ ਦੇ ਮੁਖੀਆਂ ਕੋਲੋਂ ਅੰਮ੍ਰਿਤ ਛਕਿਆ ਖਿਆਲ ਹੈ। ਜਥੇਦਾਰ ਦਰਬਾਰਾ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਤੇ ਦਲ ਖਾਲਸਾ ਦੇ ਜਥਿਆਂ ਵਿੱਚ ਸ਼ਾਮਲ ਹੋ ਗਏ। ਤਿੰਨੇ ਭਰਾ ਹੀ ਨਿਰਭ ਜੋਧੇ ਨਿਕਲੇ। ਜਥਿਆਂ



Sri Satguru Jagjit Singh Ji Elibrary NamdhariElibrary@gmail.com

ਦੇ ਨਾਲ ਮੁਗਲਾਂ ਰੰਗੜਾਂ ਤੇ ਜ਼ਾਲਮ ਪਠਾਣਾਂ ਨੂੰ ਸੋਧਨ ਵਿਚ ਅਗੇ ਵਧ ਕ ਤੇਗ਼ਾਂ ਮਾਰਦੇ ਰਹੇ ।...ਬਾਬਾ ਗਰਜਾ ਸਿੰਘ ਨਾਮ ਜੋਧਾ ਹੋਇਆ । ਉਸ ਨੇ ਆਪਣਾ ਜਥਾ ਬਣਾ ਲਿਆ ਤੇ ਮਲਾਂ ਮਾਰਾਂ ਕਰਨ ਲਗਾ । ਉਸ ਵੇਲੇ ਜਥਿਆਂ ਨੂੰ ਜਗਲਾਂ ਵਿਚ ਰਹਿਣਾ ਪੈਂਦਾ ਸਾ । ਸਾਰੀ ਹੀ ਸਿਖ ਕੌਮ ਬਾਗ਼ੀ ਕਰਾਰ ਦਿਤੀ ਗਈ ਸੀ । ਪਿੰਡ ਵਿਚ ਸਿੰਘਾਂ ਨੂੰ ਵਸਣ ਨਹੀਂ ਸੀ ਦਿਤਾ ਜਾਂਦਾ । ਜਥੇ ਗੁਰੂ ਕੇ ਲੰਗਰ ਦਾ ਪ੍ਰਬੰਧ ਵੀ ਆਪ ਹੀ ਕਰਦੇ ਸਨ । ਉਨੀ ਦਿਨੀ ਹੀ ਗਰਜਾ ਸਿੰਘ ਨੂੰ ਕਲੀਆਂ ਪਿੰਡ ਦੇ ਉਜਾੜਨ ਦੀ ਕਥਾ ਇਕ ਮੁਸਲਮਾਨ ਬਜ਼ੁਰਗ ਨੇ ਸੁਣਾਈ, ਜਿਹੜਾ ਬਾਬਾ ਦਰਗਾਹੀਆਂ ਜੀ ਦਾ ਮੇਲੀ ਸੀ, ਉਸ ਵੇਲੇ ਦਰਿਆ ਸਤਲੁਜ ਤੋਂ ਪਾਰ ਝਲ ਵਿਚ ਬਾਬਾ ਗਰਜਾ ਸਿੰਘ ਦਾ ਜਥਾ ਬਿਸਰਾਮ ਕਰ ਰਿਹਾ ਸੀ, ਕਲੀਆਂ ਉਥੋਂ ਮਸਾਂ ਪੰਜ-ਛੇ ਕੋਹ ਦੀ ਵਾਟ ਉਤੇ ਸਨ । ਆਪਣੇ ਵਡਿਆਂ ਦਾ ਇਤਿਹਾਸ ਸੁਣ ਕੇ ਤੇ ਪਿੰਡ ਦੇ ਉਜੜਨ ਦੀ ਕਥਾ ਸੁਣਨ ਪਿਛੋਂ ਬਾਬਾ ਗਰਜਾ ਸਿੰਘ ਨੂੰ ਐਨਾ ਗੁੱਸਾ ਤੇ ਜੋਸ਼ ਆਇਆ ਕਿ ਦਿਨ ਦੇ ਚੜਾ ਨਾਲ ਪਿੰਡ ਉਤੇ ਜਾ ਹਮਲਾ ਕੀਤਾ । ਜਿਹੜਾ ਅੜਿਆ ਸੋ ਝੜਿਆ । ਰੰਗੜਾਂ ਦੇ ਘਰ ਤਬਾਹ ਕੀਤੇ ਅਤੇ ਹੰਕਾਰੀਆਂ ਨੂੰ ਸੋਧਿਆ ਪਿੰਡ ਉਤੇ ਆਪਣਾ ਹੱਕ ਜਮਾ ਕੇ ਗਰੀਬ ਮੁਜ਼ਲਮਾਨਾਂ ਨੂੰ ਜ਼ਮੀਨ ਦੀ ਵਾਹੀ ਕਰਨ ਲਈ ਆਖ ਆਏ ।

ਹੁਣ ਕੋਈ ਕਲੀਆਂ ਵਿਚ ਆਪਣਾ ਕੋਈ ਹੈ ?'

'ਹਾਂ . ਰਾਜਾ ਸਿੰਘ ਦੀ ਸੰਤਾਨ ਉਥੇ ਜਾ ਵਸੀ ਹੈ...... ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ ਵਲੋਂ ਉਹ ਪਿੰਡ ਮੁੜਕੇ ਉਹਨਾਂ ਦੇ ਨਾਂ ਲਗ ਗਿਆ । ਕਦੀ ਮਿਲੇ ਗਿਲੇ ਨਹੀਂ, ਨਾ ਹੀ ਮੈਂ ਤੇ ਪਿਤਾ ਜੀ ਕਲੀਆਂ ਗਏ ਹਾਂ । ਸੁਣਿਆ ਹੈ ਹੁਣ ਪਿੰਡ ਸਹੀ ਵਸਦਾ ਹੈ ।'

ਅਜੀਤ ਸਿੰਘ ਨੇ ਅਗੇ ਕਥਾ ਸ਼ੁਰੂ ਕੀਤੀ...ਬਾਬਾ ਗਰਜਾ



Sri Satguru Jagjit Singh Ji Elibrary NamdhariElibrary@gmail.com

ਸਿੰਘ ਦੇ ਸਮੇਂ ਹੀ ਸ: ਜੱਸਾ ਸਿੰਘ ਈਚੋ ਗਿਲੀਆ (ਰਾਮਗੜ੍ਹੀਆ) ਨਿਰਭੈ ਜੋਧਾ ਮੈਦਾਨ ਵਿਚ ਆਇਆ।

'ਰਾਮਗੜ੍ਹੀਏ ਬੁੰਗੇ ਵਾਲਾ?' ਅਤਰ ਸਿੰਘ ਨੇ ਸਵਾਲ ਕੀਤਾ।

'ਹਾਂ ਉਹੋ ਹੀ! ਜਿਸ ਦਾ ਪੁਤਰ ਜੋਧ ਸਿੰਘ ਹੋਇਆ ਤੇ ਪੋਤਰਾ ਮੰਗਲ ਸਿੰਘ..।'

'ਸੁਣਿਆ. ਏਹੋ ਹੈ। ਸ: ਜੱਸਾ ਸਿੰਘ ਨੇ ਦਿਲੀ ਵੀ ਫਤਹ ਕੀਤੀ ਸੀ..।'

'ਉਹਨਾਂ ਦਾ ਰਾਜ ਚੋਖਾ ਸੀ। ਬਾਦਸ਼ਾਹ ਸਨ, ਜਿਨੇ ਸੂਰਮੇ ਸਨ, ਉਨੇ ਹੀ ਨਿਰਮਾਣ ਪੱਕੇ ਗੁਰਸਿਖ, ਨਿਆਏਕਾਰੀ ਤੇ ਪੰਥ ਪ੍ਰੇਮੀ ਸਨ। ਪਹਿਲਾਂ ਪੰਜਾਬ ਰਾਹੀਂ ਦਿਲੀ ਤੇ ਨਾਦਰਸ਼ਾਹ ਨੇ ਹਮਲਾ ਕੀਤਾ। ਦਿਲੀ ਦੀ ਕਤਲ ਆਮ ਹੋਈ, ਲਾਲ ਹਨੇਰੀ ਕਾਬਲ ਵਲੋਂ ਆਈ ਤੇ ਲੁਟ ਮਾਰਕੇ ਮੁੜ ਚਲੀ ਗਈ। ਉਥੇ ਜਾ ਕੇ ਖ਼ਤਮ ਹੋ ਗਈ। ਨਾਦਰ ਆਪਣੇ ਬੰਦਿਆਂ ਹੱਥੋਂ ਹੀ ਮਾਰਿਆ ਗਿਆ।...ਪੁੱਤਰ ਜ਼ਾਲਮ ਤੇ ਲੁਟੇਰੇ ਬਾਦਸ਼ਾਹ, ਚੋਰ, ਡਾਕੂ ਤੇ ਮੰਦ-ਕਰਮੀ ਪੁਰਸ਼ ਅੱਠ-ਨੌਂ ਸਾਲ ਤੋਂ ਵਧ ਨਹੀਂ ਜੀਉਂਦੇ।...ਨਾਦਰ ਦਾ ਇਕ ਜਰਨੈਲ ਅਹਿਮਦਸ਼ਾਹ ਅਬਦਾਲੀ ਪੰਜਾਬ ਤੇ ਦਿਲੀ ਨੂੰ ਫਤਹ ਕਰਨ ਵਾਸਤੇ ਕਈ ਵਾਰ ਹਮਲੇ ਕਰਦਾ ਰਿਹਾ। ਉਹ ਵਡਾ ਲੁਟੇਰਾ ਸੀ। ਉਹ ਸੁੰਦਰ ਲੜਕਆਂ ਵੀ ਵੇਚਣ ਲਈ ਚੁੱਕ ਕੇ ਲੈ ਜਾਂਦਾ। ਗਊ, ਗਰੀਬ, ਇਸਤ੍ਰੀ ਦੇ ਧਰਮ ਦੇ ਰਖੇ ਗੁਰੂ ਦੇ ਪੰਥ ਨੇ ਬੜੀਆਂ ਟਕਰਾਂ ਲਈਆਂ ਛਾਪੇ ਮਾਰ ਮਾਰਕੇ ਦੇਸ਼ ਦਾ ਧਨ ਤੇ ਦੇਸ਼ ਦੀ ਇਜ਼ਤ ਨੂੰ ਬਚਾਇਆ... ਉਹਨਾਂ ਪੰਥਕ ਜਥਿਆਂ ਵਿਚ ਗਰਜਾ ਸਿੰਘ ਦੀ ਜਥੇਦਾਰੀ ਹੇਠਾਂ ਦੋਵੇਂ ਭਰਾ ਪਰਜਾ ਸਿੰਘ ਤੇ ਰਾਜਾ ਸਿੰਘ ਦੋ ਸੌ ਹੋਰ ਸਿੰਘਾਂ ਨਾਲ ਅਹਿਮਦ ਸ਼ਾਹ ਅਬਦਾਲੀ ਦੇ ਦਲਾਂ ਉਤੇ ਹਮਲੇ ਕਰਦੇ ਰਹੇ। ਦੇਸ਼ ਦੀਆਂ ਬੇਟੀਆਂ ਨੂੰ ਛਡਾਉਂਦੇ ਤੇ ਉਹਨਾਂ ਦੇ ਘਰੀਂ



Sri Satguru Jagjit Singh Ji Elibrary NamdhariElibrary@gmail.com

ਪਹੁੰਚਾਉਂਦੇ ਰਹੇ।'

ਅਤਰ ਸਿੰਘ, ਸਿੰਘਾਂ ਦੀ ਬਹਾਦਰੀ ਦਾ ਇਤਿਹਾਸ ਬੜੇ ਧਿਆਨ ਨਾਲ ਸੁਣਦਾ ਰਿਹਾ। ਜਿਉਂ ਜਿਉਂ ਸੁਣਦਾ ਜਾਂਦਾ ਤਿਉਂ ਤਿਉਂ ਉਸ ਦਾ ਲਹੂ ਗਰਮ ਹੁੰਦਾ ਗਿਆ। ਉਸਨੇ ਵਿਚਾਲਿਓਂ ਹੀ ਪੁਛ ਲਿਆ, 'ਪਿਤਾ ਜੀ ! ਨਾਦਰਸ਼ਾਹ ਤੇ ਅਬਦਾਲੀ ਅਸਾਡੇ ਘਰਾਂ ਨੂੰ ਲੁਟਣ ਵਾਸਤੇ ਕਾਬਲ ਵਲੋਂ ਆਉਂਦੇ ਰਹੇ ਅਸਾਡੇ ਵਡੇ ਉਹਨਾਂ ਨਾਲ ਲੜਦੇ ਰਹੇ...ਪਰ ਪਿਤਾ ਜੀ ! ਫਰੰਗ ਸਤ ਸਮੁੰਦਰੋਂ ਪਾਰ ਤੋਂ ਆਇਆ। ਅਸਾਡਾ ਰਾਜ ਖੋਹ ਲਿਆ.. ਲੋਕਾਂ ਤੇ ਸਖਤੀ ਕਰ ਰਿਹਾ ਹੈ.. ਧਰਮ ਵਿਚ ਦਖਲ ਦੇ ਰਿਹਾ ਹੈ . ਗੁਰੂ ਕੀ ਨਗਰੀ ਵਿਚ ਬੁਚੜਖਾਨਾ ਖੁਲ੍ਹਵਾ ਦਿੱਤਾ। ਗਊ ਹਡੀਆਂ ਥਾਂ ਥਾਂ ਕੁੱਤੇ ਤੇ ਕਾਂ ਲਈ ਫਿਰਦੇ ਹਨ— ਫਿਰ ਐਸੇ ਫਰੰਗੀਆਂ ਵਿਰੁਧ ਲੜਨਾ ਠੀਕ ਹੈ ਨਾ ? ਇਹ ਵੀ ਤਾਂ ਲੁਟ ਰਹ ਹਨ । ਹਿੰਦੂ-ਸਿਖਾਂ-ਮੁਸਲਮਾਨਾਂ ਨੂੰ ਲੜਾਉਣ ਵਾਸਤ ਸੋਚਦੇ ਰਹਿੰਦੇ ਹਨ...ਪਿਤਾ ਜੀ ਇਹ ਵੀ ਤਾਂ ਦੁਸ਼ਮਨ ਹਨ, ਦੇਸ਼ ਦੇ, ਕੌਮ ਦੇ, ਧਰਮ ਦੇ ।'

ਜਵਾਨ ਪੁੱਤਰ ਅਤਰ ਸਿੰਘ ਦੇ ਮਨ ਦੀ ਵਾਜ਼ ਸੁਣਕੇ ਖੁਸ਼ ਹੋਣ ਦੀ ਥਾਂ ਕੁਝ ਹੈਰਾਨ ਤੇ ਗੰਭੀਰ ਹੋਇਆ। ਫਰੰਗੀ ਨਾਲ ਟਕਰ ਲੈਣ ਦਾ ਖਿਆਲ ਕਰਨਾ, ਉਸ ਵੇਲ ਨਿਰਾ ਖ਼ਤਰਾ ਸੀ। ਨਾਦਰਸ਼ਾਹ ਅਬਦਾਲੀ ਵਲੇ ਸਾਰਾ ਸਿੱਖ ਪੰਥ ਇਕ ਮੁਠ, ਇਕ ਜਥੇਦਾਰੀ ਹਠ ਸੀ। ਪਰ ਫਰੰਗੀ ਨੇ ਪੰਜਾਬ ਉਤੇ ਕਬਜ਼ਾ ਕਰਦੇ ਸਾਰ ਪਥਕ ਜਥੇਬੰਦੀ ਨੂੰ ਖੇਰੂੰ ਖੇਰੂੰ ਕਰ ਦਿੱਤਾ ਸੀ। ਪਹਿਲਾਂ ਮਾਲਵੇ ਮਾਝੇ ਦਾ ਪਾਟਕ ਪਾਇਆ, ਫਿਰ ਅਮੀਰ ਤੇ ਜਗੀਰਦਾਰ ਜਨਤਾਂ ਨਾਲੋਂ ਦੂਰ ਕੀਤੇ। ਮਹੰਤ ਤੇ ਗੁਰੂ ਬੰਸ ਦੇ ਟਿਕੇ ਡੇਰਾ ਕੇ ਲੋਕਾਂ ਦੇ ਵਿਰੁਧ ਕਰ ਦਿੱਤੇ ਸਨ। ਜਿਹੜਾ ਕਰਾਂਤੀ ਦੀ ਵਾਜ਼ ਪ੍ਰਗਟ ਕਰਦਾ ਸੀ, ਉਸ ਨੂੰ ਫਰੰਗੀ ਸਰਕਾਰ ਦਬਾਉਂਦੀ ਸੀ ਤਾਂ ਬਾਕੀ ਸਾਰੇ ਹਸਦੇ ਸਨ। ਤਮਾਸ਼ਾ ਦੇਖਦੇ ਸਨ, ਅਜੀਤ ਸਿੰਘ ਦੇ



Sri Satguru Jagjit Singh Ji Elibrary NamdhariElibrary@gmail.com

ਹਿਰਦੇ ਵਿਚ ਫਰੰਗੀ ਵਿਰੁਧ ਅਗ ਭੜਕਦੀ ਸੀ ਪਰ ਸਮੇਂ ਦੇ ਦਬਾ ਨਾਲ ਦਬੀ ਸੀ । ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਬੁਗੇ ਦੇ ਪੁਜਾਰੀ ਤੇ ਸਰਬਰਾਹ ਵੀ ਫਰੰਗੀ ਦੇ ਇਸ਼ਾਰਿਆਂ ਉਤੇ ਨਚਣ ਲਗ ਪਏ ਸਨ। ਜੋੜਿਆਂ ਸਮੇਤ ਫਰੰਗੀ ਪਰਕਰਮਾ ਵਿਚ ਆ ਜਾਇਆ ਕਰਦੇ ਸਨ। ਜੇ ਕੋਈ ਵਿਰੋਧਤਾ ਕਰਦਾ ਸੀ ਤਾਂ ਪੁਜਾਰੀ ਉਸ ਨੂੰ ਸੰਘੋਂ ਫੜ ਲੈਂਦੇ ਸਨ। ਕੁਸਕਣ ਨਹੀਂ ਸਨ ਦਿੰਦੇ। ਅਜੀਤ ਸਿੰਘ ਨੂੰ ਹਰਿਮੰਦਰ ਸਾਹਿਬ ਕੀਰਤਨ ਕਰਨ ਦਾ ਸਚਾ ਇਸ਼ਕ ਸੀ।

'ਪੁਤਰ ! ਫਰੰਗੀ ਦੁਸ਼ਮਨ ਹੈ.. ਨਾਦਰ ਤੇ ਅਬਦਾਲੀ ਨਾਲੋਂ ਖਤਰਨਾਕ ਦੁਸ਼ਮਨ.. ਪਰ ਏਸ ਦੇ ਵਿਰੁਧ ਉਠਣ ਦਾ ਅਜ ਵੇਲਾ ਨਹੀਂ ਸੁਣ ਤੂੰ ਆਪਣੇ ਵਡਿਆਂ ਦਾ ਇਤਿਹਾਸ ਜਿਨ੍ਹਾਂ ਨੇ ... । ਬਾਬਾ ਗਰਜਾ ਸਿੰਘ ਜੀ ਨੇ ਤੇਗਾਂ ਮਾਰੀਆਂ। ਉਹ ਘੋੜਾ ਲੈ ਕੇ ਸਾਰੇ ਪੰਜਾਬ ਵਿਚ ਫਿਰੇ...ਇਹ ਵੀ ਦਸਿਆਂ ਜਾਂਦਾ ਹੈ ...ਭਿਆਨਕ ਖਤਰੇ ਵਲ ਗਏ ਵੀ ਨਹੀਂ ਸਨ ਮੁੜਦੇ, ਉਹਨਾਂ ਨੂੰ ਲੋਕ ਅਲੋਟਾ (ਨਾ ਮੁੜਨ ਵਾਲਾ) ਆਖਦੇ ਸਨ। ਹੌਲੀ ਹੌਲੀ 'ਅ' ਅਖਰ ਨਾਲੋਂ ਲਥ ਗਿਆ ਤੇ ਲੋਟਾ ਰਹਿ ਗਿਆ। ਅਜ ਅਸੀਂ ਸਾਰੇ ਲੋਟਾ ਕਰਕੇ ਅਖਵਾਉਂਦੇ ਹਾਂ।'

ਅਤਰ ਸਿਘ ਸਿਆਣਾ ਸੀ। ਉਹ ਫਰੰਗੀ ਦੇ ਕਾਰਨਾਮੇ ਦੇਖਦਾ ਸੁਣਦਾ ਸੀ। ਉਹ ਕੁਝ ਨਾ ਬੋਲਿਆ। ਅਜੀਤ ਸਿੰਘ ਨੇ ਉਸ ਨੂੰ ਅਗੇ ਕਥਾ ਸੁਣਾਈ । ਸ੍ਰੀ ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਉਤੇ ਪਠਾਣਾਂ ਤੇ ਰੰਗੜਾਂ ਨ ਕਬਜ਼ਾ ਕਰ ਲਿਆ। ਪੂਜਾ ਪਾਠ, ਸਰੋਵਰ ਵਿਚ ਇਸ਼ਨਾਨ ਬੰਦ ਹੋ ਗਿਆ। ਸਿੰਘ ਨੇੜੇ ਤੇੜੇ ਨਹੀਂ ਸਨ। ਉਸ ਵੇਲੇ ਸ੍ਰੀ ਦਮਦਮਾ ਸਾਹਿਬ ਬਰਾਜੇ ਹੋਏ ਬਾਬਾ ਦੀਪ ਸਿੰਘ ਜੀ ਨੇ ਸਾਰੇ ਬਾਹਰੇ ਵਿਚ ਪਲ੍ਹ ਫੇਰਿਆ ਬਚਨ ਕੀਤਾ, '. ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤ੍ਰਤਾ ਕਾਇਮ ਰਖਣ ਅਤੇ ਮਲੇਛਾਂ ਕੋਲੋਂ ਸੁਤੰਤਰ ਕਰਾਉਣ ਵਾਸਤੇ



Sri Satguru Jagjit Singh Ji Elibrary NamdhariElibrary@gmail.com

ਜ਼ਖ਼ਾ ਜਾਣਾ ਹੈ . ਆਉ ਜਿਨ੍ਹਾਂ ਆਪਣੇ ਪਵਿਤਰ ਲਹੂ ਦਾ ਦਾਨ ਦੇਕੇ ਗੁਰੂ ਘਰ ਦੀ ਸੇਵਾ ਕਰਨੀ ਹੈ . ਪੁੱਜੋ ।' ਬਾਬਾ ਦੀਪ ਸਿੰਘ ਜੀ ਦਾ ਇਹ ਸਨੇਹਾ ਜਦੋਂ ਮਾਲਵੇ ਦੇ ਪਿੰਡਾਂ ਵਿਚ ਪੁਜਿਆ ਤਾਂ ਸਿਦਕੀ ਸਿਖ ਸ਼ਸਤ੍ਰ ਲੈਕੇ ਪੁੱਜ ਗਏ। ਬਾਬਾ ਗਰਜਾ ਸਿੰਘ ਜੀ ਵੀ ਆਪਣੇ ਜਥੇ ਸਮੇਤ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਗਏ। ਵਾਹੋ ਦਾਹੀ ਜਥਾ ਬਿਆਸਾ ਪਾਰ ਕਰਕੇ ਸ੍ਰੀ ਤਰਨ ਤਾਰਨ ਪੁਜਿਆ ਤੇ ਸ੍ਰੀ ਹਰਿਮੰਦਰ ਸਾਹਿਬ ਵਲ ਚੜ੍ਹਾਈ ਕੀਤੀ। ਪਿੰਡ ਚਬੇ ਤੇ ਗਿਲਵਾਲੀ ਕੋਲ ਜਹਾਨ ਖਾਨ ਦੀਆਂ ਫੌਜਾਂ ਨਾਲ ਲੜਾਈ ਹੋਈ। ਐਸੀ ਖ਼ੂਨ ਡੋਲ੍ਹਵੀਂ ਲੜਾਈ ਸੀ ਕਿ ਪਠਾਨ ਤੇ ਮੁਗਲ ਟਕਰ ਨਾ ਲੈ ਸਕੇ, ਅਗੇ ਲਗ ਨਠ ਉਠੇ। ਬਾਬਾ ਗਰਜਾ ਸਿੰਘ ਤੇ ਉਹਨਾਂ ਦੇ ਭਰਾਵਾਂ ਨੇ ਬੜੀ ਬਹਾਦਰੀ ਦਿਖਾਈ। ਦਸਿਆ ਜਾਂਦਾ ਹੈ ਕਿ ਬਾਬਾ ਦੀਪ ਸਿੰਘ ਜੀ ਰਾਹ ਵਿਚ ਜੁੱਧ ਕਰ ਰਹੇ ਸਨ ਕਿ ਆਪ ਦਾ ਸੀਸ ਧੜ ਨਾਲੋਂ ਵਖ ਹੋ ਗਿਆ ਤਾਂ ਉਹਨਾਂ ਨੇ ਸੀਸ ਤਲੀ ਤੇ ਰਖ ਲਿਆ ਤੇ ਜੁਧ ਕਰਦੇ ਹੋਏ ਅਗੇ ਤੁਰੇ ਆਏ। ਕਿਉਂਕਿ ਬਚਨ ਕੀਤਾ ਸੀ ਕਿ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਹੀ ਸਿਰ ਦੇਣਾ ਸੀ ਤੇ ਲਹੂ ਨਾਲ ਪ੍ਰਕਰਮਾ ਸਾਫ ਕਰਨੀਆਂ ਸਨ।......ਚਾਟੀ ਵਿੰਡ ਦਰਵਾਜ਼ੇ ਕੋਲ ਆਪ ਡਿਗ ਪਏ ਤੇ ਸੀਸ ਪ੍ਰਕਰਮਾ ਵਿਚ ਆ ਡਿਗਾ...ਬਾਬਾ ਗਰਜਾ ਸਿੰਘ ਜੀ ਕੁਝ ਜ਼ਖਮੀ ਹੋਏ . ਹਰਿਮੰਦਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਵਿਚੋਂ ਪਠਾਨਾਂ ਨੂੰ ਕਢ ਦਿੱਤਾ। ਪਰਜਾ ਸਿੰਘ ਤੇ ਰਾਜਾ ਸਿੰਘ ਤਾਂ ਅੰਮ੍ਰਿਤਸਰ ਹੀ ਸੇਵਾ ਕਰਨ ਲਗ ਪਏ ਹੋਰ ਸਿੰਘਾਂ ਨਾਲ, ਪਰ ਬਾਬਾ ਗਰਜਾ ਸਿੰਘ ਜੀ ਵਾਪਸ ਚਲੇ ਗਏ।

'ਫਿਰ ਕੀ ਹੋਇਆ ?'

'ਬਾਬਾ ਗਰਜਾ ਸਿੰਘ ਜੀ ਜਥਾ ਬਣਾ ਕੇ ਵਿਚਰਦੇ ਰਹੇ। ਸ: ਜਸਾ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਏ। ਪਰ ਵਡੇ



Sri Satguru Jagjit Singh Ji Elibrary NamdhariElibrary@gmail.com

ਘਲੂਘਾਰੇ ਸਮੇਂ ਆਪ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਨਾਲ ਮੁਕਾਬਲਾ ਕਰਦੇ ਹੋਏ ਕੁੱਪ-ਹਰੀੜੇ ਦੇ ਮੈਦਾਨ ਵਿਚ ਸ਼ਹੀਦ ਹੋ ਗਏ। ਜਨਮ ਸਫ਼ਲ ਕਰ ਗਏ।'

ਭਾਈ ਅਜੀਤ ਸਿੰਘ ਨੇ ਪਿਛਲੀ ਕਥਾ ਬੜੀ ਸੰਖੇਪ ਸ਼ਬਦਾਂ ਵਿਚ ਕਰਕੇ ਭੋਗ ਪਾ ਦਿੱਤਾ। 'ਪੁੱਤਰ! ਜਾਹ ਅਰਾਮ ਕਰ। ਬਹੁਤ ਰਾਤ ਬੀਤ ਗਈ ਹੈ ਹੁਣ ਤੁਸਾਂ ਦੋਹਾਂ ਭਰਾਵਾਂ ਤੇ ਸਾਰੀ ਗਲ ਹੈ ਕਈ ਪੀੜ੍ਹਿਆਂ ਤੋਂ ਸ਼ਹੀਦਾਂ, ਸੇਵਕ ਤੇ ਚੰਗੇ ਬਦਿਆਂ ਦੀ ਕਤਾਰ ਵਿਚ ਮੰਨੇ ਜਾਣ ਵਾਲੇ। ਲੋਟਾ ਬੰਸ ਨੂੰ ਉਚਾ ਰਖਣਾ ਹੈ ਜਾਂ ਨੀਵਾਂ ਦਿਖਾਉਣਾ ਹੈ। ਅਜ ਦਾ ਬੱਚਾ ਕਲ ਦਾ ਬਾਪ ਹੈ।'

'ਸਾਰੇ ਕੰਮ ਤਾਂ ਕਰਤੇ ਕਰਤਾਰ ਹੱਥ ਹਨ, ਪਰ ਪਿਤਾ ਜੀ! ਤੁਸਾਂ ਨੇ ਜੇ ਸਿਰ ਤੇ ਹੱਥ ਰਖਿਆ ਤਾਂ ਸਮਾਂ ਪੈਣ ਤੇ ਬੰਸ ਨੂੰ ਹੋਰ ਉਜਲ ਕਰਾਂਗੇ। ਸ਼ਹੀਦਾਂ-ਸੇਵਕਾਂ ਦਾ ਬੰਸ...ਸ਼ਹੀਦਾਂ ਸੇਵਕਾਂ ਦਾ ਹੀ ਰਹੇਗਾ।' ਅਤਰ ਸਿੰਘ ਨੇ ਉਤਰ ਦਿੱਤਾ ਤੇ ਆਪਣੇ ਮੰਜੇ ਉਤੇ ਜਾ ਲੇਟਿਆ। ਜਵਾਨੀ ਕਰਕੇ ਨੀਂਦ ਤਾਂ ਆ ਗਈ, ਪਰ ਦਿਮਾਗ਼ ਵਿਚ ਖਿਆਲਾਂ ਦਾ ਚੱਕਰ ਚਲਦਾ ਰਿਹਾ।

ਨੇਮ ਅਨੁਸਾਰ ਭਾਈ ਅਜੀਤ ਸਿੰਘ ਤਾਂ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ੍ਰੀ ਦਰਬਾਰ ਸਾਹਿਬ ਕੀਰਤਨ ਕਰਨ ਵਾਸਤੇ ਚਲੇ ਗਏ। ਅਤਰ ਸਿੰਘ ਜਾਗਿਆ ਕੇਸੀ ਇਸ਼ਨਾਨ ਕਰਕੇ, ਨਵੇਂ ਬਸਤ੍ਰ ਪਹਿਨਕੇ ਬਾਣੀ ਦਾ ਪਾਠ ਕਰਨ ਲਗ ਪਿਆ। ਨਿਤ-ਨੇਮ ਦੀਆਂ ਬਾਣੀਆਂ ਵਿਚੋਂ ਪਹਿਲੀਆਂ ਤਿੰਨ ਬਾਣੀਆਂ ਦਾ ਪਾਠ ਪੋਥੀ ਤੋਂ ਕਰਕੇ ਮੁੜ ਦਸਮ ਗੁਰੂ ਜੀ ਦੀ ਬਾਣੀ ਵਿਚੋਂ ਅਕਾਲ ਉਸਤਤ ਅਤੇ ਚੰਡੀ ਦੀ ਵਾਰ ਦਾ ਪਾਠ ਕੀਤਾ। ਪਾਠ ਕਰਦਿਆਂ ਹੋਇਆਂ ਉਨ੍ਹਾਂ ਨੂੰ ਵਾਹਵਾ ਦਿਨ ਚੜ੍ਹ ਗਿਆ। ਉਹਨਾਂ ਦੀ ਮਾਤਾ ਨੇ ਗਰਮ ਕੀਤਾ ਦੁੱਧ ਪੀਣ ਲਈ ਦਿੱਤਾ। ਦੁੱਧ ਪੀ ਕੇ ਆਸਨ



Sri Satguru Jagjit Singh Ji Elibrary NamdhariElibrary@gmail.com

ਤੂੰ ਉਠੇ ਹੀ ਸਨ ਕਿ ਬਾਹਰੋਂ ਕਿਸੇ ਨੇ ਵਾਜ਼ ਦਿਤੀ, 'ਅਤਰ ਸਿੰਘ ਜੀ !'

ਵਾਜ਼ ਸੁਣਕੇ ਅਤਰ ਸਿੰਘ ਬਾਹਰਲੇ ਦਰਵਾਜ਼ੇ ਕੋਲ ਗਿਆ ਤਾਂ ਅਗੇ ਉਹਨਾਂ ਦੀ ਉਮਰ ਦਾ ਨੌਜਵਾਨ ਬੀਰ ਸਿੰਘ ਖਲੋਤਾ ਸੀ। ਗੁਰ ਫਤਹ ਬੁਲਾਉਣ ਪਿਛੋਂ ਉਸ ਨੇ ਦਸਿਆ, 'ਵੀਰ ਜੀ ! ਸੰਤ ਜੁਗਿੰਦਰ ਸਿੰਘ ਜੀ ਤੁਸਾਂ ਨੂੰ ਸਦਦੇ ਹਨ।'

'ਕਿਥੇ ਹਨ ?

'ਧਰਮਸਾਲਾ ਵਿਚ।'

'ਕੋਈ ਜ਼ਰੂਰੀ ਕੰਮ ਹੈ ?'

'ਪ੍ਰਤੀਤ ਏਹੋ ਹੁੰਦਾ ਹੈ।'

'ਮੈਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਜਾਣਾ ਸੀ।'

'ਮੱਥਾ ਟੇਕ ਕੇ ਸਿਧੇ ਉਧਰ ਆ ਜਾਣਾ ਮੈਂ ਜਾ ਕੇ ਦਸਦਾ ਹਾਂ—ਆਉਣਾ ਜੇ ਕਾਂਸ਼ੀ ਰਾਮ ਦੀ ਧਰਮਸਾਲਾ...।'

'ਮੈਂ ਸੰਤ ਰਾਮ ਦੀ ਧਰਮਸਾਲਾ ਸਮਝਿਆ ਸੀ—ਇਹ ਵੀ ਚੰਗਾ ਹੋ ਗਿਆ ਦਸ ਦਿਤਾ ਜੇ। ਕੋਈ ਹੋਰ ਵੀ ਆਇਆ ਹੈ, ਉਹਨਾਂ ਕੋਲ ?'

'ਇਕ ਦੋ ਸਰੀਰ ਬੈਠੇ ਤਾਂ ਦੇਖੇ। ਦੂਸਰਾ ਮਹਾਰਾਜ ਰਾਮ ਸਿੰਘ ਜੀ ਵੀ ਆ ਰਹੇ ਹਨ, ਸੰਤ ਜੀ ਗਲ ਕਰਦੇ ਸੀ। ਆਪ ਹਜ਼ੂਰੋਂ ਵਲ ਚਲੇ ਹਨ, ਵਡ ਸਤਿਗੁਰੂ ਜੀ ਜੋਤੀ ਜੋਤ ਸਮਾ ਗਏ... ਨਾਲ ਸੰਗਤ ਹੈ...ਸ਼ਾਇਦ ਇਸ ਕਰਕੇ ਵੀ ਸਦਿਆ ਹੋਵੇ।'

'ਮਹਾਰਾਜ ਜੀ ਰੋਕਣਗੇ ਏਥੇ ?'

'ਇਕ ਦੋ ਦਿਨ ਸ਼ਾਇਦ।'

'ਤਾਂ ਫਿਰ ਸਾਰਿਆਂ ਨੂੰ ਪਤਾ ਦੇਣਾ ਹੋਏਗਾ।'



Sri Satguru Jagjit Singh Ji Elibrary NamdhariElibrary@gmail.com

'ਬਾਹਰ ਵੀ ਖਬਰਾਂ ਭੇਜਣੀਆਂ ਹਨ। ਮਹਾਰਾਜ ਜੀ ਰਾਮ ਤੀਰਥ ਵਾਲੀ ਸੜਕੇ ਚਗਾਵੇਂ ਤੋਂ ਅਗੇ ਕਕੜਾਂ ਦ ਘਾਟ (ਪਤਨ) ਤੋਂ ਦਰਿਆ ਰਾਵੀ ਪਾਰ ਕਰਨਗੇ।'

'ਮਹਾਰਾਜ ਜੀ ਦੇ ਦਰਸ਼ਨ ਹੋਣਗੇ...ਬਹੁਤ ਅਨੰਦ ਖੁਸ਼ੀ ਦਾ ਸੰਦੇਸ਼ ਦਿਤਾ। ਆਉ ਜਲ ਪਾਣੀ ਛਕੋ!

'ਲਸੀ ਪੀ ਆਇਆ ਮੈਂ ਅਜੇ ਦੋਂਹ-ਤਿੰਨਾਂ ਵਲ ਜਾਣਾ ਹੈ ਤੁਸੀਂ ਸ੍ਰੀ ਹਰਿਮੰਦਰ ਸਾਹਿਬੋਂ ਹੋਕੇ ਸਿਧੇ ਧਰਮਸਾਲਾ ਪੁੱਜ ਜਾਉ। ਇਹ ਆਖਕੇ ਬੀਰ ਸਿੰਘ ਬਾਹਰਲੇ ਦਰਵਾਜ਼ੇ ਕੋਲੋਂ ਹੀ ਵਾਪਸ ਮੁੜ ਗਿਆ।

ਸ਼ਰਧਾ ਤੇ ਪ੍ਰੇਮ ਦੀ ਗਲ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਅੰਮ੍ਰਿਤਸਰ ਆਉਣਾ ਸੁਣਕੇ ਅਤਰ ਸਿੰਘ ਦਾ ਲੂੰ ਲੂੰ ਖੁਸ਼ ਹੋ ਗਿਆ। 'ਕੋਈ ਸੇਵਾ ਕਰਨ ਦਾ ਮੌਕਾ ਮਿਲੇਗਾ।' ਮਨ ਵਿਚ ਖ਼ਿਆਲ ਆਇਆ, ਹੋਲੀ ਭਾਰੀ ਸੇਵਾ ਕਰਨ ਦਾ ਮਨ ਬੜਾ ਉਤਸ਼ਾਹ ਸੀ।

ਨੌਜਵਾਨ ਅਤਰ ਸਿੰਘ ਵਿਹਲਾ ਨਹੀਂ ਸੀ। ਧਰਮ-ਕਿਰਤ ਵੀ ਕਰਦਾ ਸੀ, ਦੋਵੇਂ ਭਰਾ ਆਪਣੇ ਪਿਤਾ ਨਾਲ ਕੰਮ ਵਿਚ ਹੱਥ ਵਟਾਉਂਦੇ ਸਨ। ਬਾਣੀ ਦਾ ਪਾਠ, ਸੇਵਾ ਅਤੇ ਕਿਰਤ ਕਰਨ ਤੋਂ ਬਿਨਾਂ ਜਵਾਨੀ ਦੀ ਕੋਈ ਕੁਵਲੀ ਲਹਿਰ ਦਿਲ-ਦਿਮਾਗ ਵਿਚ ਉਤਪਨ ਨਹੀਂ ਸੀ ਹੋਈ। ਕੂਕਿਆਂ ਦੀ ਨਿਰਮਲ ਸੰਗਤ ਅਤੇ ਪਿਤਾ ਦੇ ਚਗੇ ਆਚਰਣ ਦੇ ਕਾਰਨ ਕਾਮ, ਹਉਮੈਂ ਅਤੇ ਲਾਲਚ ਦੇ ਬੀਜ ਦਬੇ ਸਨ। 'ਬਾਬਾ ਗਰਜਾ ਸਿੰਘ ਜੀ ਵਾਂਗ ਕੋਈ ਵਡੀ ਸੇਵਾ ਕਰਾਂ। ਮਨ ਵਿਚ ਖਿਆਲ ਪੱਕਾ ਹੋ ਰਿਹਾ ਸੀ।'

ਅਕਾਲੀਆਂ ਵਾਲੇ ਬਾਗ ਦੇ ਪਿਛੇ ਪਛਮ ਵਲ ਪੁਰਾਣੀਆਂ ਧਰਮਸਾਲਾਂ ਵਿਚੋਂ ਕਾਂਸ਼ੀ ਰਾਮ ਦੀ ਧਰਮਸਾਲਾ ਇਕ ਹੈ। ਕਾਂਸ਼ੀ ਰਾਮ ਮਹਾਂ ਪੁਰਖ ਨੇ ਮਸੇ ਰੰਗੜ ਦੇ ਸਮੇਂ ਅਤੇ ਅਹਿਮਦ ਸ਼ਾਹ ਅਬਦਾਲੀ ਨੇ ਜਦੋਂ ਹਰਿਮੰਦਰ ਸਾਹਿਬ ਤੇ ਸਰੋਵਰ ਦੀ



Sri Satguru Jagjit Singh Ji Elibrary NamdhariElibrary@gmail.com

ਪਵਿਤਰਤਾ ਨੂੰ ਭੰਗ ਕੀਤਾ ਤੇ ਸਰੋਵਰ ਪੂਰ ਦਿੱਤਾ ਸੀ। ਹਰਿਮੰਦਰ ਸਾਹਿਬ ਦੀ ਇਮਾਰਤ ਨੀਂਹਾਂ ਤਕ ਢਾਹ ਦਿਤੀ ਸੀ, ਤਦੋਂ ਧਾਂਸ਼ੀ ਰਾਮ ਤੇ ਉਸ ਦੇ ਚੇਲੇ ਮਲਬੇ ਉਤੇ ਹੀ ਦੀਵਾ ਜਗਾਉਂਦੇ ਰਹੇ ਸਨ। ਗੁਰੂ ਘਰ ਦੇ ਸ਼ਰਧਾਲੂ ਸਨ।

ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜਿਓਂ ਪਉੜੀਆਂ ਚੜ੍ਹਕੇ ਅਤਰ ਸਿੰਘ ਕਾਂਸ਼ੀ ਰਾਮ ਦੀ ਧਰਮਸਾਲਾ ਪੁੱਜ ਗਿਆ। ਅਗੇ ਪੈਂਤੀ-ਛਤੀ ਸਾਲ ਦੀ ਉਮਰ ਦੇ ਕਾਲੀ ਦਾਹੜੀ ਸੰਤ ਜੋਗਿੰਦਰ ਸਿੰਘ ਜੀ ਧਰਤੀ ਉਤੇ ਆਸਨ ਜਮਾਈ ਬੈਠੇ ਸਨ। ਅਤਰ ਸਿੰਘ ਨੇ ਗੁਰ ਫਤਹ ਬੁਲਾਈ ਤੇ ਉਹਨਾਂ ਕੋਲ ਬੈਠ ਗਿਆ।



Sri Satguru Jagjit Singh Ji Elibrary NamdhariElibrary@gmail.com

# ਨੌਂ

ਨੈਣੀ ਦੇ ਸਾਕ ਦੀ 'ਹਾਂ' ਤਾਂ ਰੂੜ ਸਿੰਘ ਕਰ ਬੈਠਾ, ਪਰ ਉਹ 'ਹਾਂ' ਉਸ ਨੂੰ ਬਹੁਤ ਮਹਿੰਗੀ ਪੈਂਦੀ ਹੋਈ ਪ੍ਰਤੀਤ ਹੋਣ ਲੱਗੀ, ਉਸ ਦਾ ਭਰਾ ਭਤੀਜੇ, ਪੁੱਤਰ ਅਤੇ ਪਤਨੀ ਨੇ ਹਾਂ ਨਾ ਕੀਤੀ। ਸਾਰੇ ਉਸ ਨਾਲ ਲੜਨ ਲਗੇ ਕਿ 'ਹਾਂ' ਕਿਉਂ ਕੀਤੀ। ਉਹ ਘਬਰਾ ਗਿਆ, ਬੇਲਾ ਸਿੰਘ ਦੇ ਭਿਆਨਕ ਰੂਪ ਦਾ ਵੀ ਪਤਾ ਸੀ। ਉਸ ਦਾ ਗੁੱਸਾ ਤੇ ਹੱਠ ਧਰਮ ਰਾਜ ਦੇ ਦੂਤ ਅਤੇ ਮੁਗਲ ਦੇ ਜਲਾਲ ਨਾਲੋਂ ਬਹੁਤਾ ਸੀ। ਦੂਸਰਾ ਝੰਡਾ ਸਿੰਘ ਉਸ ਦਾ ਪਿਛਾ ਨਹੀਂ ਸੀ ਛਡਦਾ। ਉਹ ਤੰਗ ਕਰਦਾ ਹੋਇਆ ਕਈ ਤਰ੍ਹਾਂ ਦੇ ਡਰ ਵੀ ਜਤਾਈ ਜਾਂਦਾ ਸੀ।

'ਰੂੜਿਆ.. ਮਰਦ ਹਾਂ ਕਰਕੇ ਨਹੀਂ ਮੁਕਰਦੇ। ਮੁਛ ਦਾ ਸਵਾਲ ਹੈ।' ਝੰਡਾ ਸਿੰਘ ਨੇ ਇਕ ਦਿਨ ਰੂੜ ਸਿੰਘ ਨੂੰ ਆਖਿਆ।

'ਮੈਂ ਜਾਣਦਾ ਹਾਂ! ਪਰ ਉਹ ਹਾਂ ਮੈਂ ਨਸ਼ੇ ਦੇ ਲੋਰ ਵਿਚ ਕੀਤੀ। ਮੈਨੂੰ ਘਰਦਿਆਂ ਨੂੰ ਪੁਛਕੇ ਹਾਂ ਕਰਨੀ ਚਾਹੀਦੀ ਸੀ।' ਰੂੜ ਸਿੰਘ ਨੇ ਅਗੋਂ ਉੱਤਰ ਦਿੱਤਾ।

'ਮੈਂ ਆਖਦਾ ਹਾਂ ਤੂੰ ਮਰਦ ਹੈਂ ਕਿ ਜ਼ਨਾਨੀ!' ਝੰਡਾ ਸਿੰਘ



Sri Satguru Jagjit Singh Ji Elibrary NamdhariElibrary@gmail.com

ਰੋਹ ਨਾਲ ਬੋਲਿਆ ਉਸ ਦੇ ਬੋਲਣ ਪਿਛੇ ਫਰੰਗੀ ਸਰਕਾਰ ਦੀ ਹਵਾ ਸੀ। ਉਹ ਨੰਬਰਦਾਰ ਸੀ, ਨਹੀਂ ਤੇ ਰੂੜ ਸਿੰਘ ਉਸ ਨੂੰ ਜੁਤੀਆਂ ਮਾਰ ਦਿੰਦਾ ਜਿਵੇਂ ਉਹ ਗਲ ਕਰਦਾ ਸੀ।

'ਜ਼ਨਾਨੀਆਂ ਮਰਦਾਂ ਨੂੰ ਪੁਛਕ ਕੋਈ ਕੰਮ ਕਰਦੀਆਂ ਹਨ, ਕਦੀ ਮਰਦਾਂ ਨੇ ਜ਼ਨਾਨੀਆਂ ਨੂੰ ਨਹੀਂ ਪੁਛਿਆ। ਜ਼ਨਾਨੀ ਤਾਂ ਪੈਰ ਦੀ ਜੁਤੀ ਹੈ ਪੈਰੀਂ ਪਾਈ ਪਾਈ ਚਿੱਤ ਕੀਤਾ ਤਾਂ ਨਾ ਪਾਈ।...ਹੋਰ ਲੈ ਆਂਦੀ।' ਝੰਡਾ ਸਿੰਘ ਆਪੇ ਤੋਂ ਬਾਹਰ ਹੋ ਹੋ ਕੇ ਬੋਲਦਾ ਸੀ।

'ਨੰਬਰਦਾਰਾ.. ਜਦੋਂ ਪੁੱਤਰ ਆਪ ਹਾਣੀ ਹੋ ਜਾਣ, ਜਦੋਂ ਧੀ ਦਾ ਮਾਮਲਾ ਹੋਏ ਤਾਂ ਘਰਦਿਆਂ ਤੇ ਭਰਾਵਾਂ ਨੂੰ ਪੁਛਣਾ ਪੈਂਦਾ ਹੈ। ਔਰਤ ਪਰ ਦੀ ਜੁਤੀ ਨਹੀਂ ਘਰ ਦੀ ਸ਼ਾਨ ਹੈ। ਮੂਲ ਹੈ ਤੇ ਨੈਣੀ ਦੀ ਮਾਂ ਹੈ, ਜਿਸ ਨੇ ਨੈਣੀ ਨੂੰ ਪਾਲਿਆ ਪੋਸਿਆ ਹੈ। ਧੀਰਜ ਰਖ.. ਕੀ ਪਤਾ ਘਰ ਦੇ ਮੰਨ ਹੀ ਜਾਣ।' ਰੂੜ ਸਿੰਘ ਨੇ ਸਿਆਣਪ ਨਾਲ ਉਤਰ ਦਿੱਤਾ।

'ਅਛਾ ਤੇਰੀ ਮਰਜੀ . ਉਹ ਵੀ ਬੇਲਾ ਸਿੰਘ ਹੈ !' ਇਹ ਆਖਕੇ ਝੰਡਾ ਸਿੰਘ ਰੂੜ ਸਿੰਘ ਕੋਲੋਂ ਉਠਕੇ ਚਲਿਆ ਗਿਆ। ਤੁਰਨ ਲਗਿਆਂ ਉਸ ਨੇ ਫਤਹ ਵੀ ਨਾ ਬੁਲਾਈ ਤੋੜਾ ਦੇ ਕੇ ਗਿਆ।

ਰੂੜ ਸਿੰਘ ਚੁੱਪ ਰਿਹਾ। ਉਹ ਕਰ ਵੀ ਕੀ ਸਕਦਾ ਸੀ, ਜਦੋਂ ਘਰ ਦੇ ਮਰਨ ਮਰਾਉਣ ਤੇ ਤੁਲੇ ਸਨ ਤੇ ਕੁੜੀ ਨੈਣੀ ਮੂੰਹ ਚੜ੍ਹ ਬੋਲ ਪਈ ਸੀ, 'ਜ ਮੇਰੀ ਮੰਗਣੀ ਕਿਲ੍ਹੇ ਦੇ ਸਰਦਾਰ ਨਾਲ ਕੀਤੀ ਤਾਂ ਮੈਂ ਖੂਹ ਵਿਚ ਛਾਲ ਮਾਰਕੇ ਡੁਬ ਮਰਨਾ ਹੈ।'

ਨੈਣੀ ਦਾ ਭਰਾ ਨੈਣਾ ਸਿੰਘ ਮਰਨ ਮਾਰਨ ਤੇ ਤੁਲਿਆ ਸੀ।

ਇਕ ਦਿਨ ਨੈਣਾ ਸਿੰਘ ਤੇ ਸੁਰਾਇਣੇ ਦੇ ਆਖਣ ਤੇ ਅਤਰੀ ਨੈਣੀ ਨੂੰ ਨਾਲ ਲੈਕੇ ਆਪਣੇ ਪੇਕੇ ਚਲੀ ਗਈ। ਉਸ ਦੇ ਪੇਕੇ ਚੰਗੇ ਖਾੜਕੂ ਸਨ ਤੇ ਪਿੰਡੋਂ ਜਾਣ ਦਾ ਨਾ ਪਤਾ ਰੂੜ ਸਿੰਘ



Sri Satguru Jagjit Singh Ji Elibrary NamdhariElibrary@gmail.com

ਨੂੰ ਲਗਾ ਤੇ ਨਾ ਪਿੰਡ ਦੇ ਕਿਸੇ ਜੀ ਨੂੰ। ਉਹ ਮੂੰਹ ਹਨੇਰੇ ਹੀ ਪਿੰਡੋਂ ਤੁਰ ਗਈਆਂ। ਰੂੜ ਸਿੰਘ ਨੂੰ ਅਗਲੇ ਦਿਨ ਪਤਾ ਲੱਗਾ, ਜਦੋਂ ਹਵੇਲੀ ਵਿਚੋਂ ਉਠਕ ਅਤਰੀ ਨਾਲ ਗਲ ਕਰਨ ਗਿਆ। ਉਸ ਨੇ ਨੂੰਹ ਜਸਵੰਤੀ ਨੂੰ ਪੁਛਿਆ, 'ਉਹ ਕਿਧਰ ਗਈ ਹੈ ?'

'ਮਾਂ ਜੀ...ਬਾਪੂ ਜੀ ?' ਜਸਵੰਤੀ ਨੇ ਅਗੋਂ ਉਸ ਦੇ ਸ਼ਬਦ 'ਉਹ' ਦਾ ਭਾਵ ਪੁਛਿਆ।

'ਆਹੋ !' ਰੂੜ ਸਿੰਘ ਨੇ ਉਤਰ ਦਿਤਾ।

'ਮਾਂ ਜੀ ਤਾਂ ਪੰਜਵੜ ਗਏ ਹਨ।'

'ਕਦੋਂ ?'

'ਪਰਸੋਂ ਦੇ।'

'ਕੀ ਕੰਮ ਸੀ ?'

'ਪਤਾ ਨਹੀਂ...।'

'ਨੈਣੀ ਕਿਥੇ ਹੈ ?'

'ਉਸ ਨੂੰ ਵੀ ਨਾਲ ਲੈ ਗਏ। ਆਖਦੇ ਸੀ, ਅਠਾਂ ਦਸਾਂ ਦਿਨਾਂ ਨੂੰ ਆਉਣਗੇ।'

'ਕੁੜੀ ਨੂੰ ਵੀ ਨਾਲ ਲੈ ਗਈ ! ਮੈਨੂੰ ਪੁਛਿਆ ਤਕ ਨਹੀਂ ਆਪ ਹੁਦਰੀ ਅਮੋੜ...ਧੌਲੇ ਝਾਟੇ ਵੀ ਅਕਲ ਨਾ ਆਈ... ਨੈਣਾ ਸਿੰਘ ਕਿਥੇ ਗਿਆ ?'

'ਬਾਪੂ ਜੀ ਪਤਾ ਨਹੀਂ। ਸਵੇਰੇ ਰੋਟੀ ਪਕਵਾ ਕੇ ਘੋੜੀ ਲੈਕੇ ਚਲੇ ਗਏ। ਆਖਦੇ ਸੀ......ਬੋਪਾਰਾਏ ਤਾਲਵਾਲੇ ਤਕ ਚਲਿਆ ਹਾਂ।'

'ਬੋਪਾਰਾਏ ਖੇਹ ਖਾਣ ਗਿਆ...ਧਰਮਸਾਲੀਏ ਸਾਧ ਨੇ ਚੁਕਣਾ ਦੇ ਕੇ ਮੁੰਡਾ ਵੀ ਵਗਾੜ ਦਿੱਤਾ।...ਕਦੀ ਬੋਪਾਰਾਏ ਕਦੀ ਕਕੜੀਂ ਬਲੀ ਅਦਲੀ ਵਾਲਾ ਚੈਨ ਪੁਰ ਬਗਲਣ......ਜਿਵੇਂ ਚੌਂਕੀਦਾਰ ਬਣ ਗਿਐ...ਇਸ ਦਾ ਕੁਕਾਪੁਣਾ ਕਢਣਾ ਪਵੇਗਾ... ਸਭ ਸਾਧ (ਸੇਵਕ ਸਿੰਘ) ਦੀ ਕਰਤੂਤ ਹੈ...।'



Sri Satguru Jagjit Singh Ji Elibrary NamdhariElibrary@gmail.com

ਇਤ੍ਹੋਂ ਬੁੜ ਬੁੜ ਕਰਦਾ ਤੇ ਮੈਂਤ [illegible] ਭੁਲਾ ਆਖਦਾ ਹੋਇਆ ਰੂੜ ਸਿੰਘ ਮੁੜ ਘਰੇ [illegible] ਉਹ ਘਬਰਾਇਆ ਹੋਇਆ ਸੀ, ਉਸ ਦਾ ਮਨ [illegible] ਵਿਚ ਝੰਡਾ ਸਿੰਘ ਤੇ ਮਹੰਤ ਦੇ ਕੁਬੋਲ ਗੂੰਜਦੇ [illegible] ਮਹੰਤ ਨੇ ਗੁਰੂ ਸਰ ਸਦਿਆ ਸੀ। ਆਪਣੇ ਦੀਵਾਨ [illegible] ਬਿਠਾ ਕੇ ਧਮਕੀ ਦਿਤੀ ਸੀ, 'ਰੂੜ ਸਿੰਘਾ ਤੇਰੇ [illegible] ਬੈਠਣ ਤੇ ਕੂੰਨ ਸਹਿਣ ਹੈ ..ਨਹੀਂ ਤੇ ਹੁਣ ਨੂੰ ਤੇਰਾ [illegible] ਜੇਹਲ ਗਿਆ ਹੁੰਦਾ। ਬਾਹਰੇ ਦੇ ਸਾਰੇ ਪਿੰਡਾਂ ਦੇ [illegible] ਤੇ ਨੰਬਰਦਾਰਾਂ ਨੇ ਇਤਲਾਹ ਭੇਜੀ ਹੈ ਕਿ ਠੱਠੇ ਦਾ [illegible] ਵਿਚ ਢੰਡੋਰਾ ਦੇ ਰਿਹਾ ਹੈ (ਗੁਰੂ) ਰਾਮ ਸਿੰਘ (ਜੀ) [illegible] ਆਉਣਾ ਹੈ। ਕਕੜੀਂ ਦੀਵਾਨ ਹੋਏਗਾ ਉਹ ਰੁਕਣਗੇ ਤੇ [illegible] ਅਗੇ ਜਾਣਗੇ। ਬੇਲਾ ਸਿੰਘ ਤੇ ਟੀਟੋਨੀ ਬੜੇ ਗਰਮ [illegible] ਠੰਡਿਆ ਰਖਿਆ ਹੈ...ਪਤਾ ਕੂਕਾ ਹੋਣ ਦੀ ਸਜ਼ਾ [illegible] ਉਮਰ ਕੈਦ ਕਾਲੇ ਪਾਣੀ ਘਾਣ-ਬੱਚਾ ਪੀੜ, ਜਾਇਦਾਦ [illegible] .. ਜੇ ਬੇਲਾ ਸਿੰਘ ਨੂੰ ਦਿੱਤਾ ਬਚਨ ਪੂਰਾ ਨਾਂ ਕੀਤਾ ਤਾਂ [illegible] ਪਰਲੋ ਆ ਜਾਏਗੀ . ਉਸ ਦੀ ਤਾਂ ਜਬਾਨ ਹੀ ਹਿਲਣੀ ਹੈ... ਜਗੀਰਦਾਰ ਹੈ . ਵੀਹ ਧੀਆਂ ਦੇਣ ਨੂੰ ਤਿਆਰ ਤੇਰੀ [illegible] ਗੁਲ ਬਕੋਲੀ ਜਾਂ ਸ਼ਾਹਜ਼ਾਦੀ ਨਹੀਂ...ਤੇਰੀ ਮਰਜੀ !'

ਰੂੜ ਸਿੰਘ ਨੇ ਸਾਰੇ ਕੌੜੇ ਬੋਲ ਸੁਣੇ। ਇਕ ਇਕ ਬੋਲ ਉਸ ਦੇ ਕਲੇਜੇ ਵਜ ਰਿਹਾ ਅਨਿਆਲਾ ਤੀਰ ਸੀ। ਕਲੇਜਾ ਛਾਣਨੀ ਹੁੰਦਾ ਜਾਂਦਾ ਸੀ ਪਰ ਮਜ਼ਬੂਰ ਸੀ। ਉਹ ਅੱਗੋਂ ਨਹੀਂ ਸੀ ਬੋਲ ਰਿਹਾ ਸਗੋਂ ਬੇਲਾ ਸਿੰਘ ਨਹੀਂ ਥਾਨਾ ਇਨਚਾਰਜ ਮਿਸਟਰ ਟੀਟੋਨੀ ਬੋਲ ਰਿਹਾ ਸੀ, ਜਿਹੜਾ ਫ਼ਰੰਗੀ ਸੀ। ਜਿਸ ਨੂੰ ਪੰਜਾਬ ਦੀ ਸਭਿਅਤਾ, ਪੰਜਾਬ ਦੇ ਧਰਮ ਤੇ ਇਖਲਾਕ ਦਾ ਪਤਾ ਨਹੀਂ ਸੀ। ਜਿਹੜਾ 'ਪਾੜੋ ਤੇ ਰ ਜ ਕਰੋ' ਦੀ ਨੀਤੀ ਉਤੇ ਚਲ ਰਿਹਾ ਸੀ। ਆਪਣੀ ਰਾਏ ਲਿਖਕੇ ਉਹ ਹਰ ਕਿਸੇ ਨੂੰ ਫਾਹੇ



Sri Satguru Jagjit Singh Ji Elibrary NamdhariElibrary@gmail.com

ਲਗਵਾ ਸਕਦਾ ਸੀ।

'ਜਾਹ ਘਰ ! ਆਪਣੀ ਰੰਨ ਨੂੰ ਸਮਝਾ...ਦੋ ਤਿੰਨ ਦਿਨ ਦਾ ਹੋਰ ਮੌਕਾ ਦਿੱਤਾ ਜਾਂਦਾ ਈ ! ਨਾਲੇ ਨੈਣੇ ਨੂੰ ਵੀ ਬੇਕਲੀ ਤੋਂ ਰੋਕ। ਉਹ ਪਿੰਡ ਨਾ ਫਿਰੇ.. ਘਰ ਬਹਿਕੇ ਵਾਹਿਗੁਰੂ ਵਾਹਿਗੁਰੂ ਕਰੇ ਕੂਕੇ ਬਣਨ ਨਾਲ ਰਬ ਕੋਈ ਬਹੁਤਾ ਨੇੜੇ ਨਹੀਂ ਆਉਂਦਾ। ਸਭ ਸੰਤ ਧਰਮਸਾਲੀਏ ਦੀ ਸ਼ਰਾਰਤ ਹੈ ਉਹ ਆਪ ਤਾਂ ਘਰ ਘਾਟ ਤੋਂ ਬਿਨਾਂ ਸਾਧ ਹੈ . ਜੇਹਲ ਜਾਏ, ਮਰੇ ਉਸ ਨੂੰ ਰੋਣ ਵਾਲੀ ਉਸ ਦਾ ਕੌਣ ਹੈ.. ਪਰ ਨੈਣੇ ਦਾ ਤਾਂ ਸਭ ਕੁਝ ਹੈ . ਅਸਲਾ ਵਿ ਤੁਸੀਂ ਪਿੰਡ ਵਾਲੇ ਅੰਨ੍ਹੇ ਤੇ ਬੋਲੇ ਹੋ। ਸੰਤ ਨੇ ਬਿਸ਼ਨੀ ਦੀ ਚਧ ਰਖੇਲ ਰਖੀ ਹੈ...ਉਪਰੋਂ ਉਸ ਨੂੰ ਧੀ ਭੈਣ ਆਖਦਾ ਹੈ ਝੰਡਾ ਸਿੰਘ ਨੇ ਉਸ ਦੀ ਸਾਰੀ ਕਰਤੂਤ ਨੰਗੀ ਕਰ ਦਿਤੀ.. ਉਹ ਵੀ ਥੋੜੇ ਦਿਨਾਂ ਦਾ ਪ੍ਰਾਹੁਣਾ ਹੈ।'

ਮਹੰਤ ਦੀ ਐਨੀ ਜਬਾਨ ਸੀ, ਜਿਨੀਆਂ ਉਸ ਨੇ ਗਲਾਂ ਕੀਤੀਆਂ। ਰੂੜ ਸਿੰਘ ਉਸ ਕੋਲੋਂ ਤੁਰ ਆਇਆ। ਉਸ ਦੀਆਂ ਅੱਖਾਂ ਵਿਚ ਲਹੂ ਦੇ ਅਥਰੂ ਆਏ। ਉਹ ਪਛਤਾਉਂਦਾ ਸੀ ਕਿ ਉਸ ਨੇ ਬੇਲਾ ਸਿੰਘ ਦੇ ਘਰ ਜਾ ਕੇ ਮੁਫਤ ਦੀ ਸ਼ਰਾਬ ਕਿਉਂ ਪੀਤੀ ? ਮੁਫਤ ਦੀ ਪੀਣ ਵਾਲਿਆਂ ਐਸੀ ਹੀ ਦਸ਼ਾ ਹੁੰਦੀ ਹੈ।

ਗੁਰੂ ਸਰ ਤੋਂ ਉਹ ਸਿਧਾ ਘਰ ਪੁੱਜਾ। ਜਦੋਂ ਅਤਰੀ ਦਾ ਪੇਕੇ ਜਾਣਾ ਸੁਣਿਆ ਤੇ ਨਾਲ ਨੈਣੀ ਗਈ—ਉਸ ਦੀਆਂ ਅਖਾਂ ਅਗੇ ਹੋਰ ਹਨੇਰਾ ਛਾ ਗਿਆ। ਅਤਰੀ ਦੇ ਭਰਾ ਤਕੜੇ ਸਨ, ਉਹਨਾਂ ਕੋਲ ਨੈਣੀ ਗਈ. ਰੂੜ ਸਿੰਘ ਕੋਲ ਨਹੀਂ ਸੀ ਆ ਸਕਦੀ।

ਰੂੜ ਸਿੰਘ ਘਰੋਂ ਨਿਕਲ ਕੇ ਮੁੜ ਹਵੇਲੀ ਵਿਚ ਜਾ ਬੈਠਾ। ਮਥੇ ਉਤੇ ਹੱਥ ਰਖ ਲਏ, ਉਹ ਝੂਰੀ ਜਾਣ ਲੱਗਾ। ਕੀਤੀ ਗਲਤੀ ਤੋਂ ਬਚਨ ਵਾਸਤੇ ਉਸ ਨੂੰ ਕੋਈ ਰਾਹ ਨਹੀਂ ਸੀ ਲਭਦਾ।

ਦੋ ਦਿਨ ਉਹ ਅਤਰੀ ਦੀ ਉਡੀਕ ਕਰਦਾ ਰਿਹਾ। ਨਾ



Sri Satguru Jagjit Singh Ji Elibrary NamdhariElibrary@gmail.com

ਅਤਰੀ ਆਈ ਤੇ ਨਾ ਹੀ ਨੈਣਾ ਸਿੰਘ ਪਿੰਡ ਆਇਆ। ਖਿਝਿਆ ਹੋਇਆ ਉਹ ਧਰਮਸਾਲਾ ਜਾ ਵੜਿਆ ਗੁਸੇ ਤੇ ਹੈਰਾਨੀ ਦੀ ਗਰਮੀ ਉਸ ਦੇ ਦਿਮਾਗ ਨੂੰ ਚੜ੍ਹੀ ਸੀ। ਡਿਉੜੀ ਵਿਚ ਪੈਰ ਰਖਦਾ ਹੀ ਬੋਲਣ ਲਗ ਪਿਆ।

'ਓਏ ਸਾਧਾ! ਜੇ ਬੰਦੇ ਦਾ ਪੁਤਰ ਐਂ ਤਾਂ ਦਸ ਨੈਣੇ ਨੂੰ ਕਿਧਰ ਭੇਜਿਆ ਈ ?'

ਸੰਤ ਸੇਵਕ ਸਿੰਘ ਉਸ ਵੇਲੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਨਕਲ ਲਿਖ ਰਹੇ ਸਨ। ਵਾਜ਼ ਸੁਣਕੇ ਸਿਰ ਉਪਰ ਚੁਕਿਆ ਤੇ ਦੇਖਿਆ। ਰੂੜ ਸਿੰਘ ਨੂੰ ਪਛਾਣ ਕੇ ਤੇ ਆਪਣੇ ਵਲ ਆਉਂਦਾ ਵੇਖਕੇ ਸਿਰਫ ਇਉਂ ਆਖਿਆ, 'ਆਉ—ਚਾਚਾ ਜੀ!

'ਨੈਣਾ ਕਿਥੇ ਹੈ ?' ਰੂੜ ਸਿੰਘ ਬੋਲਿਆ।

'ਮੈਨੂੰ ਤਾਂ ਪਤਾ ਨਹੀਂ।' ਸੇਵਕ ਸਿੰਘ ਨੇ ਉਤਰ ਦਿੱਤਾ।

'ਤੈਨੂੰ ਪਤਾ ਕਿਉਂ ਨਹੀਂ!'

'ਸਚ ਚਾਚਾ ਜੀ! ਉਹ ਮੈਨੂੰ ਪੁੱਛਕੇ ਕਿਤੇ ਨਹੀਂ ਗਿਆ। ਨਾ ਮੈਂ ਕਿਤੇ ਭੇਜਿਆ ਹੈ।'

'ਇਹ ਕਿਵੇਂ ਹੋ ਸਕਦਾ ਹੈ ?'

'ਮੈਂ ਕਦੀ ਝੂਠ ਨਹੀਂ ਬੋਲਿਆ।'

'ਤੂੰ ਝੂਠ ਨਹੀਂ ਬੋਲਿਆ... ਏਹੋ ਤਾਂ ਪਖੰਡ ਹੈ... ਤੂੰ—।'

ਰੂੜ ਸਿੰਘ ਨੇ ਦੰਦੀਆਂ ਕਰੀਚੀਆਂ।

ਸੰਤ ਸੇਵਕ ਸਿੰਘ ਨੂੰ ਸ਼ਕ ਪਿਆ ਕਿ ਉਹ ਕਿਤੇ ਸੰਤ ਜੀ ਦੇ ਗਲ ਨਾ ਪਵੇ। ਉਹ ਉਠਕੇ ਖਲੋ ਗਏ।

'ਤੇਰੇ ਵਰਗਾ ਝੂਠਾ... ਬੇਈਮਾਨ, ਲੁਚਾ... ਵੈਲੀ ਕੋਈ ਨਹੀਂ ਤੂੰ ਤਾਂ ਪਿੰਡ ਦੀਆਂ ਧੀਆਂ ਭੈਣਾਂ...।

'ਚਾਚਾ ਜੀ ?' ਸੰਤ ਸੇਵਕ ਸਿੰਘ ਬੜੇ ਰੋਹ ਨਾਲ ਬੋਲਿਆ।

ਦਸ ਮੇਰਾ ਮੁੰਡਾ... ਉਸ ਨੂੰ ਤੂੰ ਭੇਜਿਆ, ਤੂੰ ਚੁਕਿਆ ਉਹ



Sri Satguru Jagjit Singh Ji Elibrary NamdhariElibrary@gmail.com

ਨੈਨੀ ਦੇ ਸਾਕ ਕਰਨ ਤੋਂ ਗਰਮ...ਮੇਰੀ ਵਹੁਟੀ ਨੂੰ ਪੇਕੇ ਤੋਰਿਆ ਇਹ ਨਾ ਸਮਝੀਂ ਕਿ ਸਾਰੇ ਬਿਸ਼ਨੀ ਰੰਡੀ ਦੇ ਟਬਰ ਵਰਗੇ ਹਨ— ਤੇਰੀ ਕਮਾਈ ਖਾਣ ਵਾਸਤੇ ਧੀ ਨੂੰ ਤੇਰੇ ਕੋਲ ਭੇਜਣ...ਮੈਂ ਤਾਂ ਲਤਾਂ ਵਢ ਦਿਆਂਗਾ।'

'ਚਾਚਾ ਜੀ...ਵਾਹਿਗੁਰੂ ਤੋਂ ਡਰੋ...ਗੁਰ ਪੀਰ ਤੋਂ ਡਰੋ... ਕੋਰਾ ਝੂਠ ਠੀਕ ਨਹੀਂ ਹੁੰਦਾ। ਪਿੰਡ ਦੀਆਂ ਨੂੰਹਾਂ ਧੀਆਂ ਮੇਰੀਆਂ ਧੀਆਂ ਭੈਣਾਂ ਹਨ। ਜਾਉ ਗੁਰੂ ਮਹਾਰਾਜ ਤੁਸਾਂ ਨੂੰ ਸਮਤ ਬਖਸ਼ਣ। —ਤੁਸੀਂ ਇਸ ਵੇਲੇ ਗੁਸੇ ਵਿਚ ਹੋ।'

'ਗੁਸੇ ਨਾਲ ਪਾਗਲ ਨਾ ਹੋਵਾਂ ਤਾਂ ਕੀ ਹੋਵਾਂ ?...ਓਏ ਸਾਧਾ! ਮੇਰਾ ਘਰ ਉਜਾੜਨ ਤੇ ਤੁਲਿਆ ਏਂ। ਮੁੰਡੇ ਨੂੰ ਕਫ਼ ਪਵਾ ਕੇ ਕੂਕਾ ਕੁਰਾਹੀਆ ਬਣਾ ਰਿਹਾ ਐਂ...ਉਹ ਡਾਕੂ ਖੜਗੇ ਕਕੜੀਏ ਦਾ ਸਾਥੀ ਬਣੇਗਾ . ਮੈਂ...।'

ਮੰਦੇ ਕੁਬੋਲ ਬੋਲਦਾ ਹੋਇਆ ਆਨੇ ਬਹਾਨੇ ਉਹ ਸੇਵਕ ਸਿੰਘ ਦੇ ਗਲ ਪੈਣ ਨੂੰ ਤਿਆਰ ਸੀ। ਕਿਉਂਕਿ ਮਹੰਤ ਛਬੀਲ ਦਾਸ ਤੇ ਨੰਬਰਦਾਰ ਝੰਡਾ ਸਿੰਘ ਨੇ ਉਸ ਨੂੰ ਚੁਕਿਆ ਸੀ। ਭਲਾ ਹੀ ਹੋ ਗਿਆ ਕਿ ਉਨੇ ਚਿਰ ਨੂੰ ਬਾਬਾ ਖੁਸ਼ਾਲ ਸਿੰਘ ਤੇ ਤਾਇਆ ਨਿਹਾਲ ਸਿੰਘ ਆ ਗਏ। ਉਹ ਗੁਰਬਾਣੀ ਦੀ ਕਿਸੇ ਤੁਕ ਦਾ ਅਰਥ—ਭਾਵ ਸੁਣਨ ਨੂੰ ਆਇਆ ਕਰਦੇ ਸਨ।

'ਓਏ ਰੂੜਿਆ . ਤੈਨੂੰ ਕੀ ਹੋ ਗਿਆ! ਸੰਤਾਂ ਦੇ ਗਲ ਪਿੰਣਾ ਤੇ ਮੰਦੇ ਬਚਨ ਬੋਲ ਰਿਹਾ ਹੈਂ।' ਇਹ ਆਖਕੇ ਨਿਹਾਲ ਸੰਘ ਨੇ ਰੂੜ ਸਿੰਘ ਦੀ ਬਾਂਹ ਫੜ ਲਈ।

ਨਿਹਾਲ ਸਿੰਘ ਭਾਵੇਂ ਵਡੇਰੀ ਉਮਰ ਦਾ ਸੀ, ਪਰ ਸਰੀਰ ਵਿਚ ਜਾਨ ਸੀ। ਰੂੜ ਸਿੰਘ ਉਸ ਦੇ ਹੱਥੋਂ ਬਾਂਹ ਨਾ ਛਡਾ ਸਕਿਆ, ਬਾਬਾ ਖੁਸ਼ਾਲ ਸਿੰਘ ਨੇ ਵੀ ਹੱਥ ਪਾਇਆ। ਰੂੜ ਸਿੰਘ ਨੂੰ ਰੋਕ ਲਿਆ।

'ਮੇਰੇ ਮੁੰਡੇ ਨੈਣੇ ਨੂੰ ਇਸ ਨੇ ਕਿਤੇ ਭੇਜਿਆ ਹੈ! ਦਸਦਾ



Sri Satguru Jagjit Singh Ji Elibrary NamdhariElibrary@gmail.com

ਨਹੀਂ ।' ਰੂੜ ਸਿੰਘ ਬੋਲਿਆ।

'ਜਾਹ ਓਏ, ਨੈਣਾ ਸਿੰਘ ਹਵੇਲੀ ਊ। ਹੁਣੇ ਖੂਹ ਵਲੋਂ ਆਇਆ, ਸੰਤਾਂ ਨਾਲ ਵੈਰ ਕਰਨਾ ਠੀਕ ਨਹੀਂ ਹੁੰਦਾ। ਕੁਲਾਂ ਕਲੰਕਤ ਹੋ ਜਾਂਦੀਆਂ ਹਨ। ਮੰਦੇ ਬਚਨ ਬੋਲੇ ਹੱਥ ਨਹੀਂ ਆਉਂਦੇ।'

ਬਾਬਾ ਖੁਸ਼ਾਲ ਸਿੰਘ ਨੇ ਰੂੜ ਸਿੰਘ ਨੂੰ ਸਮਝਾ ਕੇ ਠੰਡਾ ਕਰਨ ਦਾ ਜਤਨ ਕੀਤਾ। ਕੁਝ ਉਹ ਵੀ ਤਾੜ ਗਿਆ ਕਿ ਉਸ ਵੇਲੇ ਸੰਤ ਸੇਵਕ ਸਿੰਘ ਦੇ ਗਲ ਪੈਣਾ ਸੌਖਾ ਨਹੀਂ ਸੀ। ਪਿਛੇ ਮੁੜ ਪਿਆ ਨਿਹਾਲ ਸਿੰਘ ਤੇ ਖੁਸ਼ਾਲ ਸਿੰਘ ਨੇ ਉਸ ਦੇ ਹੱਥ ਛਡ ਦਿੱਤੇ। ਉਹ ਧਰਮਸਾਲਾ ਵਿਚੋਂ ਬਾਹਰ ਹੋ ਗਿਆ।

'ਬਾਬਾ ਜੀ! ਸ਼ਰਾਬੀ, ਕਬਾਬੀ ਕਮੀਨੇ ਬੰਦਿਆਂ ਦੀਆਂ ਗਲਾਂ ਦਾ ਗੁਸਾ ਨਹੀਂ ਕਰੀਦਾ। ਤੁਸੀਂ ਤਾਂ ਮਹਾਰਾਜ ਦੇ ਵਜ਼ੀਰ ਹੋ...ਸ਼ਾਂਤੀ ਦੇ ਪੁੰਜ।'

ਬਾਬਾ ਖੁਸ਼ਾਲ ਸਿੰਘ ਨੇ ਸੰਤ ਸੇਵਕ ਸਿੰਘ ਨੂੰ ਸੰਬੋਧਨ ਕੀਤਾ।

'ਆਉ! ਬੈਠੋ ਗੁਰਮੁਖੋ! ਉਸ ਦੀ ਜ਼ਬਾਨੋਂ ਕੁਬੋਲ ਸੁਣਕੇ ਰੰਜ ਆ ਗਿਆ।' ਸੰਤ ਸੇਵਕ ਸਿੰਘ ਨੇ ਜ਼ਬਾਨੋਂ ਉਤਰ ਦਿੱਤਾ। ਪਰ ਅੰਦਰੋਂ ਉਹ ਮੁੜ੍ਹਕੋ-ਮੁੜ੍ਹਕੀ ਹੋਇਆ ਸੀ। ਝੰਡਾ ਸਿੰਘ ਦੇ ਪਿਛੋਂ ਰੂੜ ਸਿੰਘ ਨੇ ਉਹਨਾਂ ਦੇ ਸੁਚੇ ਸਚੇ ਚਿਟੇ ਆਚਰਨ ਤੇ ਕਾਲੇ ਦਾਗ ਪ ਉਣ ਦਾ ਜਤਨ ਕੀਤਾ ਸੀ।

ਬਾਬਾ ਖੁਸ਼ਾਲ ਸਿੰਘ ਤੇ ਨਿਹਾਲ ਸਿੰਘ ਸੇਵਕ ਸਿੰਘ ਦੇ ਕੋਲ ਬੈਠ ਗਏ। ਬਚਨ-ਬਿਲਾਸ ਕਰਨ ਲਗ ਪਏ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ
ਪੁਸਤਕ ਨੰ.......


# ਦਸ

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥
(ਸੁਖਮਨੀ)

ਠੱਠਾ ਪਿੰਡ ਦੇ ਨਿਕੇ ਵਡੇ ਸਾਰੇ ਹੀ ਇਸਤ੍ਰੀ-ਪੁਰਖਾਂ ਵਿਚ ਇਹ ਖਬਰ ਹੈਰਾਨੀ ਨਾਲ ਸੁਣੀ ਗਈ ਕਿ ਸੁਚੇਤੇ (ਜੰਗਲ) ਗਏ ਸੰਤ ਸੇਵਕ ਸਿੰਘ ਵਾਪਸ ਧਰਮਸਾਲਾ ਨਹੀਂ ਆਏ। ਸਵੇਰੇ ਅੱਠ-ਨੌਂ ਵਜ ਗਏ। ਬਾਰਾਂ ਵਜੇ, ਲੌਡਾ ਵੇਲਾ ਹੋਇਆ। ਸਵਾਣੀਆਂ ਨੇ ਤੌੜੀਆਂ ਧਰ ਦਿੱਤੀਆਂ ਤੇ ਹੌਲੀ ਹੌਲੀ ਡੂੰਘੀਆਂ ਸ਼ਾਮਾਂ ਪੈ ਗਈਆਂ, ਪਰ ਸੰਤ ਜੀ ਨਾ ਆਏ। ਉਹਨਾਂ ਦੇ ਚੇਲੇ ਤੇਜੇ ਨੂੰ ਚਿੰਤਾ ਹੋਈ। ਘੋੜਾ ਵੀ ਖੁਰਲੀ ਤੇ ਬਝਾ ਸੀ। ਉਹਨਾਂ ਦੇ ਕਮਰੇ ਨੂੰ ਜਿੰਦਰਾ ਵਜਾ ਸੀ ਤੇ ਉਹਨਾਂ ਦਾ ਕੋਈ ਪਤਾ ਨਹੀਂ ਸੀ।

ਤੇਜੇ ਨੇ ਬਾਬਾ ਖੁਸ਼ਾਲ ਸਿੰਘ ਨੂੰ ਦਸਿਆ। ਬਾਬਾ ਖੁਸ਼ਾਲ ਸਿੰਘ ਨੇ ਨਿਹਾਲ ਸਿੰਘ ਨੂੰ ਤੇ ਹੌਲੀ ਹੌਲੀ ਸਾਰੇ ਪਿੰਡ ਵਿਚ ਖਬਰ ਹਵਾ ਵਾਂਗ ਖਿਲਰ ਗਈ। ਚੰਦ ਬੰਦਿਆਂ ਤੋਂ ਬਿਨਾਂ ਸਾਰੇ ਨਗਰ ਵਾਸੀ ਸੰਤ ਜੀ ਨਾਲ ਪਿਆਰ ਕਰਦੇ ਸਨ। ਕਿਸੇ ਨੂੰ ਸੰਤਾਂ



Sri Satguru Jagjit Singh Ji Elibrary NamdhariElibrary@gmail.com

ਨਾਲ ਵੈਰ ਵਿਰੋਧ ਨਹੀਂ ਸੀ, ਸਵਾਏ ਝੰਡਾ ਸਿੰਘ ਨੰਬਰਦਾਰ ਤੇ ਉਸ ਦੇ ਆਖੇ ਲਗਕੇ ਰੂੜ ਸਿੰਘ ਨਵਾਂ ਦੁਸ਼ਮਨ ਤੇ ਸੰਤ ਦੋਖੀ ਬਣੇ ਸਨ।

'ਰੂੜ ਸਿੰਘ ਨੇ ਕੋਈ ਚੰਦ ਚੜ੍ਹਾਇਆ ਹੈ। ਮਹੰਤ ਤੇ ਬੇਲਾ ਸਿੰਘ ਕੋਲ ਕਈ ਡਾਕੂ ਤੇ ਗੁੰਡੇ ਹਨ। ਸੰਤ ਜੀ ਨੂੰ ਚੁਕਵਾਇਆ ਗਿਆ।' ਬਾਬਾ ਖੁਸ਼ਾਲ ਸਿੰਘ ਨੇ ਜਬਾਨ ਖੋਲ੍ਹੀ। 'ਉਸ ਦਿਨ ਹੀ ਰੂੜ ਸਿੰਘ ਐਵੇਂ ਗਲ ਪਈ ਜਾਂਦਾ ਸੀ।'

'ਏਹੋ ਸਚ ਹੈ।' ਨਿਹਾਲ ਸਿੰਘ ਬੋਲਿਆ। 'ਰੂੜ ਸਿੰਘ ਨੇ ਹੀ ਕੋਈ ਚਕਰ ਚਲਾਇਆ ਹੈ। ਪਰ ਇਹ ਨਹੀਂ ਜਾਣਦਾ ਨਿਰਵੈਰ ਸੰਤ ਮਹਾਤਮਾਂ ਤੇ ਗੁਰ ਪੀਰ ਨਾਲ ਦੋਖ ਕਰਨਾ ਕਿੰਨਾ ਬੁਰਾ ਹੁੰਦਾ ਹੈ।'

'ਗੁਰਬਾਣੀ ਵਿਚ ਹੀ ਹੁਕਮ ਹੈ—ਦੋਖੀਆਂ ਤੇ ਨਿੰਦਕਾਂ ਬਾਬਤ।' ਬਾਬਾ ਖੁਸ਼ਾਲ ਸਿੰਘ ਬੋਲਿਆ।

'ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥'

ਉਸ ਦਿਨ ਬਹੁਤ ਸਮਝਾਇਆ, ਪਰ ਰੂੜਾ ਬੰਦੇ ਦਾ ਪੁੱਤ ਨਾ ਬਣਿਆ।

ਸੰਤ ਸੇਵਕ ਸਿੰਘ ਦੇ ਗੁੰਮ ਹੋਣ ਦੀ ਚਰਚਾ ਹੋਣ ਲਗ ਪਈ। ਹਰ ਘਰ ਤੇ ਥੜੇ, ਖੂਹ ਉਤੇ ਏਹੋ ਗਲਾਂ। ਕਿਸੇ ਕਿਹਾ, 'ਸੰਤ ਜੀ ਚੁਪ ਚਾਪ ਹੀ ਚਲੇ ਗਏ ਹਨ।'

'ਆਪਣੇ ਆਪ ਕਿਤੇ ਜਾਂਦੇ ਤਾਂ ਆਪਣੇ ਬਸਤਰ ਤੇ ਘੋੜਾ ਜ਼ਰੂਰ ਲੈ ਜਾਂਦੇ। ਉਹ ਘੋੜੇ ਦਾ ਵਸਾਹ ਤਾਂ ਇਕ ਦਿਨ ਨਹੀਂ ਸਨ ਖਾਂਦੇ।'

ਨੈਣਾ ਸਿੰਘ ਅਗਲੇ ਦਿਨ ਬਾਹਰੋਂ ਆਇਆ। ਉਸ ਨੂੰ ਸੰਤ ਜੀ ਦੇ ਅਲੋਪ ਹੋਣ ਦੀ ਖਬਰ ਮਿਲੀ ਤਾਂ ਉਹਨਾਂ ਝਟ



Sri Satguru Jagjit Singh Ji Elibrary NamdhariElibrary@gmail.com

ਆਖਿਆ, 'ਮੇਰੇ ਪਿਉ ਦੀ ਕਰਤੂਤ ਹੈ।'

'ਉਹਨਾਂ ਦੇ ਸਤਿਗੁਰੂ (ਰਾਮ ਸਿੰਘ) ਜੀ ਉਹਨਾਂ ਦੀ ਰਾਖੀ ਕਰਨਗੇ।...ਉਹਨਾਂ ਦਾ ਵਾਲ ਵਿੰਗਾ ਨਹੀਂ ਹੋਏਗਾ। ਪਰ ਦੋਖੀਆਂ ਦਾ ਬੇੜਾ ਗਰਕ ਹੋਵੇਗਾ।' ਨੈਣਾ ਸਿੰਘ ਬੋਲੀ ਗਿਆ। ਉਹ ਗੁਸੇ ਤੋਂ ਬਾਹਰ ਹੋ ਗਿਆ। 'ਮੈਂ ਸਾਰਿਆਂ ਦੁਸ਼ਮਨਾਂ ਨਾਲ ਨਜਿਠਾਂਗਾ।'

ਸੰਤ ਜੀ ਨੂੰ ਅਲੋਪ ਹੋਇਆਂ ਦੋ ਦਿਨ ਬੀਤ ਗਏ ਤਾਂ ਰੂੜ ਸੰਘ ਨੂੰ ਵੀ ਕਿਸੇ ਨੇ ਪਿੰਡ ਜਾਂ ਖੂਹ ਉਤੇ ਨਾ ਦੇਖਿਆ। ਮਾਈ ਬਿਸ਼ਨੀ ਨੂੰ ਘੇਰਾਂ ਪੈਣੀਆਂ ਸ਼ੁਰੂ ਹੋ ਗਈਆਂ ਉਹ ਤਾਂ ਸੰਤ ਸੇਵਕ ਸਿੰਘ ਨੂੰ ਆਪਣਾ ਵਡਾ ਪੁਤਰ ਸਮਝਦੀ ਸੀ। ਸੁੱਖੀ ਨੇ ਉਸ ਨੂੰ ਕਈ ਵਾਰ ਆਖਿਆ ਸੀ, 'ਮਾਤਾ ਜੀ ਬਾਬਾ ਜੀ ਦੇਵਤਾ ਹਨ। ਭਗਤੀ ਤੇ ਸਾਊਪੁਣੇ ਤੋਂ ਬਿਨਾਂ ਕੋਈ ਸ਼ਬਦ ਉਹਨਾਂ ਦੀ ਜ਼ਬਾਨੋਂ ਕਦੀ ਨਹੀਂ ਸੁਣਿਆ। ਹੋਰ ਵੀ ਸੰਤ ਸਾਧੂ ਆਉਂਦੇ ਹਨ—ਉਹ ਮੇਰੇ ਨਾਲ ਗਲਾਂ ਕਰਦੇ ਕਈ ਵਾਰ ਹੱਸ ਪੈਂਦੇ। ਮੇਰੀਆਂ ਅਖਾਂ ਨੀਵੀਆਂ ਹੋ ਜਾਂਦੀਆਂ—ਪਰ ਸੰਤ ਜੀ. ਕਦੀ ਹਾਸੀ-ਮਖੌਲ ਨਹੀਂ ਕਰਦੇ ਗੰਭੀਰ ਰਹਿੰਦੇ ਹਨ।'

ਪਰ ਸੁੱਖੀ ਸੰਤ ਸੇਵਕ ਸਿੰਘ ਨਾਲ ਅਥਾਹ ਪਿਆਰ ਸੀ। ਜਦੋਂ ਉਸਨੇ ਸੁਣਿਆ ਕਿ ਸੰਤ ਜੀ ਸ਼ਾਮ ਨੂੰ ਧਰਮਸਾਲਾ ਨਹੀਂ ਆਏ ਤਾਂ ਨਠਾ ਗਈ। ਤੇਜੋ ਨਾਲ ਮਿਲਕ ਰਹਿਰਾਸ ਦਾ ਪਾਠ ਕੀਤਾ ਗੁਰੂ ਗ੍ਰੰਥ ਸਾਹਿਬ ਨੂੰ ਸੰਤੋਖਿਆ ਤੇ ਅਰਦਾਸ ਕੀਤੀ। ਅਰਦਾਸ ਕਰਦਿਆਂ ਹੋਇਆਂ ਉਸ ਦੇ ਨੈਣਾਂ ਵਿਚ ਹੰਝੂ ਆ ਗਏ ਵੈਰਾਗ ਤੇ ਤਰਲੇ ਦੇ ਲਹਿਜੇ ਵਿਚ ਅਕਾਲ ਪੁਰਖ ਅਗੇ ਅਰਦਾਸ ਕੀਤੀ—ਅੰਤ ਵਿਚ ਉਸ ਨੇ ਅਨਡਿੱਠੇ ਸਤਿਗੁਰੂ ਰਾਮ ਸਿੰਘ ਜੀ ਵਲ ਧਿਆਨ ਕੀਤਾ। 'ਮਹਾਰਾਜ ਜੀ! ਦੁਸ਼ਮਨ ਮਰਨ ਸੜਨ, ਪਰ ਸੰਤ ਜੀ ਦਾ ਵਾਲ ਵਿੰਗਾ ਨਾ ਹੋਏ। ਆਪਣੇ ਸੇਵਕ ਦੀ ਆਪ ਰਖਿਆ ਕਰੋ...ਆਪ ਸਭ ਕੁਝ ਕਰਨ ਦੇ ਸਮਰਥ ਹੋ. ਹੇ



Sri Satguru Jagjit Singh Ji Elibrary NamdhariElibrary@gmail.com

ਦਾਤਾ ਨਿਮਾਣੀ ਧੀ ਦੀ ਬੇਨਤੀ ਸੁਣੋ।'

ਸੁੱਖੀ ਘਰ ਗਈ। ਉਸ ਨੇ ਕੁਝ ਖਾਧਾ ਪੀਤਾ ਨਹੀਂ। ਆਪਣੀ ਮਾਂ ਬਿਸ਼ਨੀ ਨਾਲ ਸਤ ਜੀ ਦੀ ਗਲ ਕਰਦੀ ਰਹੀ।

'ਮਾਤਾ ਜੀ! ਰੂੜ ਸਿੰਘ ਨਾਲੋਂ ਔਤਰੇ-ਨਖ਼ਤਰੇ ਝੰਡੇ ਦਾ ਕਾਰਾ ਜਾਪਦਾ ਹੈ। ਜ਼ਰੂਰ ਜਾਂ ਥਾਣੇ ਫੜਾ ਦਿਤਾ ਹੈ .. ਜਾਂ ਕਿਤੇ...ਜੇ ਸੱਚ ਮੁਚ ਕੋਈ ਚੰਦਰਾ ਭਾਣਾ ਵਰਤਿਆ ਤਾਂ ਮਾਤਾ ਜੀ! ਕੀ ਬਣੇਗਾ? ਮਾਤਾ ਜੀ!' ਉਹ ਘਬਰਾਈ ਹੋਈ ਬੋਲੀ ਗਈ। ਉਹ ਪ੍ਰੇਮ-ਵੈਰਾਗਨ ਹੋਣ ਲਗੀ। ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਖਿਆਲਾਂ ਦੀਆਂ ਤਰੰਗਾਂ ਉਠਣ ਲੱਗੀਆਂ। ਕਈ ਤਰੰਗਾਂ ਆਸ਼ਾਵਾਦੀ ਸਨ ਤੇ ਕਈ ਨਿਰਾਸ਼ਾਵਾਦੀ। ਆਸ਼ਾਵਾਦੀ ਤਰੰਗਾਂ ਦੇ ਪਿਛੇ ਸੀ, ਸਤਿਗੁਰੂ ਜੀ ਦੀ ਸ਼ਕਤੀ। 'ਜ਼ਰੂਰ ਸਹਾਇਤਾ ਕਰਨਗੇ। ਘਟ ਘਟ ਦੀ ਜਾਣਨ ਹਾਰ ਹਨ। ਆਪਣੇ ਭਗਤਾਂ ਤੇ ਸਤਿਆਵਾਦੀਆਂ ਦੀ ਸਹਾਇਤਾ ਕਰਦੇ ਹਨ।'

ਸਾਗਰ ਦੇ ਸੀਨੇ ਦਾ ਜਿਵੇਂ ਜੁਗਾਂ ਤੋਂ ਮਨੁੱਖ ਨੇ ਸਹੀ ਭੇਤ ਨਹੀਂ ਪਾਇਆ ਤਿਵੇਂ ਆਦਿ ਕਾਲ ਤੋਂ ਨਾਰੀ ਦੇ ਹਿਰਦੇ ਦੇ ਤਰੰਗਾਂ ਨੂੰ ਸਹੀ ਕੋਈ ਨਹੀਂ ਜਾਚ ਸਕਿਆ। ਜਿਵੇਂ ਕਿਸੇ ਦੀ ਸਮਝ ਸੀ, ਉਨਾ ਹੀ ਜਾਚਿਆ। ਕਾਮ-ਵਾਸ਼ਨਾ ਦੀ ਅੱਗ ਨਾਲ ਸੜਦਿਆਂ ਨੇ ਨਾਰੀ ਨੂੰ ਅੱਗ ਮਠੀ ਕਰਨ ਦਾ ਵਸੀਲਾ ਜਾਣਿਆ ਤੇ ਇਕ ਨਾਰੀ ਤੇ ਸਬਰ-ਸੰਤੋਖ ਨਾ ਕੀਤਾ, ਹਜ਼ਾਰਾਂ ਨਾਰੀਆਂ ਦਾ ਜੀਵਨ ਨਸ਼ਟ ਕੀਤਾ। ਕਿਸੇ ਨੇ ਪਿਆਰ ਤੇ ਜੀਵਨ ਦਾ ਮੂਲ-ਮਨੁੱਖੀ ਜੀਵਨ ਦੀ ਪੂੱਜਦਾ ਕੇਂਦਰ 'ਮਾਂ' ਕਿਹਾ ਕਿਸੇ ਪਾਰਬਤੀ, ਤੇ ਦੁਰਗਾ ਮੰਨਿਆ ਕਿਸੇ ਨੇ ਲਖਛਮੀ...ਕਿਸੇ ਨੇ ਆਖਿਆ—'ਨਾਰੀ ਪਿਆਰ ਦਾ ਸੋਮਾ ਹੈ। ਉਹ ਭੈਣ, ਮਾਂ, ਦਾਦੀ, ਨਾਨੀ ਅਤੇ ਦੇਵਦਾਸੀ ਅਥਵਾ ਈਸ਼ੁਰ ਭਗਤਨ ਜਾਂ ਸਤੀ ਬਣਕੇ ਪਿਆਰ ਵੰਡਦੀ ਹੈ। ਅਨੇਕਾਂ ਮਸਾਲਾਂ ਹਨ, ਮੀਰਾਂ ਬਾਈ ਜਵਾਨ ਰਾਜੇ ਦੀ ਪਤਨੀ ਬਣੀ। ਦੁਨਿਆਵੀ ਜੀਵਨ ਦੇ ਸਾਰੇ ਸੁੱਖ ਪ੍ਰਾਪਤ



Sri Satguru Jagjit Singh Ji Elibrary NamdhariElibrary@gmail.com

ਸਨ, ਪਰ ਹਿਰਦੇ ਵਿਚ ਭਗਵਾਨ ਕ੍ਰਿਸ਼ਨ ਦਾ ਪਿਆਰ ਸੀ। ਉਸ ਦੇ ਮੰਦਰਾਂ ਵਿਚ ਨਚਦੀ ਤੇ ਵਿਸ਼ਨਪਦੇ ਭਗਤੀ ਗੀਤ, ਗਾਉਂਦੀ ਹੋਈ ਨਹੀਂ ਸੀ ਥਕਦੀ। ਉਹ ਪ੍ਰੇਮ-ਦੀਵਾਨੀ ਹੋ ਗਈ ਸੀ। ਰਾਜੇ ਨੇ ਉਸ ਨੂੰ ਜ਼ਹਿਰ ਦੇਣ ਦਾ ਜਤਨ ਕੀਤਾ...ਕਿਉਂਕਿ ਉਹ ਪ੍ਰੇਮ-ਰਹਸ ਨੂੰ ਨਹੀਂ ਸੀ ਜਾਣਦਾ। ਉਹ ਸਿਰਫ ਰਾਜਾ ਸੀ ਤੇ ਵਾਸ਼ਨਾਵਾਦੀ ਪੁਰਖ ਸੀ। ਹਰ ਦੇਸ਼ ਦੀ ਸੁਤੰਤਰਤਾ ਦੀ ਲਹਿਰ ਨੂੰ ਸਫਲ ਬਣਾਉਣ ਵਾਸਤੇ ਨਾਰੀ ਨੇ ਮਹਾਨ ਕੁਰਬਾਨੀ ਕੀਤੀ। ਉਹ ਅਗ ਰੂਪ ਖਤਰਿਆਂ ਦੇ ਦਰਿਆਵਾਂ ਨੂੰ ਤਰਕੇ ਪਾਰ ਕਰ ਗਈ। ਜੇ ਨਾਰੀ ਵਿਚ ਨਿਰਬਲਤਾ ਤੇ ਇਖਲਾਕੀ ਕਮਜ਼ੋਰੀ ਆਈ ਹੈ ਤਾਂ ਪੁਰਖ ਦੀ ਬਦਨੀਤੀ ਕਾਰਣ। ਸਵਾਰਥ ਦੀ ਪੂਰਤੀ ਲਈ ਨਾਰੀ ਨੂੰ ਵਰਤਨ ਦਾ ਜਤਨ ਕੀਤਾ।'

ਸੁੱਖੀ ਸੁੰਦਰ ਜਵਾਨ, ਸਤ, ਸਚ ਤੇ ਚੰਗੀ ਖੁਰਾਕ ਨਾਲ ਪਲਿਆ ਸਰੀਰ ਲੁਸ ਲੁਸ ਕਰਦਾ ਸੀ। ਮਰਦ ਵਰਗਾ ਸਰੀਰ ਵਿਚ ਬਲ ਸੀ, ਭਰਾਵਾਂ ਦੇ ਨਾਲ ਪੱਠਿਆਂ ਦੀਆਂ ਭਾਰੀਆਂ ਪੰਡਾਂ ਖੇਤਾਂ ਵਿਚੋਂ ਚੁਕ ਕੇ ਘਰ ਲਿਆਉਂਦੀ ਸੀ। ਭਰਾ ਕਿਸੇ ਨਾਲ ਲੜਦੇ ਝਗੜਦੇ ਸਨ ਤਾਂ ਡਾਂਗ ਲੈਕੇ ਭਰਾਵਾਂ ਦੇ ਨਾਲ ਜਾ ਖਲੋਂਦੀ ਸੀ। ਵਿਆਹੀ ਸੀ, ਫੌਜੀ ਪਤੀ ਨਾਲ ਪਿਆਰ ਸੀ। ਪਤੀ ਸ਼ਹੀਦ ਹੋ ਗਿਆ ਉਹ ਵਿਧਵਾ ਹੋ ਗਈ ਤਾਂ ਪੁਤਰ ਅਤੇ ਸਤੀ ਧਰਮ ਨੂੰ ਹਿੱਕ ਨਾਲ ਲਾ ਕੇ ਜੀਉਣ ਲੱਗੀ। ਉਸ ਦਾ ਇਕ ਦਿਉਰ ਜਵਾਨ ਸੀ ਪਿੰਡ, ਉਸ ਨੇ ਬੜੇ ਤਰਲੇ ਲਏ ਕਿ ਸੁਖੀ ਉਸ ਦੇ ਘਰ ਬਹਿ ਜਾਏ, ਪਰ ਸੁੱਖੀ ਨਾ ਮੰਨੀ। ਭਾਵੇਂ ਉਸ ਦੀ ਮਾਂ ਵੀ ਤਿਆਰ ਸੀ ਕਿ ਸੁਖੀ ਦਾ ਵਰ ਘਰ ਕਰਨਾ ਹੀ ਠੀਕ ਸੀ। 'ਮਾਤਾ ਜੀ ! ਪਤੀ ਦੀ ਨਿਸ਼ਾਨੀ ਪੁੱਤਰ—ਧੀ ਪਾਲਾਂਗੀ। ਜਿਸ ਗਲੋਂ ਡਰਦੇ ਹੋ, ਉਹ ਗਲ ਨਹੀਂ ਹੁੰਦੀ। ਜਦੋਂ ਮੈਨੂੰ ਮਰਦ ਦੀ ਲੋੜ ਪ੍ਰਤੀਤ ਹੋਏਗੀ ਤਾਂ ਮਾਤਾ ਜੀ ਤੁਸਾਂ ਨੂੰ ਆਖ ਦਿਆਂਗੀ ਫਿਰ ਕਿਸੇ ਦੇ ਘਰ ਬਿਠਾ ਦੇਣਾ ! ਵਾਹਿਗੁਰੂ ਦਾ ਧਿਆਨ ਧਰੋਨੋ



Sri Satguru Jagjit Singh Ji Elibrary NamdhariElibrary@gmail.com

ਹੈ...ਜਿਸ ਦੀ ਅਮਾਨਤ ਹਾਂ...ਉਸੇ ਦੀ ਅਮਾਨਤ ਰਹਿਣਾ ਹੈ।'

ਸੁੱਖੀ ਨੇ ਇਉਂ ਆਪਣੀ ਮਾਂ ਨੂੰ ਬਚਨ ਦਿੱਤਾ। ਉਹ ਬਚਨ ਦੀ ਪਾਲਣਾ ਕਰਦੀ ਰਹੀ। ਦੋ ਤਿੰਨ ਵਾਰ ਕੁਦਰਤੀ ਐਸਾ ਢੋ ਲਗਾ, ਜਦੋਂ ਉਸ ਦੇ ਇਮਤਿਹਾਨ ਦਾ ਵੇਲਾ ਆਇਆ। ਉਹ ਪਾਸ ਹੁੰਦੀ ਰਹੀ, ਉਸ ਨੇ ਪਰਾਏ ਮਰਦ ਨੂੰ ਆਪਣੇ ਸਰੀਰ ਨੂੰ ਹੱਥ ਨਾ ਲਾਉਣ ਦਿੱਤਾ। ਰਿਸ਼ਤੇਦਾਰਾਂ ਦੇ ਪਿੰਡ ਇਕ ਸ਼ਰਾਬੀ ਨੇ ਸੁੱਤੀ ਪਈ ਤੇ ਹਮਲਾ ਕੀਤਾ। ਹੋਸ਼ ਆਈ ਤਾਂ ਸ਼ੇਰਨੀ ਵਾਂਗ ਉਸਦੇ ਗਲ ਪੈ ਗਈ। ਉਸ ਨੂੰ ਮੰਜੀ ਉੱਤੋਂ ਹੇਠਾਂ ਸੁੱਟਿਆ ਕੁੱਟਿਆ ਆਪਣਾ ਧਰਮ ਬਚਾ ਲਿਆ।

ਉਹ ਸਮਾਂ ਕੁਝ ਭਲਾ ਸੀ। ਪਿੰਡ ਦੇ ਕਿਸੇ ਅਮੀਰ ਜਾਂ ਗਰੀਬ ਦੀ ਧੀ ਨੂੰ ਸਾਰਾ ਪਿੰਡ ਧੀ ਸਮਝਦਾ ਸੀ ਤੇ ਸਤਕਾਰ ਕਰਦੇ ਸਨ। ਮੈਲੀ ਅੱਖ ਨਾਲ ਦੇਖਣਾ ਪਾਪ ਤ ਮਰਯਾਦਾ ਦੇ ਵਿਰੁਧ ਮੰਨਿਆ ਜਾਂਦਾ ਸੀ। ਕੁੜੀਆਂ ਵੀ ਪਿੰਡ ਦੇ ਹਰ ਪੱਗ ਬੰਨ੍ਹ ਕੋਲੋਂ ਡਰਦੀਆਂ ਸਨ ਤੇ ਕੋਈ ਅਯੋਗ ਗਲ ਨਹੀਂ ਸਨ ਕਰਦੀਆਂ। ਸੁਖੀ ਗੰਭੀਰ ਸੀ! ਸਿਆਣੀ ਸੀ! 'ਬੀਬੀ' ਤੇ 'ਭੂਆ' ਆਖਕੇ ਸਾਰੀਆਂ ਕੁੜੀਆਂ ਤੇ ਸਾਰੇ ਮੁੰਡੇ ਸਤਕਾਰ ਨਾਲ ਬੁਲਾਉਂਦੇ ਸਨ। ਉਹ ਗੀਤ ਵੀ ਗਾਇਆ ਕਰਦੀ ਸੀ ਤੇ ਗਿੱਧੇ ਦੇ ਪਿੜ ਦੀ ਪ੍ਰਧਾਨ ਨਾਇਕਾ ਸੀ। ਪਰ ਜਦੋਂ ਤੋਂ ਵਿਧਵਾ ਹੋ ਗਈ, ਤਦੋਂ ਤਾਂ ਵਿਆਹ-ਸ਼ਾਦੀ ਸਮੇਂ ਗੀਤ ਗਾਉਣ ਤੇ ਗਿੱਧੇ ਵਿਚ ਨਚਣੋਂ ਰੁਕ ਗਈ। ਸੰਤ ਸੇਵਕ ਸਿੰਘ ਦੇ ਗੁਰੂ-ਮਹੰਤ ਦੀ ਪ੍ਰੇਰਣਾ ਕਾਰਣ ਨਾਮ ਸਿਮਰਨ, ਧਰਮਸਾਲਾ ਦੀ ਸੇਵਾ ਅਤੇ ਬਾਣੀ ਦਾ ਪਾਠ ਕਰਨ ਵਲ ਮਨ ਲਾ ਬੈਠੀ। ਮਹੰਤ ਚਲਾਣਾ ਕਰ ਗਿਆ, ਸੁਖੀ ਨੇ ਨੇਮ ਨਾ ਛਡਿਆ। ਸੰਤ ਸੇਵਕ ਸਿੰਘ ਦਾ ਵੀ ਉਸੇ ਤਰ੍ਹਾਂ ਸਤਕਾਰ ਕਰਨ ਲੱਗੀ ਤੇ ਨਿਧੜਕ ਸੇਵਾ ਕਰਦੀ, ਦੋ ਵੇਲੇ ਪੂਜਾ-ਪਾਠ ਵਿਚ ਸ਼ਾਮਲ ਹੁੰਦੀ। ਉਸ ਨੇ ਢੋਲਕੀ ਵਜਾਉਣੀ, ਚਿਮਟੇ ਤੇ ਛੈਣਿਆਂ ਨੂੰ ਸੁਰ-ਤਾਲ ਨਾਲ ਮਿਲਾ ਕੇ



Sri Satguru Jagjit Singh Ji Elibrary NamdhariElibrary@gmail.com

ਵਜਾਉਣਾ ਅਤੇ ਸ਼ਬਦ ਪੜ੍ਹਨੇ ਸਿੱਖੇ। ਕੀਰਤਨ ਕਰਨ ਵੇਲੇ ਸ਼ਾਮਲ ਹੁੰਦੀ ਰਹੀ।

ਸੰਤ ਸੇਵਕ ਸਿੰਘ ਮਰਯਾਦਾ ਪ੍ਰਸ਼ੋਤਮ ਸੀ। ਉਸ ਨੇ ਕਦੀ ਸੁੱਖੀ ਕੋਲੋਂ ਨਾ ਮੁੱਠੀਆਂ ਭਰਾਈਆਂ ਸਨ ਤੇ ਨਾ ਪੈਰ ਘੁਟਾਏ ਸੀ। ਨਾ ਕਛਹਿਰਾ ਤੇ ਪਰਨਾ ਧੋਣ ਨੂੰ ਦਿੱਤਾ ਸੀ, ਉਹ ਧੀ–ਭੈਣ ਸਮਝਦਾ ਹੀ ਨਹੀਂ ਸੀ, ਸਗੋਂ ਮੰਨਦਾ ਸੀ। ਉਸ ਨੇ ਕਦੀ ਅਯੋਗ ਹਰਕਤ ਨਹੀਂ ਸੀ ਦਿਖਾਈ।

ਆਮ ਤੌਰ ਤੇ ਸੁੱਖੀ 'ਬਾਬਾ ਜੀ' ਆਖਕੇ ਸੇਵਕ ਸਿੰਘ ਨੂੰ ਬੁਲਾਉਂਦੀ ਸੀ। ਇਕ ਦੋ ਵਾਰ 'ਮਹਾਰਾਜ ਜੀ' ਆਖਿਆ ਤਾਂ ਸੇਵਕ ਸਿੰਘ ਨੇ ਰੋਕ ਦਿਤਾ ਤੇ ਆਖਿਆ 'ਮੈਨੂੰ ਮਹਾਰਾਜ ਨਾ ਆਖਿਆ ਕਰੋ।...ਮਹਾਰਾਜ ਜੀ ਸਿਰਫ ਗੁਰੂ ਰਾਮ ਸਿੰਘ ਜੀ ਹਨ। ਉਹਨਾਂ ਨੇ ਇਸ ਤੇ ਪੂਰਬਲੇ ਜਨਮ ਵਿਚ ਘੋਰ ਤਪਸਿਆ ਕਰਕੇ ਇਹ ਉਚ ਪਦਵੀ ਪ੍ਰਾਪਤ ਕੀਤੀ ਹੈ...ਇਹੋ ਹੀ ਠੀਕ ਹੈ। 'ਬਾਬਾ ਜੀ!' ਅਤੇ ਮਹਾਰਾਜ ਜੀ ਦੀ ਮਹਿਮਾ ਕਰਕੇ ਸੁੱਖੀ ਦੇ ਨਿਰਮਲ, ਨਿਰਭੈ ਅਤੇ ਸੰਤੋਖੀ ਹਿਰਦੇ ਉਤੇ ਮਹਾਰਾਜ (ਸਤਿਗੁਰੂ ਰਾਮ ਸਿੰਘ) ਜੀ ਦੀ ਮੂਰਤੀ ਬਿਠਾਈ। ਉਹਨਾਂ ਦਾ ਧਿਆਨ ਧਰਾਇਆ ਤੇ ਦਰਸ਼ਨਾਂ ਵਾਸਤੇ ਤੜਪ ਪੈਦਾ ਕੀਤੀ।

ਹੁਕਮੀ ਦੇ ਆਉਣ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਉਸ ਨੇ ਮਹਾਰਾਜ ਜੀ ਦੇ ਜੱਸ ਦੀ ਕਥਾ ਸੁਣਾਈ। 'ਮਹਾਰਾਜ ਜੀ ਏਧਰ ਆ ਰਹੇ ਹਨ। ਕਕੜੀਂ ਦੀਵਾਨ ਹੋਏਗਾ। ਉਹਨਾਂ ਨਾਲ ਸਤਿਸੰਗੀ ਤੇ ਜਥੇਦਾਰ ਹੋਣਗੇ।' ਆਖਿਆ ਸੁਣਕੇ ਸੁੱਖੀ ਉਸੇ ਤਰ੍ਹਾਂ ਹੀ ਖੁਸ਼ ਹੋ ਗਈ ਜਿਵੇਂ ਮੀਰਾਂਬਾਈ ਨੂੰ ਭਗਵਾਨ ਕ੍ਰਿਸ਼ਨ ਜੀ ਦੇ ਦਰਸ਼ਨ ਹੋਣ ਦੀ ਆਸ ਹੋਈ ਸੀ।

ਦੂਸਰੀ ਰਾਤ ਆਈ। ਸੰਤ ਜੀ ਧਰਮਸਾਲਾ ਨਾ ਮੁੜੇ, ਨੈਣਾ ਸਿੰਘ ਨੇ ਵੀ ਆ ਆਖਿਆ, 'ਕਿਤੇ ਪਤਾ ਨਹੀਂ ਲਗਦਾ। ਮਹੰਤ ਗੁਰਦੁਆਰੇ ਨਹੀਂ, ਮੈਂ ਕਿਲ੍ਹੇ ਵੀ ਗਿਆ ਸਾਂ। ਬੇਲਾ ਸਿੰਘ



Sri Satguru Jagjit Singh Ji Elibrary NamdhariElibrary@gmail.com

ਦੇ ਬੰਦਿਆਂ ਨੂੰ ਪੁਛਿਆ, ਪਿੰਡ ਵਿਚੋਂ ਸੂਹ ਕੱਢਣ ਦਾ ਉਪਰਾਲਾ ਕੀਤਾ ਪਰ ਕੋਈ ਪਤਾ ਨਹੀਂ ਲਗਦਾ। ਇਸ ਗਲ ਦਾ ਪੱਕਾ ਪਤਾ ਲਗ ਗਿਆ ਕਿ ਮੀਂਹ ਦੇ ਖੂਹ ਲਾਗੇ ਉਹਨਾਂ ਨੂੰ ਕੁਝ ਬੰਦੇ ਕੁਟ ਮਾਰਕੇ ਘੋੜੀ ਉਤੇ ਸੁੱਟਕੇ ਲੈ ਗਏ ਹਨ।'

'ਇਹ ਕਿਸ ਦਸਿਆ ?' ਸੁਖੀ ਨੇ ਪੁਛਿਆ।

'ਬਾਬੇ ਜੀਊਣੇ ਨੇ, ਉਹ ਮੰਜੀ ਤੋਂ ਉਠ ਨਹੀਂ ਸਕਦਾ, ਖੂਹ ਉਤੇ ਰਹਿੰਦਾ ਹੈ।'

'ਕਿੰਨ ਬੰਦੇ ਦਸਦਾ ਹੈ ?'

'ਕੋਈ ਪੰਜ-ਛੇ ਸਨ। ਘੋੜੀਆਂ ਉਤੇ ਆਏ ਸਨ ਅਤੇ ਪਹਿਲਾਂ ਖੂਹ ਉਤੇ ਖਲੋਤੇ ਰਹੇ। ਜਦੋਂ ਸੰਤ ਜੀ ਖੇਤਾਂ ਵਲ ਗਏ ਤਾਂ ਉਹ ਪਿਛੇ ਗਏ।

'ਬੰਦੇ ਤਾਂ ਬੇਲਾ ਸਿੰਘ ਜਾਂ ਮਹੰਤ ਦੇ ਹੀ ਹੋ ਸਕਦੇ ਹਨ। ਜੇ ਥਾਨੇ ਦੇ ਹੁੰਦੇ ਤਾਂ ਉਹ ਪਿੰਡ ਆਉਂਦੇ।'

'ਜ਼ਰੂਰ ਉਹਨਾਂ ਦੇ ਬੰਦੇ ਹੋਣਗੇ! ਪਰ ਸੰਤ ਜੀ ਨੂੰ ਕੁਟਣ ਮਾਰਨ ਦਾ ਕੀ ਮਤਲਬ ?'

'ਇਹ ਇਕ ਡੂੰਘੀ ਸਾਜ਼ਸ਼ ਹੈ...।'

'ਅਛਾ ਮਹਾਰਾਜ ਜੀ ਦੁਸ਼ਟਾਂ ਨੂੰ ਸੋਧਣਗੇ ਤੇ ਬਾਬਾ ਜੀ ਨੂੰ ਬਚਾਉਣਗੇ। ਇਹ ਆਖਕੇ ਸੁੱਖੀ ਨੇ ਠੰਡਾ ਸਾਹ ਲਿਆ। ਉਹ ਉਦਾਸ ਚਿੱਤ ਘਰ ਨੂੰ ਚਲੀ ਗਈ।

ਸੁੱਖੀ ਨੂੰ ਇਉਂ ਪ੍ਰਤੀਤ ਹੋਣ ਲੱਗਾ ਜਿਵੇਂ ਉਸ ਦੇ ਮਨ ਦੀਆਂ ਉਮੰਗਾਂ ਖੁਸ਼ੀਆਂ ਹੌਲੀ ਹੌਲੀ ਗਵਾਚ ਰਹੀਆਂ ਸਨ। ਜੀਵਨ ਹੀ ਖਤਮ ਹੋ ਰਿਹਾ ਸੀ ਤੇ ਸਰੀਰ ਦਾ ਲਹੂ ਸੁਕਦਾ ਜਾਂਦਾ ਸੀ।

ਕੋਈ ਅਧੀ ਰਾਤ ਹੋਣ ਦੇ ਨੇੜੇ ਉਸ ਨੂੰ ਨੀਂਦ ਆਈ। ਜਦੋਂ ਸਾਰੇ ਘਰ ਦੇ ਘੂਕ ਸੁੱਤੇ ਸਨ। ਪਿੰਡ ਸੁੱਤਾ ਸੀ, ਕੁਦਰਤ ਦਾ ਹਰ ਅੰਗ ਸੁੱਤਾ ਸੀ। ਉਹ ਜਾਗਦੀ ਸੀ ਅਤੇ ਖਿਆਲ



Sri Satguru Jagjit Singh Ji Elibrary NamdhariElibrary@gmail.com

ਕਰਦੀ ਰਹੀ ਸੀ ਸੰਤ ਜੀ ਦਾ। ਕਲਪਨਾ ਦੀਆਂ ਅੱਖਾਂ ਲਭਦੀਆਂ ਫਿਰਦੀਆਂ ਸਨ। ਤਸਵੀਰ ਅਖਾਂ ਅਗੇ ਆਉਂਦੀ ਸੀ ਤਾਂ ਆਪਣੇ ਆਪ ਸੁਖ ਸਾਂਦ ਪੁਛਦੀ ਸੀ, 'ਤੁਸਾਂ ਜਾਣਾ ਸੀ ਤਾਂ ਮੈਨੂੰ ਦਸ ਜਾਂਦੇ...ਮੈਂ ਨਾਲ ਹੁੰਦੀ ਤਾਂ ਦੁਸ਼ਮਨਾਂ ਦੀ ਹਿੰਮਤ ਨਹੀਂ ਸੀ ਪੈਣੀ ਤੁਸਾਂ ਨੂੰ ਕੁਝ ਆਖਣ ਦੀ।'

ਨੀਂਦ ਆਈ। ਨੀਂਦ ਦੇ ਨਾਲ ਹੀ ਸੁਪਨਾ ਆਇਆ। ਭਿਆਨਕ ਡਰਾਉਣਾ ਸੁਪਨਾ, ਇਕ ਕੋਠਾ ਹੈ। ਉਸ ਕੋਠੇ ਵਿਚ ਸੰਤ ਜੀ ਦੇ ਹੱਥ ਪੈਰ ਰਸੇ ਨਾਲ ਬੰਨ੍ਹੇ ਸਨ। ਨੰਗੇ ਪਿੰਡੇ ਉਤੇ ਲਹੂ-ਸਿਮ ਲਾਸ਼ਾਂ ਪਈਆਂ ਸਨ। ਉਹ ਕੰਧ ਨਾਲ ਸਿਰ ਲਾ ਕੇ ਬੈਠੇ ਸਨ ਤੇ ਅਖਾਂ ਮੀਟੀਆਂ ਸਨ। ਇਹ ਝਾਕੀ ਦੇਖਕੇ ਸੁਖੀ ਦੀ ਮੁੜ ਅੱਖ ਖੁਲ੍ਹ ਗਈ ਤੇ ਉਹ ਤੜਪ ਉਠੀ। ਮੁੜ ਉਸ ਨੂੰ ਨੀਂਦ ਨਾ ਆਈ, ਅੰਮ੍ਰਿਤ ਵੇਲਾ ਹੋ ਗਿਆ।

ਸੁੱਖੀ ਧਰਮਸਾਲਾ ਤੋਂ ਵਾਪਸ ਘਰ ਨੂੰ ਜਾ ਰਹੀ ਸੀ। ਉਸਦੀ ਸੁਰਤ ਖਿਆਲਾਂ ਵਿਚ ਗਵਾਚੀ ਸੀ। ਤੁਰੀ ਗਲੀ ਗਲੀ ਜਾ ਰਹੀ ਸੀ, ਪਰ ਇਹ ਨਹੀਂ ਸੀ ਪਤਾ ਕਿ ਕਿਸ ਦੇ ਘਰ ਅਗੋਂ ਦੀ ਜਾ ਰਹੀ ਸੀ, ਜਾਂ ਉਸ ਦੇ ਕੋਲੋਂ ਦੀ ਕੌਣ ਲੰਘ ਰਿਹਾ ਸੀ।

'ਸੁੱਖੀ ! ਗਲ ਸੁਣ !' ਉਸ ਦੇ ਕੰਨੀ ਵਾਜ਼ ਪਈ ਤਾਂ ਉਸ ਦੇ ਪੈਰ ਰੁਕੇ ਤੇ ਦੇਖਿਆ। ਤੇਜੋ ਆਪਣੇ ਘਰ ਦੇ ਬੂਹੇ ਅਗੇ ਖਲੋਤੀ ਸੀ।

'ਸਤਿ ਸ੍ਰੀ ਅਕਾਲ ਭਾਬੀ !' ਸੁਖੀ ਨੇ ਉਸ ਵਲ ਦੇਖਕੇ ਦੋਵੇਂ ਹੱਥ ਜੋੜੇ ਤੇ ਆਖਿਆ।

'ਸਤਿ ਸ੍ਰੀ ਅਕਾਲ...ਸੁਖੀ ! ਅੰਦਰ ਆ ਗਲ ਸੁਣ।' ਤੇਜੋ ਨੇ ਉਤਰ ਦਿੱਤਾ।

ਸੁਖੀ ਉਸ ਘਰ ਦਾਖਲ ਹੋਈ। ਤੇਜੋ ਨੇ ਡੱਠੇ ਮੰਜੇ ਵਲ



Sri Satguru Jagjit Singh Ji Elibrary NamdhariElibrary@gmail.com

ਇਸ਼ਾਰਾ ਕਰਕੇ ਕਿਹਾ, 'ਬਹਿ ਜਾ।'

ਸੁਖੀ ਬਹਿ ਗਈ। ਉਸ ਦੇ ਕੋਲ ਹੀ ਤੇਜੋ ਬੈਠ ਗਈ।

'ਧਰਮਸਾਲੀਏ ਭਾਈ ਦਾ ਕੁਝ ਪਤਾ ਲੱਗਾ?' ਤੇਜੋ ਨੇ ਪੁੱਛਿਆ।

'ਭਾਬੀ ! ਕੋਈ ਪਤਾ ਨਹੀਂ ਲੱਗਾ।' ਸੁਖੀ ਨੇ ਉਤਰ ਦਿੱਤਾ।

'ਤੂੰ ਤਾਂ ਬਹੁਤ ਹੀ ਹੇਰਵਾ ਕਰ ਰਹੀ ਹੈਂ......ਐਨਾ ਹੇਰਵਾ..... !'

'ਭਲੇ ਪੁਰਖ ਹਨ। ਧਰਮਸਾਲਾ ਉਨ੍ਹਾਂ ਨਾਲ ਵਸਦੀ। ਹੇਰਵਾ ਤਾਂ ਹੋਣਾ ਹੋਇਆ। ਆਪੋ ਆਪਣੀ ਸਮਝ ਦੀ ਗਲ ਹੈ। ਸੁਖੀ ਨੂੰ ਉਸ ਦੀ ਗਲ ਚੁੰਭਵੀਂ ਲੱਗੀ। ਪਰ ਉਤਰ ਧੀਰਜ ਨਾਲ ਦਿੱਤਾ।

ਤੇਜੋ ਸੁਖੀ ਨਾਲੋਂ ਪੰਜ ਕੁ ਸਾਲ ਵਡੀ ਸੀ। ਤਿਨਾਂ ਮੁੰਡਿਆਂ ਦੀ ਮਾਂ ਸੀ। ਜਵਾਨ ਤੇ ਮੋਕਲੇ ਹੱਡਾਂ-ਪੈਰਾਂ ਦੀ ਤੇ ਤਿਖੇ ਨਕਸ਼ਾਂ ਵਾਲੀ, ਉਸ ਦੇ ਆਚਰਨ ਤੇ ਕਈਆਂ ਨੂੰ ਸ਼ਕ ਸੀ। ਸੁਖੀ ਨੇ ਉਸ ਨਾਲ ਬਹੁਤਾ ਮੇਲ-ਗੇਲ ਨਹੀਂ ਸੀ ਰਖਿਆ।

'ਇਕ ਨਾ ਗੁਸਾ ਕਰਨਾ ਬੀਬੀ ਤੇ ਨਾ ਭੇਤ ਦੀ ਗਲ ਕਿਸੇ ਨੂੰ ਦਸੀਂ ਜੇ ਦਸੇਂਗੀ ਤਾਂ ਫਲ ਚੰਗਾ ਨਹੀਂ ਹੋਏਗਾ' ਤੇਜੋ ਬੋਲੀ ਤੇ ਨਾਲ ਹੀ ਉਠਕੇ ਉਸ ਨੇ ਬਾਹਰਲਾ ਦਰਵਾਜ਼ਾ ਬੰਦ ਕਰ ਦਿੱਤਾ ਤਾਂ ਕਿ ਕੋਈ ਹੋਰ ਨਾ ਦੇਖੇ ਤੇ ਨਾ ਨੇੜੇ ਹੋਕੇ ਗਲਬਾਤ ਵਿਚ ਵਿਗਨ ਪਾਏ।

ਤੇਜੋ ਦੀ ਗਲ ਸੁਣਕੇ ਸੁਖੀ ਦਾ ਮੱਥਾ ਠਣਕਿਆ ਤੇ ਕੁਝ ਹੈਰਾਨੀ ਨਾਲ ਪੁਛਿਆ, 'ਭਾਬੀ! ਐਸੀ ਕਿਹੜੀ ਗਲ ਹੈ?'

'ਸੰਤ ਸੇਵਕ ਸਿੰਘ ਦੀ! ਤੂੰ ਉਸ ਨਾਲ ਪਿਆਰ ਕਰਦੀ



Sri Satguru Jagjit Singh Ji Elibrary NamdhariElibrary@gmail.com

ਹੈਂ ਨਾ। ਉਸ ਦੇ ਅਲੋਪ ਹੋਣ ਤੇ ਹੌਕੇ ਲੈ ਰਹੀ ਤੇ ਆਪਣਾ ਲਹੂ ਸੁਕਾ ਰਹੀ ਹੈਂ ! ਇਹ ਗਲ ਝੂਠ ਤਾਂ ਨਹੀਂ ਤੁਸਾਂ ਦੋਹਾਂ ਦਾ ਪਿਆਰ ਹੈ, ਪਿਆਰ ਹੋ ਜਾਣਾ ਕੋਈ ਅਨੋਖੀ ਗਲ ਨਹੀਂ ।'

'ਪਿਆਰ ਹੈ...ਉਹ ਮੇਰੇ ਬਾਬਾ ਜੀ ਹਨ—ਵਿਦਿਆ ਗੁਰੂ...ਇਸ ਵਿਚ ਕੀ ਹੈਰਾਨੀ ਵਾਲੀ ਗਲ ।'

'ਮੈਂ ਵੀ ਪਿਆਰ ਦੀ ਗਲ ਕੀਤੀ ਹੈ ਭਾਵੇਂ ਕੈਸਾ ਹੈ !'

'ਮਤਲਬ ਦੀ ਗਲ ਕੀ ?'

'ਮਤਲਬ ਦੀ ਗਲ ਇਹ ਕਿ ਸੰਤ ਨੂੰ ਮਾਰਨਾ ਜਾਂ ਬਚਾਉਣਾ ਤੇਰੇ ਹੱਥ ਵਸ ਹੈ ।'

'ਮੇਰੇ ਹੱਥ ਵਸ !'

'ਹਾਂ !'

'ਮੈਂ ਕੁਝ ਨਹੀਂ ਸਮਝੀ !'

'ਸੁਣ, ਗੁਰੂ ਸਰ ਦਾ ਮਹੰਤ ਤੇਰੇ ਰੂਪ ਤੇ ਜੋਬਨ ਦਾ ਦੀਵਾਨਾ ਹੈ। ਉਹ ਤੈਨੂੰ ਚਾਹੁੰਦਾ ਹੈ। ਗੁੱਸਾ ਨਾ ਕਰਨਾ.. ਮੈਂ ਤਾਂ ਗਲ ਸਚੀ ਦਸ ਰਹੀ ਹਾਂ। ਉਸ ਨੇ ਬੇਲਾ ਸਿੰਘ ਨਾਲ ਸਲਾਹ ਕੀਤੀ ਕਿ ਸੰਤ ਨੂੰ ਜਿਨਾ ਚਿਰ ਬਿਲੇ ਨਹੀਂ ਲਾਇਆ ਜਾਂਦਾ ਉੱਨਾ ਚਿਰ ਸੁਖੀ ਕਾਬੂ ਨਹੀਂ ਆ ਸਕਦੀ। ਉਹਨਾਂ ਨੇ ਬੰਦੇ ਭੇਜਕੇ ਸੰਤ ਨੂੰ ਚੁਕਵਾਇਆ। ਸਟਾਂ ਲਾਈਆਂ ਬੇਸੁਰਤ ਕੀਤਾ ਚੁੱਕ ਕੇ ਲੈ ਗਏ। ਹੁਣ ਉਸ ਨੂੰ ਕਿਸੇ ਪਿੰਡ ਵਿਚ ਕੋਠੇ ਵਿਚ ਬੰਦ ਰਖਿਆ ਹੈ ।'

'ਕਿਥੇ ?' ਸੁਖੀ ਨੇ ਹੈਰਾਨੀ ਨਾਲ ਕੰਬਦੀ ਨੇ ਪੁਛਿਆ।

'ਇਹ ਮੈਨੂੰ ਨਹੀਂ ਪਤਾ ?'

'ਤੁਸਾਂ ਨੂੰ ਦਸਿਆ ਕਿਸ ?'

'ਮੈਂ ਝੂਠ ਨਹੀਂ ਬੋਲਦੀ...!'



Sri Satguru Jagjit Singh Ji Elibrary NamdhariElibrary@gmail.com

'ਤੁਸੀਂ ਝੂਠ ਨਹੀਂ ਬੋਲਦੇ, ਪਰ ਇਹ ਤਾਂ ਦਸੋ, ਦਸਿਆ ਕਿਸ ?'

'ਮੈਨੂੰ ਮਹੰਤ ਨੇ ਆਪ ਦਸਿਆ। ਮੈਂ ਗੁਰੂ ਸਰ ਗਈ ਸਾਂ।'

'ਅਛਾ ! ਤੁਸਾਂ ਨੂੰ ਦਸਿਆ। ਕੀ ਆਖਦਾ ਹੈ ਮਹੰਤ।'

'ਤੂੰ ਚਲ ਮੇਰੇ ਨਾਲ ਗੁਰੂ ਸਰ, ਜਾਂ ਇੱਕਲੀ ਚਲੀ ਜਾ, ਮਹੰਤ ਨਾਲ ਗਲ ਕਰ.. ਜੇ ਨਾ ਗਈਓਂ ਤਾਂ ਅਜ ਤੋਂ ਪੰਜ ਦਿਨ ਪਿਛੋਂ ਮਹੰਤ ਨੇ ਜਾਂ ਸੰਤ ਨੂੰ ਮਰਵਾ ਦੇਣਾ ਹੈ, ਜਾਂ ਉਸ ਨੂੰ ਪੁਲਸ ਦੇ ਹਵਾਲੇ ਕਰਕੇ ਕੋਈ ਮੁਕਦਮਾ ਬਣਵਾ ਕੇ ਤੇ 'ਕੂਕਾ' ਆਖਕੇ ਕੈਦ ਕਰਾ ਦੇਣਾ ਹੈ। ਮਹੰਤ ਸੌ ਬੁਰਿਆਂ ਦਾ ਬੁਰਾ ਹੈ! ਇਹ ਤਾਂ ਗਲ ਲੁਕੀ ਛਿਪੀ ਨਹੀਂ ਸੰਤ ਕੂਕਾ ਹੈ।–.. ਤੇਰੇ ਜਾਣ ਦੀ ਗਲ ਹੈ... ।'

ਸੁਖੀ ਨੂੰ ਇਉਂ ਮਲੂਮ ਹੋਇਆ ਜਿਵੇਂ ਉਸ ਦੇ ਸਰੀਰ ਨੂੰ ਕੋਈ ਤੱਤੀ ਸੀਖ ਲਾ ਲਾ ਕੇ ਉਸ ਦੇ ਜੀਉਂਦੇ ਮਾਸ ਨੂੰ ਸਾੜਨ ਦਾ ਜਤਨ ਕਰਨ ਲਗਾ ਸੀ। ਉਹ ਤਨੋਂ ਮਨੋਂ ਤੜਪ ਉਠੀ। ਉਸ ਨੂੰ ਗੁੱਸੇ ਨੇ ਕੇਬਾ ਦਿੱਤਾ।

'ਭਾਬੀ !' ਸੁਖੀ ਲਾਲ ਪੀਲੀ ਹੋਕੇ ਬੋਲੀ, 'ਮੈਂ ਪਿੰਡ ਦੀ ਧੀ ਤੇ ਤੁਸਾਂ ਦੀ ਨਨਾਣ ਲਗਦੀ ਹਾਂ। ਸਕੀ ਨਹੀਂ ਤਾਂ ਸ਼ਰੀਕੇ ਵਿਚੋਂ...ਇਕ ਗੋਤ, ਤੁਸਾਂ ਨੂੰ ਐਡੀ ਵਧਕ ਗਲ ਨਹੀਂ ਸੀ ਕਰਨੀ ਚਾਹੀਦੀ। . ਮੈਨੂੰ ਮਹੰਤ ਕੋਲ ਭੇਜਦੀ ਹੈਂ ਕੀ ਮੈਂ ਵਿਸ਼ਵਾ ਹਾਂ? ਕੁਝ ਸ਼ਰਮ ਹਯਾ ਤੋਂ ਕੰਮ ਲੈਣਾ ਸੀ ! ਕੀ ਮੇਰਾ ਕੋਈ ਨਹੀਂ ?'

ਸੁਖੀ ਮੰਜੀ ਉਤੋਂ ਉਠ ਬੈਠੀ। ਉਸ ਨੇ ਆਪਣੇ ਆਪ ਤੇ ਮਸਾਂ ਕਾਬੂ ਪਾਇਆ ਉਹ ਤੇਜੋ ਦਾ ਗਲ ਘੁਟਣ ਨੂੰ ਤਿਆਰ ਸੀ। ਬਾਹਰਲੇ ਦਰਵਾਜ਼ੇ ਦੇ ਕੋਲ ਹੋਕੇ ਉਸ ਨ ਸਚੀ ਗਲ ਆਖ ਹੀ ਦਿੱਤੀ।

'ਬਾਬਾ ਜੀ ਸਾਰੇ ਪਿੰਡ ਦੇ ਸਾਂਝੇ ਬੰਦੇ ਹਨ। ਤੇਰਾ ਮਹੰਤ



Sri Satguru Jagjit Singh Ji Elibrary NamdhariElibrary@gmail.com

ਨਾਲ ਬੋਲ ਚਾਲ ਹੈ, ਤੂੰ ਹੀ ਬਾਬਾ ਜੀ ਨੂੰ ਬਚਾ ਲੈ। ਤੇਰੀ ਗਲ ਮੰਨੇਗਾ, ਉਸ ਦਾ ਮਾਲ ਖਾਂਦੀ ਹੈ। ਇਹ ਗਲ ਲੁਕੀ ਛਿਪੀ ਨਹੀਂ।'

'ਸੁੱਖੀ!' ਤੇਜੋ ਗਰਜਕੇ ਬੋਲੀ, 'ਸੰਤ ਦੀ ਲਾਸ਼ ਮਿਲੇਗੀ। ਤੇਰੇ ਭਰਾ ਤੇ ਹੂੜੇ ਦਾ ਨੈਣਾ ਕਤਲ ਕਰਨ ਦੇ ਦੋਸ਼ ਵਿਚ ਥਾਣੇ ਹੋਣਗੇ ਉਹ ਵੀ ਮਹੰਤ ਛਬੀਲਦਾਸ ਹੈ. ਅਜ ਉਹ ਹਵਾ ਪਾਣੀ ਨੂੰ ਬੰਨ੍ਹ ਸਕਦਾ ਹੈ।'

'ਬੁਰਿਆਂ ਨੂੰ ਗੁਰੂ ਦੀ ਮਾਰ...।' ਆਖਕੇ ਸੁੱਖੀ ਨੇ ਬਾਹਰਲੇ ਦਰਵਾਜ਼ੇ ਦਾ ਕੁੰਡਾ ਖੋਲ੍ਹਿਆ ਤੇ ਦਰਵਾਜ਼ਾ ਖੋਲ੍ਹਕੇ ਝਟ ਗਲੀ ਵਿਚ ਹੋ ਗਈ। ਗੁੱਸੇ ਨਾਲ ਭਰੀ ਪੀਤੀ ਆਪਣੇ ਘਰ ਵਲ ਨੱਠ ਉਠੀ।



Sri Satguru Jagjit Singh Ji Elibrary NamdhariElibrary@gmail.com

# ਗਿਆਰਾਂ

ਠੱਠਾ ਪਿੰਡ ਦੁਰਘਟਨਾਵਾਂ ਦਾ ਕੇਂਦਰ ਬਣ ਗਿਆ। ਜਿਥੇ ਸਾਰੇ ਪਿੰਡ ਵਾਸੀ ਏਕਤਾ ਦੇ ਧਾਗੇ ਵਿਚ ਪ੍ਰੋਏ ਹੋਏ ਸ਼ਾਂਤੀ ਤੇ ਪਿਆਰ ਨਾਲ ਵਸਦੇ ਸਨ, ਉਥੇ ਤਿੰਨ ਧੜੇ ਬਣ ਗਏ। ਇਕ ਧੜਾ ਦੂਸਰੇ ਦੇ ਵਿਰੁਧ ਅਤੇ ਤੀਸਰਾ ਦੋਹਾਂ ਦੇ ਵਿਰੁਧ ਲੜਨ, ਚੁਗਲੀ, ਨਿੰਦਾ ਆਦਿਕ ਬੁਰੇ ਖਿਆਲ ਹੀ ਸੋਚਦਾ ਰਹਿੰਦਾ। ਦੋ ਵਾਰ ਡਾਂਗਾਂ, ਬਰਛੀਆਂ ਤੇ ਗੰਡਾਸੀਆਂ ਵੀ ਨਿਕਲੀਆਂ ਤੇ ਲਿਸ਼ਕੀਆਂ, ਪਰ ਮਨੁੱਖੀ ਲਹੂ ਨਾਲ ਰੰਗੀਆਂ ਨਾ ਗਈਆਂ। ਇਕ ਦੋ ਸਿਆਣਿਆਂ ਬੰਦਿਆਂ ਦੇ ਵਿਚਾਲੇ ਆ ਜਾਣ ਕਰਕੇ ਲੜਾਈ ਟਲ ਗਈ। ਪਰ ਇਕ ਦੂਸਰੇ ਨੂੰ ਦੇਖਦੇ ਸਾਰ ਘੂਰੀ ਵਟਣਾ ਆਮ ਸੁਭਾ ਬਣ ਗਿਆ।

ਤੇਜੋ ਨੇ ਸੁਖੀ ਨੂੰ ਘਰ ਸਦਕੇ ਐਸੀ ਗਲ ਆਖ ਦਿਤੀ ਸੀ, ਜਿਹੜੀ ਭਿਆਨਕ ਲੜਾਈ ਕਰਾ ਸਕਦੀ ਸੀ। ਸੁਖੀ ਪਿੰਡ ਦੀ ਧੀ ਸੀ। ਤੇਜੋ ਮਹੰਤ ਦੀ ਦਲਾਲ ਬਣ ਰਹੀ ਸੀ, ਕਿਉਂਕਿ ਤੇਜੋ ਦੇ ਆਪਣੇ ਨਜ਼ਾਇਜ ਸਬੰਧ ਮਹੰਤ ਨਾਲ ਸਨ ਤੇ ਉਸ ਦਾ ਸਹੁਰਾ ਤੇ ਪਤੀ ਗੁਰੂ ਸਰ ਹੀ ਰਹਿੰਦੇ ਸਨ। ਮਹੰਤ ਦੀ ਸ਼ਕਤੀ



Sri Satguru Jagjit Singh Ji Elibrary NamdhariElibrary@gmail.com

ਦੇ ਕਾਰਣ ਹੀ ਉਸ ਨੇ ਸੁਖੀ ਨੂੰ ਅਯੋਗ ਗਲ ਆਖਣ ਦੀ ਦਲੇਰੀ ਕੀਤੀ ਸੀ।

ਪਰ ਸੁਖੀ ਨੇ ਗੁਸਾ ਪੀ ਲਿਆ। ਉਸ ਨੇ ਭਰਾਵਾਂ ਨੂੰ ਤੇਜੋ ਦੀ ਗਲ ਨਾ ਦਸੀ। ਜੇ ਉਹ ਭਰਾਵਾਂ ਕੋਲ ਗਲ ਕਰ ਦਿੰਦੀ ਤਾਂ ਜ਼ਰੂਰ ਉਹਦੇ ਭਰਾਵਾਂ ਨੇ ਡਾਂਗਾਂ ਫੜਕੇ ਤੇਜੋ ਦਾ ਦਰਵਾਜ਼ਾ ਆ ਖੜਕਾਉਣਾ ਸੀ, ਪਿਛੇ ਜੋ ਕੁਝ ਹੁੰਦਾ ਸੋ ਹੁੰਦਾ।

ਸੰਤ ਸੇਵਕ ਸਿੰਘ ਦਾ ਕੋਈ ਪਤਾ ਨਾ ਲਗਾ। ਦਿਨ ਬੀਤਦੇ ਹੋਏ ਸਤ ਦਿਨ ਬੀਤ ਗਏ। ਧਰਮਸਾਲਾ ਸੁੰਞੀਂ ਨਜ਼ਰ ਆਉਣ ਲਗੀ। ਸੰਤ ਜੀ ਦਾ ਘੜਾ ਵੀ ਉਦਾਸ ਹੋ ਗਿਆ। ਸੰਤ ਜੀ ਦਾ ਚੇਲਾ ਤੇਜਾ ਰਾਤ ਦਿਨੇ ਘੋੜੇ ਦੀ ਰਾਖੀ ਕਰਨ ਲਗਾ। ਉਹ ਪਿੰਡ ਦੇ ਗੰਧਾਰਾ ਸਿੰਘ ਦਾ ਪੁੱਤਰ ਸੀ ਤੇ ਉਸ ਦੇ ਸਤ ਭਰਾ ਜਵਾਨ ਸਨ। ਭਰਾਵਾਂ ਦੀ ਤਾਕਤ ਦੇ ਕਾਰਣ ਮਾੜਾ ਮੋਟਾ ਕੋਈ ਉਸ ਦੇ ਕੰਮ ਵਿਚ ਦਖਲ ਨਹੀਂ ਸੀ ਦਿੰਦਾ। ਬਾਬਾ ਖੁਸ਼ਾਲ ਸਿੰਘ ਤੇ ਨਿਹਾਲ ਸਿੰਘ ਵੀ ਧਰਮਸਾਲਾ ਵਿਚ ਹੀ ਰਹਿੰਦੇ ਸਨ। ਉਹਨਾਂ ਨੂੰ ਵੀ ਸੰਤ ਜੀ ਦੇ ਗੁੰਮ ਹੋਣ ਦੀ ਚਿੰਤਾ ਸੀ। ਸੂਹ ਕਢਣ ਦਾ ਜਤਨ ਕਰਦੇ ਸਨ, ਪਰ ਕੋਈ ਸੂਹ ਨਹੀਂ ਸੀ ਲੱਗੀ। ਸੁਖੀ ਦੀ ਭੁਲ ਸੀ ਉਸ ਨੇ ਤੇਜੋ ਦੀ ਗਲ ਨਾ ਦਸੀ।

ਅਠਵੇਂ ਦਿਨ ਠੱਠੇ ਨਵਾਂ ਰੌਲਾ ਪੈ ਗਿਆ ਕਿ ਭਰਾਵਾਂ ਦੇ ਖੂਹ ਉਤੇ ਗਈ ਸੁਖੀ ਨੂੰ ਬੰਦੇ ਚੁਕ ਕੇ ਲੈ ਗਏ ਤੇ ਉਸ ਦੇ ਵਡੇ ਭਰਾ ਕੇਹਰ ਸਿੰਘ ਨੂੰ ਜ਼ਖਮੀ ਕਰ ਗਏ। ਉਸ ਨੇ ਭੈਣ ਨੂੰ ਗੁੰਡਿਆਂ ਹੱਥੋਂ ਛਡਾਉਣ ਦਾ ਜਤਨ ਕੀਤਾ ਸੀ। ਉਸ ਦੇ ਹੱਥ ਉਸ ਵੇਲੇ ਸੋਟਾ ਕੋਈ ਨਹੀਂ ਸੀ। ਬੰਦੇ ਸੱਤ-ਅੱਠ ਸਨ, ਉਹਨਾਂ ਕੋਲ ਗੰਡਾਸੀਆਂ ਤੇ ਛਵੀਆਂ ਸਨ। ਇਕ ਗੁੰਡੇ ਨੇ ਉਸ ਦੇ ਸਿਰ ਵਿਚ ਗੰਡਾਸੀ ਮਾਰੀ ਸੀ। ਕੇਹਰ ਸਿੰਘ ਜ਼ਖਮੀ ਹੋਇਆ ਕੋਈ ਦੋ ਘੰਟੇ ਖੇਤ ਵਿਚ ਹੀ ਪਿਆ ਰਿਹਾ। ਉਸ ਦਾ ਛੋਟਾ ਭਰਾ ਗਿਆ ਤਾਂ ਉਸ ਦੇ ਜ਼ਖਮੀ ਹੋਣ ਦਾ ਪਤਾ ਲੱਗਾ। ਉਸ ਨੇ ਨ ਲ



Sri Satguru Jagjit Singh Ji Elibrary NamdhariElibrary@gmail.com

ਦੇ ਖੂਹ ਤੋਂ ਬੰਦੇ ਸਦੇ ਕੇਹਰ ਸਿੰਘ ਨੂੰ ਮੰਜੇ ਉਤੇ ਪਾ ਕੇ ਪਿੰਡ ਲਿਆਂਦਾ। ਸਿਰ ਵਿਚੋਂ ਖੂਨ ਬਹੁਤਾ ਵਗਣ ਕਰਕੇ ਉਹ ਬੇਸੁਰਤ ਹੋ ਗਿਆ ਸੀ। ਸਾਰੇ ਪਿੰਡ ਵਿਚ ਹਾਹਾ ਕਾਰ ਮਚ ਗਈ। 'ਸੁਖੀ ਨੂੰ ਬੰਦੇ ਚੁਕ ਕੇ ਲੈ ਗਏ। ਕੇਹਰ ਸਿੰਘ ਮਰਨ ਕਿਨਾਰੇ।' ਜਿਸ ਵੀ ਇਸਤ੍ਰੀ-ਪੁਰਖ ਨੇ ਇਹ ਗਲ ਸੁਣੀ, ਉਹੋ ਹੀ ਬਿਸ਼ਨੀ ਦੇ ਘਰ ਵਲ ਨੱਠ ਉਠਿਆ। ਬਿਸ਼ਨੀ ਤੇ ਘਰ ਦੇ ਹੋਰ ਸਾਰੇ ਜੀ ਘਬਰਾ ਕੇ ਰੋਈ ਜਾਣ ਲਗੇ। ਸੁਖੀ ਦਾ ਲੜਕਾ ਪਾਲ ਸਿੰਘ ਤੇ ਲੜਕੀ ਪਾਲੋਂ ਧਾਹੀਂ ਮਾਰੀ ਜਾਂਦੇ ਤੇ 'ਹਾਏ....ਮਾਂ ਕਿਧਰ ਗਈ ?' ਦਾ ਤਰਲਾ ਲਈ ਜਾਂਦੇ ਸਨ।

ਚਵਿੰਡਿਓਂ ਹਕੀਮ ਗੰਗਾ ਸਿੰਘ ਨੂੰ ਘੋੜੀ ਉਤੇ ਚੜ੍ਹਾਕੇ ਲਿਆਂਦਾ। ਉਹ ਹਕੀਮੀ ਕਰਨ ਦੇ ਨਾਲ ਜ਼ਰਾਹੀ ਦਾ ਕੰਮ ਵੀ ਕਰਦਾ ਸੀ। ਉਸ ਨੇ ਆਉਂਦਿਆਂ ਹੀ ਕੇਹਰ ਸਿੰਘ ਦੀ ਜਾਨ ਬਚਾਉਣ ਦਾ ਜਤਨ ਕੀਤਾ।

ਗੰਡਾਸੀ ਦਾ ਜਖਮ ਤਕੜਾ ਸੀ। ਧੂਸੀ ਦਾ ਕਪੜਾ ਸਾੜਕੇ ਉਸ ਦੀ ਸਵਾਹ ਜ਼ਖਮ ਵਿਚ ਭਰੀ। ਪੱਟੀ ਕੀਤੀ ਅਤੇ ਦੁੱਧ-ਘਿਉ ਨਾਲ ਦਵਾਈ ਦਿੱਤੀ। 'ਵਾਹਿਗੁਰੂ ਵਲ ਧਿਆਨ ਕਰੋ! ਉਹੋ ਹੀ ਜੀਵਨ ਬਖਸ਼ਣ ਵਾਲਾ ਹੈ।' ਗੰਗਾ ਸਿੰਘ ਨੇ ਸਾਰਿਆਂ ਨੂੰ ਧੀਰਜ ਦਿੱਤੀ।

ਦਿਨ ਬੀਤ ਗਿਆ। ਰਾਤ ਬੀਤੀ, ਸਾਰੀ ਰਾਤ ਘਰ ਦੇ ਕਲ ਬੈਠੇ ਰਹੇ। ਕੇਹਰ ਸਿੰਘ ਨੇ ਦਿਨ ਦੇ ਚੜ੍ਹਾ ਨਾਲ ਹੋਸ਼ ਕੀਤੀ। 'ਸੁਖੀ!' ਉਸ ਦੀ ਜ਼ਬਾਨੋਂ ਸ਼ਬਦ ਨਿਕਲਿਆ।

'ਦਸ , ਦਸ ਪੁਤਰ! ਸੁਖੀ ਕਿਥੇ ਹੈ ? ਕੌਣ ਲੈ ਗਿਆ... ਤੇਰੇ ਉਤੇ ਮਾਰੂ ਹਮਲਾ ਕਿਸ ਕੀਤਾ...' ਬਿਸ਼ਨੀ ਬੋਲੀ। ਉਸ ਨੂੰ ਘੇਰ ਪੈ ਰਹੀ ਸੀ। ਉਹ ਰੋ ਰੋ ਕੇ ਵਿਆਕੁਲ ਹੋਈ ਸੀ। ਕੇਹਰ ਸਿੰਘ ਦਾ ਜ਼ਖਮੀ ਹੋਣਾ ਤੇ ਸੁਖੀ ਦਾ ਚੁਕੇ ਜਾਣਾ।

'ਮਾਂ ਸੁਖੀ ਨੂੰ ਮਾਨਾ ਚੁਕ ਕੇ ਲੈ ਗਿਆ—ਮਾਨਾ



Sri Satguru Jagjit Singh Ji Elibrary NamdhariElibrary@gmail.com

ਕਿਰਲ ਗੜ੍ਹੀਆ।' ਸਾਰੀ ਸ਼ਕਤੀ ਨੂੰ ਇੱਕਠੀ ਕਰਕੇ ਕੇਹਰ ਸਿੰਘ ਨੇ ਦਸਿਆ.. ।

'ਮਾਨਾ ਲੈ ਗਿਆ! ਮਾਨਾ...। ਕੋਲ ਬੈਠਿਆਂ ਦੀ ਜ਼ਬਾਨੋਂ ਇਕ ਦਮ ਨਿਕਲਿਆ।

ਮਾਨਾ ਕਿਰਲ ਗੜ੍ਹੀਆ ਡਾਕੂ ਸੀ। ਉਸ ਦੇ ਨਾਲ ਦਸ-ਪੰਦਰਾਂ ਮਾਰ-ਖੋਰੇ ਡਾਕੂ ਸਨ। ਉਸ ਦੀ ਧੁਮ ਪਈ ਹੋਈ ਸੀ, ਪਰ ਇਸ ਗਲ ਦੀ ਹੈਰਾਨੀ ਸੀ ਕਿ ਉਸ ਨੇ ਸੁਖੀ ਨੂੰ ਕਿਉਂ ਚੁਕਿਆ? ਉਹ ਤਾਂ ਕਿਸੇ ਦੀ ਧੀ ਭੈਣ ਨੂੰ ਕੁਝ ਨਹੀਂ ਸੀ ਆਖਦਾ। ਉਹ ਧਨ ਵਾਲਿਆਂ ਦੇ ਡਾਕੇ ਮਾਰਦਾ। ਕਦੀ ਕਿਸੇ ਦੀ ਲੜਕੀ ਨੂੰ ਨਹੀਂ ਸੀ ਚੁੱਕਿਆ।

ਸਵੇਰ ਬਾਬਾ ਖੁਸ਼ਾਲ ਸਿੰਘ ਤੇ ਨਿਹਾਲ ਸਿੰਘ ਨੂੰ ਸਦਕੇ ਦਸਿਆ। ਜਦੋਂ ਉਸਨੇ ਸੁਣਿਆ ਮਾਨਾ ਕਿਰਲ ਗੜ੍ਹੀਆ ਆਇਆ ਸੀ ਤਾਂ ਬੋਲਿਆ, 'ਥਾਨੇ ਤਾਂ ਜਾਣਾ ਹੋਏਗਾ। ਪਰਚਾ ਦੇਣਾ ਹੈ, ਪਰ ਅਕਲ ਨਹੀਂ ਮੰਨਦੀ ਕਿ ਮਾਨਾ ਹੋਏਗਾ...ਜੇ ਉਹ ਸੀ ਤਾਂ ਜ਼ਰੂਰ ਕਿਸੇ ਨੇ ਲਾਲਚ ਦੇ ਕੇ ਇਹ ਪਾਪ ਕਰਾਇਆ।— ਪਤਾ ਲਗ ਜਾਏਗਾ.. !'

ਉਸ ਵੇਲੇ ਬਾਬਾ ਖੁਸ਼ਾਲ ਸਿੰਘ, ਨਿਹਾਲ ਸਿੰਘ, ਬਿਸ਼ਨੀ ਦਾ ਦਿਉਰ ਤਾਰਾ ਸਿੰਘ ਤੇ ਇਕ ਦੋ ਬੰਦੇ ਹੋਰ ਇੱਕਠੇ ਹੋਕੇ ਥਾਣੇ ਵਲ ਤੁਰੇ। ਚੌਂਕੀਦਾਰ ਕਰੀਮ ਬਖਸ਼ ਤੇਲੀ ਅਤੇ ਨੰਬਰ-ਦਾਰ ਝੰਡਾ ਸਿੰਘ ਉਨ੍ਹਾਂ ਨੂੰ ਨਾ ਮਿਲੇ। ਉਹ ਕਿਤੇ ਪਹਿਲੇ ਦਿਨ ਦੇ ਹੀ ਪਿੰਡੋਂ ਬਾਹਰ ਗਏ ਸਨ। ਇਕ ਸਜਨ ਨੇ ਦਸਿਆ, 'ਜਦੋਂ ਕੇਹਰ ਸਿੰਘ ਨੂੰ ਪਿੰਡ ਲਿਆਂਦਾ ਸੀ, ਮੰਜੀ ਉਤੇ ਪਾ ਕੇ ਤਦੋਂ ਝੰਡਾ ਸਿੰਘ ਤੇ ਸੂਰਜੂ (ਤੇਜ ਕੌਰ ਦਾ ਪਤੀ) ਬਾਹਰ ਨੂੰ ਗਏ ਸਨ। ਇਹ ਨਹੀਂ ਪਤਾ ਥਾਨੇ ਗਏ ਸਨ ਜਾਂ ਗੁਰੂ ਸਰ।'

'ਦੋਨੋਂ ਹੀ ਫਫੇਟਣੀਆਂ ਦੇ ਫੇੜ...ਸੂਰਜੂ ਸ਼ੈਤਾਨ ਦਾ ਚਰਖਾ ਹੈ...ਬੇ-ਅਣਖਾ — ਉਹ ਜ਼ਰੂਰ ਮਹੰਤ ਕੋਲ ਗਿਆ ਹਏਗਾ।'



Sri Satguru Jagjit Singh Ji Elibrary NamdhariElibrary@gmail.com

ਨਿਹਾਲ ਸਿੰਘ ਨੇ ਉਤਰ ਦਿੱਤਾ।

ਸਾਰੇ ਪਿੰਡੋਂ ਤੁਰੇ ਤੇ ਇਕ ਘੰਟੇ ਪਿਛੋਂ ਥਾਣੇ ਪੁੱਜ ਗਏ। ਉਸ ਵੇਲੇ ਥਾਨੇ ਦਾ ਮੁਖੀਆ ਮਿਸਟਰ ਟੀਟੋਨੀ, ਛੋਟਾ ਥਾਨੇਦਾਰ ਕਰਮ ਅਲੀ ਤੇ ਹਵਾਲਦਾਰ ਮੋਹਨ ਲਾਲ ਅਤੇ ਬਾਕੀ ਸਟਾਫ ਹਾਜ਼ਰ ਸੀ, ਪਰ ਕਿਤੇ ਜਾਣ ਲਈ ਤਿਆਰੀ ਹੋ ਰਹੀ ਸੀ।

ਬਾਬਾ ਖੁਸ਼ਾਲ ਸਿੰਘ ਮੋਹਰੀ ਹੋਇਆ। ਨਿਹਾਲ ਸਿੰਘ ਤੇ ਬਿਸ਼ਨੀ ਦਾ ਦਿਉਰ ਕ੍ਰਿਪਾ ਸਿੰਘ ਤਿੰਨੇ ਅੰਦਰ ਗਏ। ਬਾਕੀ ਦੇ ਬਾਹਰ ਖਲੋਤੇ ਰਹੇ, ਉਹ ਮੁਨਸ਼ੀ ਨੂੰ ਮਿਲੇ। ਹਵਾਲਦਾਰ ਮੋਹਨ ਲਾਲ ਕੋਲ ਸੀ, ਉਹ ਸਾਰੇ ਬੰਦਿਆਂ ਨੂੰ ਜਾਣਦਾ ਸੀ।

'ਆਉ ਕਿਵੇਂ ਆਏ ?' ਹਵਾਲਦਾਰ ਨੇ ਪੁਛਿਆ।

'ਕਲ ਦਿਨੇ, ਦਿਨ ਡਲੇ ਵੇਲੇ ਡਾਕਾ ਪਿਆ। ਕੇਹਰ ਸਿੰਘ ਜਖਮੀ ਹੋਇਆ ਤੇ ਪਿੰਡ ਦੀ ਧੀ ਸੁਖੀ ਨੂੰ ਡਾਕੂ ਚੁੱਕ ਕੇ ਲੈ ਗਏ।' ਬਾਬਾ ਖੁਸ਼ਾਲ ਸਿੰਘ ਨੇ ਆਖਿਆ।

'ਡਾਕਾ ਕਲ ਪਿਆ ਤੇ ਥਾਣੇ ਅਜ ਆਏ। ਹੁਣ ਡਾਕੂ ਬੈਠੇ ਰਹੇ !' ਮੁਨਸ਼ੀ ਦਾ ਮੱਥਾ ਗਰਮ ਹੋਇਆ।

ਖੈਰ ਮੁਨਸ਼ੀ ਨੇ ਫਾਰਸੀ ਵਿਚ ਤਿੰਨ-ਚਾਰ ਸਤਰਾਂ ਲਿਖੀਆਂ ਤੇ ਆਖਿਆ— ਬਾਹਰ ਬੈਠੋ ! ਸਾਹਿਬ ਬਹਾਦਰ ਨਾਲ ਮੁਲਾਕਾਤ ਕਰਾਉਂਦੇ ਹਾਂ। ਹਵਾਲਦਾਰ ਮੋਹਨ ਲਾਲ ਨੇ ਆਖਿਆ। ਤਿੰਨੇ ਥਦੇ ਦਫਤਰੋਂ ਬਾਹਰ ਆ ਗਏ।

ਬੈਠੇ ਰਹੇ ! ਆਉਂਦੇ ਜਾਂਦੇ ਪੁਲਸੀਆਂ ਵਲ ਦੇਖਦੇ ਰਹੇ। ਮਿਸਟਰ ਟੀਟੋਨੀ ਕਰਮ ਅਲੀ ਦੇ ਨਾਲ ਬਾਹਰ ਆਇਆ।

ਕਿਉਂ ਆਏ ਹੋ ?' ਕਰਮ ਅਲੀ ਨੇ ਪੁਛਿਆ।

ਬਾਬਾ ਖੁਸ਼ਾਲ ਸਿੰਘ ਨੇ ਪਿੰਡ ਦਸਿਆ ਪਹਿਲਾਂ ਤੇ ਮੁੜ ਡਾਕੇ ਦੀ ਹੋਈ ਵਾਰਦਾਤ ਦੀ ਗਲ ਖੋਲ੍ਹਕੇ ਦਸੀ। 'ਮਾਨਾ ਡਾਕੂ ਹੈ।

ਮਿਸਟਰ ਟੀਟੋਨੀ ਪੰਜਾਬੀ ਸਮਝ ਲੈਂਦਾ ਸੀ, ਪਰ ਬੋਲਦਾ



Sri Satguru Jagjit Singh Ji Elibrary NamdhariElibrary@gmail.com

ਉਹ ਟੁਟੀ ਫੁਟੀ ਹਿੰਦੋਸਤਾਨੀ ਅਤੇ ਕਈ ਸ਼ਬਦ ਪੰਜਾਬੀ ਦੇ ਵੀ ਵਰਤ ਜਾਂਦਾ ਸੀ। ਬਾਬਾ ਖੁਸ਼ਾਲ ਸਿੰਘ ਦਾ ਬਿਆਨ ਸੁਣਕੇ ਗੁਸੇ ਨਾਲ ਬੋਲਿਆ, '. ਮਾਨਾ ਡਾਕੂ ਥਾ ਤਉ ਟੁਮ ਲੋਕ ਕਿਉਂ ਨਾ ਪਕੜਾ...? ਝੂਠ ਐ ਟੁਮ ਕੀ ਔਰਟ ਯਾਰ ਕੇ ਸਾਥ ਭਾਗ ਗਿਆ ਦੌੜ ਜਾਉ !'

ਮਿਸਟਰ ਟੀਟੋਨੀ ਦੀ ਜ਼ਬਾਨੋਂ ਇਹ ਸੁਣਕੇ ਬਾਬਾ ਖੁਸ਼ਾਲ ਸਿੰਘ ਦੇ ਪੈਰਾਂ ਹੇਠੋਂ ਮਿਟੀ ਨਿਕਲ ਗਈ। ਉਸ ਨੇ ਹੱਥ ਜੋੜੇ ਤੇ ਤਰਲਾ ਕਰਨ ਦਾ ਜਤਨ ਕੀਤਾ—'ਪਹਿਲਾਂ ਧਰਮਸਾਲੀਏ ਨੂੰ ਬੰਦੇ ਚੁਕ ਕੇ ਲੈ ਗਏ, ਹੁਣ ਪਿੰਡ ਦੀ ਧੀ ਚੁਕੀ ਗਈ . ਕਲ ਨੂੰ ਅਸਾਡੇ ਘਰ ਲੁੱਟੇ ਜਾਣਗੇ ਤੁਸੀਂ ਥਾਨੇ ਵਾਲੇ ਅਸਾਂ ਦੀ ਰਾਖੀ ਕਰਨ ਲਈ ਹੈ ਜੇ ਤੁਸਾਂ ਹੀ ਦੁਰਕਾਰਿਆ ਤਾਂ ਅਸਾਂ ਲੋਕਾਂ ਦਾ ਕੌਣ ਰਖਵਾਲਾ।'

ਮਿਸਟਰ ਟੀਟੋਨੀ ਦੇ ਬੋਲਣ ਤੋਂ ਪਹਿਲਾਂ ਹੀ ਕਰਮ ਅਲੀ ਬਲ ਪਿਆ, 'ਪੁਲੀਸ ਭਲੇ ਮਾਨਸਾਂ ਦੀ ਰਾਖੀ ਕਰਨ ਲਈ ਹੈ-ਲੁਚਿਆਂ ਲਫੰਗਿਆਂ ਨੂੰ ਕੁਚਲਨ ਵਾਸਤੇ ਹੈ। ਅਸਾਂ ਨੂੰ ਰੀਪੋਰਟ ਮਿਲ ਗਈ। ਤੁਸੀਂ ਲੋਕ ਵਿਗੜ ਰਹੇ ਹੋ।...ਧਰਮਸਾਲੀਏ ਸਰਕਾਰ ਵਿਰੁਧ ਗਲਾਂ ਕਰਦਾ ਤੇ ਲੋਕਾਂ ਨੂੰ ਧਮਕੀਆਂ ਦਿੰਦਾ ਸੀ। ਉਸ ਨੂੰ ਉਹੋ ਲੋਕ ਲੈ ਗਏ ਜਿਨ੍ਹਾਂ ਨੂੰ ਅਖਾਂ ਦਿਖਉਂਦਾ ਸੀ।...ਸੁਖੀ ਭਾਵੇਂ ਪਿੰਡ ਦੀ ਧੀ ਸੀ ਪਰ ਉਹ ਚੰਗੀ ਔਰਤ ਨਹੀਂ। ਉਸ ਦੇ ਯਾਰਾਂ ਦੇ ਦੋਂਹ ਧੜਿਆਂ ਵਿਚ ਟਕਰ ਹੋ ਗਈ। ਇਕ ਧੜਾ ਚੁਕ ਕੇ ਲੈ ਗਿਆ...ਪੁਲੀਸ ਕੀ ਕਰ ਸਕਦੀ ਹੈ ਜੋ ਮਹੰਤ ਕੋਲ ਉਹ ਭਾਵੇਂ ਮੁੜਵਾ ਦਵੇ...ਸਾਹਿਬ ਬਹਾਦਰ ਤੁਸਾਂ ਲੋਕਾਂ ਤੇ ਬਹੁਤ ਗੁੱਸੇ ਹੋਨ...ਜਾਉ...ਬੇਇਜ਼ਤੀ ਕਰੇਗਾ। ਠੰਠੇ ਦੇ ਕਿਸੇ ਬੰਦੇ ਨੂੰ ਦੇਖਣਾ ਨਹੀਂ ਚਾਹੁੰਦਾ।...ਜਾਉ.. ਮੈਂ ਠੰਡਾ ਕੀਤਾ ਹੈ, ਉਸ ਦਾ ਹੁਕਮ ਤਾਂ ਤੁਸਾਂ ਨੂੰ ਬੰਦ ਕਰਨ ਦਾ ਹੈ।'

ਬਾਬਾ ਖੁਸ਼ਾਲ ਸਿੰਘ ਦਾ ਸੁਭਾ ਗੁਸੈਲਾ ਤੇ ਅਣਖੀਲਾ ਹੋਣ



Sri Satguru Jagjit Singh Ji Elibrary NamdhariElibrary@gmail.com

ਕਰਕੇ ਖਤਰਾ ਸੀ ਮਾਮਲਾ ਵਧ ਨਾ ਜਾਏ, ਨਿਹਾਲ ਸਿੰਘ ਨੇ ਉਸ ਦੀ ਬਾਂਹ ਫੜਕੇ ਪਿਛੇ ਖਿਚਿਆ ਤੇ ਆਖਿਆ, 'ਆਉ ਚਲੀਏ... ਜੋ ਖਿਆਲ ਕਰਦੇ ਸਾਂ ਸੋ ਠੀਕ ਹੀ ਹੈ।'

ਸਾਰੇ ਥਾਨੇ ਦੇ ਅਹਾਤੇ ਤੋਂ ਬਾਹਰ ਹੌਕੇ ਚੁੱਪ ਚਾਪ ਧੌਣਾ ਸੁੱਟੀ ਇਉਂ ਮੁੜੇ ਜਿਵੇਂ ਕਿਸੇ ਮੋਏ ਦਾ ਸਸਕਾਰ ਕਰਕੇ ਸ਼ਮਸਾਨ ਭੂਮੀ ਵਿਚੋਂ ਲੋਕ ਪਿਛੇ ਮੁੜਦੇ ਹਨ।

'ਇਨਸਾਫ ਗਿਆ.. ਇਹ ਰਾਜ ਗੁੰਡਿਆਂ ਦਾ ਹੈ।' ਬਾਬਾ ਖੁਸ਼ਾਲ ਸਿੰਘ ਨੇ ਲੰਮਾ ਸਾਹ ਲੈ ਕ ਆਖਿਆ।

'ਸੰਤ ਸੇਵਕ ਸਿੰਘ ਨੇ ਜੋ ਦਸਿਆ ਕਿ ਮਹਾਰਾਜ ਰਾਮ ਸਿੰਘ ਜੀ ਨੇ ਸਭ ਨੂੰ ਆਖਿਆ ਹੈ, ਫਰੰਗੀ ਦੀ ਨਾ ਨੌਕਰੀ ਕਰੋ, ਨਾ ਉਸ ਦੇ ਸਕੂਲਾਂ ਵਿਚ ਪੜ੍ਹੋ, ਥਾਨੇ ਕਚਹਿਰੀ ਨਾ ਜਾਉ .. ਚਿੱਠੀ ਵੀ ਡਾਕਖਾਨੇ ਰਾਹੀਂ ਨਾ ਭੇਜੋ। ਫਰੰਗੀ ਬੇਈਮਾਨ ਹੈ, ਇਹ ਹਰ ਭਾਰਤੀ ਨੂੰ ਗੁਲਾਮੀ ਦੀ ਪਾਹ ਚੜ੍ਹਏਗਾ। ਧਰਮ-ਕਰਮ ਅਣਖ ਤੇ ਸੁਤਤਰਤਾ ਦਾ ਖਾਤਮਾ ਕਰੇਗਾ।'

'ਮੈਂ ਤਾਂ ਜੋ ਕੁਝ ਸੁਣਿਆ ਹੈ. ਕੁੜੀ ਹੁਕਮੀ ਵੀ ਦਸਦੀ ਸੀ।' ਬਾਬਾ ਖੁਸ਼ਾਲ ਸਿੰਘ ਬੋਲਿਆ, 'ਮਹਾਰਾਜ ਰਾਮ ਸਿੰਘ ਜੀ ਤਾਂ ਸਚ ਹੀ ਸੌ ਸਾਖੀ ਅਨੁਸਾਰ ਕਲਗੀ ਅਵਤਾਰ ਹਨ। ਸਚੇ ਸਤਿਗੁਰੂ ਜੀ, ਜਿਹੜੇ ਫਰੰਗੀ ਨਾਲ ਜੁਧ ਕਰਨ ਦੀ ਤਿਆਰੀ ਕਰ ਰਹੇ ਹਨ, ਉਸੇ ਤਰ੍ਹਾਂ ਜਿਵੇਂ ਮੁਗਲ ਰਾਜ ਦਾ ਅੰਤ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਸਜਾਏ। ਗਿਦੜਾਂ ਤੋਂ ਸ਼ੇਰ ਬਣਾਏ, ਔਰੰਗੇ ਦੀ ਬਾਦਸ਼ਾਹੀ ਦੀ ਕੋਈ ਪਰਵਾਹ ਨਾ ਕੀਤੀ।... ਉਹੋ ਸਮਾਂ ਹੁਣ ਆ ਗਿਆ.. ਰਾਜ ਜਾਣ ਦੇ ਨਾਲ ਹੀ ਅਸੀਂ ਸ਼ੇਰ ਤੋਂ ਗਿਦੜ ਬਣ ਗਏ। ਖਲ ਸ਼ੇਰ ਦੀ ਪਾਈ ਫਿਰਦੇ ਹਾਂ ਅਸਲਾ ਖੋਤੇ ਦਾ ਹੋ ਗਿਆ ਹੈ......ਗੁਲਾਮੀ ਦਾ ਭਾਰ ਚੁਕਣ ਵਾਸਤੇ ਫਰੰਗੀ ਮਦਾਰੀ ਹੈ ਉਹ ਨਵੇਂ ਨਵੇਂ ਤਮਾਸ਼ੇ ਕਰਕੇ ਲੋਕਾਂ ਨੂੰ ਭਰਮਾਈ ਜਾਂਦਾ ਹੈ।'



Sri Satguru Jagjit Singh Ji Elibrary NamdhariElibrary@gmail.com

'ਤਾਇਆ !' ਤਾਰਾ ਸਿੰਘ ਨੇ ਬਾਬੇ ਖੁਸ਼ਾਲ ਸਿੰਘ ਨੂੰ ਸੰਬੋਧਨ ਕੀਤਾ, 'ਮੈਨੂੰ ਇਕ ਜਟ ਤੇ ਪੰਜ ਬੰਦਿਆਂ ਦੀ ਬਾਤ ਯਾਦ ਆਈ ਹੈ।'

ਬਾਬਾ ਖੁਸ਼ਾਲ ਸਿੰਘ ਨੇ ਉਹਦੇ ਵਲ ਦੇਖਿਆ ਤੇ ਕਿਹਾ, 'ਸੁਣਾ ਲੈ।'

ਉਹ ਸਾਰੇ ਹੌਲੀ ਹੌਲੀ ਪਿੰਡ ਵਲ ਜਾਣ ਦੀ ਥਾਂ ਗੁਰੂ ਸਰ ਵਲ ਜਾ ਰਹੇ ਸਨ ਕਿ ਮਹੰਤ ਨਾਲ ਗਲ ਕਰਨ। ਪੈਂਡਾ ਵਾਹਵਾ ਤਿੰਨ-ਚਾਰ ਕੋਹ ਸੀ। ਕੌਮ ਦੀ ਵਿਗੜ ਰਹੀ ਦਸ਼ਾ ਦੀ ਚਰਚਾ ਸੀ।

ਤਾਰਾ ਸਿੰਘ ਨੇ ਆਖਿਆ, 'ਇਕ ਜਟ ਦਾ ਖ਼ੁਰਬੂਜ਼ਿਆਂ ਦਾ ਖੇਤ ਸੀ। ਰਾਹ ਉਤੇ ਪੱਕੇ ਖ਼ੁਰਬੂਜ਼ੇ ਰਾਹ ਜਾਂਦਿਆਂ ਨੂੰ ਭਰਮਾਉਣ ਵਾਲੇ ਸਨ। ਜਟ ਖੇਤ ਕੋਲ ਨਹੀਂ ਸੀ, ਪੰਜ ਰਾਹੀ ਆਏ। ਪੰਜੇ ਵਖਰੀ ਵਖਰੀ ਜਾਤ ਦੇ ਸਨ—ਬ੍ਰਹਮਣ, ਨਾਈ, ਮਹਿਰਾ, ਮੋਚੀ ਅਤੇ ਸਾਂਸੀ ਸੀ। ਉਹਨਾਂ ਨੇ ਜਦੋਂ ਦੇਖਿਆ ਕਿ ਖਰਬੂਜ਼ਿਆਂ ਦੇ ਵਾੜੇ ਵਿਚ ਖੇਤ ਦਾ ਮਾਲਕ ਨਹੀਂ ਤਾਂ ਖਰਬੂਜ਼ੇ ਤੋੜਕੇ ਝੋਲੀਆਂ ਭਰ ਲਈਆਂ। ਵਲਾਂ ਖਾਲੀ ਕਰ ਦਿੱਤੀਆਂ, ਉਹ ਤਰਨ ਹੀ ਲਗੇ ਸਨ ਕਿ ਜਟ ਆ ਗਿਆ। ਉਸ ਨੇ ਖੁਰਬੂਜ਼ੇ ਟੁਟੇ ਦੇਖੇ ਤਾਂ ਗੁੱਸੇ ਨਾਲ ਲਾਲ ਪੀਲਾ ਹੋ ਗਿਆ, ਪਰ ਪੰਜਾਂ ਨਾਲੋਂ ਮਾੜਾ ਸੀ ਤੇ ਇਕੱਲੇ ਇਕੱਲੇ ਨਾਲੋਂ ਤਕੜਾ। ਉਸ ਨੇ ਨੀਤੀ ਤੋਂ ਕੰਮ ਲਿਆ। ਪਹਿਲਾਂ ਸਾਂਸੀ ਨੂੰ ਆਖਿਆ, ਓ ਸਾਂਸੀਆ, ਬ੍ਰਹਮਣ ਤਾਂ ਕੁਲ ਪੰਡਤ ਹੈ, ਇਸ ਨੇ ਖੁਰਬੂਜ਼ੇ ਤੋੜ ਲਏ ਤਾਂ ਕੀ, ਨਾਈ ਵੀ ਬੁੱਤੀਆਂ ਕਰਦਾ, ਮਹਿਰਾ ਪਾਣੀ ਭਰਦਾ ਤੇ ਮੋਚੀ ਜੁਤੀਆਂ ਸਿਊਂਦਾ ਹੈ...ਤੂੰ ਸਾਲਾ ਲਗਦਾ ਸੀ ਖਰਬੂਜ਼ੇ ਤੋੜੇ—'ਇਹ ਆਖਕੇ ਉਸਨੂੰ ਪਰਾਣੀ ਨਾਲ ਕੁਟਿਆ। ਉਹ ਖਰਬੂਜ਼ੇ ਸੁਟ ਕੇ ਤਰਲਾ ਮਾਰਕੇ ਨਠ ਗਿਆ।

ਸਾਂਸੀ ਨੂੰ ਮਾਰ ਪਈ ਤਾਂ ਬਾਕੀ ਚਾਰ ਚੁੱਪ ਖਲੋਤੇ ਹੱਸਦੇ



Sri Satguru Jagjit Singh Ji Elibrary NamdhariElibrary@gmail.com

ਰਹੇ। ਉਹਨਾਂ ਨੇ ਸਾਂਸੀ ਦੀ ਮਦਦ ਨਾ ਕੀਤੀ। ਸਾਂਸੀ ਪਿਛੋਂ ਜਟ ਨੇ ਪਹਿਲਾਂ ਤਿੰਨਾਂ ਦੀ ਵਡਿਆਈ ਕੀਤੀ ਤੇ ਮੋਚੀ ਨੂੰ ਫੜ ਲਿਆ, ਉਸ ਨੂੰ ਕੁਟ ਲਿਆ ਤੇ ਹੋਲੀ ਹੋਲੀ ਚਲਾਕੀ ਨਾਲ ਮਹਿਰੇ ਤੇ ਨਾਈ ਨੂੰ ਵੀ ਕੁਟ ਕੇ ਖਰਬੂਜੇ ਖੋਹ ਲੈ ਤੇ ਅੰਤ ਬ੍ਰਾਹਮਣ ਨਾਲ ਵੀ ਲਿਹਾਜ ਨਾਂ ਕੀਤਾ। ਖਰਬੂਜੇ ਖੋਹੇ ਤੇ ਪੰਜਾਂ ਨੂੰ ਕੁਟ ਵੀ ਲਿਆ—'ਠੀਕ ਇਸੇ ਤਰ੍ਹਾਂ ਤਾਇਆ ਫਰੰਗੀ ਅਸਾਂ ਲੋਕਾਂ ਨੂੰ ਪਾੜਕੇ ਰਾਜ ਵੀ ਕਰ ਰਿਹਾ ਹੈ, ਅਸਾਂ ਦੀ ਕਮਾਈ ਲੁੱਟਕੇ ਆਪ ਮੌਜ ਕਰ ਰਿਹਾ ਤੇ ਕਮਾਈ ਵਲੈਤ ਭੇਜ ਰਿਹਾ ਹੈ—ਅਸਾਂ ਨੂੰ ਮਾਰ ਕੁਟ ਰਿਹਾ ਹੈ। ਬੇਲਾ ਸਿੰਘ ਜਗੀਰਦਾਰ ਤੇ ਮਹੰਤ ਵਰਗਿਆਂ ਨੂੰ ਵਡੇ ਬਣਾ ਰਿਹਾ ਹੈ ਬ੍ਰਾਹਮਣ ਵਾਂਗ ਮਾਰ ਕੁੱਟ ਇਹਨਾਂ ਨੂੰ ਵੀ ਕਰੇਗਾ।'

ਬਿਲਕੁਲ ਠੀਕ ਤਾਰਾ ਸਿੰਘਾ! ਫਰੰਗੀ ਨੇ ਉਸ ਜਟ ਵਾਂਗ ਅਸਾਂ ਨੂੰ ਪਾੜਕੇ ਹੀ ਰਾਜ ਲਿਆ ਤੇ ਅਸਾਂ ਨੂੰ ਪਾੜਕੇ ਹੀ ਰਾਜ ਕਰ ਰਿਹਾ ਹੈ . ਦੇਖੋ ਸਾਰੇ ਜ਼ਿਲੇ ਵਿਚ ੨੦ ਫਰੰਗੀ ਹਾਕਮ ਹੋਣਗੇ—ਅਸੀਂ ਲੋਕ ਕਈ ਲੱਖ...।' ਨਿਹਾਲ ਸਿੰਘ ਬੋਲਿਆ।

'ਏਸੇ ਕਰਕੇ ਤਾਂ ਮਹਾਰਾਜ ਜੀ ਪ੍ਰਚਾਰ ਕਰ ਰਹੇ ਹਨ ਕਿ ਇਕ ਹੋ ਜਾਉ। ਜਾਤ ਗੋਤ ਸਭ ਛਡੋ! ਕਿਸੇ ਨੂੰ ਉਚਾ-ਨੀਵਾਂ ਨਾ ਆਖੋ। ਜੋ ਏਕੇ ਵਿਚ ਰਬੀ ਸ਼ਕਤੀ ਹੈ। ਬਾਬਾ ਖੁਸ਼ਾਲ ਸਿੰਘ ਬੋਲਿਆ। ਜੇ ਆਪਣੇ ਪਿੰਡ ਵਿਚ ਤਿੰਨ-ਚਾਰ ਕਾਲੀਆਂ ਭੇਡਾਂ ਨਾ ਹੋਣ ਤਾਂ ਐਸੀਆਂ ਦੁਰਘਟਨਾਵਾਂ ਵਾਪਰ ਸਕਦੀਆਂ ਸਨ? ਹੁਣ ਵੀ ਪਿੰਡ ਦੇ ਪੱਗ-ਬੰਨ੍ਹ ਇਕਠੇ ਕਰਕੇ ਗਲ ਕਰਨੀ ਹੋਏਗੀ। ਮਹੰਤ ਨਾਲ ਗਲ ਕਰਨੀ ਪਵੇਗੀ...।

'ਸੰਤ ਸੇਵਕ ਸਿੰਘ ਜੋ ਆਖਿਆ ਕਰਦੇ ਸਨ' ਮਹਾਰਾਜ ਜੀ ਨੇ ਹੁਕਮ ਕੀਤਾ ਹੈ ਗਊ, ਗਰੀਬ ਤੇ ਅਬਲਾ (ਨਾਰੀ) ਨੂੰ ਬਚਾਉਣ ਵਾਸਤੇ ਲਹੂ ਦਾਨ ਕਰਨਾ ਪਵੇ ਤਾਂ ਕਰੋ। ਫਰੰਗੀ ਦੇਸ਼ ਵਿਚ ਬੁਚੜ ਪੈਦਾ ਕਰ ਰਿਹਾ ਹੈ। ਤਾਰਾ ਸਿੰਘ ਬੋਲਿਆ।



Sri Satguru Jagjit Singh Ji Elibrary NamdhariElibrary@gmail.com

'ਮਹੰਤ ਤੇ ਬੇਲਾ ਸਿੰਘ ਫਰੰਗੀ ਦੇ ਯ ਰ ਵਡੇ ਬੁਚੜ ਹਨ। ਜਿਹੜਾ ਦੇਸ਼ ਕੌਮ ਤੇ ਧਰਮ ਨਾਲ ਗਦਾਰੀ ਕਰਦਾ ਹੈ, ਉਹ ਵਡਾ ਬੁਚੜ ਹੈ।'

'ਮੈਂ ਤਾਂ ਮਨ ਬਣਾ ਲਿਆ ਹੈ. ਇਨ੍ਹਾਂ ਨੂੰ ਸੋਧਨ ਦਾ... ਬਾਹਰੇ ਵਿਚ ਇਨ੍ਹਾਂ ਦੋਹਾਂ ਦੇ ਜੀਉਂਦੇ ਜੀ ਅਸੀਂ ਸੁਖੀ ਨਹੀਂ ਵਸ ਸਕਦੇ। ਰੂੜ ਸਿੰਘ ਨੂੰ ਤੰਗ ਕਰ ਰਿਹਾ ਹੈ ਬੇਲਾ ਸਿੰਘ ਨੌਣੀ ਦਾ ਸਾਕ ਦੇਵੇ ਹਨੇਰ ਨਹੀਂ!' ਤਾਰਾ ਸਿੰਘ ਨੇ ਮਨ ਆਈ ਗਲ ਕੀਤੀ।

'ਧੀਰਜ ਕਰ ਤਾਰਾ ਸਿੰਘਾ ਤੇਲ ਦੇਖ ਤੇ ਤੇਲ ਦੀ ਧਾਰ ਦੇਖ!' ਬਾਬਾ ਖੁਸ਼ਾਲ ਸਿੰਘ ਨੇ ਆਖਿਆ—ਉਹ ਗੁਰੂ ਸਰ ਵਲ ਤੁਰੇ ਗਏ।



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ. ..........
ਅਲਮਾਰੀ ..........
ਸ੍ਰੀ ਭੈਣੀ ਸਾਹਿਬ

# ਬਾਰਾਂ

ਭਗਵਾਨ ਰਾਮ ਜੀ ਜਿਵੇਂ ਵਿਚਰਦੇ ਹੋਏ ਸਿਲ-ਪੱਥਰ ਹੋਈ ਅਹਿਲਿਆ ਦੇ ਕੋਲ ਪਹੁੰਚੇ, ਆਪਣੀ ਚਰਨ-ਛੋਹ ਨਾਲ ਉਸ ਨੂੰ ਸੁਰਜੀਤ ਕਰਕੇ ਪੁੰਨਰ-ਜਨਮ ਦਿੱਤਾ। ਉਸ ਦੇ ਪਾਪ ਨਾਸ਼ ਕੀਤੇ ਤੇ ਸਵਰਗਪੁਰੀ ਵਲ ਭੇਜਿਆ। ਉਹ ਨਾਰੀ ਸੀ ਤੇ ਨਾਰੀ ਦਾ ਉਧਾਰ ਕਰਨਾ, ਉਸ ਨੂੰ ਅਮਰ ਤੇ ਸ਼ਕਤੀਸ਼ਾਲੀ ਰਖਣਾ ਪ੍ਰਮਾਤਮਾ ਦਾ ਪ੍ਰਮੋਧਰਮ ਹੈ। ਦੂਸਰਾ ਭਗਵਾਨ ਰਾਮ ਜੀ ਪੰਪਾਸਰ ਗਏ। ਪੰਪਾਸਰ ਸਰੋਵਰ ਦੇ ਕਿਨਾਰੇ ਰਿਸ਼ੀ ਤੇ ਤਪਸਵੀ ਐਸੇ ਰਹਿੰਦੇ ਸਨ, ਜਿਨ੍ਹਾਂ ਦੇ ਮਨ ਵਿਚ ਦਵੈਤ ਸੀ। ਉਹ ਮਾਨਵਤਾ ਨੂੰ ਊਚ-ਨੀਚ ਦੇ ਦੋਂਹ ਭਾਗਾਂ ਵਿਚ ਵੰਡਦੇ ਸਨ। ਭੀਲਾਂ ਨੂੰ ਅਛੂਤ ਕਰਾਰ ਦੇ ਕੇ ਉਹਨਾਂ ਨੂੰ ਪਾਣੀ ਨਹੀਂ ਸਨ ਪੀਣ ਦਿੰਦੇ, ਇਸ਼ਨਾਨ ਨਹੀਂ ਸਨ ਕਰਨ ਦਿੰਦੇ। ਪ੍ਰਮਾਤਮਾ ਨੂੰ ਇਹ ਵਿਤਕਰਾ ਨਾ ਭਾਇਆ, ਉਹਨਾਂ ਨੇ ਸਰੋਵਰ ਵਿਚ ਕਿਰਮ ਚਲਾ ਦਿੱਤੇ। ਤਪਸਵੀ ਦੇਖ ਨਾ ਸਕੇ, ਕਿਉਂਕਿ ਉਹਨਾਂ ਦੀ ਆਤਮਾਂ ਦੀ ਨਿਗਾਹ ਵਿਚ ਮੈਲ ਸੀ। ਭਗਵਾਨ ਰਾਮ ਜੀ ਉਸ ਬਨ ਵਿਚ ਗਏ। ਸਾਰਾ ਕੌਤਕ ਤਕਿਆ ਤਾਂ ਮੁਸਕਰਾਏ। ਉਹਨਾਂ



Sri Satguru Jagjit Singh Ji Elibrary NamdhariElibrary@gmail.com

ਨੇ ਭੀਲਣੀ ਦੇ ਜੂਠੇ ਬੇਰ ਖਾਣ ਦੀ ਲੀਲ੍ਹਾ ਕੀਤੀ ਤੇ ਭੀਲਣੀ ਨੂੰ ਪੰਪਾਸਰ ਵਿਚੋਂ ਪਾਣੀ ਪੀਣ ਦੀ ਆਗਿਆ ਦਿੱਤੀ ਤਾਂ ਸਰੋਵਰ ਦਾ ਜਲ ਨਿਰਮਲ ਹੋ ਗਿਆ।...ਰਿਸ਼ੀਆਂ ਦੀ ਗਿਆਨ ਦੀ ਅੱਖ ਖੁੱਲ੍ਹੀ ਤੇ ਬਚਨ ਕੀਤਾ, '੮੪ ਲੱਖ ਜੀਵਾਂ ਦਾ ਕਰਤਾ ਪ੍ਰਮਾਤਮਾ ਹੈ। ਕੋਈ ਉਚਾ ਨਹੀਂ ਤੇ ਕੋਈ ਨੀਚ ਨਹੀਂ। ਕਰਮ (ਕੰਮ ਧੰਧੇ) ਵਲ ਨਾ ਦੇਖੋ। ਉਹ ਹੱਡ-ਮਾਸ-ਲਹੂ ਤੇ ਆਤਮਾ ਕਰਕੇ ਤੁਸਾਂ ਵਰਗਾ ਹੈ। ਭੀਲਣੀ ਵਡੀ ਈਸ਼ਵਰ ਭਗਤ ਹੈ, ਕਿਉਂਕਿ ਨਿਰਵੈਰ, ਨਿਰਮਲ ਤੇ ਦਇਆਵਾਨ ਮਾਂ-ਆਤਮਾ ਹੈ।'

ਤਿਵੇਂ ਹੀ ਮਹਾਰਾਜ ਰਾਮ ਸਿੰਘ ਜੀ ਨੇ ਜਦੋਂ ਧਿਆਨ ਧਰਕੇ ਦੇਖਿਆ ਤਾਂ ਨਾਰੀ ਨੂੰ ਲਾਲਚੀ ਤੇ ਵਾਸ਼ਨਾਵਾਦੀ ਇੰਦਰਾਂ ਨੂੰ ਜੀਉਂਦੀ ਸਿਲ-ਪੱਥਰ ਕੀਤਾ ਤੇ ਅਛੂਤਾਂ ਵਿਚ ਸ਼ਾਮਲ ਕਰਕੇ ਉਸ ਨਾਲੋਂ ਖਾਣ-ਪੀਣ ਦੀ ਸਾਂਝ ਖਤਮ ਕਰ ਦਿੱਤੀ ਸੀ। ਖੰਡੇ ਦਾ ਅੰਮ੍ਰਿਤ ਦੀ ਦਾਤ ਨਹੀਂ ਸੀ ਬਖਸ਼ੀ ਜਾਂਦੀ। ਸਾਰੀ ਪ੍ਰੋਹਤ ਜਮਾਤ ਪੰਪਾਸਰ ਦੇ ਰਿਸ਼ੀਆਂ ਵਾਂਗ ਮੰਦਰਾਂ, ਗੁਰਦੁਆਰਿਆਂ, ਅਖਾੜਿਆਂ ਤੇ ਮੱਠਾਂ ਉਤੇ ਕਬਜ਼ੇ ਕਰਕੇ ਕਰੋੜਾਂ ਇਨਸਾਨਾਂ ਨੂੰ ਜਾਤ ਪਾਤ, ਕਰਮ-ਜਮਾਤ ਆਦਿਕ ਦੁਨਿਆਵੀ ਵੰਡਾਂ ਦੇ ਕਾਰਣ ਇਨਸਾਨ ਹੀ ਸਮਝਣੋ ਹੱਟ ਗਏ ਸਨ। ਸਰੋਵਰਾਂ ਤੇ ਤੀਰਥਾਂ ਉਤੇ ਕਬਜ਼ਾ ਸੀ, ਇਸ ਲਈ ਪਵਿਤਰ ਮਰਯਾਦਾ ਦੇ ਜਲ ਵਿਚ ਕਿਰਮ ਚਲ ਗਏ ਸਨ। ਮਹਾਰਾਜ ਜੀ ਨੇ ਖੰਡਾ ਤੇ ਬਾਟਾ ਅਕਾਲ ਪੁਰਖ ਦੇ ਹੁਕਮ ਨਾਲ ਚੁੱਕਿਆ ਬ੍ਰਹਮ ਸ਼ਕਤੀ ਨਾਲ ਜੀਆ ਦਾਨ ਬਖਸ਼ਕੇ ਸਚੀ ਭਗੌਤੀ ਵਲ ਲਾਉਣਾ ਸ਼ੁਰੂ ਕੀਤਾ। ਪੰਜਾਂ ਪਿਆਰਿਆਂ ਨੂੰ ਨਾਲ ਲੈ ਕੇ ਨਗਰ ਨਗਰ ਵਿਚ ਪਹੁੰਚਣਾ ਸ਼ੁਰੂ ਕੀਤਾ। ਤਕਰੀਬਨ ਪੰਜਾਂ ਸਾਲਾਂ ਦੇ ਥੋੜੇ ਜਹੇ ਸਮੇਂ ਵਿਚ ਸੈਂਕੜੇ ਇਸਤ੍ਰੀ-ਪੁਰਖਾਂ ਨੇ ਪੁੰਨਰ ਜਨਮ ਪ੍ਰਾਪਤ ਕੀਤਾ। ਬਖਸੇ ਗਏ, ਜਿਹੜੇ ਬਖਸ਼ੇ ਗਏ, ਉਹਨਾਂ ਨੇ ਅਗੋ ਨਿਰਭੈਤਾ, ਨਿਰਮਲਤਾ ਤੇ ਸਚ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਜਥੇਦਾਰ ਤੇ ਸੂਬੇ



Sri Satguru Jagjit Singh Ji Elibrary NamdhariElibrary@gmail.com

ਬਣ ਗਏ, ਨਵੇਂ ਲਿਬਾਸ ਤੇ ਨਵੇਂ ਵਿਚਾਰਾਂ ਵਾਲਾ 'ਸੰਤ ਖਾਲਸਾ' ਦਲ ਕਾਇਮ ਹੋ ਗਿਆ।

'ਚੀਨੀ ਵਾਲਾ ਪਾਤਸ਼ਾਹ, ਸਤਿਗੁਰੂ ਰਾਮ ਸਿੰਘ ਜੀ, ਭਗਵਾਨ ਰਾਮ ਸਿੰਘ ਜੀ 'ਮਹਾਰਾਜ ਜੀ' ਆਪੋ ਆਪਣੀ ਸੂਝ ਬੂਝ ਤੇ ਗਿਆਨ ਬੁਧੀ ਅਨੁਸਾਰ ਵਸ਼ੇਸ਼ਣਾਂ ਨਾਲ ਬਹਿੰਦਿਆਂ ਉਠਦਿਆਂ ਬਖਸ਼ੇ ਗਏ ਇਸਤ੍ਰੀ-ਪੁਰਖ ਯਾਦ ਕਰਨ ਲਗ ਪਏ। ਬਖਸ਼ਿਆਂ ਦੀ ਨਿਸ਼ਾਨੀ ਇਹ ਬਣ ਗਈ—ਸਿਰ ਤੇ ਸਿਧੀ ਦਸਤਾਰ, ਗਲ ਉੱਨ ਦੀ ਮਾਲਾ, ਚਿਟੇ ਬਸਤਰ, ਹੱਥ ਵਿਚ ਸਫਾ ਜੰਗ ਆਦਿਕ ਅੰਮ੍ਰਿਤ ਵੇਲੇ ਤਿੰਨ ਵਜ ਜਾਗਣਾ, ਇਸ਼ਨਾਨ ਕਰਕੇ ਭਜਨ-ਬੰਦਗੀ ਕਰਨਾ ਤੇ ਦਿਨ ਚੜ੍ਹੇ ਧਰਮ ਕਿਰਤ ਕਰਨੀ। ਧਰਮ ਕਿਰਤ ਕਰਦਿਆਂ ਇਕ ਨਾਮ ਸਿਮਰਨ ਕਰਨਾ ਦੂਸਰਾ ਸਤਿਗੁਰੂ ਰਾਮ ਸਿੰਘ ਜੀ ਵਲੋਂ ਮਿਲੇ ਹੁਕਮਾਂ ਦਾ ਧਿਆਨ ਰਖਕੇ ਉਹਨਾਂ ਦੀ ਪਾਲਣਾ ਕਰਨਾ।

ਮਹਾਹਾਜ ਜੀ ਨਵ-ਜੀਵਨ ਦਾਤ ਬਖਸ਼ਦੇ ਹੋਏ ਨਗਰ ਮੁੱਠੜ੍ਹੇ ਵਿਚ ਸਨ ਕਿ ਪੈਗਾਮ ਮਿਲਿਆ, '੬ ਦਸੰਬਰ ੧੮੬੨ ਈ: ਸ਼ਨਿਚਰਵਾਰ ਨੂੰ ਸਤਿਗੁਰੂ ਬਾਲਕ ਸਿੰਘ ਜੀ ਪ੍ਰਲੋਕ ਗਮਨ ਕਰ ਗਏ।' ਇਹ ਸੰਦੇਸ਼ ਸੁਣਦੇ ਸਾਰ ਮਹਾਰਾਜ ਜੀ ਨੇ ਨੇਤਰ ਮੂੰਦ ਲੈ ਤੇ ਸੁਰਤ ਇਕਾਗਰ ਕਰਕੇ ਧਿਆਨ ਕੀਤਾ।

'ਹੁਣ ਆਪਣੇ ਪਿੰਡ ਭੈਣੀ ਅਪੜਨਾ ਚਾਹੀਏ।' ਮਹਾਰਾਜ ਜੀ ਨੇ ਆਪਣੇ ਸਾਥੀਆਂ ਨਾਲ ਬਚਨ ਕੀਤਾ।

ਹੁਕਮ ਦੀ ਢਿਲ ਸੀ। ਉਸੇ ਵੇਲੇ ਮੁਠੜੇ ਤੋਂ ਕੂਚ ਕੀਤਾ ਗਿਆ, ਭੈਣੀ ਪੁੱਜ ਤਾਂ ਮਹਾਰਾਜ ਜੀ ਨੇ ਸਤਿਗੁਰੂ ਬਾਲਕ ਸਿੰਘ ਜੀ ਦੇ ਭਰਾ ਮਨਾ ਸਿੰਘ ਨੂੰ ਇਕ ਪਤ੍ਰਕਾ ਲਿਖੀ ਤੇ ਆਪਣੇ ਹਲਕਾਰੇ ਦੇ ਹਥ ਹਜ਼ਰੋ ਵਲ ਭੇਜੀ।

ਸਤਿਗੁਰੂ ਬਾਲਕ ਸਿੰਘ ਜੀ ਦੇ ਵਿਛੋੜੇ ਦਾ ਮਨ ਵਿਚ ਵੈਰਾਗ ਵੀ ਸੀ ਤੇ ਭਾਣਾ ਮਨ ਦਾ ਬਲ ਵੀ। ਹਜ਼ੂਰੀ ਸੰਤਾਂ ਨੂੰ



Sri Satguru Jagjit Singh Ji Elibrary NamdhariElibrary@gmail.com

ਹੁਕਮ ਦਿੱਤਾ, 'ਹਜ਼ੂਰੋਂ ਚਲਣਾ ਹੈ। ਸਤਿਗੁਰੂ ਜੀ ਦਾ ਅਸਥਾਨ ਹੁਣ ਅਸਾਂ ਲਈ ਤੀਰਥ ਹੈ। ਯਾਤਰਾ ਕਰਨੀ ਹੈ।'

ਉਸੇ ਵੇਲੇ ਤਿਆਰੀ ਹੋ ਗਈ। ਬਰਤਨਾ ਤੇ ਤੰਬੂ ਦਰੀਆਂ ਸਫਾਂ ਦੇ ਸਾਮਾਨ ਨੂੰ ਨਾਲ ਲਿਜਾਣ ਲਈ ਗੱਡੇ ਤਿਆਰ ਕੀਤੇ। ਮਹਾਰਾਜ ਜੀ ਚੀਨੀ ਘੋੜੀ ਉਤੇ ਸਵਾਰ ਹੋਏ। ਪੰਜ ਪਿਆਰੇ ਤੇ ਸੰਤ ਸਾਹਿਬ ਸਿੰਘ ਜੀ ਹਜ਼ੂਰੀ ਸੇਵਕ ਤੇ ਮੁਖੀ ਸਲਾਹਕਾਰ ਆਦਿਕ ਘੋੜਿਆਂ ਪਰ ਸਵਾਰ ਹੋਏ। ਭੈਣੀ ਸਾਹਿਬ ਤੋਂ ਤੁਰਨ ਸਮੇਂ ੫੦ ਸਿੰਘ ਨਾਲ ਤੁਰੇ। ਮੰਜ਼ਲੋ-ਮੰਜ਼ਲੀ ਜਾਣਾ ਸੀ ਤੇ ਰਾਹ ਵਿਚ ਧਰਮ ਪ੍ਰਚਾਰ ਕਰਨਾ ਤੇ ਖੰਡੇ ਦਾ ਅੰਮ੍ਰਿਤ ਛਕਾਉਣਾ ਸੀ।

ਦਰਿਆ ਸਤਲੁਜ ਨੂੰ ਪਾਰ ਕੀਤਾ। ਦਰਿਆ ਬਿਆਸ ਦੇ ਕਿਨਾਰੇ ਢਿਲਵਾਂ ਪਹੁੰਚ ਗਏ, ਉਸ ਘਾਟ ਤੋਂ ਬਿਆਸ ਪਾਰ ਕਰਨਾ ਸੀ। ਇਕ ਦਿਨ ਢਿਲਵੀਂ ਦੀਵਾਨ ਕੀਤਾ, ਡਰਿਆਂ ਨੂੰ ਦਲੇਰੀ, ਰੋਗੀਆਂ ਨੂੰ ਅਰੋਗਤਾ, ਮੁਰਦਿਆਂ ਨੂੰ ਜੀਵਨ, ਮਨ-ਮਤੀਆਂ ਨੂੰ ਗੁਰਮਤਿ ਅਤ ਗੁਲਾਮਾਂ ਨੂੰ ਸੁਤੰਤਰਤਾ ਦਾ ਦਾਨ ਬਖਸ਼ਿਆ। ਮਹਾਰਾਜ ਜੀ ਦੇ ਸਵਰਨ-ਚਿਕਰ ਪ੍ਰਕਾਸ਼ ਚਿਹਰੇ ਦਾ ਐਸਾ ਤੇਜ਼ ਪ੍ਰਭਾਵ ਸੀ ਕਿ ਜਿਹੜਾ ਵੀ ਇਸਤ੍ਰੀ ਪੁਰਖ ਦਰਸ਼ਨ ਕਰਦਾ ਸੀ, ਉਹੋ ਹੀ ਨਾਮਧਾਰੀ ਹੋ ਜਾਂਦਾ ਸੀ। ਮਹਾਰਾਜ ਜੀ ਦੇ ਬਚਨ ਨੂੰ ਅਕਾਲ ਪੁਰਖ ਦਾ ਹੁਕਮ ਮੰਨ ਬੈਠਦਾ ਸੀ। ਫਰਗੀ ਦੀ ਸਰਕਾਰ ਦੀ ਤੌਪ ਭੁਲ ਜਾਂਦਾ ਤੇ ਸੁਤੰਤਰ ਜੀਵਨ ਦਾ ਹੁਲਾਰਾ ਲੈਣ ਲੱਗ ਪੈਂਦਾ ਸੀ।

ਸੰਤ ਖਾਲਸੇ ਦਾ ਕਾਫ਼ਲਾ ਦਰਿਆ ਬਿਆਸ ਪਾਰ ਕਰਕੇ ਜਦੋਂ ਅੰਮ੍ਰਿਤਸਰ ਦੇ ਨੇੜੇ ਪੁੱਜਿਆ। ਅੰਮ੍ਰਿਤਸਰ ਦੀਆਂ ਸੰਗਤਾਂ ਨੂੰ ਅੱਗੇ ਉਡੀਕ ਸੀ, ਘੋੜ ਸਵਾਰ ਬਿਆਸਾ ਪਤਨ ਤਕ ਆਉਣ ਹੀ ਸੂਹ ਲੈਣ ਲਈ. ਨੱਠੇ ਭਜੇ ਫਿਰਦੇ ਸਨ। ਨੌਜਵਾਨ ਅਤਰ ਸਿੰਘ ਲੋਟਾ, ਦੇਵਾ ਸਿੰਘ, ਗੰਭੀਰ ਸਿੰਘ ਤੇ ਪ੍ਰਤਾਪ ਸਿੰਘ ਆਦਿਕ ਮਹਾਰਾਜ ਜੀ ਦੇ ਦਰਸ਼ਨਾਂ ਵਾਸਤੇ ਬੇਹਬਲ ਹੋ ਰਹੇ ਸਨ। ਦਿਨ



Sri Satguru Jagjit Singh Ji Elibrary NamdhariElibrary@gmail.com

ਦਾ ਹਰ ਪਲ ਉਡੀਕ ਵਿਚ ਸੀ।

ਸੁਲਤਾਨ ਵਿੰਡ ਦਰਵਾਜ਼ਾ ਹੀ ਉਸੇ ਵੇਲੇ ਬਿਆਸਾ ਘਾਟ ਵਲੋਂ ਆਉਣ ਦਾ ਰਸਤਾ ਸੀ। ਸੁਲਤਾਨ ਵਿੰਡ ਪਿੰਡ ਪੁਰਾਣਾ ਪਿੰਡ ਹੈ।

ਮਹਾਰਾਜਾ ਰਣਜੀਤ ਸਿੰਘ ਨੇ ੧੮੦੪ ਈ: ਵਿਚ ਸ੍ਰੀ ਅੰਮ੍ਰਿਤਸਰ ਨੂੰ ਆਪਣੇ ਰਾਜ ਵਿਚ ਸਾਮਲ ਕਰ ਲਿਆ ਤਾਂ ਸ਼ਹਿਰ ਦੀ ਰਖਿਆ ਤੇ ਸੁੰਦਰਤਾ ਵਲ ਧਿਆਨ ਦਿੱਤਾ। ਸਤਿਗੁਰੂ ਰਾਮਦਾਸ ਜੀ ਦੇ ਨਾਂ ਪਰ ਉਤਰ ਵਲ ਰਾਮ ਬਾਗ (ਅਜ ਕਲ ਕਮੇਟੀ ਬਾਗ) ਲਗਵਾਇਆ। ਡਿਉੜੀਆਂ, ਚਬੂਤਰੇ ਅਤੇ ਫੁਹਾਰੇ ਤਿਆਰ ਕਰਵਾਉਣ ਦੇ ਨਾਲ ਹਰ ਤਰ੍ਹਾਂ ਦੇ ਫਲਾਂ ਅਤੇ ਛਾਂ ਵਾਲੇ ਦਰਖਤ ਲਗਵਾਏ। ਪਛਮ ਵਲ ਕਿਲਾ ਹਰਿਗੋਬਿੰਦ ਸਾਹਿਬ ਤਿਆਰ ਕਰਵਾਇਆ ਤੇ ਸ਼ਹਿਰ ਦੇ ਚੌਗਿਰਦੇ ਉਚੀ ਕੰਧ ਕਢਵ ਈ। ਬਾਰਾਂ ਦਰਵਾਜ਼ੇ ਰਖੇ ਤੇ ਹਰ ਦਰਵਾਜੇ ਦੇ ਨਾਲ ਪੁਲੀਸ ਬਾਰਕਾਂ ਤਿਆਰ ਕਰਵਾਈਆਂ।

ਬਾਹਰਲੀ ਕੰਧ ਦੇ ਵਿਚਾਲੇ ਉਸ ਵੇਲੇ ਸ਼ਹਿਰ ਦੀ ਸਾਰੀ ਧਰਤੀ ਵਿਚੋਂ ਤਿੰਨ ਹਿਸੇ ਧਰਤੀ ਧਰਮਸਾਲਾ, ਅਖਾੜਿਆਂ ਤੇ ਮੰਦਰਾਂ ਦੇ ਨਾਂ ਹੋ ਚੁੱਕੀ ਸੀ। ਖਾਸ ਕਰਕੇ ਦਰਵਾਜਾ ਰਾਮਬਾਗ ਤੋਂ ਚਾਟੀਵਿੰਡ ਦਰਵਾਜ਼ੇ ਤਕ, ਸ੍ਰੀ ਹਰਿਮੰਦਰ ਸਾਹਿਬ ਦੇ ਉਤਰ-ਪੂਰਬ ਵਲ ਜਿਨੀ ਧਰਤੀ ਸੀ—ਜਲਿਆਂ ਵਾਲੇ ਬਾਗ ਚੌਗਿਰਦੇ ਚੌਂਕ ਕਰੋੜੀ, ਮੰਨਾ ਸਿੰਘ, ਪ੍ਰਾਗਦਾਸ ਰਾਮਾਨਦ ਦਾ ਬਾਗ ਆਦਿਕ ਇਲਾਕੇ ਸੰਤਾਂ-ਸਾਧਾਂ ਦੀ ਮਲਕੀਅਤ ਸੀ। ਅੰਗਰੇਜ਼ੀ ਰਾਜ ਆਉਣ ਤੇ ਸਾਰੇ ਧਰਮਸਾਲੀਏ ਤੇ ਅਖਾੜਿਆਂ ਵਾਲੇ ਦੀਵਾਨ ਖਾਨਿਆਂ, ਬਾਗਾਂ, ਹੱਥੀਆਂ ਤੇ ਸੇਵਕਾਂ ਸਮੇਤ ਅੰਗਰੇਜ਼ ਦੀ ਗੁਲਾਮੀ ਨੂੰ ਪ੍ਰਵਾਨ ਕਰਕੇ 'ਜੀ ਹਜ਼ੂਰੀਏ' ਬਣ ਗਏ ਸਨ। ਸਤਿਗੁਰੂ ਨਾਨਕ ਦੇਵ ਜੀ ਤੋਂ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼, ਤਲੀਮ ਅਤੇ ਹੋਂਦ ਨੂੰ ਭੁਲ ਗਏ, ਜਿਸ ਕਾਰਣ



Sri Satguru Jagjit Singh Ji Elibrary NamdhariElibrary@gmail.com

ਉਹਨਾਂ ਨੂੰ ਧਰਤੀ, ਪਦਾਰਥ ਅਤੇ ਮਾਣ-ਵਡਿਆਈ ਪ੍ਰਾਪਤ ਹੋਈ ਸੀ।

ਜਲ੍ਹਿਆਂ ਵਾਲੇ ਬਾਗ ਦੀ ਪੂਰਬੀ ਬਾਹੀ ਮਾਹਣਾ ਸਿੰਘ ਰੋਡ ਵਿਚ ਇਕ ਗਲੀ ਹੈ—ਦਸੌਂਧਾ ਸਿੰਘ ਦੀ ਗਲੀ। ਗਲੀ ਛੋਟੀ ਹੈ, ਇਸ ਗਲੀ ਵਿਚ ਨੌਜਵਾਨ ਅਤਰ ਸਿੰਘ ਦੇ ਪਿਤਾ ਭਾਈ ਅਜੀਤ ਸਿਘ ਨੇ ਮਕਾਨ ਪਾਇਆ ਸੀ। ਪੂਰਬ ਵਲ ਦੀ ਸਾਰੀ ਧਰਤੀ, ਨਾਮਧਾਰੀ ਧਰਮਸਾਲਾ ਤੇ ਚੌਂਕ ਬਾਬਾ ਭੇੜੀ ਵਾਲਾ ਤਕ ਬਾਗ ਦੇ ਖੇਤਾਂ ਦੇ ਰੂਪ ਵਿਚ ਸਾਰੀ ਥਾਂ ਖੁਲ੍ਹੀ ਸੀ। ਹਰੀ ਭਰੀ ਸਾਫ ਥਾਂ ਦੇਖਕੇ ਮਾਲਕ ਧਰਮਸਾਲੀਏ ਮਹੰਤ ਕੋਲੋਂ ਪੁਛਕੇ ਸਤਿਗੁਰੂ ਰਾਮ ਸਿੰਘ ਜੀ ਦੇ ਉਤਾਰੇ ਅਤੇ ਦੀਵਾਨ ਕਰਨ ਦਾ ਪ੍ਰਬੰਧ ਕੀਤਾ। ਧਰਮਸਾਲੀਆ ਮਹੰਤ ਅਮਰਨਾਥ ਮੰਨਣ ਵਾਲਾ ਨਹੀਂ ਸੀ, ਪਰ ਉਹ ਜੁਗਿੰਦਰ ਸਿੰਘ ਤੇ ਬੀਰ ਸਿੰਘ ਕੋਲੋਂ ਡਰਦਾ ਸੀ, ਡਰਦੇ ਨੇ ਹਾਂ ਕੀਤੀ।

ਮਾਨਾਂਵਾਲੇ ਪਿੰਡ ਨੂੰ ਲੰਘ ਕੇ ਜਦੋਂ ਮਹਾਰਾਜ ਜੀ ਦੁਬੁਰਜੀ ਪਿੰਡ ਕੋਲ ਆਏ ਤਾਂ ਅਤਰ ਸਿੰਘ, ਜੁਗਿੰਦਰ ਸਿੰਘ, ਬੀਰ ਸਿੰਘ ਆਦਿਕ ਗਭਰੂ ਕੁਝ ਸੰਗਤ ਨੂੰ ਨਾਲ ਅਗੇ ਸਵਾਗਤ ਵਾਸਤੇ ਹਾਜ਼ਰ ਹੋਏ। ਬੀਬੀ ਹੁਕਮੀ ਦੇ ਨਾਲ ਕੁਝ ਬੀਬੀਆਂ ਸਨ। ਮਹਾਰਾਜ ਜੀ ਨੂੰ ਬੜੇ ਸਤਕਾਰ ਨਾਲ ਸੁਲਤਾਨ ਵਿੰਡ ਨਗਰ ਤਕ ਆਏ। ਨਗਰ ਦੇ ਸਾਰੇ ਮਾਈ-ਭਾਈ ਆਪਣੇ ਘਰਾਂ ਵਿਚੋਂ ਨਿਕਲਕੇ ਰਸਤੇ ਦੇ ਦੋਹੀਂ ਪਾਸੀਂ ਖਲੋ ਗਏ ਤੇ ਸਾਰਿਆਂ ਨੇ ਮਹਾਰਾਜ ਜੀ ਦੇ ਖੁਲ੍ਹੇ ਦਰਸ਼ਨ ਕੀਤੇ। ਬਹੁਤੀ ਸੰਗਤ ਮਹਾਰਾਜ ਜੀ ਦੇ ਨਾਲ ਸ਼ਹਿਰ ਤਕ ਆ ਗਈ।

ਮਹਾਰਾਜ ਜੀ ਤੇ ਸੰਤ ਖਾਲਸਾ ਸੰਗਤ ਦੇ ਆਉਣ ਦੀਵਾਨ ਵਿਚ ਸ਼ਬਦ ਚੌਂਕੀ ਕਰਨ ਤੇ ਗੁਰੂ ਘਰ ਤੇ ਧਾਰਮਿਕ ਵੀਚਾਰਾਂ ਦੇ ਲੋਕ ਤਾਂ ਖੁਸ਼ ਹੋਏ, ਪਰ ਪੁਜਾਰੀ ਅਤੇ ਪੁਲਸ ਵਾਲੇ ਤੰਗ ਹੋਏ। ਚਿਟ ਕਪੜੀਏ ਪੁਲਸ ਵਾਲਿਆਂ ਨੂੰ ਦੀਵਾਨ ਵਿਚ ਬੈਠਣ



Sri Satguru Jagjit Singh Ji Elibrary NamdhariElibrary@gmail.com

ਦਾ ਹੁਕਮ ਹੋਇਆ। ਸ਼ਾਮ ਦੀ ਮਰਯਾਦਾ ਦੇ ਪਿਛੋਂ ਸ਼ਬਦ ਚੌਂਕੀ ਹੋਈ ਹੱਲੇ ਦੀ ਧਾਰਨਾ ਤੇ ਸ਼ਬਦ ਪੜ੍ਹੇ ਗਏ। ਸ਼ਰਧਾ ਦੀ ਸੁਰਤ ਨਾਲ ਪੜ੍ਹੇ ਸ਼ਬਦਾਂ ਤੇ ਸਾਜਾਂ ਦੀ ਘਨਘੋਰ ਸੁਤਿਆਂ ਨੂੰ ਜਗਾਉਣ ਤੇ ਮੁਰਦਿਆਂ ਨੂੰ ਜਗਾਉਣ ਵਾਲੀ ਸੀ।

ਅਗਲੇ ਦਿਨ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ। ਮਾਲਾ ਤੇ ਕਛਹਿਰੇ ਮਹਾਰਾਜ ਜੀ ਨੇ ਆਪਣੇ ਕੋਲੋਂ ਦਿੱਤੇ। ਜਿੰਨਾ ਕੋਲ ਸੀ, ਉਹਨਾਂ ਆਪਣ ਪਹਿਨ ਲਏ। ਬੀਬੀਆਂ ਨੂੰ ਵੀ ਪੁਰਖਾਂ ਨਾਲ ਅੰਮ੍ਰਿਤ ਛਕਾਇਆ ਤਾਂ ਸਾਧ ਤੇ ਪੁਜਾਰੀ ਤੰਗ ਹੋਏ। 'ਇਹ ਮਨ ਮਤਿ ਹੈ।' (ਗੁਰੂ) ਰਾਮ ਸਿੰਘ (ਜੀ) ਕੁਰਾਹੀਆ ਹੈ। ਪ੍ਰਚਲਤ ਮਰਯਾਦਾ ਭੰਗ ਕਰ ਰਿਹਾ ਹੈ। ਉਹਨਾਂ ਵਿਚੋਂ ਇਕ ਦੋਂਹ ਨੇ ਰੌਲਾ ਪਾ ਕੇ ਝਗੜਾ ਤੇ ਫਸਾਦ ਕਰਵਾ ਕੇ ਪੁਲੀਸ ਨੂੰ ਦਖਲ ਦੇਣ ਦਾ ਮੌਕਾ ਦੇਣਾ ਚਾਹੁੰਦੇ ਸਨ। ਪਰ ਨੌਜਵਾਨਾਂ ਦੀ ਜਦੋਂ ਲਾਲ ਅੱਖ ਦੇਖੀ ਤਾਂ ਬੋਲਦੇ ਹੋਏ ਦੀਵਾਨ ਤੋਂ ਬਾਹਰ ਚਲੇ ਗਏ।

ਨੌਜਵਾਨ ਅਤਰ ਸਿੰਘ ਤੇ ਉਸ ਦੇ ਸਾਥੀਆਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਤੇ ਪੂਰੀ ਰਹਿਤ ਰਖਣ, ਹੁਕਮ ਮੰਨਣ, ਸੇਵਾ ਕਰਨ ਦੀ ਪ੍ਰਤਗਿਆ ਕੀਤੀ। ਅੰਮ੍ਰਿਤਸਰ ਸ਼ਹਿਰ ਵਿਚ ਕੂਕਿਆਂ ਦੀ ਗਿਣਤੀ ਵਿਚ ਵਾਧਾ ਹੋ ਗਿਆ। ਸ਼ਬਦ ਚੌਂਕੀ ਕਰਨ ਦੇ ਨਾਲ ਨਾਮ ਸਿਮਰਨ ਤੇ ਗੁਰਮੁਖੀ ਪੜ੍ਹਾਉਣ ਦੀ ਲਹਿਰ ਨੂੰ ਤੇਜ਼ ਕੀਤਾ ਗਿਆ।

ਸੰਤ ਖੜਗ ਸਿੰਘ ਦੇ ਨਾਲ ਨੈਣਾ ਸਿੰਘ ਆਇਆ ਸੀ। ਉਸ ਨੇ ਵੀ ਖੰਡੇ ਦਾ ਅੰਮ੍ਰਿਤ ਪ੍ਰਾਪਤ ਕੀਤਾ। ਸੰਤ ਸੇਵਕ ਸਿੰਘ ਜੀ ਦੀ ਸਿਖਿਆ ਤੇ ਪਰੇਰਨਾ ਨਾਲ ਉਹ ਕੂਕਾ ਪਹਿਲਾਂ ਹੀ ਬਣਿਆ ਹੋਇਆ ਸੀ ਤੇ ਜਾਨ ਤਲੀ ਉਤੇ ਰਖਕੇ ਸੇਵਾ ਕਰ ਰਿਹਾ ਸੀ।

ਮਹਾਰਾਜ ਜੀ ਨੇ ਅੰਮ੍ਰਿਤਸਰ ਤੋਂ ਕੂਚ ਕੀਤਾ। ਮਾਹਲ



Sri Satguru Jagjit Singh Ji Elibrary NamdhariElibrary@gmail.com

ਤੇ ਕਾਲੇ ਪਿੰਡ ਦੀ ਹੱਦ ਤਕ ਸ਼ਹਿਰ ਦੇ ਸ਼ਰਧਾਲੂ ਤੋਰਨ ਆਏ। ਤਿੰਨ ਚਾਰ ਸੌ ਦੀ ਭੀੜ ਸੀ। ਮਹਾਰਾਜ ਜੀ, ਚੀਨੀ ਸਵਾਰ ਸਨ। ਪਹਾਲਾਂ ਤੋਂ ਸ਼ਹਿਰ ਦੀ ਸੰਗਤ ਮਹਾਰਾਜ ਜੀ ਦੇ ਜਸ ਦੀ ਚਰਚਾ ਕਰਦੀ ਹੋਈ ਵਾਪਸ ਮੁੜ ਆਈ ਤੇ ਮਹਾਰਾਜ ਜੀ ਦਾ ਜਥਾ ਰਾਮ ਤੀਰਥ ਦੀ ਸੜਕੇ ਚਲਦਾ ਹੋਇਆ, ਖੁਹਾਲੀ ਲੰਘਕੇ ਚਗਾਵੇਂ ਅਤੇ ਚਗਾਵੇਂ ਤੋਂ ਲੋਪੋਕੇ ਪਿੰਡ ਵਿਚੋਂ ਦੀ ਹੁੰਦਾ ਹੋਇਆ ਕਕੜ ਪਿੰਡ ਜਾ ਰੁਕਿਆ। ਸੰਤ ਖੜਗ ਸਿੰਘ ਤੇ ਨੈਣਾ ਸਿੰਘ ਨਾਲ ਸਨ। ਸਾਰੇ ਬਾਹਰੋ ਦੇ ਸ਼ਰਧਾਲੂ ਉਥੇ ਪੁੱਜੇ ਸਨ। ਨਗਰ ਵਾਲਿਆਂ ਨੇ ਦਰਸ਼ਨ ਕਰਨ ਆਈ ਸੰਗਤ ਵਾਸਤੇ ਗੁਰੂ ਕਾ ਲੰਗਰ ਤਿਆਰ ਕੀਤਾ ਸੀ। ਮਹਾਰਾਜ ਜੀ ਤੇ ਉਹਨਾਂ ਦੇ ਹਜ਼ੂਰੀ ਸੋਧੀ ਸੇਵਕਾਂ ਦੇ ਲੰਗਰ ਦਾ ਅੱਡ ਪ੍ਰਬੰਧ ਸੀ।

ਥਾਨੇ ਦਾ ਇਨਚਾਰਜ ਮਿਸਟਰ ਟੀਟਨੀ, ਕਰਮ ਅਲੀ ਅਤੇ ਬੇਲਾ ਸਿੰਘ ਕਿਲ੍ਹੇ ਦਾ ਸਰਦਾਰ ਗੁਰੂ ਘਰ ਦੇ ਵਿਰੋਧੀ ਮਹਾਰਾਜ ਜੀ ਦੀ ਮਹਿਮਾ ਦੇਖਕੇ ਉਸੇ ਤਰ੍ਹਾਂ ਘਬਰਾਏ ਜਿਵੇਂ ਵਡੀ ਸਰਕਾਰ ਨੂੰ ਦੇਖਕੇ ਦੋਸ਼ੀ ਘਬਰਾ ਜਾਂਦੇ ਹਨ। ਮਹਾਰਾਜ ਜੀ ਦੇ ਚਿਹਰੇ ਦਾ ਰਬੀ ਨੂਰ ਕੋਹਤੂਰ ਦੇ ਪਰਬਤ ਉਤੇ ਪ੍ਰਗਟ ਹੋਏ ਰਬੀ ਨੂਰ ਵਾਂਗ ਸੀ, ਜਿਸ ਨੂੰ ਦੇਖਕੇ ਮੂਸੇ ਪੈਗੰਬਰ ਦੀਆਂ ਵੀ ਅਖਾਂ ਝੂੰਜਿਆ ਗਈਆਂ ਸਨ। ਉਹ ਦੂਰ ਖਲੋਤੇ ਦੇਖਦੇ ਰਹੇ, ਕਿਸੇ ਨੂੰ ਰੋਕਣ ਜਾਂ ਡਰਾਉਣ ਦਾ ਹੌਂਸਲਾ ਨਾ ਪਿਆ। ਬੇਲਾ ਸਿੰਘ ਦੇ ਪਾਪ ਉਸ ਨੂੰ ਡਰਾਉਣ ਲਗੇ। ਉਸ ਨੂੰ ਅਗੇ ਹੋਣ ਦਾ ਹੌਂਸਲਾ ਹੀ ਘੱਟ ਪਿਆ। ਉਹ ਪਿਛੇ ਪਿਛੇ ਹੋਣ ਲਗਾ।

'ਮਹਾਰਾਜ ਜੀ ! ਸਾਮਾਨ ਸੰਭਾਲਿਆ ਜਾਏ, ਦਰਿਆ ਪਾਰ ਕਰਨ ਲਈ। ਮਲਾਹਾਂ ਨਾਲ ਵੀ ਗਲ ਕਰਨੀ ਹੈ।' ਸਾਹਿਬ ਸਿੰਘ ਨੇ ਮਹਾਰਾਜ ਜੀ ਨੂੰ ਪੁੱਛਿਆ।

ਮਹਾਰਾਜ ਜੀ ਨੇ ਉਸ ਵੇਲੇ ਹੱਥ ਦਾ ਇਸ਼ਾਰਾ ਕਰਕੇ ਰੋਕਿਆ। ਉਹਨਾਂ ਦਾ ਧਿਆਨ ਕਿਧਰੇ ਲੱਗਾ ਸੀ। ਉਸ ਧਿਆਨ



Sri Satguru Jagjit Singh Ji Elibrary NamdhariElibrary@gmail.com

ਦੀ ਸ਼ਕਤੀ ਨਾਲ ਕਿਸੇ ਅਬਲਾ ਦੀ ਰਖਿਆ ਕਰ ਰਹੇ ਸਨ।

'ਅਜ ਦਾ ਦਿਨ ਤੇ ਰਾਤ ਕਾਇਮ ਏਥੇ ਰਹੇਗਾ।' ਮਹਾਰਾਜ ਜੀ ਨੇ ਬਚਨ ਕੀਤਾ। 'ਦੋ ਰੂਹਾਂ ਦੀ ਉਡੀਕ ਕਰਨੀ ਹੈ।'

'ਸਤਿ ਬਚਨ!' ਆਖਕੇ ਹੁਕਮ ਮੰਨਿਆ ਗਿਆ। ਸਭ ਨੂੰ ਆਖਿਆ ਗਿਆ ਕਿ ਏਥੇ ਹੀ ਰੁਕਣਾ ਸੀ।

ਧਿਆਨ ਦੀ ਸ਼ਕਤੀ ਨਾਲ ਮਹਾਰਾਜ ਜੀ ਬੰਦੀ ਬਣੀ ਸੁਖੀ ਨੂੰ ਬਚਾ ਤੇ ਆਜ਼ਾਦ ਕਰ ਰਹੇ ਸਨ।

ਸੁੱਖੀ ਨੂੰ ਮਾਨੇ ਡਾਕੂ ਕੋਲੋਂ ਮਹੰਤ ਨੇ ਚੁਕਵਾਇਆ ਸੀ। ਇਕ ਉਸ ਨੂੰ ਰੁਪੈ ਦਿਤੇ ਸਨ, ਦੂਸਰਾ ਮਿਸਟਰ ਟੀਟੱਨੀ ਨੂੰ ਆਖਕੇ ਉਸ ਨੂੰ ਦੋ ਹ ਡਾਕਿਆਂ ਦੀ ਵਾਰਦਾਤਾਂ ਵਿਚੋਂ ਬਰੀ ਕਰਵਾਇਆ ਸੀ ਤੇ ਟੀਟੈਂਨੀ ਨੂੰ ਖਾਣ ਪੀਣ ਵਾਸਤੇ ਮਾਲ ਵੀ ਦਿੱਤਾ ਗਿਆ ਸੀ।

ਮਹੰਤ ਨੇ ਸੁਖੀ ਨੂੰ ਗੁਰੂ ਸਰ ਦੀ ਹਵੇਲੀ ਦੀ ਇਮਾਰਤ ਵਿਚ ਹੀ ਰਖਿਆ ਸੀ। ਮੁਗਲ ਕਾਲ ਦੀਆਂ ਜਿੰਨੀਆਂ ਵੀ ਇਮਾਰਤਾਂ ਹਨ, ਸਾਰੀਆਂ ਦੀਆਂ ਸਾਰੀਆਂ ਬੜੀਆਂ ਭੁਲ ਭੁਲਾਣੀਆਂ ਵਾਲੀਆਂ ਹਨ। ਕਿਲਿਆਂ ਵਿਚ ਤਿਆਰ ਕੀਤੇ ਹੋਏ ਸ਼ੀਸ਼ ਮਹਿਲ, ਅਕਬਰ ਦੇ ਮਕਬਰੇ ਦੀ ਵਿਸ਼ਾਲ ਇਮਾਰਤ, ਸਰਕਾਰੀਆਂ ਦੇ ਮਹਿਲ ਅਤ ਹਵੇਲੀਆਂ ਨੂੰ ਜਦੋਂ ਅਜ ਦੇਖਦੇ ਹਾਂ ਤਾਂ ਕੋਠੇ ਅਗੇ ਕੋਠੜੀ ਤੇ ਕੋਠੜੀ ਅਗੇ ਵਿਹੜਾ। ਵਿਹੜੇ ਅਗੇ ਡਿਊੜੀ ਤੇ ਕੋਠੇ ਅੱਗੇ ਕੋਠੜੀ, ਅੰਦਰੇ ਅੰਦਰ ਹੀ ਪਉੜੀਆਂ, ਜਿਹੜੀਆਂ ਉਪਰਲੀਆਂ ਛਤਾਂ ਵਲ ਜਾਂਦੀਆਂ ਤੇ ਹੇਠਾਂ ਤਹਿਖਾਨਿਆਂ ਵਲ ਵੀ ਜਾਂਦੀਆਂ ਸਨ। ਇਕ ਇਮਾਰਤ ਤੋਂ ਦੂਸਰੀ ਇਮਾਰਤ ਵਲ ਜਾਣ ਵਾਸਤੇ ਸੁਰੰਗਾਂ ਬਣਾਈਆਂ ਹੋਈਆਂ ਸਨ, ਜਿਨ੍ਹਾਂ ਨੂੰ ਅਜ ਕਲ ਅੰਡਰ ਗਰਾਉਂਡ ਰਸਤੇ ਆਖਿਆ ਜਾਂਦਾ ਹੈ।

ਗੁਰੂ ਸਰ ਦੀ ਹਵੇਲੀ ਜਿਸ ਮਹੰਤ ਵੇਲੇ ਤਿਆਰ ਹੋਈ ਸੀ, ਉਹ ਇਕ ਤਾਂ ਕੁਝ ਰੰਗੀਲੇ ਸੁਭਾ ਦਾ ਸੀ। ਦੂਸਰਾ ਡਰਾਕਲ



Sri Satguru Jagjit Singh Ji Elibrary NamdhariElibrary@gmail.com

ਸੀ। ਉਸ ਨੇ ਆਪਣੀ ਸੁਰਖਿਆ ਵਾਸਤੇ ਭੁਲ ਭੁਲਾਣੀਆਂ ਵਾਲੀ ਹਵੇਲੀ ਤਿਆਰ ਕਰਵਾਈ ਸੀ। ਰਾਤ ਨੂੰ ਕਿਥੇ ਸੌਂਦਾ ਸੀ, ਕਈ ਵਾਰ ਉਸ ਦੇ ਨਿੱਜੀ ਸੇਵਕ ਨੂੰ ਵੀ ਪਤਾ ਨਹੀਂ ਸੀ ਹੁੰਦਾ। ਸੋਨੇ ਦੀਆਂ ਮੋਹਰਾਂ ਸਿਰਹਾਣੇ ਰਖਦਾ ਸੀ।

ਮਹੰਤ ਛਬੀਲਦਾਸ ਉਹਨਾਂ ਮਹੰਤਾਂ ਵਿਚੋਂ ਇਕ ਸੀ, ਜਿਨ੍ਹਾਂ ਨੇ ਗੁਰੂ ਘਰ ਨੂੰ ਆਪਣੀ ਆਮਦਨ ਦਾ ਇਕ ਵਸੀਲਾ ਸਮਝ ਲਿਆ ਸੀ ਤੇ ਮਾਯਾ, ਮਾਣ-ਵਡਿਆਈ ਦੀ ਬਹੁਲਤਾ ਕਰਕੇ ਅਕਲ ਨੂੰ ਜਿੰਦਰਾ ਮਾਰ ਲਿਆ ਸੀ। 'ਨਾਮ ਰਸ' ਦੀ ਥਾਂ 'ਅਮਲ ਰਸ' (ਅਫੀਮ, ਭੰਗ ਤੇ ਸ਼ਰਾਬ) ਨੂੰ ਪਹਿਲ ਦੇ ਦਿਤੀ ਸੀ। ਪ੍ਰਮਾਤਮਾ ਦੀ ਭਗਤੀ ਕਰਨ ਦੀ ਥਾਂ ਤਿੰਨ ਡਬਲਯੂ ਵੈਲਥ, ਵਾਇਨ ਅਤੇ ਵੋਮੈਨ—ਦੌਲਤ, ਸ਼ਰਾਬ ਤੇ ਨਾਰੀ ਨੂੰ ਈਸ਼ਵਰ ਮੰਨ ਕੇ ਉਸ ਦੀ ਪੂਜਾ ਕਰਦੇ ਸਨ। ਦਿਖਾਵਾ ਸੀ, ਨਾ ਧਰਮ ਸੀ ਤੇ ਨਾ ਜੀਵਨ। ਕਿਸੇ ਦਾ ਖ਼ੂਨ ਕਰਨਾ ਉਸੇ ਤਰ੍ਹਾਂ ਸੀ, ਜਿਵੇਂ ਕਿਸੇ ਚੂਹੇ ਨੂੰ ਮਾਰਕੇ ਸੁਟ ਦਿੱਤਾ।

ਮਾਨੇ ਤੇ ਉਸ ਦੇ ਸਾਥੀਆਂ ਨੇ ਸੁਖੀ ਨੂੰ ਕਾਬੂ ਰਖਿਆ। ਉਸ ਨੂੰ ਮੰਦਾ ਬੋਲ ਨਹੀਂ ਬੋਲਿਆ ਤੇ ਨਾ ਕੋਈ ਮਾੜੀ ਹਰਕਤ ਕੀਤੀ।

ਸ਼ਾਮ ਦੀਆਂ ਡੂੰਘੀਆਂ ਤਰਕਾਲਾਂ ਵੇਲੇ, ਜਦੋਂ ਹਨੇਰੇ ਦਾ ਗੂਹੜਾ ਕਾਲਾ ਪੜਦਾ ਛਾਇਆ ਸੀ ਤੇ ਇਕ ਦੂਸਰੇ ਦਾ ਮੂੰਹ ਨਜ਼ਰ ਆਉਣਾ ਔਖਾ ਸੀ। ਗੁਰੂ ਸਰ ਦੇ ਚੌਗਿਰਦੇ ਚੁੱਪ ਤੇ ਡਰਾਉਣੀ ਸੁੰਞ ਸੀ। ਕਿਉਂਕਿ ਸਾਰੇ ਨਗਰ ਕੋਹ-ਦੋ ਕੋਹ ਦੀ ਦੂਰੀ ਉਤੇ ਸਨ ਤੇ ਚੌਗਿਰਦੇ ਕਿੱਕਰਾਂ, ਕਰੀਰਾਂ ਤੇ ਟਾਹਲੀਆਂ ਭਰੀ ਜੂਹ ਸੀ, ਹਵੇਲੀ ਵਿਚ ਪਸ਼ੂ ਸਨ—ਬਲਦ, ਗਊਆਂ, ਮਝਾਂ ਤੇ ਘੋੜੀਆਂ, ਕੋਈ ਦਸ ਜੀ ਕਾਮੇਂ ਸਨ। ਉਹ ਆਪੋ ਆਪਣੇ ਕੋਠਿਆਂ ਵਿਚ ਬੈਠ ਚੁਕੇ ਸਨ। ਉਹਨਾਂ ਦਾ ਸਬੰਧ ਮਹੰਤ ਦੇ ਰਹਾਇਸ਼ੀ ਘਰ ਵਲ ਕੋਈ ਨਹੀਂ ਸੀ।



Sri Satguru Jagjit Singh Ji Elibrary NamdhariElibrary@gmail.com

ਮਾਨਾ ਅੱਗੇ ਹੋਇਆ। ਮਹੰਤ ਦਾ ਚੋਰ ਦਰਵਾਜ਼ਾ ਖੜ-ਕਾਇਆ ਤੇ ਵਾਜ਼ ਦਿਤੀ। ਮਹੰਤ ਦਾ ਚੇਲਾ ਰੰਗੀ ਰਾਮ ਅਗੇ ਹੋਇਆ। ਪੁਛਿਆ, 'ਕੌਣ ਹੋ ?'

'ਮਾਨਾ...ਰੰਗੀ ਮਹੰਤ ਜੀ ਨੂੰ ਬੁਲਾ।' ਮਾਨਾ ਨੇ ਉਤਰ ਦਿਤਾ।

ਕੋਈ ਦੋ ਮਿੰਟ ਪਿਛੋਂ ਦਰਵਾਜ਼ਾ ਖੁਲ੍ਹਿਆ। ਮਹੰਤ ਆਇਆ ਉਸ ਨਾਲ ਮਸ਼ਾਲ ਬਾਲੀ ਚਾਨਣ ਕਰਦਾ ਹੋਇਆ ਰੰਗੀ ਰਾਮ ਸੀ—੨੦ ਕੁ ਸਾਲ ਦਾ ਗਭਰੂ।

'ਆਉ ਸਾਰੇ ਅੰਦਰ !' ਮਹੰਤ ਨੇ ਮਾਨੇ ਨੂੰ ਪਛਾਣ ਕੇ ਆਖਿਆ, 'ਘੋੜੀਆਂ ਬਾਹਰ ਹੀ ਬੰਨ੍ਹ ਦਿਓ। ਰੰਗੀ ਧਿਆਨ ਰਖੇਗਾ।

'ਮਹੰਤ ਜੀ ! ਤੇਰੀ ਅਮਾਨਤ ਲੈ ਆਂਦੀ ਹੈ।' ਮਾਨਾ ਬੋਲਿਆ।

'ਸ਼ਾਬਾਸ਼ ! ਅਸਾਂ ਵੀ ਤੇਰਾ ਕੰਮ ਕਰ ਛਡਿਆ। ਸਾਰੇ ਬਾਹਰੇ ਵਿਚ ਤੇਰਾ ਰਾਜ।' ਮਹੰਤ ਖੁਸ਼ੀ ਨਾਲ ਥਰਥਰਾ ਕੇ ਬੋਲਿਆ।

ਮਸ਼ਾਲ ਦੇ ਚਾਨਣ ਵਿਚ ਉਸ ਨੇ ਦੇਖਿਆ, ਸੁੱਖੀ ਸੀ। ਉਸ ਦਾ ਮੂੰਹ ਬਨ੍ਹਿਆ ਸੀ, ਉਹ ਬੋਲ ਨਹੀਂ ਸੀ ਸਕਦੀ, ਹੱਥ ਪਿਛੇ ਬੰਨ੍ਹੇ ਸਨ ਤੇ ਤਕੜੇ ਦੋਹ ਜਵਾਨ ਮਰਦਾਂ ਨੇ ਸੰਭਾਲਿਆ ਸੀ। ਸਿਰ ਤੇ ਪੈਰ ਨੰਗੇ ਸਨ। ਅੱਖਾਂ ਨੰਗੀਆਂ ਸਨ, ਪਰ ਲਾਲ ਰੋਹ ਤੇ ਗੁਸੇ ਭਰੀਆਂ ਸਨ। ਕਲੇਜਾ ਧੜਕੀ ਜਾਂਦਾ ਸੀ।

ਮਾਨਾਂ ਤੇ ਉਸ ਦੇ ਸਾਥੀ ਸੁੱਖੀ ਨੂੰ ਫੜੀ ਅੰਦਰ ਦਾਖਲ ਹੋਏ। ਇਕ ਡਿਉੜੀ ਤੇ ਇਕ ਵਿਹੜਾ ਲਘ ਕੇ ਖੁਲ੍ਹੇ ਬਰਾਂਡੇ ਵਿਚ ਮੰਜਿਆਂ ਉਤੇ ਜਾ ਬੈਠੇ। ਸੁੱਖੀ ਨੂੰ ਆਖਿਆ, 'ਬਹਿਜਾ ..ਹੁਣ ਹਿਲਜੁਲ ਕਰਨ ਦੀ ਲੋੜ ਨਹੀਂ। ਇਹ ਮਹੰਤ ਤੇਰਾ ਜਾਣੂ ਹੈ।' ਮਾਨੇ ਨੇ ਸੁਖੀ ਨੂੰ ਆਖਿਆ।



Sri Satguru Jagjit Singh Ji Elibrary NamdhariElibrary@gmail.com

'ਇਸ ਨੂੰ ਕਮਰੇ ਵਿਚ ਬੰਦ ਕਰੋ ।' ਮਾਨੇ ਦਾ ਸਾਥੀ ਬੋਲਿਆ ।

'ਇਹ ਠੀਕ।' ਮਹੰਤ ਨੇ ਆਖਿਆ, 'ਲਿਆਉ ...।'

ਮਾਨਾ ਦੇ ਸਾਥੀ ਨੇ ਸੁਖੀ ਨੂੰ ਉਠਾਇਆ । ਉਸੇ ਬਰਾਂਡੇ ਵਿਚ ਅਗੇ ਕਮਰਾ ਸੀ । ਉਸ ਦੇ ਦਰਵਾਜ਼ੇ ਕਾਲੀ ਟਾਹਲੀ ਦੇ ਭਾਰੀ ਸਨ। ਉਹ ਖੋਲ੍ਹ ਕੇ ਸੁਖੀ ਨੂੰ ਅੰਦਰ ਧਕਾ ਦੇ ਦਿਤਾ। ਉਸ ਦੇ ਹੱਥ ਨਹੀਂ ਖੋਲ੍ਹੇ ਨਾ ਮੂੰਹ ਉਤੋਂ ਪੱਟੀ ਖੋਲ੍ਹੀ। ਕਮਰੇ ਦਾ ਕੁੰਡਾ ਮੁੜ ਮਾਰ ਦਿਤਾ। ਕਮਰੇ ਵਿਚ ਘੁੱਪ ਹਨੇਰਾ ਸੀ।

ਮਹੰਤ ਨੇ ਮਾਨੇ ਤੇ ਉਸ ਦੇ ਸਾਥੀਆਂ ਨੂੰ ਸ਼ਰਾਬ ਦਿਤੀ ਤੇ ਰੋਟੀ ਤਿਆਰ ਕਰਵਾ ਕੇ ਖੁਆਈ। ਰੋਟੀ ਖਾ ਕੇ ਉਹ ਚਲੇ ਗਏ। ਦਰਵਾਜ਼ੇ ਬੰਦ ਹੋ ਗਏ ਤੇ ਚੁਪ ਚਾਨ ਹੋ ਗਈ।

ਮਹੰਤ ਨੇ ਸਾਰੇ ਦਰਵਾਜ਼ੇ ਬੰਦ ਕਰਾਏ । ਰੰਗੀ ਰਾਮ ਨੂੰ ਉਸ ਦੇ ਕਮਰੇ ਵਲ ਤੋਰ ਦਿਤਾ ਤੇ ਆਪ ਉਸ ਕਮਰੇ ਵਲ ਗਿਆ, ਜਿਸ ਕਮਰੇ ਵਿਚ ਸੁਖੀ ਸੀ। ਦਰੋਪਦੀ ਦੀ ਭੈਣ ਸੁਖੀ ; ਧਰਮ ਦੀ ਮੂਰਤ। ਜਿਸ ਨੂੰ ਆਪਣੇ ਗੁਰੂ ਤੇ ਭਰੋਸਾ ਸੀ।

ਮਹੰਤ ਨੇ ਦਰਵਾਜ਼ਾ ਖੋਲ੍ਹਿਆ। ਦੀਵਾ ਜਗਾ ਕੇ ਬਾਹਰੋਂ ਅੰਦਰ ਲੈ ਗਿਆ। ਉਹ ਦੁਆਖੇ ਉਤੇ ਰਖ ਦਿਤਾ। ਕਮਰੇ ਦਾ ਹਨੇਰਾ ਦੂਰ ਹੋ ਗਿਆ। ਸੁੱਖੀ ਫਰਸ਼ ਉਤੇ ਬੈਠੀ ਨਜ਼ਰ ਆਈ।

ਮਹੰਤ ਨੂੰ ਆਪਣੇ ਸਰੀਰਕ ਬਲ ਉਤੇ ਮਾਣ ਸੀ। ਉਹ ਦਿਉ ਕਦ ਸੀ। ਉਸ ਨੇ ਸੁੱਖੀ ਦੇ ਮੂੰਹ ਉਤੇ ਬੰਨ੍ਹਿਆ ਕਪੜਾ ਖੋਲ੍ਹਿਆ । ਕਪੜੇ ਨੂੰ ਪਰੇ ਸੁਟ ਦਿਤਾ। ਸੁਖੀ ਵਲ ਦੇਖਕੇ ਮੁਸਕਰਾਇਆ ਤੇ ਬੜੀ ਨਜ਼ਾਕਤ ਨਾਲ ਬੋਲਿਆ, 'ਹੁਣ ਸੁਣਾ!'

'ਇਹ ਬੰਦਿਆਂ ਵਾਲੀ ਕਾਰ ?' ਮੂੰਹ ਖੁਲ੍ਹਣ ਤੇ ਸਾਹ ਸੌਖਾ ਕਰਕੇ ਸੁਖੀ ਨੇ ਉਤਰ ਦਿੱਤਾ। ਉਹ ਨਾ ਮਾਯੂਸ ਤੇ ਨਾ ਘਬਰਾਈ ਹੋਈ ਪ੍ਰਤੀਤ ਹੋਂਦੀ। ਹਾਂ ਥਕੀ ਤੇ ਅੱਕੀ ਜ਼ਰੂਰ ਸੀ, ਜਾਂ ਉਸਦੇ ਹਿਰਦੇ ਵਿਚ ਕ੍ਰੋਧ ਸੀ, ਆਪਣੇ ਭਰਾ ਦੇ ਜ਼ਖਮੀ ਹੋਣ ਤੇ ਚੁੱਕੇ



Sri Satguru Jagjit Singh Ji Elibrary NamdhariElibrary@gmail.com

ਜਾਣਦਾ।

'ਬੰਦੇ 'ਮਰਦ' ਏਸੇ ਤਰ੍ਹਾਂ ਕਰਦੇ ਹਨ, ਜਦੋਂ ਤੇਰੇ ਵਰਗੀ ਆਖੇ ਨਾ ਲਗੇ।' ਤੈਨੂੰ ਇਹ ਵੀ ਪਤਾ ਸੀ ਕਿ ਮੈਂ ਮਹੰਤ 'ਛਬੀਲ ਦਾਸ ਹਾਂ। ਜਿਸ ਦੇ ਇਸ਼ਾਰੇ ਤੇ ਹਵਾ ਰੁਕ ਜਾਂਦੀ ਹੈ ਜੋ ਚਾਹਵਾਂ ਬਾਹਰ ਵਿਚ ਕਰਾਂ—ਸੰਗਤ, ਡਾਕੂ, ਪੁਲੀਸ ਤੇ ਬੇਲਾ ਸਿੰਘ ਵਰਗੇ ਸਰਦਾਰ ਮੇਰੀ ਮੁੱਠੀ ਵਿਚ।'

'ਹਰਨਾਕਸ਼ ਤੇ ਰਾਵਣ ਰਾਜੇ ਸਨ। ਤਪਸਿਆ ਦੇ ਬਲ ਨਾਲ ਸ਼ਿਵਜੀ ਪਾਸੋਂ ਨਾ ਮਰਨ ਦੇ ਵਰ ਲਏ ਸਨ, ਉਹ ਕਿਥੇ ਗਏ. ਕੀ ਉਹ ਮਰੇ ਨਹੀਂ ? ਯਾਦ ਕਰ ਲੈ, ਸਤੀ ਸੀਤਾ ਨੂੰ ਚੁਕਣ ਬਦਲੇ ਰਾਵਣ ਮਰਿਆ ਤੇ ਲੰਕਾ ਸੜੀ, ਦਰੋਪਤੀ ਦੇ ਚੀਰ ਹਰਨ ਦਾ ਜਤਨ ਕੀਤਾ ਤਾਂ ਕੌਰਵਾਂ ਦੀ ਕੁਲ ਨਾਸ ਹੋਈ...।'

'ਉਹ ਤੇਰੇ ਵਰਗੀਆਂ ਅਵਾਰਾ ਨਹੀਂ ਸਨ।'

'ਮੈਂ ਅਵਾਰਾ ਹਾਂ ਜਾਂ ਸਤੀ ਇਸ ਭੇਤ ਨੂੰ ਮੇਰਾ ਸਤਿਗੁਰੂ ਜਾਣਦਾ ਹੈ।'

'ਸਤਿਗੁਰੂ...ਗੁਰੂ ਵਾਹਿਗੁਰੂ...ਕਿਤੇ ਦਿਸਦਾ ਹੀ ? ਸਮਾਂ ਸੀ ਗੁਰੂਆਂ ਦਾ ਬੀਤ ਗਿਆ. ਅਜ ਕੋਈ ਗੁਰੂ-ਗੁਰੂ ਨਹੀਂ, ਸਿਆਣੇ ਆਖਦੇ ਹਨ ਕਿ ਘਸੁੰਨ ਨੇੜੇ ਜਾਂ ਰਬ ?'

'ਘਸੁੰਨ ਨਾਲੋਂ ਰਬ ਨੇੜੇ ਹੈ...ਹਵਾ ਰੂਪ...ਵਾਲ ਜਿੰਨੀ ਵਿੱਥ ਨਹੀਂ ਮੇਰੇ ਅਤੇ ਤੁਸਾਂ ਦੇ ਘਸੁੰਨ ਵਿਚਾਲੇ ਤਾਂ ਵਡੀ ਵਿਥ ਹੈ।'ਮੈਨੂੰ ਮਹਾਰਾਜ ਜੀ ਦੇ ਦਰਸ਼ਨ ਹੋ ਰਹੇ ਹਨ ਭਲਾ ਹੈ... ਮੈਨੂੰ ਜਾਣਦੇ ਜੇ ਜਾਨ ਦੀ ਲੋੜ ਹੈ।'

'ਵਾਹਵਾ! ਸਦਕੇ ਜਾਵਾਂ ਤੇਰੇ ਹੌਂਸਲੇ ਤੇ ਦਾਬਿਆਂ ਦੇ.. ਇਸ ਹਵੇਲੀ ਵਿਚੋਂ ਤੇਰੇ ਵਰਗੀ ਜਾਂ ਮਰਕੇ ਗਈ ਹੈ ਜਾਂ ਮੇਰੇ ਗਲ ਲਗਕੇ ਪਿਆਰ ਕਰਕੇ।'.

'ਮਰਨ ਵਾਲੀ ਗਲ ਮੰਨੀ ਜਾ ਸਕਦੀ ਹੈ...ਪਰ ਗੁਰ-ਪੀਰ ਤੇ ਮਾਂ-ਬਾਪ ਦੀ ਚੰਗੀ ਧੀ ਤੁਸਾਂ ਵਰਗੇ ਪਸ਼ੂ ਦੇ ਗਲ ਲਗਕੇ



Sri Satguru Jagjit Singh Ji Elibrary NamdhariElibrary@gmail.com

'ਗਲ਼ ਘੁਟ ਸਕਦੀ ਹੈ—ਪਿਆਰ ਨਹੀਂ ਕਰ ਸਕਦੀ।'

ਸੁੱਖੀ ਗੁਸੇ ਨਾਲ ਮੁਸਕਰਾਈ ਉਸ ਦੀ ਮੁਸਕਰਾਹਟ ਦੇ ਪਿਛੇ ਇਕ ਭਿਆਨਕ ਕ੍ਰੋਧ ਦੀ ਅੱਗ ਸੀ।

'ਬੋਲ ਕੀ ਸਲਾਹ ਹੈ?'

'ਘਰ ਨੂੰ ਜਾਣਦੀ, ਜਿਸ ਦੀ ਅਮਾਨਤ ਹਾਂ, ਉਸ ਦੀ ਅਮਾਨਤ ਰਹਿਣ ਦੀ। ਤੁਸੀਂ ਮਹਤ ਹੋ, ਬਾਹਰੇ ਦੀਆਂ ਸਾਰੀਆਂ ਧੀਆਂ ਭੈਣਾਂ ਤੁਸਾਂ ਦੀਆਂ ਧੀਆਂ ਹਨ। ਤੁਸੀਂ ਧਾਰਮਿਕ ਪਿਤਾ ਹੋ, ਮੈਂ ਧੀ ਹਾਂ! ਬਾਹਰੇ ਦੀ ਧੀ! ਇਕ ਧੀ ਵਲ ਜੇ ਬਾਪ ਬੁਰੀ ਨਿਗਾਹ ਰਖੇ ਤਾਂ ਪਤਾ ਕਿੰਨਾ ਪਾਪ ਲਗਦਾ ਹੈ.. ਬ੍ਰਹਮਾਂ ਨੇ ਧੀ ਵਲ ਤਕਿਆ ਸੀ ਤਾਂ ਕਿੰਨਾ ਹੈਰਾਨ ਹੋਇਆ. ਸੋ ਪਿਤਾ ਜੀ! ਸਤਿਗੁਰੂ ਤੇ ਵਾਹਿਗੁਰੂ ਤੋਂ ਡਰੋ ਮੈਨੂੰ ਜਾਣ ਦਿਉ।'

ਮਰਦ ਜਦੋਂ ਵਾਸ਼ਨਾਵਾਦ ਦੀ ਅਗਨ ਨਾਲ ਗਰਮ ਹੋ ਜਾਂਦਾ ਹੈ ਤਾਂ ਅੰਨ੍ਹਾ, ਬੋਲਾ ਅਤੇ ਮੂਰਖ ਹੋ ਜਾਂਦਾ ਹੈ। ਉਹੋ ਦਸ਼ਾ ਮਹੰਤ ਦੀ ਸੀ, ਉਹ ਨਸ਼ਾ ਪੀ ਕੇ ਆਇਆ ਸੀ। ਉਸ ਦਾ ਖਿਆਲ ਸੀ, ਸੁੱਖੀ ਡਰੀ ਘਬਰਾਈ ਹੋਈ ਨਿਰਬਲ ਹੋਏਗੀ. ਉਹ ਮੌਤ ਦਾ ਡਰ ਦੇਵੇਗਾ ਤਾਂ ਉਸ ਦੀ ਹਰ ਗਲ ਮੰਨੇਗੀ। ਹਥਿਆਰ ਸੁੱਟ ਦੇਵੇਗੀ। ਪਰ ਸੁੱਖੀ...ਦੀ ਮਾਨਸਕ ਦਸ਼ਾ ਕਮਜ਼ੋਰ ਨਾ ਹੋਈ। ਉਹ ਨਿਰਭੈ ਸੀ।

'.. ਬਸ ਬਕ ਬਕ ਨਾ ਕਰ ਉਠ ਮੰਜੇ ਉਤੇ ਬੈਠ...... ਹੁਣ ਮੇਰੀ ਗਲ ਮੰਨਣੀ ਪਵੇਗੀ . ਨਹੀਂ ਤ ਟੋਟੇ ਕਰ ਦਿਆਂਗਾ। ਮੈਂ ਕੋਈ ਗਲ ਸੁਣਨ ਨੂੰ ਤਿਆਰ ਨਹੀਂ! ਹਾਂ...ਦਸ ਜੇ ਭੁਖੀ ਤਿਹਾਈ ਹੈਂ ਤਾਂ ਰੋਟੀ ਜਾਂ ਪਾਣੀ ਪੀਣ ਨੂੰ ਮਿਲ ਸਕਦਾ ਹੈ...... ਬੋਲ।'

'ਤੇਰੇ ਵਰਗੇ ਦੁਸ਼ਟ ਦਾ ਲਹੂ ਪੀਣਾ ਹੈ। ਪਾਣੀ ਨਹੀਂ, ਮੈਨੂੰ ਹੱਥ ਨਾ ਲਾਈਂ.. ਮੇਰਾ ਮਹਾਰਾਜ...ਸਤਿਗੁਰੂ ਹਾਜ਼ਰ ਹੈ... ਤੇਰੀ ਲਤ ਬਾਂਹ ਤੋੜੇਗਾ।'



Sri Satguru Jagjit Singh Ji Elibrary NamdhariElibrary@gmail.com

'ਦੇਖ ਲੈਂਦਾ ਹਾਂ...ਤੇਰਾ ਗੁਰੂ...ਤੇ ਤੇਰਾ ਮਹਾਰਾਜ... ਹਵੇਲੀ ਦੀਆਂ ਕੰਧਾਂ ਪਾੜਕੇ ਕਿਵੇਂ ਆ ਸਕਦਾ ਹੈ...ਤੇਰਾ...।' ਕਾਮ ਦੇ ਸੇਕ ਨਾਲ ਅੰਨ੍ਹੇ ਹੋਏ ਮਹੰਤ ਨੇ ਸਤਿਗੁਰੂ ਜੀ ਨੂੰ ਮੰਦੇ ਬਚਨ ਬੋਲ ਦਿਤੇ। ਅਗੇ ਵਧਕੇ ਸੁਖੀ ਦੇ ਡੌਲੇ ਨੂੰ ਹੱਥ ਪਾ ਕੇ ਉਸ ਨੂੰ ਉਪਰ ਚੁਕਣ ਦਾ ਜਤਨ ਕੀਤਾ। ਉਹ ਉਠ ਤਾਂ ਬੈਠੀ, ਪਰ ਜਦੋਂ ਮੰਜੇ ਉਤੇ ਸੁਟਣ ਲਗਾ ਤਾਂ ਉਸ ਨੂੰ ਇਕ ਸਿਰ ਦੀ ਟਕਰ ਮਾਰੀ ਅਤੇ ਨਾਲ ਹੀ ਲਤ ਮਾਰੀ।...ਮਹੰਤ ਪਿਛੇ ਜਾ ਡਿਗਾ, ਉਹ ਸ਼ਰਾਬੀ ਸੀ, ਉਸ ਦਾ ਨਸ਼ਾ ਤੇਜ਼ ਹੁੰਦਾ ਜਾਂਦਾ ਸੀ... ਉਹ ਜੀਵਨ ਨੂੰ ਜੂਏ ਵਿਚ ਹਾਰ ਰਿਹਾ ਸੀ।

ਕਾਮ ਕਰੋਧ ਮਾਇਆ ਮਦ ਮਤਸਰ,
ਏ ਖੇਲਤ ਸਭਿ ਜੂਐ ਹਾਰੇ ॥

ਜਦੋਂ ਉਹ ਡਿਗਾ ਤਾਂ ਹੈਰਾਨ ਹੋਇਆ...ਬਿਜਲੀ ਵਰਗੀ ਲਿਸ਼ਕ ਕਮਰੇ ਵਿਚ ਪਈ ਨਜ਼ਰ ਆਈ। ਮਹੰਤ ਹੈਰਾਨ ਹੋਇਆ' ਉਸ ਨੇ ਉਚੀ ਵਾਜ਼ ਦਿਤੀ, 'ਰੰਗੀ ਰਾਮ !'

ਹੇਠ ਉਤੇ ਤਿੰਨ ਵਾਰ ਵਾਜ਼ ਦਿਤੀ ਤਾਂ ਰੰਗੀ ਰਾਮ ਨੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ। ਅੰਦਰ ਆਇਆ, ਦੀਵੇ ਦੀ ਰੋਸ਼ਨੀ ਵਿਚ ਉਸ ਨੂੰ ਦੇਖਕੇ ਮਹੰਤ ਨੇ ਕਿਹਾ, 'ਮੈਨੂੰ ਉਠਾਈਂ ਮੇਰੇ ਸ਼ਾਇਦ ਗਿਟੇ ਨੂੰ ਮੋਚ ਆ ਗਈ।'

ਰੰਗੀ ਰਾਮ ਨੇ ਅਗੇ ਹੋਕੇ ਉਸ ਨੂੰ ਉਠਾਇਆ।

'ਜਾਹ ਸਣ ਦਾ ਰੱਸਾ ਲਿਆ। ਇਸ ਹਰਾਮਜ਼ਾਦੀ ਨੂੰ ਬੰਨ੍ਹਕੇ ਭੁਖਾ ਮਾਰੀਏ ਤਾਂ ਹੀ ਹੋਸ਼ ਆਏਗੀ। ਇਸ ਦੀ ਲੜਕੀ ਤੇ ਲੜਕੇ ਨੂੰ ਚੁਕਵਾ ਕੇ ਲਿਆ ਕੇ ਸਾਹਮਣੇ ਕਤਲ ਕੀਤਾ ਜਾਏਗਾ ...ਇਹਦਾ ਯਾਰ (ਸੰਤ ਸੇਵਕ ਸਿੰਘ) ਤਾਂ ਸ਼ਾਇਦ ਮਾਰਿਆ ਗਿਆ ਹੋਏਗਾ।...ਇਹ ਵੀ ਕੁੱਤੇ ਦੀ ਮੌਤ ਮਰੇਗੀ...।'

ਇਉਂ ਬੋਲਦਾ ਹੋਇਆ ਮਹੰਤ ਹੌਲੀ ਹੌਲੀ ਅਗੇ ਵਧਿਆ



Sri Satguru Jagjit Singh Ji Elibrary NamdhariElibrary@gmail.com

ਸੁੱਖੀ ਨੂੰ ਧਕਾ ਦੇ ਕੇ ਮੰਜੇ ਉਤੇ ਸੁਟ ਕੇ...ਮੌਰਾਂ ਵਿਚ ਚਾਰ-ਪੰਜ ਮੁਕੀਆਂ ਮਾਰ ਦਿਤੀਆਂ ਰੰਗੀ ਰਾਮ ਰਸਾ ਲੈਣ ਨੱਠ ਗਿਆ। ਉਹ ਮਹੰਤ ਦੇ ਹਰ ਇਸ਼ਾਰੇ ਨੂੰ ਮੰਨਦਾ ਸੀ।

ਰੰਗੀ ਰਾਮ ਲੰਮਾ ਰੱਸਾ ਲੇ ਆਇਆ। ਉਸੇ ਨਾਲ ਉਹ ਦੇਵੀਆਂ ਬੰਨ੍ਹੀਆਂ ਜਾਂਦੀਆਂ ਸਨ, ਜਿਹੜੀਆਂ ਮਹੰਤ ਦੀ ਇੱਛਾ ਪੂਰੀ ਨਹੀਂ ਸਨ ਕਰਦੀਆਂ।

ਸੁਖੀ ਦੇ ਹੱਥ ਅਗੇ ਬੰਨ੍ਹੇ ਸਨ। ਉਹਨਾਂ ਉਤੇ ਹੀ ਰੱਸਾ ਬੰਨ੍ਹਿਆ ਤੇ ਮੰਜੇ ਨਾਲ ਬੰਨ੍ਹ ਦਿੱਤਾ। ਦਰਵਾਜ਼ਾ ਬੰਦ ਕਰਕੇ ਮਹੰਤ ਚਲਿਆ ਗਿਆ, ਸੁਖੀ ਹਨੇਰੇ ਕਮਰੇ ਵਿਚ ਮੰਜੇ ਉਤੇ ਬੈਠ ਗਈ। ਉਸ ਨੂੰ ਹੌਂਸਲਾ ਸੀ; ਉਸ ਨੇ ਮਹਾਰਾਜ ਰਾਮ ਸਿੰਘ ਜੀ ਦਾ ਉਸੇ ਤਰ੍ਹਾਂ ਧਿਆਨ ਧਰਿਆ ਸੀ, ਜਿਵੇਂ ਸੰਤ ਸੇਵਕ ਸਿੰਘ ਜੀ ਨੇ ਉਸ ਨੂੰ ਮਹਾਰਾਜ ਜੀ ਦੀ ਮਹਿਮਾ ਵਰਨਣ ਕੀਤੀ ਸੀ।



Sri Satguru Jagjit Singh Ji Elibrary NamdhariElibrary@gmail.com

# ਤੇਰਾਂ

ਗੁਰਬਾਣੀ ਵਿਚ ਸਚ ਹੀ ਤਾਂ ਆਖਦੀ ਹੈ :—

ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥
ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧੫॥

ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥
ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ਰਹਾਉ॥

(ਧਨਾਸਰੀ ਮ: ੫)

ਮਹੰਤ ਛਬੀਲ ਦਾਸ ਵਰਗੇ ਸਾਕਤ ਤੇ ਭੇਖ ਧਾਰੀ ਕਾਮੀ ਪੁਰਖ ਸੁੱਖੀ ਵਰਗੀਆਂ ਅਬਲਾਵਾਂ ਨੂੰ ਡਰਾਉਂਦੇ ਧਮਕਾਉਂਦੇ ਹਨ ਤੇ ਸਮਝਦੇ ਹਨ ਕਿ ਜਿਸ ਨੂੰ ਪ੍ਰਮਾਤਮਾ ਆਖਦੇ ਹਨ, ਉਹ ਤਾਂ ਦੇਖਦਾ ਨਹੀਂ ਤੇ ਮਨੁੱਖਾਂ ਦੀ ਪਰਵਾਹ ਨਹੀਂ। ਪਾਪ ਕਰਮ ਕਰਦੇ ਹੋਏ ਆਪਣੇ ਆਪ ਨੂੰ ਪਾਪਾਂ ਤੋਂ ਨਿਰਲੇਪ ਸਮਝਦੇ ਹਨ ਤੇ ਮੁਕਰਦੇ ਹਨ। ਉਹ ਪ੍ਰਭੂ ਪ੍ਰਮਾਤਮਾ ਨੂੰ ਦੂਰ ਸਮਝਦੇ ਹਨ, ਪਰ ਉਹ ਨੇੜੇ ਤੋਂ ਨੇੜੇ ਹੈ ਤੇ ਏਧਰ ਉਧਰ ਜਿਧਰ ਵੀ ਦੇਖਦਾ ਹੈ ਪ੍ਰਮਾਤਮਾ ਉਧਰ ਹੀ ਹੈ—ਦਿਖਾਈ ਦਿੰਦਾ ਹੈ—ਲੋਭ ਨੂੰ ਫੇਰ



Sri Satguru Jagjit Singh Ji Elibrary NamdhariElibrary@gmail.com

ਲਗਦਾ ਹੈ।

ਠੀਕ ਏਹੋ ਦਸ਼ਾ ਮਹੰਤ ਛਬੀਲ ਦਾਸ ਦੀ ਸੀ। ਉਹ ਬਾਣੀ ਦਾ ਪਾਠੀ ਸੀ, ਧਾਰਮਿਕ ਅਸਥਾਨ ਦਾ ਮੁੱਖੀਆ, ਈਸ਼ਵਰੀ ਸ਼ਕਤੀਆਂ ਤੋਂ ਜਾਣੂ ਸੀ, ਪਰ ਬੁੱਧ ਭ੍ਰਿਸ਼ਟ ਹੋ ਗਈ ਸੀ। ਮਾਯਾ ਕਾਂਮ ਵਾਸ਼ਨਾ ਅਤ ਹਉਮੈ ਆਦਿਕ ਔਗੁਣਾਂ ਨੇ ਉਸ ਨੂੰ ਸਭ ਕੁਝ ਭੁਲਾ ਦਿੱਤਾ ਸੀ। ਉਹ ਪਾਗਲ ਜਿਹਾ ਬਣਕੇ ਪੂਰਾ ਸਾਕਤ ਪੁਰਖ ਬਣ ਗਿਆ ਸੀ। ਉਹ ਸਾਕਤ ਪੁਰਖ ਜਿਹੜੇ ਧਰਤੀ ਉਤੇ ਸ਼ੈਤਾਨ ਹਨ, ਮਾਨਵਤਾ ਦੇ ਸਰੀਰ ਉਤੇ ਫੋੜੇ ਹਨ।

ਮਹੰਤ ਦੇ ਕੁਕਰਮਾ ਦਾ ਭਾਂਡਾ ਭਰਕੇ ਉਛਲ ਰਿਹਾ ਸੀ। ਉਸ ਦੇ ਅੰਤ ਦਾ ਵੇਲਾ ਨੇੜੇ ਆ ਰਿਹਾ ਸੀ।

'ਪਾਪੀ ਕੇ ਮਾਰਨੇ ਕੋ, ਪਾਪ ਮਹਾਂ ਬਲੀ ਹੈ।'

ਅਟਲ ਈਸ਼ਵਰੀ ਹੁਕਮ ਹੈ। ਵਡਾ ਪਾਪ ਉਸ ਨੇ ਕੀਤਾ ਕਿ ਮੀਰਾਂ ਮਾਈ ਦੀ ਭੈਣ ਸੁੱਖੀ ਵਲ ਧਿਆਨ ਕੀਤਾ। ਉਸ ਨੂੰ ਬਦਮਾਸ਼ਾਂ ਰਾਹੀਂ ਚੁਕਵਾ ਕੇ ਆਪਣੇ ਬੰਦੀ ਖਾਨੇ ਵਿਚ ਬੰਦ ਕੀਤਾ।

ਸੁਖੀ ਦੀ ਆਤਮਾ ਮਾਸੂਮ ਤੇ ਉਸ ਬਾਲਕ ਵਾਂਗ ਵਿਸ਼ਵਾਸ਼ੀ ਸੀ ਜਿਸ ਨੂੰ ਮਾਂ ਜੋ ਦਸਦੀ ਹੈ, ਉਹ ਉਸੇ ਨੂੰ 'ਸੱਚ' ਮੰਨ ਜਾਂਦਾ ਹੈ। ਸੰਤ ਸੇਵਕ ਸਿੰਘ ਦ੍ਰਿੜ ਕਰਵਾਇਆ ਸੀ, 'ਅਕਾਲ ਪੁਰਖ ਦੇਖਦਾ ਹੈ। ਅਤੇ ਸਤਿਗਰੂ ਸਦਾ ਆਪਣੇ ਸ਼ਰਧਾਲੂ ਦੇ ਅੰਗ ਸੰਗ ਰਹਿੰਦਾ ਹੈ. ਜੇ ਸ਼ੁਧ ਮਨ ਨਾਲ ਸਤਿਗੁਰੂ ਨੂੰ ਚੇਤੇ ਰਖਦੇ ਹਾਂ। ਸੁੱਖੀ ਨੂੰ ਇਸ ਮਹਾਂ ਵਾਕ ਤੇ ਪੂਰਨ ਭਰੋਸਾ ਸੀ –

ਸਤਿਗੁਰੁ ਪੂਰਾ ਮੇਰੈ ਨਾਲਿ॥

(ਸੋ: ਮ: ੫)



Sri Satguru Jagjit Singh Ji Elibrary NamdhariElibrary@gmail.com

ਸੁੱਖੀ ਨੇ ਮਹੰਤ ਨੂੰ ਲਲਕਾਰ ਕੇ ਆਖਿਆ ਸੀ—

'ਦੁਸ਼ਟਾ ! ਪਾਪੀਆ ! ਮੇਰੇ ਦਿਲ ਦਿਮਾਗ ਵਿਚ ਹਨੇਰਾ ਨਹੀਂ ਪ੍ਰਕਾਸ਼ ਹੈ। ਪ੍ਰਕਾਸ਼ ਬਖਸ਼ਿਆ ਮੇਰੇ ਸਤਿਗੁਰੂ ਨੇ ਮੈਨੂੰ—

ਗੁਰੁ ਪੂਰਾ ਭੇਟਿਓ ਵਡਭਾਗੀ, ਮਨਹਿ ਭਇਆ ਪਰਗਾਸਾ ॥

(ਸੋ: ਮ: ੫)

'ਤੈਨੂੰ ਜਿਹੜਾ ਪ੍ਰਕਾਸ਼ ਹੋਇਆ ਹੈ, ਅਸਲ ਵਿਚ ਉਹ ਹਨੇਰਾ ਹੈ। ਤੇਰੇ ਕੋਲ ਜਵਾਨੀ ਹੈ, ਸੁੰਦਰਤਾ ਹੈ। ਇਹ ਦੋਵੇਂ ਕੁਝ ਦਿਨਾਂ ਦੀ ਬਹਾਰ ਹੈ ਫਿਰ ਪਤਝੜ ਆਏਗੀ...ਮੈਂ ਤੈਨੂੰ ਪਿਆਰ ਕਰਦਾ ਹਾਂ। ਮੇਰੇ ਕੋਲ ਸੋਨਾ-ਚਾਂਦੀ ਹੈ। ਤੇਰੇ ਬਚਿਆਂ ਨੂੰ ਮਾਲਾ ਮਾਲ ਕਰ ਦਿਆਂਗਾ। ਖੁਲ੍ਹੀ ਐਸ਼ ਕਰੇਂਗੀ, ਮੈਂ ਚਾਦਰ ਪਾ ਕੇ ਪਤਨੀ ਬਣਾ ਲਵਾਂਗਾ, ਭਾਵੇਂ ਉਦਾਸੀਨ ਮੰਡਲ ਦੀ ਆਗਿਆ ਨਹੀਂ ਪਤਨੀ ਬਣਾ ਕੇ ਰਖਣ ਦੀ। ਪਰ ਮੈਂ ਰਖਾਂਗਾ।'

ਇਹ ਸੁਣਕੇ ਚੰਡੀ ਰੂਪ ਹੋ ਸੁੱਖੀ ਬੋਲੀ ਸੀ, 'ਕੁਕਰਮੀ, ਪਾਪੀ ਤੇਰੀ ਜ਼ਬਾਨ ਵਿਚ ਕੀੜੇ ਪੈਣ, ਉਚ ਤੇ ਪਵਿਤਰ ਸੰਤ ਮਾਰਗ ਉਦਾਸੀਨ ਮੰਡਲ ਦਾ ਨਾਂ ਕਿਉਂ ਲੈਂਦਾ ਹੈ ? ਮਾਯਾ ਵਡਿਆਈ ਨੇ ਤੇਰੀ ਬੁੱਧ ਭ੍ਰਿਸ਼ਟ ਕਰ ਦਿੱਤੀ। ਮੈਂ ਸੁਣਿਆ ਹੈ, ਉਦਾਸੀਨ ਮੰਡਲ ਦੇ ਬਾਨੀ ਸ੍ਰੀ ਚੰਦ ਜੀ ਮਹਾਰਾਜ ਤੇ ਬਾਬਾ ਗੁਰਦਿਤਾ ਜੀ ਸਨ। ਜਿਨ੍ਹਾਂ ਨੇ ਸਸਾਰ ਵਿਚ ਸਤਿਗੁਰੂ ਨਾਨਕ ਜੀ ਰਾਹੀਂ ਆਈ ਗਿਆਨ ਰੋਸ਼ਨੀ ਸੰਸਾਰ ਨੂੰ ਦੇਣ ਦਾ ਵਸੀਲਾ ਕਾਇਮ ਕੀਤਾ। ਤੈਨੂੰ ਕਿਸੇ ਵੀ ਨਹੀਂ ਬਖਸ਼ਣਾ।'

'ਹੋਸ਼ ਨਾਲ ਗਲ ਕਰ, ਜ਼ਬਾਨ ਨੂੰ ਕਾਬੂ ਰਖ। ਜੇ ਪਿਆਰ ਕਰਕੇ ਹਲੇਮੀ ਨਾਲ ਗਲ ਕਰਦਾ ਹਾਂ ਤਾਂ ਗੁੱਸੇ ਵਿਚ ਆ ਕੇ ਤੇਰਾ ਗਲ ਘੁਟ ਸਕਦਾ ਹਾਂ। ਤੇਰਾ ਧਰਮ...ਤੇਰਾ ਸਤ . ਤੈਨੂੰ ਨੰਗੀ ਕਰਕੇ ਚੌਰਾਹੇ ਵਿਚ ਖਲਿਆਰ ਸਕਦਾ ਹਾਂ...ਤੇਰੇ ਬੱਚੇ... ਮਾਂ, ਭੈਣ ਭਾਈ ਸਭ ਦਾ ਨਾਂ ਮਿਟਾ ਸਕਦਾ ਹਾਂ...ਮੈਂ ਲਿਹਾਜ



Sri Satguru Jagjit Singh Ji Elibrary NamdhariElibrary@gmail.com

ਕਰਦਾ ਰਿਹਾ ਕੇ ਆਪੇ ਮੰਨ ਜਾਏਂਗੀ। ਦੋਹਾਂ ਦੀ ਖੁਸ਼ੀ ਤੇ ਮਨ ਮਰਜ਼ੀ ਨਾਲ ਹੀ ਪਿਆਰ ਦਾ ਅਨੰਦ ਹੈ...ਸਖਤੀ ਕਰਨੀ ਮੈਂ ਜਾਣਦਾ ਹਾਂ...ਤੂੰ...।'

ਬੋਲਦਾ ਹੋਇਆ ਆਪਣੇ ਅਸਲੀ ਬਘਿਆੜ ਰੂਪ ਵਿਚ ਪ੍ਰਗਟ ਹੋ ਗਿਆ। ਉਸ ਨੇ ਕ੍ਰੋਧ ਨਾਲ ਆਪਣਾ ਸੱਜਾ ਭਾਰੀ ਹੱਥ ਉਠਾਇਆ ਤੇ ਸੁੱਖੀ ਦੇ ਮੂੰਹ ਉਤੇ ਦੋ ਚਪੇੜਾਂ ਪੂਰੇ ਜ਼ੋਰ ਨਾਲ ਮਾਰੀਆਂ, ਉਹ ਪਾਸੇ ਉਲਰ ਗਈ। ਉਸ ਦੇ ਹੱਥ ਬੰਨ੍ਹੇ ਸਨ, ਉਹ ਬੌਂਦਲ ਗਈ। ਫਿਰ ਵੀ ਉਸ ਨੇ ਰੋਹ ਭਰੀਆਂ ਅਖਾਂ ਨਾਲ ਚੰਡਾਲ ਵਲ ਦੇਖਿਆ।

'ਅਜ ਮੈਂ ਆਪਣੀ ਆਈ ਤੇ ਆਇਆ ਹਾਂ। ਅਗੇ ਮੈਂ ਬਹੁਤੀ ਪੀਤੀ ਹੁੰਦੀ ਸੀ – ਅਜ ਘਟ ਪੀਤੀ ਹੈ ..ਅਜ ਤੇਰੇ ਕੋਲੋਂ 'ਹਾ' ਕਰਾਉਣੀ ਹੈ । ਕੰਨਾਂ ਨੂੰ ਹੱਥ ਲਵਾਉਣੇ ਹਨ . ਤੇਰਾ ਧਰਮ...ਤੇਰਾ ਗੁਰੂ-ਪੀਰ ਦੇਖਣਾ ਹੈ...ਕਿਵੇਂ ਤੂੰ ਬਚਦੀ ਹੈਂ... ਤੈਨੂੰ ਸ਼ਰਾਬ ਵਿਚ ਨਹਾਉਣਾ ਹੈ . ਤੂੰ...।'

ਇਉਂ ਬੋਲਦਾ ਹੋਇਆ ਮਹੰਤ ਸਿਰ ਤੋਂ ਪੈਰਾਂ ਤਕ ਕੰਬਿਆ। ਉਹ ਪਾਗਲ ਹੋ ਗਿਆ, ਉਸ ਨੇ ਚਪੇੜਾਂ ਹੋਰ ਮਾਰੀਆਂ, ਉਹ ਮੂੰਹ ਭਾਰ ਹੋਈ ਤਾਂ ਮੁਕੀਆਂ ਮੌਰਾਂ ਵਿਚ ਮਾਰੀਆਂ।

'ਕੰਬਖਤ ਤਰਾ ।' ਉਸ ਨੇ ਆਪਣੇ ਖੱਬੇ ਹੱਥ ਦੀਆਂ ਉਂਗਲਾਂ ਗਲੇ ਕੋਲੋਂ ਸੁਖੀ ਦੇ ਕੁੜਤੇ ਵਿਚ ਉੜਾਈਆਂ। ਕੁੜਤਾ ਪਾੜਕੇ ਲੀਰਾਂ ਕਰਨ ਦੀ ਮੰਦੀ ਨੀਤ ਧਾਰੀ। 'ਤੇਰੇ ਸਾਰੇ ਲੀੜੇ ਪਾੜ ਸੁਟਣੇ ਹਨ . ।'

'ਮਹਾਰਾਜ ਜੀ ! ਆਪਣੀ ਪੁਤਰੀ ਨੂੰ ਬਚਾਉ ! ਆਪ ਦਾ ਆਸਰਾ !' ਇਕ ਡਾਡ ਦੇ ਰੂਪ ਵਿਚ ਸੁਖੀ ਨੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੂੰ ਆਵਾਜ਼ ਦਿਤੀ।

'ਤੇਰਾ ਮਹਾਰਾਜ ਏਥੇ ਨਹੀਂ ਪੁੱਜ ਸਕਦਾ.. ਏਥੇ ਮੈਂ ਹਾਂ..... ਮੈਂ।'

'ਤੱਤੇ ਥੰਮ੍ਹ ਨੂੰ ਪਾੜਕੇ ਵੀ ਮਹਾਰਾਜ ਆਏ ਸਨ।



Sri Satguru Jagjit Singh Ji Elibrary NamdhariElibrary@gmail.com

ਹਰਨਾਕਸ਼ ਨੂੰ ਮਾਰਿਆ ਸੀ...ਤੂੰ ਮੈਨੂੰ ਨਗਨ ਨਹੀਂ ਕਰ ਸਕਦਾ... ਦੁਸ਼ਟ ਪਾਪੀ ..।' ਬੜੇ ਜੋਸ਼ ਨਾਲ ਆਖਕੇ ਸੁਖੀ ਨੇ ਜਿਉਂ ਹੀ ਆਪਣਾ ਸਾਰਾ ਸਰੀਰ ਉਛਾਲਿਆ ਤਾਂ ਉਸ ਦੇ ਸਜੇ ਹੱਥ ਦਾ ਰੱਸਾ ਟੁੱਟ ਗਿਆ। ਜ਼ਖਮੀ ਹੋਈ ਸ਼ੇਰਨੀ ਵਾਂਗ ਉਛਲੀ ... ਉਸ ਨੇ ਮਹੰਤ ਨੂੰ ਲਤ ਮਾਰੀ। ਲਤ ਢਿਡ ਵਿਚ ਵਜੀ, ਉਹ ਡਿਗ ਪਿਆ।

ਮਹੰਤ ਦੇ ਉਠਣ ਤੋਂ ਪਹਿਲਾਂ ਉਸ ਨੇ ਰੱਸਾ ਖੋਲ੍ਹਣ ਦਾ ਜਤਨ ਕੀਤਾ। ਗੰਢਾਂ ਪੀਚੀਆਂ ਸਨ, ਮੁਸ਼ਕਲ ਨਾਲ ਇਕ ਗੰਢ ਖੋਲ੍ਹੀ ਤਾਂ ਮਹੰਤ ਮੁੜ ਉਠ ਖਲੋਤਾ।

ਦੁਪਹਿਰ ਦਾ ਵੇਲਾ ਸੀ। ਕੋਠੇ ਵਿਚ ਬਹੁਤਾ ਹਨੇਰਾ ਨਹੀਂ ਸੀ, 'ਤੇਰੀ ਇਹ ਹਿੰਮਤ . ਤੇਰੇ ਹੁਣੇ ਟੋਟੇ ਕਰਦਾ ਹਾਂ।...ਟੋਟੇ .. ਜਿਵੇਂ ਤੇਰੇ ਵਰਗੀਆਂ ਕਈਆਂ ਦੇ ਟੋਟੇ ਕੀਤੇ ਹਨ। ਲਹੂ ਲਿਬੜੀ ਉਹੋ ਤਲਵਾਰ..।' ਮਹੰਤ ਨੇ ਆਖਿਆ ਤੇ ਕੋਠੇ ਦੀ ਛਤ ਵਲ ਦੇਖਣ ਲੱਗਾ।

ਕੋਠੇ ਉਤੇ ਵਡੀ ਟਾਹਲੀ ਦਾ ਪੂਰਾ ਤਣਾ ਹੀ ਸ਼ਤੀਰ ਸੀ। ਉਸ ਸ਼ਤੀਰ ਉਤੇ ਕੜੀਆਂ ਰਖਕੇ ਫਟਿਆਂ ਦੀ ਛਤ ਸੀ। ਸ਼ਤੀਰ ਵਿਚ ਤਲਵਾਰ ਟੰਗੀ ਸੀ, ਬਿਨਾਂ ਮਿਆਨ ਤੋਂ.. ਲਹੂ ਦੇ ਦਾਗ ਵਾਲੀ...ਇਹ ਝੂਠ ਨਹੀਂ ਸੀ, ਉਸ ਤਲਵਾਰ ਨਾਲ ਤਿੰਨ ਪਾਕ-ਦਾਮਨ ਨਾਰੀਆਂ ਨੂੰ ਕਤਲ ਕੀਤਾ ਸੀ। ਉਹ ਕੋਠਾ ਕਤਲਗਾਹ ਸੀ। ਉਸ ਵੇਲੇ ਦੇ ਚੰਦਰੇ ਜਗੀਰਦਾਰਾਂ ਤੇ ਮਹੰਤਾਂ ਨੂੰ ਕੋਈ ਨਹੀਂ ਸੀ ਪੁਛਦਾ। ਸਭ ਮਹੰਤ ਨਰਾਇਣ ਨਨਕਾਣਾ ਸਾਹਿਬ ਵਾਲੇ ਦੇ ਪਿਤਾ ਬਾਬੇ ਸਨ, ਨਵੀਂ ਆਈ ਸਰਕਾਰ ਦੇ ਚਿਮਚੇ।

ਉਹ ਤਲਵਾਰ ਮੰਜੇ ਉਤੇ ਖਲੋਕੇ ਹੀ ਖਿਚੀ ਜਾ ਸਕਦੀ ਸੀ। ਜਦੋਂ ਮਹੰਤ ਨੇ ਸ਼ਤੀਰ ਵਲ ਤਕਿਆ ਤੇ ਤਲਵਾਰ ਦਾ ਨਾਂ ਲਿਆ ਤਾਂ ਸੁਖੀ ਨੇ ਉਪਰ ਦੇਖਿਆ। ਤਲਵਾਰ ਦੀ ਮੁੱਠ ਦਿਸੀ, ਉਹ ਆਪ ਉਸ ਤਲਵਾਰ ਨੂੰ ਫੜਨ ਲਈ ਉਛਲੀ ਪਰ ਹੱਥ ਦਾ



Sri Satguru Jagjit Singh Ji Elibrary NamdhariElibrary@gmail.com

ਰਸਾ ਢਿਲਾ ਨਾ ਹੋਇਆ। ਗੰਢ ਪੀਚਵੀਂ ਸੀ।

ਮਹੰਤ ਨੇ ਮੰਜੇ ਉਤੇ ਖਲੋਣ ਦਾ ਜਤਨ ਕੀਤਾ, ਪਰ ਉਹ ਸਫਲ ਨਾ ਹੋਇਆ। ਸੁਖੀ ਨੇ ਲਤ ਮਾਰੀ, ਉਸ ਨੇ ਟੁਟੇ ਰਸੇ ਨੂੰ ਫੜਕੇ ਤੇ ਸੁਖੀ ਨੂੰ ਨੱਪਕੇ ਮੁੜ ਬੰਨ੍ਹਣ ਦਾ ਜਤਨ ਕੀਤਾ, ਪਰ ਸੁੱਖੀ ਚੰਡੀ ਦਾ ਰੂਪ ਸੀ। ਉਸ ਦੇ ਦੰਦ, ਸਿਰ ਲਤਾਂ ਧੜ ਤੇ ਇਕ ਹੱਥ ਕ੍ਰੋਧ ਮਈ ਹਰਕਤ ਵਿਚ ਸਨ। ਉਸ ਦਾ ਚਿਹਰਾ ਲਾਲ ਹੋ ਗਿਆ ਤੇ ਅੱਖਾਂ ਬਲਣ ਲਗ ਪਈਆਂ।

ਜ਼ਿੰਦਗੀ ਤੇ ਮੌਤ ਦਾ ਸੰਗ੍ਰਾਮ ਵੀ ਅਸਚਰਜ ਹੁੰਦਾ ਹੈ। ਜੇ ਹੌਂਸਲਾ ਹੋਏ ਤਾਂ ਮੌਤ ਪਿਛੇ ਹਟਦੀ ਨਜ਼ਰ ਆਉਂਦੀ ਹੈ, ਜੇ ਕਾਇਰਤਾ ਭੈ ਦਾ ਅਸਰ ਹੋ ਜਾਏ ਤਾਂ ਮੌਤ ਹਿੱਕ ਉਤੇ ਚੜ੍ਹ ਖਲੋਤੀ ਦਿਖਾਈ ਦਿੰਦੀ ਹੈ। ਸੁੱਖੀ ਨੂੰ ਬੜਾ ਭਰੋਸਾ ਸੀ ਕਿ ਸਤਿਗੁਰੂ ਜੀ ਬੰਧਨ ਕਟਣਗੇ। ਉਸਨੇ ਮਹੰਤ ਨੂੰ ਰੱਸਾ ਨਾ ਬੰਨ੍ਹਣ ਦਿੱਤਾ।— ਤਲਵਾਰ ਤਕ ਉਸ ਦਾ ਹੱਥ ਪੁੱਜਣਾ ਤਾਂ ਅਸੰਭਵ ਸੀ।

ਮਹੰਤ ਨੇ ਦੋਹਾਂ ਹੱਥਾਂ ਨਾਲ ਗਲਾ ਦਬਾ ਕੇ ਸੁੱਖੀ ਨੂੰ ਆਪਣੇ ਸਰੀਰ ਦੇ ਭਾਰ ਨਾਲ ਨਪਣਾ ਚਾਹਿਆ। ਪਰ ਉਹ ਸਫਲ ਨਾ ਹੋਇਆ, ਗਲ ਨੂੰ ਹੱਥ ਪਾਉਣ ਲਗਾ ਤਾਂ ਸੁਖੀ ਨੇ ਉਸ ਦੀ ਬਾਂਹ ਉਤੇ ਜ਼ੋਰ ਨਾਲ ਦੰਦਾਂ ਨਾਲ ਚੱਕ ਵਢਿਆ। ਮਹੰਤ ਦਾ ਹੱਥ ਢਿਲਾ ਹੋ ਗਿਆ।

'ਦੁਸ਼ਟਾ! ਪਾਪੀਆ...ਮੈਨੂੰ ਛਡਦੇ...ਨਹੀਂ ਤੇ ਤੈਨੂੰ ਕਰਮਾਂ ਦਾ ਕੌੜਾ ਫਲ ਖਾਣਾ ਪਵੇਗਾ.!' ਸੁੱਖੀ ਹੋਰ ਹੌਂਸਲੇ ਨਾਲ ਬੋਲੀ, ਜਿਵੇਂ ਉਸ ਦੇ ਸਰੀਰ ਵਿਚ ਨਵਾਂ ਜੋਸ਼ ਆਉਂਦਾ ਜਾਂਦਾ ਸੀ। 'ਸਤਿਗੁਰੂ ਜੀ ਸਹਾਈ ਹੋਣਗੇ।' ਉਸ ਦੀ ਆਤਮਾ ਵਿਸ਼ਵਾਸ਼ ਕਰੀ ਜਾ ਰਹੀ ਸੀ।

ਦੁਸ਼ਟ ਮਹੰਤ ਸ਼ੈਤਾਨ ਦਾ ਰੂਪ ਬਣ ਚੁੱਕਿਆ ਸੀ। ਉਸ ਦਾ ਮੂੰਹ ਸੁੱਖੀ ਦੇ ਮੂੰਹ ਬਰਾਬਰ ਸੀ। ਉਸ ਦੇ ਚੰਦਰੇ ਮਨ ਚੰਦਰਾ ਵਿਚਾਰ ਆਇਆ ਕਿ ਸੁੱਖੀ ਦੇ ਪਵਿਤਰ ਮੂੰਹ ਨੂੰ ਅਪਵਿਤਰ ਕਰੇ



Sri Satguru Jagjit Singh Ji Elibrary NamdhariElibrary@gmail.com

ਤੇ ਉਸ ਦੇ ਚੱਕ ਵਢੇ ਦਾ ਬਦਲਾ ਲਵੇ। ਅਜੇ ਖਿਆਲ ਆਇਆ ਸੀ ਕਿ ਸੁਖੀ ਦਾ ਮਨ ਪਹਿਲਾਂ ਜਾਣ ਗਿਆ, ਉਸ ਨੇ ਸਿਰ ਚੁੱਕ ਕੇ ਮੱਥਾ ਉਸ ਦੇ ਨੱਕ ਉਤੇ ਜ਼ੋਰ ਨਾਲ ਮਾਰਿਆ। ਐਨੀ ਟਕਰ ਵਜੀ ਕਿ ਉਹ ਪੀੜ ਨਾਲ ਕੰਬ ਗਿਆ। ਉਸ ਦੇ ਸਿਰ ਨੂੰ ਚੱਕਰ ਆਇਆ, ਅਖਾਂ ਅਗੇ ਭੇਲਾ, ਉਸ ਦੇ ਹੱਥ ਢਿਲੇ ਹੋ ਗਏ।

ਸੁਖੀ ਨੂੰ ਇਉਂ ਮਾਲੂਮ ਹੋਇਆ ਜਿਵੇਂ ਕੋਈ ਅਨਦਿਸ ਸ਼ਕਤੀ ਉਸ ਦੇ ਕੰਨਾਂ ਵਿਚ ਆਖ ਰਹੀ ਸੀ, 'ਇਕ ਟਕਰ ਹੋਰ ਮਾਰ . ਸਰੀਰ ਵਿਚ ਹਿੰਮਤ ਲਿਆ ਤੂੰ ਨਾਰੀ ਹੈਂ– ਤੈਨੂੰ ਦੁਰਗਾ ਆਖਿਆ ਜਾਂਦਾ ਹੈ। ਦਿਲ ਨਾ ਛਡ...।'

ਸੁਖੀ ਨੇ ਇਕ ਟਕਰ ਹੋਰ ਮਾਰੀ ਤੇ ਸਰੀਰ ਦਾ ਸਾਰਾ ਬਲ ਇੱਕਠਾ ਕਰਕੇ ਐਸਾ ਹਮਲਾ ਮਾਰਿਆ ਕਿ ਦੁਸ਼ਟ ਮਹੰਤ ਮੰਜੇ ਤੋਂ ਹੇਠਾਂ ਡਿਗ ਪਿਆ। ਉਸ ਦੀਆਂ ਨਾਸਾਂ ਵਿਚੋਂ ਲਹੂ ਵੱਗ ਪਿਆ, ਸੁਖੀ ਉਸ ਵਲ ਦੇਖਣ ਲੱਗੀ ਤਾਂ ਅਨੋਖਾ ਕੌਤਕ ਹੋਇਆ । ਕਮਰੇ ਵਿਚ ਇਕ ਪਤਲੀ ਚਾਨਣ ਦੀ ਲਹਿਰ ਦਰਵਾਜ਼ੇ ਵਲੋਂ ਆਈ ਤੇ ਕਮਰੇ ਵਿਚ.. ਉਹ ਜੋਤ ਦਾ ਰੂਪ ਧਾਰਨ ਕਰਕੇ ਫਿਰੀ। ਸੁਖੀ ਤੇ ਮਹੰਤ ਦੇ ਉਤੋਂ ਦੀ ਹੋਕੇ ਅਲੋਪ ਹੋ ਗਈ। 'ਸਤਿਨਾਮ ਵਾਹਿਗੁਰੂ ਵਾਹਿਗੁਰੂ!' ਸੁਖੀ ਦੀ ਜ਼ਬਾਨੋਂ ਸ਼ਬਦ ਸੁਤੇ ਸਿਧ ਹੀ ਉਚਾਰਿਆ ਗਿਆ।

ਜੋਤ ਅਲੋਪ ਹੋ ਗਈ। ਸੁੱਖੀ ਉਸ ਜੋਤ ਨੂੰ ਮੁੜ ਲਭਣ ਲਈ ਛਤ ਵਲ ਤਕਿਆ ਹੀ ਸੀ ਕਿ ਛਤ ਦੇ ਸ਼ਤੀਰ ਵਿਚ ਅੜੀ ਤਲਵਾਰ ਉਸ ਦੇ ਕੋਲ ਮੰਜੇ ਉਤੇ ਡਿਗ ਪਈ। ਉਸ ਨੂੰ ਕੋਈ ਚੋਟ ਨਾ ਲੱਗੀ, ਉਸ ਨੇ ਉਹ ਤਲਵਾਰ ਫੜਕੇ ਆਪਣੇ ਦੂਸਰੇ ਹੱਥ ਦਾ ਰੱਸਾ ਕਟ ਲਿਆ ਤੇ ਬਾਣੀ ਦੀ ਤੁਕ ਚੇਤੇ ਆਈ—

ਸਤਿਗੁਰੁ ਸਿਖ ਕੇ ਬੰਧਨ ਕਾਟੈ ॥

'ਸਤਿਗੁਰੂ ਜੀ! ਆਪ ਦੀ ਪੁੱਤਰੀ ਲੱਖ ਲਖ ਧੰਨਵਾਦ ਕਰਦੀ ਹੈ...ਧੰਨ ਹੋ...ਦਾਤਾ ਜ.ਉ, ਗਰੀਬ ਤੇ ਅਬਲਾ ਦੇ ਰਾਖੇ...



Sri Satguru Jagjit Singh Ji Elibrary NamdhariElibrary@gmail.com

ਮੇਰੇ ਬੰਧਨ ਕਟੇ, ਮੇਰਾ ਧਰਮ ਬਚਾਇਆ।' ਮਨ ਹੀ ਮਨ ਸਤਿਗੁਰੂ ਮਹਾਰਾਜ ਦਾ ਧੰਨਵਾਦ ਕਰਦੀ ਸੁਖੀ ਉਠੀ। ਮਹੰਤ ਬੇਹੋਸ਼ ਹੋ ਗਿਆ ਸੀ, ਉਸ ਦੀਆਂ ਨਾਸਾਂ ਵਿਚੋਂ ਲਹੂ ਵਗੀ ਜਾਂਦਾ ਸੀ। ਪਾਪੀ ਲਾਸ਼ ਵਾਂਗ ਪਿਆ ਸੀ।

ਸੁਖੀ ਕੋਠੇ ਤੋਂ ਬਾਹਰ ਹੋਈ। ਉਸ ਨੇ ਦਰਵਾਜ਼ਾ ਬੰਦ ਕੀਤਾ, ਕੁੰਡਾ ਬਾਹਰੋਂ ਮਾਰਿਆ ਤੇ ਪਉੜੀਆਂ ਚੜ੍ਹਨ ਲਗੀ। ਉਪਰਲੀ ਛਤੇ ਜਾ ਕੇ ਹੀ ਉਸ ਨੂੰ ਰਸਤਾ ਲਭਣਾ ਸੀ। ਰੰਗੀ ਰਾਮ ਦਾ ਉਸ ਨੂੰ ਡਰ ਨਹੀਂ ਸੀ। ਡੇਰੇ ਦਾ ਕੋਈ ਵੀ ਬੰਦਾ ਉਸ ਨੂੰ ਰੋਕ ਨਹੀਂ ਸੀ ਸਕਦਾ।

ਉਹ ਪਉੜੀਆਂ ਚੜ੍ਹਕੇ ਉਪਰ ਗਈ ਤਾਂ ਹੈਰਾਨੀ ਦੇ ਲਹਿਜੇ ਵਿਚ ਖੁਸ਼ ਹੋ ਗਈ। ਰੰਗੀ ਰਾਮ ਦੀ ਥਾਂ ਉਸ ਨੂੰ ਸੰਤ ਸੇਵਕ ਸਿੰਘ ਛਤ ਤੇ ਖਲੋਤਾ ਹੋਇਆ ਦਿਖਾਈ ਦਿੱਤਾ।

'ਬਾਬਾ ਜੀ!' ਸੁਖੀ ਦੀ ਜ਼ਬਾਨੋਂ ਸ਼ਬਦ ਨਿਕਲਿਆ। ਖੁਸ਼ੀ ਵਿਚ ਥਰਥਰਾਈ, ਅੱਖਾਂ ਵਿਚ ਹੰਝੂ ਡਲ੍ਹਕੇ।

'ਸੁੱਖੀ! . ਤੁਸੀਂ.. ਮੈਂ ਤਾਂ ਤੁਸਾਂ ਨੂੰ ਲਭਣ ਆਇਆ। ਕੁਝ ਪਤਾ ਨਹੀਂ ਸੀ ਲਗਦਾ ਤੁਸੀਂ ਕਿਥੇ ਸੀ।' ਇਹ ਆਖਦੇ ਹੋਏ ਸੰਤ ਜੀ ਅਗੇ ਹੋਏ, ਸੁੱਖੀ ਨੇ ਉਸ ਦੇ ਪੈਰਾਂ ਤੇ ਹੱਥ ਲਾਉਣਾ ਚਾਹਿਆ, ਪਰ ਸੰਤ ਜੀ ਨੇ ਰਕ ਲਿਆ...।

'ਜਲਦੀ ਚਲੀਏ...ਗੁਰੂ (ਰਾਮ ਸਿੰਘ) ਜੀ ਆ ਗਏ। ਕਕ੍ਹੜੀਂ ਬਰਾਜੇ ਹਨ। ਦਰਸ਼ਨ ਕਰੀਏ...ਆਉ!

ਸੰਤ ਸੇਵਕ ਸਿੰਘ ਅਗੇ ਤੁਰਿਆ। ਉਸ ਦੇ ਪਿਛੇ ਸੁੱਖੀ ਦੋਵੇਂ ਪਉੜੀਆਂ ਉਤਰ ਕੇ ਉਸ ਵਿਹੜੇ ਵਿਚ ਗਏ ਜਿਥੇ ਮਹੰਤ ਦੀਆਂ ਘੋੜੀਆਂ ਬੱਝੀਆਂ ਸਨ। ਉਥੇ ਹੀ ਸੇਵਕ ਸਿੰਘ ਆਪਣੀ ਘੋੜੀ ਖਲਿਆਰ ਗਿਆ ਸੀ।

ਦੋਵੇਂ ਇਕ ਘੋੜੀ ਉਤੇ ਸਵਾਰ ਹੋ ਕੇ ਗੁਰੂ ਸਰ ਦੇ ਅਹਾਤੇ ਵਿਚੋਂ ਨਿਕਲਕੇ ਕੁਰਾਹੇ ਹੀ ਕਕੜ ਪਿੰਡ ਵਲ ਚਲ ਪਏ।



Sri Satguru Jagjit Singh Ji Elibrary NamdhariElibrary@gmail.com

# ਚੌਦਾਂ

'ਮਹੰਤ ਛਬੀਲ ਦਾਸ ਮਰ ਗਿਆ। ਗੁਰੂ ਸਰ ਦੀ ਮਹੰਤ ਹਵੇਲੀ ਦੇ ਇਕ ਕੋਠੇ ਵਿਚੋਂ ਲਾਸ਼ ਮਿਲੀ।'

ਇਹ ਖਬਰ ਗੁਰੂ ਸਰ ਤੋਂ ਉਡੀ ਕਿਲ੍ਹੇ ਦੇ ਸਰਦਾਰ ਬੇਲਾ ਸਿੰਘ ਸਰਕਾਰੀਏ ਕੋਲ ਗਈ, ਉਥੋਂ ਪੁਲੀਸ ਥਾਨੇ ਵਿਚ ਆਏ ਚੌਂਕੀਦਾਰਾਂ ਤੇ ਨੰਬਰਦਾਰਾਂ ਰਾਹੀਂ ਬਾਹਰੇ ਦੇ ਪਿੰਡਾਂ ਵਿਚ ਖਿਲਰ ਗਈ। ਠੱਠੇ ਪਿੰਡ ਵਿਚ ਖਬਰ ਨੂੰ ਲੈਕੇ ਗਿਆ ਝੰਡਾ ਸਿੰਘ ਜਿਹੜਾ ਬੇਲਾ ਸਿੰਘ ਕੋਲ ਬੈਠਾ ਸੀ, ਜਦੋਂ ਖਬਰ ਉਸ ਕੋਲ ਲੈਕੇ ਮਹੰਤ ਦਾ ਇਕ ਸੇਵਾਦਾਰ ਚੇਲਾ ਲੈਕੇ ਗਿਆ ਸੀ। ਝੰਡਾ ਸਿੰਘ ਨੇ ਸੂਰਜੂ ਨੂੰ ਦਸਿਆ ਤੇ ਸੂਰਜੂ ਕੋਲੋਂ ਸੁਣਿਆ ਤੇਜੋ ਤੇ ਉਹ ਧਾਹੀਂ ਮਾਰਕੇ ਰੋਣ ਲਗ ਪਈ ਜਿਵੇਂ ਕੋਈ ਉਸ ਦਾ ਆਪਣਾ ਮਾਰਿਆ ਗਿਆ ਸੀ। ਉਸ ਦੇ ਰੋਣ ਨੇ ਸਾਰੇ ਪਿੰਡ ਵਿਚ ਖਬਰ ਕਰ ਦਿੱਤੀ 'ਗੁਰੂ ਸਰ ਦਾ ਮਹੰਤ ਛਬੀਲ ਦਾਸ ਮਰ ਗਿਆ।'

ਬੇਲਾ ਸਿੰਘ ਥਾਨੇ ਤੋਂ ਕਰਮ ਅਲੀ ਤੇ ਕੁਝ ਸਿਪਾਹੀ ਲੈਕੇ ਗੁਰੂ ਸਰ ਪੁੱਜਿਆ। ਉਥੇ ਜਾ ਕੇ ਪਤਾ ਲੱਗਾ ਕਿ ਮਹੰਤ ਨੂੰ ਕਤਲ ਕਰਨ ਕਰਨ ਵਾਲੀ ਅਧ-ਖੜ ਉਮਰ ਦੀ ਔਰਤ ਕਿਸੇ



Sri Satguru Jagjit Singh Ji Elibrary NamdhariElibrary@gmail.com

ਸੀ। ਜਿਸ ਦੇ ਲੀੜੇ ਅਧੋ-ਰਾਣੇ, ਇਕ ਦੋ ਥਾਵਾਂ ਤੋਂ ਪਾਟੇ, ਸਿਰ ਦੇ ਵਾਲ ਖਿਲਰੇ ਕਮੀਜ਼ ਨੂੰ ਲਗੇ ਲਹੂ ਦੇ ਨਿਸ਼ਾਨ ਅਤੇ ਲਹੂ ਲਿਬੜਿਆ ਟਕੂਆ ਉਸ ਦੇ ਹੱਥ ਵਿਚ ਸੀ।

'ਇਹ ਔਰਤ ਹੈ।' ਇਕ ਕਾਮੇ ਨੇ ਬੇਲਾ ਸਿੰਘ ਨੂੰ ਦਸਿਆ, 'ਜਿਹੜੀ ਰੌਲਾ ਪਾਉਂਦੀ ਹੋਈ ਮਹੰਤ ਦੇ ਚਬਾਰੇ ਵਿਚੋਂ ਸ਼ਾਮੀਂ ਨਿਕਲੀ ਤੇ ਇਸ ਨੇ ਆਖਿਆ, 'ਸੁਣ ਲਉ ਸੁਣਨ ਵਾਲਿਓ ਵੈਲੀ ਮਹੰਤ ਮਾਰ ਦਿੱਤਾ। ਮਰ ਗਿਆ।'

'ਤੂੰ ਮਹੰਤ ਨੂੰ ਮਾਰਿਆ?' ਬੇਲਾ ਸਿੰਘ ਨੇ ਪੁਛਿਆ।

'ਹਾਂ, ਮੈਂ ਮਾਰਿਆ ਤਿੰਨ-ਚਾਰ ਟਕੂਏ ਮਾਰ ਉਠਿਆ ਨਾ...' ਉਸ ਔਰਤ ਕਿਸੋ ਨੇ ਨਿਰਭੈਤਾ ਨਾਲ ਉਤਰ ਦਿੱਤਾ।

'ਕਿਉਂ ਮਾਰਿਆ?'

'ਕਿਉਂ ਮਾਰਿਆ...? ਮੈਨੂੰ ਪੁਛਦਾ ਹੈਂ ਸਰਦਾਰਾ? ਤੈਨੂੰ ਨਹੀਂ ਪਤਾ...ਮੇਰੀ ਕੁਆਰੀ ਲੜਕੀ ਦਾ ਜੀਵਨ ਬਰਬਾਦ ਕਰਕੇ...ਉਸ ਨੂੰ ਮਾਰਕੇ ਰਾਵੀ ਵਿਚ ਸੁੱਟਿਆ? ਤੂੰ ਵੀ ਤਾਂ ਖੂਨੀ, ਦੁਰਾਚਾਰੀ...।' ਕਿਸੋ ਨੇ ਲਾਲ ਅਖਾਂ ਕਰਕੇ ਬੇਲਾ ਸਿੰਘ ਨੂੰ ਉਤਰ ਦਿੱਤਾ। 'ਤੂੰ ਵੀ ਏਸੇ ਤਰ੍ਹਾਂ ਹੀ ਕੁੱਤੇ ਦੀ ਮੌਤ ਮਰੇਂਗਾ। ਜਾਉ ਦੇਖੋ ਮਹੰਤ ਮਾਰਿਆ ਪਿਆ ਹੈ।'

ਕਰਮ ਅਲੀ, ਸਿਪਾਹੀ ਅਤੇ ਕੋਲ ਖਲੋਤੇ ਹੈਰਾਨ ਹੋਏ। ਬੇਲਾ ਸਿੰਘ ਕੁਝ ਝੇਪ ਗਿਆ।

ਦਰਵਾਜ਼ੇ ਖੋਲ੍ਹੇ ਗਏ। ਕਿਸੋ ਦੇ ਪੁਲੀਸ ਵਾਲਿਆਂ ਨੇ ਹਰਾਸਤ ਵਿਚ ਲੈ ਲਿਆ ਤੇ ਉਸ ਕੋਠੇ ਵਿਚ ਪੁੱਜੇ ਜਿਸ ਵਿਚ ਮਹੰਤ ਮੋਇਆ ਪਿਆ ਸੀ। ਉਸ ਦੇ ਸਿਰ ਧੌਣ ਅਤੇ ਮੌਰਾਂ ਵਿਚ ਜ਼ਖਮ ਸਨ। ਉਸੇ ਦੇ ਲਹੂ ਨਾਲ ਉਸ ਦੇ ਲੀੜੇ ਲਾਲ ਰੰਗੇ ਸਨ।... ਮੰਜੇ ਵਲ ਦੇਖਿਆ, ਕਟਿਆ ਰੱਸਾ ਸੀ। ਮੰਜੇ ਉਤੇ ਜਗਾਲੀ ਪੁਰਾਣੀ ਤਲਵਾਰ ਪਈ ਸੀ—ਜਿਹੜੀ ਛਤ ਤੋਂ ਡਿਗੀ ਸੀ। ਉਸ ਰਸੇ ਦੇ ਹਿਸਿਆਂ ਤੋਂ ਪ੍ਰਤੀਤ ਹੁੰਦਾ ਸੀ ਕਿਸੇ ਨੂੰ ਬੰਨ੍ਹਕੇ



Sri Satguru Jagjit Singh Ji Elibrary NamdhariElibrary@gmail.com

ਰਖਿਆ ਗਿਆ ਸੀ। ਉਸ ਰਸੇ ਦੇ ਭੇਤ ਨੂੰ ਬੇਲਾ ਸਿੰਘ ਸਮਝ ਗਿਆ ਸੀ, ਪਰ ਉਸ ਨੇ ਕੋਈ ਗਲ ਨਾ ਕੀਤੀ। ਮਹੰਤ ਦੀ ਲਾਸ਼ ਨੂੰ ਚੁਕਵਾ ਕੇ ਮੰਜੇ ਉਤੇ ਰਖਿਆ ਗਿਆ।

ਬੇਲਾ ਸਿੰਘ ਨੇ ਕਰਮ ਅਲੀ ਨਾਲ ਗਲ ਕੀਤੀ।

'ਲਾਸ਼ ਸ਼ਹਿਰ ਨਾ ਭੇਜੀ ਜਾਏ।'

'ਇਹ ਤਾਂ ਭੇਜਣੀ ਪਵੇਗੀ। ਡਾਕਟਰ ਕੋਲੋਂ ਰਿਪੋਰਟ ਲੈਣੀ ਹੋਏਗੀ ਕੋਈ ਸ਼ਕਾਇਤ ਕਰ ਦੇਵੇਗਾ।' ਕਰਮ ਅਲੀ ਨੇ ਉਤਰ ਦਿੱਤਾ।

'ਮਾਮਲਾ ਠਪਿਆ ਜਾਣਾ ਠੀਕ ਹੈ ਪਾਗਲ ਔਰਤ ਨੇ ਕਤਲ ਕੀਤਾ ਹੈ ਇਸ ਔਰਤ ਦਾ ਕੋਈ ਵਾਰਸ ਨਹੀਂ ਪਤਾ ਨਹੀਂ ਬਿਆਨ ਦੇਣ ਲਗੀ ਕੀ ਕੁਝ ਬੋਲ ਜਾਏ।'

'ਲਾਸ਼ ਤਾਂ ਹਸਪਤਾਲ ਜਾਏਗੀ ਇਹ ਹੋ ਸਕਦਾ ਹੈ . ਕਾਤਲ ਕੌਣ ਹੈ, ਇਹ ਨਹੀਂ ਪ੍ਰਗਟ ਕਰਦੇ। ਸਾਹਬ ਬਹਾਦਰ (ਟੋਟੋਨੀ) ਲਾਹੌਰੋਂ ਆ ਜਾਏਗਾ, ਉਸ ਨਾਲ ਸਲਾਹ ਕਰਕੇ ਅਗਲਾ ਕਦਮ ਪੁੱਟਾਂਗੇ।

'ਚਲੋ ਐਸੇ ਹੀ ਸਹੀ।'

'ਰੰਗੀ ਰਾਮ ਕਿਥੇ ਹੈ ?' ਕਰਮ ਅਲੀ ਨੇ ਪੁੱਛਿਆ, 'ਉਹ ਤਾਂ ਜਾਣਦਾ ਹੋਏਗਾ ਰਾਤ ਏਥੇ ਕੌਣ ਸੀ ? ਇਸ ਔਰਤ ਨੂੰ ਜਾਣਦਾ ਜਾਂ ਨਹੀਂ ?'

ਬੇਲਾ ਸਿੰਘ ਨੇ ਰੰਗੀ ਰਾਮ ਬਾਬਤ ਪੁਛਿਆ।

'ਉਹ ਤਾਂ ਸਵੇਰ ਦਾ ਦੇਖਿਆ ਨਹੀਂ, ਪਤਾ ਨਹੀਂ ਕਿਧਰ ਗਿਆ ?'

'ਗਿਆ—...ਨਸ ਗਿਆ.. ਇਸ ਦਾ ਮਤਲਬ.. ਰੰਗੀ ਰਾਮ...।' ਬੇਲਾ ਸਿਘ ਕੁਝ ਘਬਰਾ ਕੇ ਬੋਲਿਆ। ਉਹ ਪੂਰੀ ਗਲ ਨਾ ਕਰ ਸਕਿਆ ਤੇ ਕਰਮ ਅਲੀ ਨੂੰ ਇਸ਼ਾਰਾ ਕਰਕੇ ਮਹੰਤ ਦੇ ਖਾਸ ਰਹਾਇਸ਼ੀ ਕਮਰੇ ਵਲ ਚਲਿਆ ਗਿਆ। ਸਾਰੇ ਹੈਰਾਨ ਹੋਏ



Sri Satguru Jagjit Singh Ji Elibrary NamdhariElibrary@gmail.com

ਕੇ ਮਾਮਲਾ ਕੀ ਸੀ ?

ਮਹੰਤ ਦੇ ਖਾਸ ਕਮਰੇ ਦਾ ਜਿੰਦਰਾ ਖੁਲ੍ਹਾ ਸੀ ਤੇ ਦਰਵਾਜ਼ਾ ਢੁੱਕਿਆ ਹੋਇਆ। ਬੇਲਾ ਸਿੰਘ ਨੇ ਦਰਵਾਜ਼ਾ ਖੋਲ੍ਹਿਆ ਦੇਖਿਆ ਲਕੜ ਦਾ ਸੰਦੂਕ ਖੁਲ੍ਹਾ ਸੀ। ਲੀੜੇ ਤ ਹੋਰ ਸਾਮਾਨ ਖਿਲਰਿਆ ਸੀ।....

'ਚੌਧਰੀ ਜੀ !' ਬੇਲਾ ਸਿੰਘ ਨੇ ਕਰਮ ਅਲੀ ਨੂੰ ਆਖਿਆ, 'ਮਹੰਤ ਦੇ ਕਤਲ ਵਿਚ ਰੰਗੀ ਰਾਮ ਦਾ ਵੀ ਹਥ ਹੈ। ਉਹ ਸੋਨੇ ਦੀਆਂ ਮੋਹਰਾਂ, ਰੁਪੈ ਤੇ ਕੀਮਤੀ ਚੀਜ਼ਾਂ ਲੈ ਕੇ ਨੱਠ ਗਿਆ। ਇਹ ਔਰਤ ਉਸੇ ਸਦਕੇ ਲਿਆਂਦੀ ਹੋਏਗੀ। ਇਸ ਦੀ ਧੀ ਕੀ ਪਤਾ ਕਿਸ ਨਾਲ ਘਰੋਂ ਨਿਕਲੀ ? ਜੀਉਂਦੀ ਹੈ ਜਾਂ ਮਰ ਗਈ... ਔਰਤ ਨੂੰ ਵਹਿਮ ਹੈ ਕਿ ਉਸ ਦੀ ਧੀ ਨੂੰ ਮਹੰਤ ਨੇ ਮਾਰਿਆ।'

ਕਰਮ ਅਲੀ ਸਿਆਣਾ ਤੇ ਦੂਰ ਦੀ ਸੋਚਨ ਵਾਲਾ ਸੀ। ਉਸ ਨੇ ਕੋਈ ਉਤਰ ਨਾ ਦਿੱਤਾ, ਸਿਰਫ ਇਹੋ ਕਿਹਾ, 'ਆਉ ਯੋਗ ਕਾਰਵਾਈ ਕਰੀਏ।'

ਕੋਰੇ ਕਾਗਜ਼ਾਂ ਉਤੇ ਫਾਰਸੀ ਵਿਚ ਲਿਖਤ ਹੋਈ। ਮਹੰਤ ਤੇ ਤਿੰਨ ਚਾਰ ਬੰਦਿਆਂ ਦੀ ਗਵਾਹੀ ਪਵਾ ਕੇ ਲਾਸ਼ ਅੰਮ੍ਰਿਤਸਰ ਵਲ ਤੋਰ ਦਿੱਤੀ। ਲਾਸ਼ ਗੱਡੇ ਉਤੇ ਰਖੀ ਸੀ, ਗੱਡੇ ਦੇ ਨਾਲ ਦੋ ਪੁਲੀਸ ਵਾਲੇ ਵੀ ਤੋਰੇ।

ਤੀਸਰੇ ਦਿਨ ਲਾਸ਼ ਮੁੜ ਗੁਰੂ ਸਰ ਪੁੱਜੀ। ਉਸ ਦਾ ਸਸਕਾਰ ਕੀਤਾ ਗਿਆ। ਸਸਕਾਰ ਦੇ ਪਿਛੋਂ ਫੁਲ ਚੁਣੇ ਗਏ ਤੇ ਮਹੰਤ ਦੀ ਕਹਾਣੀ ਮੁੱਕ ਗਈ। ਉਸ ਦੇ ਕਰਮ ਤੇ ਕੁਕਰਮ ਦੀ ਚਰਚਾ ਲੋਕਾਂ ਦੀ ਦੰਦ-ਕਥਾ ਬਣੀ। ਬੇਲਾ ਸਿੰਘ ਦੀ ਨਸ ਭਜ ਨਾਲ ਕਤਲ-ਕੇਸ ਠਪਿਆ ਰਿਹਾ। ਉਹ ਔਰਤ ਥਾਨੇ ਵਿਚੋਂ ਤੋਰ ਦਿੱਤੀ ਗਈ, ਕਿਧਰੋਂ ਆਈ ? ਕਿਸ ਪਿੰਡ ਦੀ ਸੀ ? ਕਿਧਰ ਗਈ ਕਿਸੇ ਨੂੰ ਪਤਾ ਨਾ ਲਗਾ।

ਦੋ ਮਹੀਨੇ ਬੀਤ ਗਏ।



Sri Satguru Jagjit Singh Ji Elibrary NamdhariElibrary@gmail.com

ਸੰਤ ਸੇਵਕ ਸਿੰਘ ਤਾਂ ਮਹਾਰਾਜ ਜੀ ਦੇ ਨਾਲ ਹੀ ਦਰਿਆ ਰਾਵੀ ਤੋਂ ਪਾਰ ਚਲੇ ਗਏ। ਭਾਵੇਂ ਸੁਖੀ ਨੇ ਬੇਨਤੀ ਕੀਤੀ ਸੀ ਕਿ ਉਹ ਪਿੰਡ ਹੀ ਰਹਿਣ, ਧਰਮਸਾਲਾ ਆਬਾਦ ਰੱਖਣ। ਪਰ ਉਹ ਨਾ ਮੰਨੇ ਸਿਰਫ ਏਹ ਆਖਿਆ, 'ਸਮਾਂ ਪੈਣ ਤੇ ਆ ਜਾਵਾਂਗਾ, ਮਹਾਰਾਜ ਜੀ ਦੀ ਹਜ਼ੂਰੀ ਵਿਚ ਰਹਿਕੇ ਸੰਗਤ ਕਰ ਲਵਾਂ।

ਸੁਖੀ ਨੇ ਮਹਾਰਾਜ ਜੀ ਪਾਸੋਂ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਤੇ ਭਜਨ ਲਿਆ। ਸੋਨੇ ਤੇ ਸੁਹਾਗੇ ਵਾਲੀ ਗਲ ਹੋਈ। ਨਾਮ-ਰਸ ਰੰਗੀ ਨਿਰਭੈ ਸੁਖੀ ਹੋਰ ਨਾਮ-ਰਸ, ਸੇਵਾ ਤੇ ਚੰਗੀ ਭਾਵਨਾ ਵਿਚ ਰੰਗੀ ਗਈ। ਉਹ ਧਰਮਸਾਲਾ ਵਿਚ ਜਾ ਕੇ ਆਪ ਮਰਯਾਦਾ ਪੂਰੀ ਕਰਨ ਲੱਗੀ। ਚਿਟ ਬਸਤਰ ਰਖਦੀ ਤੇ ਸਫਾ ਜੰਗ ਸਦਾ ਕੋਲ ਰਖਣ ਲਗ ਪਈ। 'ਸੁਖੀ ਸੰਤਨੀ ਬਣ ਗਈ।' ਅਗਿਆਨ ਪੁਰਖ ਇਹ ਆਖਕੇ ਹਾਸੀ ਕਰਨ ਲਗੇ।

ਤੇਜੋ ਦੀ ਜਬਾਨ ਉਸ ਦੇ ਕਾਬੂ ਵਿਚ ਨਾ ਰਹੀ। ਉਹ ਸੁੱਖੀ ਦੀ ਚਰਚਾ ਕਰਦੀ ਰਹਿਣ ਲੱਗੀ, ਜਿਸ ਔਰਤ ਕੋਲ ਬੈਠਦੀ, ਉਸੇ ਕੋਲ ਗਲ ਛੇੜ ਦਿੰਦੀ, 'ਜਦੋਂ ਕੋਈ ਨਿਰਲਜ ਹੋ ਜਾਏ ਤਾਂ ਅਗਾ ਪਿਛਾ ਨਹੀਂ ਦੇਖਦਾ, ਇਹੋ ਹਾਲ ਬਿਸ਼ਨੀ ਦੀ ਕੁੜੀ ਸੁਖੀ ਦਾ ਹੈ। ਪੇਕੇ ਘਰ ਹੁੰਦਿਆਂ ਹੋਇਆਂ ਸਭ ਸ਼ਰਮ ਹਯਾ ਛਿੱਕੇ ਟੰਗ ਦਿਤੇ ਹਨ ਤੇ ਸੰਤਨੀ ਬਣਕੇ ਫਿਰ ਰਹੀ ਹੈ... ਦਸ ਬਾਰਾਂ ਦਿਨ ਮਹੰਤ ਤੇ ਬੇਲਾ ਸਿੰਘ ਕੋਲ ਰਹੀ। ਜਾਪਦਾ ਹੈ, ਬੇਲਾ ਸਿੰਘ ਨਾਲ ਗਲ ਪੱਕੀ ਕਰਕੇ ਮਹੰਤ ਨੂੰ ਮਰਵਾ ਦਿਤਾ ਹੈ ਤੇ ਮਹੰਤ ਦਾ ਮਾਲ ਵੀ ਲੈ ਆਈ ਹੈ.. ਬਿਸ਼ਨੀ ਲੋਕਾਂ ਨੂੰ ਗਲਾਂ ਕਰਦੀ ਸੀ, ਅਜ ਧੀ ਨੂੰ ਰੋਕਦੀ ਨਹੀਂ। ਸੇਵਕ ਸਿੰਘ ਦਾ ਘੋੜਾ ਸੁਖੀ ਸੰਭਾਲ ਬੈਠੀ ਹੈ...ਉਸ ਉਤੇ ਚੜ੍ਹਕੇ ਪਤਾ ਨਹੀਂ ਕਿਧਰ ਜਾਂਦੀ ਹੈ . ਗੇਂਦੇ ਦਾ ਭਾਈਆ (ਸੁਰਜੂ) ਤੇ ਨੰਬਰਦਾਰ ਝੰਡਾ ਸਿੰਘ ਦਸਦੇ ਹਨ, ਪਿੰਡਾਂ ਵਿਚ ਬਹੁਤ ਮਿਟੀ ਉਡ ਰਹੀ ਹੈ। ਪਿੰਡ ਬਦਨਾਮ ਹੋ ਰਿਹਾ ਹੈ ਹਰ ਕੋਈ ਏਹੋ ਆਖਦਾ ਹੈ। 'ਠੱਠੇ'



Sri Satguru Jagjit Singh Ji Elibrary NamdhariElibrary@gmail.com

ਦੀ ਸੁਖੀ 'ਮੈਂ ਤਾਂ ਮੱਥੇ ਨਹੀਂ ਲਗਦੀ।'

'ਅਜ ਦੀ ਕੀ ਗਲ ਕਰਦੀ ਹੈਂ ਤੇਜੋ!' ਉਪਰੋਕਤ ਗਲ ਸੁਣਕੇ ਕਿਸ਼ਨੀ ਨੇ ਤੇਜੋ ਨੂੰ ਉਤਰ ਦਿੱਤਾ, 'ਉਸ ਦੇ ਲਛਣ ਪ'ਹਲਾਂ ਹੀ ਚੰਗੇ ਨਹੀਂ ਸਨ। ਮਾਲਕ ਦੇ ਮਰਨ ਪਿਛੋਂ ਵਾਗਾਂ ਢਿਲੀਆਂ ਹੋ ਗਈਆਂ 'ਸੰਤ ਦੇ ਘਰ ਵਸਦੀ ਹੈ, ਮੈਂ ਤਾਂ ਕਈ ਵਾਰ ਸਲਾਹ ਕੀਤੀ ਕਿ ਬਿਸ਼ਨੀ ਨੂੰ ਆਖਾਂ ਪਰਹਾਂ ਸੰਤ ਨਾਲ ਚਾਦਰ ਪਾ ਦੇ ਸੁਖੀ ਦੀ। ਚਰੀ ਵਸਣਾ ਠੀਕ ਨਹੀਂ, ਪਰ ਹੌਂਸਲਾ ਨਾ ਪਿਆ ਗਲ ਕਰਨ ਦਾ ਕਿ ਉਲਟੀ ਸਿਰ ਦੇ ਵਾਲਾਂ ਨੂੰ ਨਾ ਪਵੇ। ਹੁਣ ਤਾਂ ਮੌਜ ਲਗ ਗਈ ਸੂ . ਕੂਕਿਆਂ ਨਾਲ ਫਿਰਨ ਲਗ ਪਈ। ਸੁਣਿਆ ਹੈ ਕੂਕਿਆਂ ਦੀ ਪਹੁਲ ਲਈ ਸੂ।'

'ਆਹੋ! ਪਰ ਥੋੜੇ ਦਿਨਾਂ ਦੀ ਪ੍ਰਾਹੁਣੀ ਸਮਝੋ!'

'ਕਿਉਂ?'

'ਕਿਸੇ ਨਾਲ ਅਲਾ-ਬੇਲੀ ਹੋ ਜਾਏਗੀ। ਕੁੜੀ-ਮੁੰਡਾ ਏਥੇ ਰੁਲ-ਰਲਕੇ ਜਵਾਨ ਹੋ ਜਾਣਗ! ਦੇਖਨਾ ਵਡ ਭਰਾ ਨੂੰ ਜ਼ਖਮ ਲਵਾਏ ਅਜੇ ਵਿਚਾਰਾ ਮੰਜੀ ਉਤੇ ਪਿਆ ਹੈ।'

ਲੋਕ-ਬਿਰਤੀ ਐਸੀ ਹੈ ਕਿ ਜਦੋਂ ਵੀ ਨਵੇਂ ਸਿਧਾਤਾਂ ਦੀ ਕੋਈ ਲਹਿਰ ਚਲੀ, ਤਦੋਂ ਹੀ ਆਮ ਲੋਕਾਂ ਨੇ ਬਿਨਾਂ ਸੋਚੇ ਸਮਝੇ ਦੇ ਉਸ ਦੀ ਵਿਰੋਧਤਾ ਕੀਤੀ। ਨਾਮਧਾਰੀ ਲਹਿਰ ਨਵੇਂ ਜੀਵਨ ਦੀ ਇਕ ਲਹਿਰ ਮਾਨਵਤਾ ਦੇ ਅਕਾਸ਼ ਉਤੇ ਬਿਜਲੀ ਬਣਕੇ ਲਿਸ਼ਕੀ ਸੀ ਤੇ ਮੁਰਦੇ ਜਾਗੇ ਸਨ। ਮੁਰਦਿਆਂ ਦਾ ਜਾਗਣਾ ਦੇਖਕੇ ਉਹ ਲੋਕ ਹੈਰਾਨ ਹੀ ਨਹੀਂ ਸਨ ਹੋਏ ਸਗੋਂ ਨਾਲ ਨਿਰਾਸ ਤੇ ਨਿਰਾਜ਼ ਹੋਏ ਸਨ, ਜਿਨ੍ਹਾਂ ਦੇ ਲਾਭਾਂ ਉਤੇ ਸਟ ਵਜਣ ਦਾ ਡਰ ਸੀ। ਨਾਮਧਾਰੀ ਲਹਿਰ ਵਿਰੁਧ ਸਰਕਾਰ ਕੋਲ ਚੁਗਲੀਆਂ ਕਟਨੀਆਂ ਸ਼ੁਰੂ ਕਰ ਦਿੱਤੀਆਂ ਸਨ।

ਪਰ ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਇਕ ਵਾਰ



Sri Satguru Jagjit Singh Ji Elibrary NamdhariElibrary@gmail.com

ਦਰਸ਼ਨ ਕਰ ਲਏ ਸਨ, ਸੱਚ ਦੇ ਨੇੜੇ ਹੋਣ ਲਗ ਪਏ ਸਨ, ਜਿਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਪਾਨ ਕਰ ਲਿਆ ਸੀ, ਉਹ ਤਲੀ ਉਤੇ ਸਿਰ ਰਖ ਬੈਠੇ ਸਨ। ਉਹ ਦੀਵਾਨੇ ਹੋ ਗਏ ਸਨ। ਆਪਣੇ ਸੁਨਹਿਰੀ ਜੀਵਨ-ਉਦੇਸ਼ ਦੀ ਪੂਰਤੀ ਵਾਸਤੇ ਤੁਰੇ ਜਾਂਦਿਆਂ ਲੋਕਾਂ ਦੀ ਦੰਦ-ਕਥਾ ਤੇ ਲੋਕਾਂ ਦੇ ਉਂਗਲਾਂ ਕਰਨ ਦੀ ਕੋਈ ਪਰਵਾਹ ਨਾ ਕੀਤੀ। 'ਜੋ ਕੁਝ ਸਤਿਗੁਰੂ ਜੀ ਬਚਨ ਕਰਦੇ ਹਨ, ਸੋ ਸਤਿ ਹਨ।' ਮਨ ਵਿਸ਼ਵਾਸ ਆ ਗਿਆ ਸੀ।

ਸੁੱਖੀ ਨੇ ਅੰਮ੍ਰਿਤ ਛਕਿਆ। ਉਸੇ ਵੇਲੇ ਬੇਨਤੀ ਕੀਤੀ, 'ਮਹਾਰਾਜ ਜੀ! ਭਜਨ ਕਰਨ ਦੇ ਨਾਲ ਸੇਵਾ ਕਰਨ ਦਾ ਬਲ ਬਖਸ਼ੋ . ਘਰ ਘਰ ਜਾ ਕੇ ਦਸਾਂ ਸਚ ਦਾ ਚਾਨਣ ਹੋਇਆ ਹੈ। ਹਨੇਰੇ ਵਿਚ ਸੁਤਿਓ ਅੱਖਾਂ ਖੋਲ੍ਹੋ। ਜਾਗੋ...ਚਰਨ ਛੋਹ ਪ੍ਰਾਪਤ ਕਰਕੇ ਮੁਰਦਿਓ ਜਾਗੋ.. ਰਾਮ ਜੀ ਆਏ ਹਨ। . ਪਿਤਾ ਜੀ ਮੌਤ ਨਾ ਡਰਾਏ!'

'ਪੁੱਤਰੀ! ਤੇਰੀ ਮਨੋ-ਕਾਮਨਾ ਪੂਰਨ ਹੋਏਗੀ...।' ਸਤਿਗੁਰੂ ਜੀ ਨੇ ਬਚਨ ਕਰ ਦਿੱਤਾ ਸੀ।

ਹੁਕਮੀ ਆਈ! ਉਸ ਨੇ ਸੰਦੇਸ਼ ਦਿੱਤਾ, 'ਵਿਸਾਖੀ ਦੇ ਪੁਰਬ (੧੯੬੩) ਪਰ ਮਹਾਰਾਜ ਜੀ ਭਾਰੀ ਦੀਵਾਨ ਕਰਨਗੇ। ਲੋਕਾਂ ਨੂੰ ਦਸਣਾ ਹੈ, ਵਡੀ ਗਿਣਤੀ ਵਿਚ ਪੁਜਣਾ, ਘਰ ਘਰ ਸਨੇਹਾ ਦੇਣਾ ਹੈ।'

ਇਹ ਸੁਣਕੇ ਸੁੱਖੀ ਨੂੰ ਚਾਅ ਚੜ੍ਹ ਗਿਆ। ਘੋੜੇ ਦੀ ਸਵਾਰੀ ਕਰਕੇ, ਹੁਕਮੀ ਦੇ ਨਾਲ ਤੁਰ ਪਈ। ਬਾਹਰੇ ਦੇ ਸਾਰੇ ਪਿੰਡਾਂ ਵਿਚ ਜਾਣੂਆਂ-ਪਛਾਣੂਆਂ ਤੇ ਸਿਆਣੇ ਇਸਤ੍ਰੀ-ਪੁਰਖਾਂ ਨੂੰ ਸੰਦੇਸ਼ ਪੁਚਾ ਦਿੱਤਾ। ਹੁਕਮੀ ਦੇ ਨਾਲ ਸੁਖੀ ਪ੍ਰਚਾਰਕ ਬਣ ਗਈ। ਅਜਨਾਲਾ ਤੋਂ ਘਰੇਂਡੇ ਅਟਾਰੀ, ਬੋਪਾਰਾਏ ਤੇ ਬਚੀਵਿੰਡ ਤਕ ਜਿਨੇ ਵੀ ਵਿਚਾਲੇ ਪਿੰਡ ਹਨ ਨਾਮਧਾਰੀ ਲਹਿਰ ਦੀ ਸੂਚਨਾ ਦਿੱਤੀ।



Sri Satguru Jagjit Singh Ji Elibrary NamdhariElibrary@gmail.com

ਮੰਦ-ਭਾਗੀ ਤੇ ਭ੍ਰਿਸ਼ਟ ਬੁੱਧੀ ਤੇਜੋ, ਸੁਰਜੂ ਝੰਡਾ ਸਿੰਘ ਆਦਿਕ ਬੇਲਾ ਸਿੰਘ ਕੋਲ ਤੇ ਥਾਨੇ ਜਾ ਕੇ ਸੁਖੀ ਵਿਰੁਧ ਚੁਗਲੀਆਂ ਕਰਦੇ ਰਹੇ। ਸਿਰ ਉਤੇ ਭਾਰੇ ਪੱਥਰ ਚੁਕਦੇ ਰਹੇ। ਪਰ ਲਹਿਰ ਵਧਦੀ ਗਈ, ਬਿਜਲੀ ਚਮਕਦੀ ਗਈ ਤੇ ਮੁਰਦੇ ਜਾਗਦੇ ਗਏ। ਹਰ ਪਿੰਡ ਦੀ ਧਰਮਸਾਲਾ ਵਿਚ ਰਾਤ ਨੂੰ ਹਲੇ ਦੇ ਸ਼ਬਦ ਪੜ੍ਹੇ ਜਾਣ ਲਗੇ ਤੇ ਦਰਜ਼ੀ ਕਛਹਿਰੇ ਸਿਊਣ ਵਿਚ ਰੁਝੇ। ਰਾਤ ਸਰ੍ਹੋਂ ਦੇ ਤੇਲ ਦਾ ਦੀਵਾ ਬਾਲਕੇ ਕੰਮ ਕਰਨ ਲਗੇ। ਕੂਕਿਆਂ ਦੀਆਂ ਕੂਕਾਂ ਕਿਲਿਆਂ ਦੀਆਂ ਕੰਧਾਂ ਕੰਬਾਉਣ ਲਗੀਆਂ।



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.............
ਅਲਮਾਰੀ.............
ਸ੍ਰੀ ਭੈਣੀ ਸਾਹਿਬ

# ਪੰਦਰਾਂ

ਅਤਰੀ ਪੇਕਿਉਂ ਮੁੜ ਆਈ, ਪਰ ਨੈਣੀ ਨੂੰ ਨਾਲ ਨਾ ਲਿਆਈ। ਉਹ ਸਗੋਂ ਉਤਸ਼ਾਹੀ ਤੇ ਨਿਰਭੈ ਮਨ ਆਈ। ਜਿਵੇਂ ਉਸ ਦੇ ਭਰਾਵਾਂ ਨੇ ਉਸ ਨੂੰ ਹੌਂਸਲਾ ਦਿੱਤਾ ਤੇ ਸਾਰੇ ਖਤਰਿਆਂ ਦਾ ਮੁਕਾਬਲਾ ਕਰਨ ਦਾ ਭਰੋਸਾ ਦਿਵਾਇਆ ਸੀ।

'ਕੁੜੀ ਨੂੰ ਨਾਲ ਨਹੀਂ ਲਿਆਈ ?' ਰੂੜ ਸਿੰਘ ਨੇ ਪੁਛਿਆ।

'ਨਹੀਂ !' ਅਤਰੀ ਨੇ ਉਤਰ ਦਿੱਤਾ।

'ਕਿਉਂ ਨਹੀਂ ਲਿਆਈ ?'

'ਉਸ ਦੇ ਮਾਮੇ ਨਹੀਂ ਆਉਣ ਦਿੰਦੇ।'

'ਉਹਨਾਂ ਦਾ ਕੀ ਹੱਕ ਕੁੜੀ ਨੂੰ ਰੋਕਣ ?'

'ਉਹਨਾਂ ਦੀ ਭਣੇਵੀਂ ਹੈ। ਉਹ ਆਖਦੇ ਹਨ, ਕਿ ਨੈਣੀ ਦਾ ਵਿਆਹ ਉਹ ਆਪ ਕਰਨਗੇ।'

'ਤੂੰ ਸਾਰੀ ਗਲ ਦਸੀ ਹੋਏਗੀ ?'

'ਜ਼ਰੂਰ ਦਸਣੀ ਸੀ।'

'ਕਿਉਂ ?'



Sri Satguru Jagjit Singh Ji Elibrary NamdhariElibrary@gmail.com

'ਹੋਰ ਤੇਰੇ ਪਿਛੇ ਲਗ ਕੇ ਕੁੜੀ ਨੂੰ ਖੂਹ ਵਿਚ ਸੁਟਣਾ ਤੇ ਜਗ ਦੀਆਂ ਗਲਾਂ ਸੁਣਨੀਆਂ ਹਨ। ..ਉਹ ਆਪੇ ਮੁੰਡਾ ਲਭਣਗੇ, ਆਪੇ ਖਰਚ ਕਰਨਗੇ।'

'ਅਤਰੀਏ ਕਿਸੇ ਜੁਗ ਦਾ ਬਦਲਾ ਲਿਆ ਈ...ਮੇਰੀ ਮੌਤ ਲੋਚਦੀ ਹੈਂ।...ਕੁੱਤੀਏ ਰੰਨੇ ਕੁਝ ਨਹੀਂ ਸੋਚਿਆ...।'

'ਮੈਂ ਬਹੁਤ ਕੁਝ ਸੋਚਿਆ, ਤੱਤੇ ਹੋਣ ਦੀ ਲੋੜ ਨਹੀਂ। ਧੀ ਦਾ ਮਾਮਲਾ ਹੈ...ਮਹੰਤ ਮਾਰਿਆ ਗਿਆ ਨਾ, ਜੇ ਬੇਲਾ ਸਿੰਹੁੰ ਵਾ ਨੂੰ ਤਲਵਾਰਾਂ ਮਾਰਦਾ ਹੈ ਤਾਂ ਉਸ ਨੂੰ ਵੀ ਵਾਹਿਗੁਰੂ ਛੇਤੀ ਚੁੱਕੇਗਾ। ਲੋਕਾਂ ਦੀਆਂ ਧੀਆਂ ਵਲ ਵੇਖਦਾ ਹੈ।'

'ਹੁਣ ਤਕ ਤਾਂ ਮੈਂ ਛਡਿਆ ਰੋਕ...ਕੁੜੀ ਆ ਜਾਂਦੀ ਹੈ, ਸਾਕ ਦੇ ਦਿੰਦੇ ਹਾਂ...ਪਰ ਅਜ ਤੋਂ ਜੋ ਪਰਲੋ ਆਏਗੀ, ਉਹ ਤੂੰ ਵੇਖ ਲਵੀਂ।'

'ਤੂੰ ਜਾ ਕੇ ਬੇਲਾ ਸਿੰਘ ਦੇ ਮਹਿਲਾਂ ਵਿਚ ਸ਼ਰਾਬ ਦੇ ਕੌਲ ਪੀਵੀਂ।'

'ਤੂੰ ਮੇਰਾ ਤੇ ਮੁੰਡੇ ਦਾ ਲਹੂ ਪੀਵੀਂ, ਨੈਣੇ ਦਾ ਨਾਂ ਲਿਖ ਦਿਤਾ ਨੇ ਮਹੰਤ ਦੇ ਕਾਤਲਾਂ ਵਿਚ...ਮੈਨੂੰ ਆਖਦੇ ਹਨ, ਉਸ ਨੂੰ ਪੇਸ਼ ਕਰ, ਪਰ ਉਹ ਪਤਾ ਨਹੀਂ ਕਿਥੇ ਹੈ ?'

'ਤਾਂ ਨੈਣੀ ਦਾ ਸਾਕ ਲੈਣ ਵਾਸਤੇ ਇਹ ਵੀ ਡਰ ਦਿੱਤਾ।'

'ਡਾਢਿਆਂ ਦਾ ਸੱਤੀਂ ਵੀਹ ਸੌ।'

'ਡਾਢੇ ਆਪਣੇ ਘਰ ਹੋਣਗੇ...ਜਾਉ ਕੰਮ ਕਰੋ.. ਮੈਂ ਨਜਿੱਠ ਲਵਾਂਗੀ। ਨੈਣੇ ਵਲ ਕੋਈ ਵੇਖ ਸਕਦਾ ਮੈਂ ਉਸ ਦਾ ਲਹੂ ਪੀ ਲਵਾਂਗੀ।'

ਰੂੜ ਸਿੰਘ ਨੂੰ ਬੇਲਾ ਸਿੰਘ ਨੇ ਬਹੁਤ ਡਰਾਇਆ ਧਮ-ਇਆ ਸੀ। ਮਹੰਤ ਦੇ ਕਤਲ ਦੇ ਸਬੰਧ ਵਿਚ ਠੀਕ ਨੈਣਾ ਸਿੰਘ ਦਾ ਨਾਂ ਸੀ। ਉਹ ਵੀ ਥਾਨੇ ਦੇ ਰਜਿਸਟਰ ਵਿਚ ਨਹੀਂ ਸਗੋਂ ਜ਼ਬਾਨੀ ਜ਼ਬਾਨੀ। ਉਹ ਸਮਾਂ ਐਸਾ ਸੀ, ਜਦੋਂ ਕਾਗਜ਼ਾਂ ਦੀ



Sri Satguru Jagjit Singh Ji Elibrary NamdhariElibrary@gmail.com

ਲਿਖਤ ਨਾਲੋਂ ਜ਼ਬਾਨੀ ਹੁਕਮ ਬਹੁਤੇ ਚਲਦੇ ਸਨ। ਸਰਕਾਰੀ ਬੰਦਿਆਂ ਦਾ ਜ਼ੋਰ ਸੀ।

ਰੂੜ ਸਿੰਘ ਅਜੇ ਅਤਰੀ ਨਾਲ ਬੋਲ ਰਿਹਾ ਸੀ ਕਿ ਨੰਬਰਦਾਰ ਝੰਡਾ ਸਿੰਘ ਨੇ ਆ ਵਾਜ਼ ਮਾਰੀ। ਰੂੜ ਸਿੰਘ ਦਰਵਾਜ਼ੇ ਅੱਗੇ ਗਿਆ ਤਾਂ ਝੰਡਾ ਸਿੰਘ ਖਲੋਤਾ ਸੀ।

'ਆ ਨੰਬਰਦਾਰਾ!' ਰੂੜ ਸਿੰਘ ਨੇ ਝੰਡਾ ਸਿੰਘ ਨੂੰ ਆਖਿਆ।

'ਆਉਣਾ ਕੀ ਤੇ ਨਾ ਆਉਣਾ ਕੀ? ਮੇਰੀ ਤਾਂ ਜਾਨ ਕੰਦਲ ਆਈ ਹੈ। ਚਲੋ ਥਾਨੇ ਬੁਲਾਇਆ ਹੈ, ਨੈਣੇ ਦਾ ਕੋਈ ਪਤਾ ਲਗਾ?' ਝੰਡਾ ਸਿੰਘ ਬੋਲਿਆ—

'ਨੰਬਰਦਾਰਾ! ਕੋਈ ਪਤਾ ਨਹੀਂ ਲਗਾ...।' ਰੂੜ ਸਿੰਘ ਨੇ ਉਤਰ ਦਿਤਾ।

'ਮਾਨੇ ਡਾਕੂ ਨਾਲ ਮਿਲ ਗਿਆ ਹੈ, ਜਾਂ ਕੂਕਿਆਂ ਦੇ ਗੁਰੂ ਨਾਲ ਚਲਿਆ ਗਿਆ?

'ਰਬ ਜਾਣੇ!'

'ਰਬ ਤਾਂ ਪਿਛੋਂ ਜਾਣੂ ਪਹਿਲਾਂ ਆਪਾਂ ਜਾਣੀਏ। ਹੁਣ ਥਾਣੇ ਚਲਣਾ ਹੈ।'

'ਕਿਉਂ?'

'ਇਹ ਥਾਨੇਦਾਰ ਨੂੰ ਪੁੱਛ ਲੈਣਾ...ਮੈਂ ਤਾਂ ਹੈਰਾਨ ਤੇ ਦੁੱਖੀ ਹਾਂ। ਨਵੀਂ ਤੋਂ ਨਵੀਂ ਰੀਪੋਰਟ ਥਾਨੇ ਹੁੰਦੀ ਹੈ..ਸੁਖੀ ਸੁਣਿਆ ਕਿਸੇ ਕੁੜੀ ਨਾਲ ਪਿੰਡ ਪਿੰਡ ਫਿਰ ਰਹੀ ਹੈ। ਸਰਕਾਰ ਦੇ ਵਿਰੁਧ ਗਲਾਂ ਕਰ ਰਹੀ ਹੈ ਤੇ ਲੋਕਾਂ ਨੂੰ ਭੜਕਾ ਰਹੀ ਹੈ।...ਹੁਣ ਪਤਾ ਨਹੀਂ, ਕਲ ਨੂੰ ਸਾਰਾ ਪਿੰਡ ਹੀ ਪੁਲੀਸ ਘੇਰੇ ਵਿਚ ਲਵੇ।'

ਅਤਰੀ ਅਗੇ ਹੋਈ। ਉਸ ਨੇ ਨੰਬਰਦਾਰ ਦਾ ਪਿਛਲਾ ਬੋਲ ਸੁਣ ਲਿਆ 'ਸਾਰਾ ਪਿੰਡ ਹੀ ਪੁਲੀਸ ਘੇਰੇ ਵਿਚ ਲਵੇ।'

'ਨੰਬਰਦਾਰਾ! ਸਾਰਾ ਪਿੰਡ ਸੁਖੀ ਸਾਂਦੀ ਪੁਲੀਸ ਦੇ ਘੇਰੇ



Sri Satguru Jagjit Singh Ji Elibrary NamdhariElibrary@gmail.com

ਵਿਚ ਕਿਉਂ ਆਏ ! ਪਿੰਡ ਵਸੇ ਅੰਮੀ ਜੰਮੀਂ...ਲੈ ਚਲ ਥਾਣੇ ਮੈਨੂੰ...ਸਾਰੀ ਗਲ ਤਾਂ ਮੇਰੀ ਧੀ ਦੀ ਹੈ . ਅਜ ਮੈਂ ਔਤਰੇ ਵੈਲੀ, ਖੂਨੀ ਸ਼ਰਾਬੀ ਕਬਾਬੀ ਮਰਨੇ ਬੇਲੇ ਨੂੰ ਸਾਕ ਦੀ ਹਾਂ ਕਰ ਦਿਆਂ ਤਾਂ ਸਭ ਠੀਕ। ਮੇਰੀ ਧੀ ਤੇ ਜੁ ਖਿਆਲ ਕਰਦਾ ਹੈਂ, ਆਪਣੀ ਧੀ ਗੇਜੋ ਕਿਉਂ ਨਹੀਂ ਤੋਰਦਾ, ਮੇਰੀ ਧੀ ਨਾਲੋਂ ਤਿੰਨ ਸਾਲ ਵੱਡੀ ਹੈ। ਜਦੋਂ ਕੁੱਤੇ ਦੀ ਮੌਤ ਆਉਂਦੀ ਹੈ ਤਾਂ ਮਸੀਤੇ ਮੂਤਦਾ ਹੈ ਫਰੰਗੀ ਸਰਕਾਰ ਦਾ ਡਰ ਦੇ ਦੇ ਕੇ ਲੋਕਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਲੁਟ ਰਹੇ ਹੋ। ਕੰਜਰਾ ਤੂੰ ਹੀ ਸੁੱਖੀ ਨੂੰ ਚੁਕਵਾਇਆ.. ਦੇਵੀ ਦਾ ਧਰਮ ਬਚਿਆ, ਪਾਪੀ ਮਾਰਿਆ ਗਿਆ... ਜਾਹ ਲੈ ਆ ਥਾਨਾ.. ਲਵਾਦੇ ਫਾਹੇ ..ਮੈਂ ਜਾਵਾਂਗੀ ਅੰਮ੍ਰਿਤਸਰ ਪਿਟਾਂਗੀ ਵਡਿਆਂ ਫਰੰਗੀਆਂ ਅਗੇ ਕਿ ਬੇਲਾ ਕੁੱਤਾ ਪਾਗਲ ਹੋਇਆ ਫਿਰਦਾ ਹੈ। ਫਟਕੀ ਪਵੇ ਸੂ, ਆਵੇ ਤ੍ਰਨ ਦੀ ਬੀਮਾਰੀ... ਆ ਲੈਣ ਦੇ ਨੈਣੇ ਨੂੰ ਤੇਰੇ ਨਾਲ ਵੀ ਨਜਿੱਠਦੀ ਹਾਂ ਤੇ ਇਸ (ਰੂੜਾ ਸਿੰਘ) ਨੂੰ ਸ਼ਰਾਬ ਦੀ ਪਿਆਲੀ ਪਲਾ ਕੇ ਬੁੱਧੂ ਬਣਾ ਲਿਆ। ਜਾਹ ਦਸਦੇ ਹਲਕੇ ਕੁੱਤੇ ਬੇਲੇ ਨੂੰ ਲੈ ਆਵੇ ਥਾਣਾ। ਮੈਂ ਵੀ ਆਖਾਂਗੀ ਝੰਡੇ ਤੇ ਸੂਰਜੇ ਨੇ ਮਹੰਤ ਨੂੰ ਮਾਰਿਆ ਹੈ...ਸੂਰਜੇ ਦੀ ਰੰਨ ਕਈ ਸਾਲ ਤੋਂ ਮਹੰਤ ਦਾ ਮਾਲ ਖਾਂਦੀ ਰਹੀ। ਅੱਜ ਸੁਖੀ ਤੇ ਹੋਰ ਨੇਕ ਧੀਆਂ ਨੂੰ ਬਦਨਾਮ ਕਰਕੇ ਪਿੰਡ ਦਾ ਨੱਕ ਵਢ ਰਹੇ ਹੋ।'

ਅਤਰੀ ਨੂੰ ਚੰਡੀ ਚੜ੍ਹ ਗਈ। ਝੰਡਾ ਸਿੰਘ ਨੂੰ ਸੰਬੋਧਨ ਕਰਦਿਆਂ ਹੋਇਆਂ ਉਸ ਨੇ ਸਾਹ ਨਹੀਂ ਲਿਆ। ਉਹ ਇਕੋ ਸਾਹੇ ਹੀ ਬੋਲ ਗਈ।

ਝੰਡਾ ਸਿੰਘ ਨੂੰ ਬੋਲਣ ਦਾ ਹੌਂਸਲਾ ਨਾ ਪਿਆ। ਉਸ ਨੇ ਨੀਵੀਂ ਪਾ ਲਈ ਤੇ ਸ਼ਰਮ ਅਤੇ ਗੁਸੇ ਨਾਲ ਕੰਬੀ ਗਿਆ। ਰੂੜ ਸਿੰਘ ਦੀ ਕੋਈ ਪੇਸ਼ ਨਾ ਗਈ। ਉਸ ਨੇ ਦੋ ਤਿੰਨ ਵਾਰ ਅਤਰੀ ਨੂੰ ਰੋਕਣ ਦਾ ਜਤਨ ਕੀਤਾ, ਪਰ ਅਤਰੀ ਦੀ ਜ਼ਬਾਨ ਤਾਲੂ ਨਾਲ



Sri Satguru Jagjit Singh Ji Elibrary NamdhariElibrary@gmail.com

ਨਾ ਲਗੀ। ਉਸ ਦੇ ਕਲੇਜੇ ਜਿੰਨੀ ਗੁਸੇ ਦੀ ਹਵਾ ਸੀ, ਉਹ ਸਾਰੀ ਇਕ ਦਮ ਕਢਣਾ ਚਾਹੁੰਦੀ ਸੀ। ਉਸ ਦੀ ਆਵਾਜ਼ ਉਚੀ ਹੁੰਦੀ ਗਈ।

ਅਤਰੀ ਨੂੰ ਉਚੀ ਬੋਲਦਿਆਂ ਸੁਣ ਗਲੀਏ ਗਲੀ ਜਾਂਦੇ ਇਸਤ੍ਰੀ-ਪੁਰਖ ਰੁਕ ਗਏ। ਆਂਡ ਗੁਆਂਢ ਦੀਆਂ ਔਰਤਾਂ ਕੋਠਿਆਂ ਦੀਆਂ ਛਤਾਂ ਉਤੇ ਖਲੋਕੇ ਅਤਰੀ ਦੇ ਬੋਲ ਸੁਣਨ ਲਗੀਆਂ। ਉਹ ਸੋਚੀਂ ਪੈ ਗਈਆਂ ਕਿ ਅਤਰੀ ਅਗੇ ਐਨਾ ਬੋਲੀ ਨਹੀਂ ਸੀ—ਉਸ ਨੂੰ ਕੀ ਹੋ ਗਿਆ। ਬੋਲਣ ਦੀਆਂ ਸਾਰੀਆਂ ਹੱਦਾਂ ਟਪ ਗਈ।

'ਧੀਆਂ ਦੀ ਪੱਤ ਬਦਲੇ ਖੂਨ ਹੋ ਜਾਂਦੇ ਹਨ। ਸਰਦਾਰਾਂ ਦੇ ਜੂਠੇ ਟੁਕੜੇ ਖਾ ਕੇ ਤੇਰੀ ਮਤ ਮਾਰੀ ਗਈ। ਪਿੰਡ ਦੀਆਂ ਧੀਆਂ ਵੇਚਣ ਲਗ ਪਿਆ। ਤੇਰਾ ਜ਼ਰੂਰ ਦਰਗਾਹੇ ਮੂੰਹ ਕਾਲਾ ਹਏਗਾ।'

'ਅਤਰੀਏ ਚੁਪ ਕਰ.. ਮੈਂ ਤੇਰੀ ਜ਼ਬਾਨ ਖਿਚ ਲਵਾਂਗਾ।' ਰੂੜ ਸਿੰਘ ਕ੍ਰੋਧ ਨਾਲ ਕੰਬਦਾ ਹੋਇਆ ਬੋਲਿਆ। ਉਸ ਨੇ ਹੱਥ ਉਚਾ ਕੀਤਾ।

ਅਤਰੀ ਦੋ ਕਦਮ ਪਿਛੇ ਹੋ ਗਈ ਤੇ ਬੋਲੀ, 'ਜਬਾਨ ਖਿਚ ਝੰਡੇ ਔਤਰੇ ਦੀ ਮੇਰੀ ਜ਼ਬਾਨ ਕਿਉਂ ਖਿਚੇਂ ?'

'ਖੂਨ ਕਰਾਏਂਗੀ !' ਰੂੜ ਸਿੰਘ ਨੇ ਆਖਿਆ।

'ਜ਼ਰੂਰ ਖੂਨ ਹੋਣਗੇ, ਪਿੰਡ ਉਜੜੇਗਾ.. ਕੰਨਿਆਂ ਨਾਲ ਧੱਕਾ ਹੋਏ ਕੀ ਪਿੰਡ ਬਚੇਗਾ ? ਕੀ ਵਾਹਿਗੁਰੂ ਕ੍ਰੋਧਵਾਨ ਨਾ ਹੋਏਗਾ ?'

ਅਤਰੀ ਦੀਆਂ ਗਲਾਂ ਸੁਣਨ ਦਾ ਹੌਂਸਲਾ ਝੰਡਾ ਸਿੰਘ ਵਿਚ ਨਾ ਰਿਹਾ। ਉਹ ਕੰਨ ਵਲ੍ਹੇਟ ਕੇ ਤੁਰਨ ਹੀ ਲਗਾ ਸੀ ਕਿ ਉਨੇ ਨੂੰ ਸੁਖੀ ਆ ਗਈ। ਉਸ ਦੇ ਹੱਥ ਵਿਚ ਲੰਮੇ ਸੋਟੇ ਵਾਲਾ ਸਫਾ ਜੰਗ ਸੀ, ਜਿਹੜਾ ਬਿਜਲੀ ਵਾਂਗ ਚਮਕਦਾ ਸੀ। ਉਸ ਨੇ



Sri Satguru Jagjit Singh Ji Elibrary NamdhariElibrary@gmail.com

ਝੰਡਾ ਸਿੰਘ ਨੂੰ ਦੇਖਿਆ ਤਾਂ ਝਗੜੇ ਅਤੇ ਲੋਕਾਂ ਦੇ ਇੱਕਠੇ ਹੋਣ ਦਾ ਕਾਰਨ ਸਮਝਦਿਆਂ ਉਸ ਨੂੰ ਦੇਰ ਨਾ ਲੱਗੀ।

'ਚਾਚੀ ਖਫਾ ਨਾ ਹੋ...ਨੈਣੀ ਵਲ ਕੋਈ ਅਖ ਚੁਕ ਕੇ ਨਹੀਂ ਦੇਖ ਸਕਦਾ। ਸਤਿਗੁਰੂ ਮਹਾਰਾਜ ਜੀ ਦੀ ਕ੍ਰਿਪਾ-ਦ੍ਰਿਸ਼ਟੀ ਚਾਹੀਏ।' ਸੁਖੀ ਨੇ ਅਤਰੀ ਨੂੰ ਸੰਬੋਧਨ ਕੀਤਾ—

'ਪਾਪੀ ਕੈ ਮਾਰਨੇ ਕਉ ਪਾਪ ਮਹਾਂਬਲੀ ਹੈਂ।'

ਬੇਲਾ ਸਿੰਘ ਦੀ ਲਤ ਟੁਟ ਗਈ। ਸ਼ਿਕਾਰ ਗਿਆ ਸੀ ਫਰੰਗੀ ਅਫਸਰਾਂ ਨਾਲ ਘੋੜੀ ਨੇ ਨਹੁ ਲੈ ਲਿਆ ਤਾਂ ਘੋੜੀ ਵੀ ਡਿਗੀ ਤੇ ਉਹ ਵੀ। ਲਤ ਦੋਂਹ ਥਾਵਾਂ ਤੋਂ ਟੁਟ ਗਈ ਹੈ। ਚਗਾਵੇਂ ਵੈਦ ਕੋਲ ਪਿਆ ਹੈ...। ਮੈਂ ਮਾਦੋਕਿਆਂ ਤੋਂ ਸੁਣਿਆ ਹੈ। ਸਾਰਾ ਪਿੰਡ ਗਲਾਂ ਕਰ ਰਿਹਾ ਸੀ।'

ਝੰਡਾ ਸਿੰਘ ਖਲੋ ਗਿਆ। ਉਹ ਸੁਣਨ ਲਗਾ ਕਿ ਸੁਖੀ ਹੋਰ ਕੀ ਦਸਦੀ ਹੈ।

ਸੁਖੀ ਝੰਡਾ ਸਿੰਘ ਨੂੰ ਦੇਖਕੇ ਬੋਲੀ, 'ਚਾਚੀ! ਜਦੋਂ ਦੋਜ਼ਕ ਮਾਂਜੇ ਜਾਣਗੇ ਤਾਂ ਕੜਛੇ ਵੀ ਸਮੱਝੋ ਸੇਧੇ ਜਾਣਗੇ।'

ਇਹ ਸੁਣਕੇ ਝੰਡਾ ਸਿੰਘ ਤੁਰ ਪਿਆ। ਉਸ ਨੂੰ ਤੁਰਿਆ ਦੇਖਕੇ ਕਈ ਔਰਤਾਂ ਹੱਸ ਪਈਆਂ।

ਸੁਖੀ ਮੁਸਕਰਾ ਕੇ ਆਪਣੇ ਘਰ ਵਲ ਤੁਰ ਗਈ। ਉਹ ਪਿੰਡਾਂ ਵਲੋਂ ਆਈ ਸੀ, ਵਿਸਾਖੀ ਦੇ ਪੁਰਬ ਦਾ ਸਨੇਹਾ ਦੇਣਾ ਸੀ।

ਅਤਰੀ ਆਪਣੇ ਅੰਦਰ ਚਲੀ ਗਈ ਤੇ ਰੂੜ ਸਿੰਘ ਬਾਹਰ ਨੂੰ ਗਿਆ। ਔਰਤਾਂ ਤੇ ਮਰਦ ਆਪਸ ਵਿਚ ਅਤਰੀ ਦੇ ਬੋਲਾਂ ਦੀ ਚਰਚਾ ਕਰਨ ਲਗ ਪਏ।



Sri Satguru Jagjit Singh Ji Elibrary NamdhariElibrary@gmail.com

# ਸੋਲ੍ਹਾਂ

੧੮੫੭-੫੮ ਦੇ ਗ਼ਦਰ ਹੋਏ ਅਤੇ ਦਬਾਏ ਗਏ ਨੂੰ ਭਾਵੇਂ ੫ ਸਾਲ ਹੋਏ ਸਨ ਫਿਰ ਵੀ ਅੰਗਰੇਜ਼ ਅਫਸਰ ਗ਼ਦਰ ਦੀ ਹਵਾ ਕੋਲੋਂ ਡਰਦੇ ਸਨ। ਭਾਵੇਂ ਉਹਨਾਂ ਨੂੰ ਆਪਣੀ ਚਲਾਕ ਨੀਤੀ ਉਤੇ ਮਾਣ ਸੀ। 'ਪਾੜੋ ਤੇ ਰਾਜ ਕਰੋ' ਦੀ ਖ਼ਤਰਨਾਕ ਨੀਤੀ। ਗ਼ਦਰ ਦੀ ਹਵਾ ਨੂੰ ਜਾਚਣ ਵਾਸਤੇ ਸੀ. ਆਈ. ਡੀ (ਖੁਫੀਆ ਜਾਂ ਜਾਸੂਸੀ) ਪੁਲੀਸ ਦਾ ਚੱਕਰ ਅਨਦਿਸ ਡੂੰਘਾ ਚਲਾਇਆ ਸੀ। ਭਾਵੇਂ ਹਿੰਦੂ ਸਿੱਖ ਜਾਂ ਮੁਸਲਮਾਨ ਜਗੀਰਦਾਰ, ਧਾਰਮਿਕ ਆਗੂ ਰਾਜੇ ਅਤੇ ਨਵਾਬ ਸਨ, ਉਹਨਾਂ ਦੀ ਹਰ ਹਰਕਤ ਤੇ ਚਾਲ-ਢਾਲ ਨੂੰ ਦੇਖਿਆ ਜਾਂਦਾ ਸੀ। ਲੈਫਟੀਨੈਂਟ ਗਵਰਨਰ (ਲਾਟ ਸਾਹਿਬ) ਨੂੰ ਜਾਸੂਸ ਰਖਣ ਵਾਸਤੇ ਉਚੇਚੀ ਰਕਮ ਦਿੱਤੀ ਜਾਂਦੀ ਸੀ, ਜਿਸ ਨੂੰ ਉਹ ਵਰਤਕੇ ਗੈਰ-ਸਰਕਾਰ ਸਾਧਨਾ ਰਾਹੀਂ ਵੀ ਸਹੀ ਹਾਲ ਮਾਲੂਮ ਕਰ ਲੈਂਦਾ ਸੀ।

੧੮੬੩ ਵਿਚ ਲਾਟ ਪੰਜਾਬ ਨੂੰ ਕੁਝ ਸੂਹਾਂ ਮਿਲੀਆਂ ਕਿ 'ਕੂਕਾ' ਨਾਮ ਦਾ ਇਕ ਦਲ ਸਿੱਖਾਂ ਵਿਚ ਕਾਇਮ ਹੋ ਰਿਹਾ ਹੈ। ਪਰ ਪੂਰੀ ਜਾਣਕਾਰੀ ਪ੍ਰਾਪਤ ਨਾ ਹੋਈ। ਪੂਰੀ ਜਾਣਕਾਰੀ ਪ੍ਰਾਪਤ



Sri Satguru Jagjit Singh Ji Elibrary NamdhariElibrary@gmail.com

ਕਰਨ ਲਈ ਉਸ ਨੇ ਆਪਣੇ ਉਚ ਪਧਰ ਦੇ ਸਾਧਨਾਂ ਨੂੰ ਸਦਿਆ। ਉਹਨਾਂ ਵਿਚ ਲੁਧਿਆਨੇ ਤੇ ਫੀਰੋਜ਼ਪੁਰ ਅਤੇ ਲਾਹੋਰ ਦੇ ਈਸਾਈ ਪਾਦਰੀ ਸਨ। ਉਹਨਾਂ ਨੂੰ ਆਪਣੇ ਕੋਲ ਹੀ ਰਹਾਇਸ਼ ਦਿਤੀ।

ਲੁਧਿਆਣੇ ਦਾ ਪਾਦਰੀ ਸਕਾਟ ਬੜਾ ਹੁਸ਼ਿਆਰ ਤੇ ਵਿਦਵਾਨ ਸੀ। ਉਹ ਹਿੰਦੀ, ਪੰਜਾਬੀ ਤੇ ਸੰਸਕ੍ਰਿਤ ਪੜ੍ਹਿਆ ਸੀ। ਉਚੇਰੀ ਸਿਖਿਆ ਪ੍ਰਾਪਤ ਕਰਕੇ ਮਿਸ਼ਨਰੀ ਬਣਿਆ ਸੀ। ਉਮਰ ਉਸ ਦੀ ਅਜੇ ਚਾਲੀ ਸਾਲ ਤੋਂ ਹੇਠਾਂ ਸੀ।

'ਤੁਸਾਂ ਕੂਕਾ ਲਹਿਰ ਬਾਰੇ ਕੁਛ ਸੁਣਿਆ ਹੈ ?' ਲਾਟ ਨੇ ਪੁਛਿਆ।

'ਹਾਂ ਜਨਾਬ ਸੁਣਿਆ ਤੇ ਕੁਝ ਘੋਖ ਵੀ ਕੀਤੀ ਹੈ।' ਪਾਦਰੀ ਨੇ ਉਤਰ ਦਿੱਤਾ।

'ਇਹ ਲਹਿਰ ਨਿਰੋਲ ਧਾਰਮਿਕ ਹੈ, ਜਾਂ ਇਸ ਦੇ ਪਿਛੇ ਕੋਈ ਰਾਜਨੀਤਕ ਵੀਚਾਰ ਹਨ ?'

ਇਹ ਸੁਣਕੇ ਪਾਦਰੀ ਨੇ ਪਹਿਲਾਂ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ ਕਹਾਣੀ ਸੁਣਾਈ। ਉਸ ਦੇ ਪਿਛੋਂ ਖੰਡੇ ਦਾ ਅੰਮ੍ਰਿਤ ਛਕਾਉਣਾ ਤੇ ਉਪਦੇਸ਼, ਸ਼ਬਦ ਪੜ੍ਹਨੇ। ਮੁਕਤਸਰ, ਹਰਦੁਆਰ ਦੀ ਯਾਤਰਾ, ਪਿੰਡਾਂ ਵਿਚ ਦੀਵਾਨ ਕਰਨੇ ਆਦਿਕ ਦਸਕੇ ਅੰਤ ਵਿਚ ਆਖਿਆ, 'ਅਜ ਕਲ ਪਛਮੀ ਪੰਜਾਬ ਦਾ ਦੌਰਾ ਕਰ ਰਹੇ ਹਨ। ਹੁਜਰੋ ਕੇਂਦਰ ਹੈ ਤੇ ਲਹਿਰ ਨੂੰ ਰੋਕਣ ਦੀ ਲੋੜ ਹੈ।'

'ਕਿਉਂ ?' ਪੂਰੀ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਲਾਟ ਨੇ ਸਵਾਲ ਕੀਤਾ।

'ਇਹ ਲਹਿਰ ਜੇ ਵਧਦੀ ਗਈ ਤਾਂ ਪਹਿਲੀ ਢਾਹ ਲਾਏਗੀ ਈਸਾਈ ਮਿਸ਼ਨ ਨੂੰ।'

'ਉਹ ਕਿਵੇਂ ?'

'ਦੇਖੋ...ਇਸ ਲਹਿਰ ਦੇ ਬਾਨੀ ਹਜ਼ਰਤ ਈਸਾ ਵਾਂਗ



Sri Satguru Jagjit Singh Ji Elibrary NamdhariElibrary@gmail.com

ਸਵਰਨ ਚੱਕਰ ਵਾਲੇ ਪ੍ਰਭਾਵਸ਼ਾਲੀ ਹਨ। ਕੁਝ ਸ਼ਕਤੀਆਂ ਵੀ ਕੋਲ ਪ੍ਰਤੀਤ ਹੁੰਦੀਆਂ ਹਨ। ਉਹ ਜਿਧਰ ਦੀ ਲੰਘਦੇ ਹਨ ਉਧਰ ਦੇ ਹਿੰਦੂ ਸਿਖ ਤੇ ਮੁਸਲਮਾਨ ਵੀ ਉਹਨਾਂ ਦੇ ਸ਼ਰਧਾਲੂ ਬਣਦੇ ਜਾਂਦੇ ਹਨ। ਸਿਖਾਂ ਦੇ ਪਿਛਲੇ ਗੁਰੂ ਗੋਬਿੰਦ ਸਿੰਘ ਵਾਂਗ ਇਹਨਾਂ ਨੇ ਉਚ ਨੀਚ ਜਾਤ-ਪਾਤ, ਗੋਤ ਨਸਲ ਆਦਿਕ ਭੁਲਕੇ 'ਇਕ ਮਨੁੱਖ' ਬਣਨ ਤੇ ਸਮਝਣ ਦਾ ਨਾਹਰਾ ਬਲੰਦ ਕੀਤਾ ਹੈ। ਏਹੋ ਨਾਹਰਾ ਈਸਾਈ ਮਤ ਦਾ, ਜਿਸ ਕਾਰਨ ਹਿੰਦ ਵਿਚ ਸਫਲ ਹੋਇਆ ਮਿਸ਼ਨ। ਦੂਸਰਾ ਬ੍ਰਾਹਮਣ ਦੀਆਂ ਕਾਇਮ ਕੀਤੀਆਂ ਸਮਾਜਿਕ ਮਰਯਾਦਾ ਦਾ ਖੰਡਨ ਹੁੰਦਾ ਹੈ। ਅਰੋਗ ਸਮਾਜ ਦੀ ਉਸਾਰੀ ਕਰਨੀ ਸ਼ੁਰੂ ਕੀਤੀ ਹੈ ਤਾਂ ਕਿ ਪਿਆਰ ਸਦ ਭਾਵਨਾਂ ਪੰਜਾਬੀਆਂ ਵਿਚ ਵਧੇ। ਮੈਂ ਭੈਣੀ ਪਿੰਡ ਵੀ ਗਿਆ ਸਾਂ। ਉਹ ਆਪਣੇ ਆਪ ਨੂੰ 'ਸੰਤ ਖਾਲਸਾ' ਅਖਵਾ ਰਹੇ ਤੇ ਸ਼ਰਧਾਲੂ ਐਸੇ ਬਣ ਰਹੇ ਨੇ ਜਿਹੜੇ ਤਨ, ਮਨ ਤੇ ਧਨ ਗੁਰੂ ਦੇ ਈਸ਼ਾਰੇ ਉਤੇ ਕੁਰਬਾਨ ਕਰਨ ਨੂੰ ਤਿਆਰ ਹਨ। ਪੁਰਾਣੀਆਂ ਮੰਨੌਤਾਂ-ਗੁਗਾ, ਮੜ੍ਹੀ ਸਮਾਧ, ਕਬਰ, ਪੱਥਰ-ਦੇਵੀ ਪੂਜਾ ਆਦਿਕ ਦੀ ਵਿਰੋਧਤਾ ਕਰ ਰਹੇ ਹਨ। ਇਹ ਲਹਿਰ ਜੇ ਸਫਲ ਹੋ ਜਾਏ ਤਾਂ ਗਿਰਜੇ ਕਾਇਮ ਹੋਣੇ ਔਖੇ ਹਨ। ਗਿਰਜਾ ਜਿਹੜੇ ਸਰਕਾਰੀ ਵਫਾਦਾਰ ਪੈਦਾ ਕਰ ਰਿਹਾ ਹੈ, ਉਹ ਰੁਕ ਜਾਣਗੇ ਇਸ ਲਹਿਰ ਦਾ ਇਹ ਤਾਂ ਖਤਰਨਾਕ ਧਾਰਮਿਕ ਪਹਿਲੂ ਹੈ।'

ਲਾਟ ਪੰਜਾਬ ਪਾਦਰੀ ਦੀ ਜ਼ਬਾਨੋਂ ਨਿਕਲਿਆ ਇਕ ਇਕ ਸ਼ਬਦ ਧਿਆਨ ਨਾਲ ਸੁਣਦਾ ਗਿਆ ਕਿਉਂਕਿ ਰਾਜ ਦੀ ਸੁਰਖਿਆ ਦੀ ਵੱਡੀ ਜ਼ੁਮੇਂਵਾਰੀ ਉਸ ਦੇ ਸਿਰ ਸੀ। ਉਸ ਨੇ ਪੁਛਿਆ, 'ਦੂਸਰਾ ਪਹਿਲੂ ਕੀ ਹੈ?'

'ਰਾਜਨੀਤਕ ਵਡੀ ਕ੍ਰਾਂਤੀ ਨੂੰ ਜਨਮ ਦੇ ਕੇ ਹਿੰਦੋਸਤਾਨ ਨੂੰ ਸੁਤੰਤਰ ਕਰਾਉਣਾ ਲੋਚਦੇ ਹਨ।'

'ਐਸਾ ਕਿਵੇਂ ਕਰ ਸਕਦੇ ਹਨ? ਐਵੇਂ ਹਵਾ ਨੂੰ ਤਲਵਾਰਾਂ



Sri Satguru Jagjit Singh Ji Elibrary NamdhariElibrary@gmail.com

ਮਾਰਨ ਵਾਲੀ ਗਲ ਹੈ . ਬ੍ਰਤਾਨਵੀਂ ਸਾਮਰਾਜ ਨਾਲ ਟਕਰ ਲੈਣ ਵਾਲੇ ਸਾਰੇ ਸੁਫਨਾ ਹੋ ਗਏ।' ਲਾਟ ਸਾਹਿਬ ਸਾਮਰਾਜੀ ਮਾਣ ਨਾਲ ਮੁਸਕਰਾ ਕੇ ਬੋਲਿਆ।

'ਜਨਾਬ...ਗੁਰੂ ਰਾਮ ਸਿੰਘ ਦੇ ਜਤਨ ਨਹੀਂ । ਉਹ ਕਰਾਂਤੀ ਦਾ ਬੀਜ ਐਸਾ ਬੀਜ ਰਹੇ ਹਨ, ਜਿਹੜਾ ਇਕ ਦਿਨ ਵਡਾ ਰੁਖ ਬਣੇਗਾ। ਜਿਸ ਦੇ ਬੀਜ ਅਗੇ ਰੁਖ ਬਣਨਗੇ . ਇਕ ਐਸਾ ਸੋਮਾ ਪੈਦਾ ਹੋ ਰਿਹਾ ਹੈ, ਜਿਹੜਾ ਇਕ ਦਿਨ ਦਰਿਆ ਬਣ ਸਕਦਾ ਹੈ। ਬਹੁਤ ਹੀ ਗੰਭੀਰ ਤੇ ਦੂਰ ਦੇਸ਼ ਨੀਤੀ ਵੇਤਾ ਹੈ।'

ਪਾਦਰੀ ਸਿਆਣਾ ਤੇ ਰਾਜ ਦਾ ਵਫਾਦਾਰ ਸੀ। ਉਸ ਦੀ ਗਲ ਸੁਣਕੇ ਲਾਟ ਸਾਹਿਬ ਕੁਝ ਗੰਭੀਰ ਹੋਇਆ ਤੇ ਆਖਣ ਲਗਾ, 'ਕੁਝ ਖੋਲ੍ਹਕੇ ਦਸੋ ਭਲਾ। ਹੋ ਸਕਦਾ ਹੈ ਪੁਲੀਸ ਅਫਸਰ ਸਹੀ ਰਿਪੋਰਟ ਨਹੀਂ ਭੇਜਦੇ ਹੋਣੇ। ਜਾਂ ਉਹ ਸਮਝਦੇ ਨਹੀਂ ਕਿ ਕੂਕਾ ਲਹਿਰ ਦਾ ਉਦੇਸ਼ ਕੀ ਹੈ?'

ਸ਼ੰਸਾਰ ਵਿਚ ਹਜ਼ਾਰਾਂ ਕਰਾਂਤੀਆਂ ਹੋਈਆਂ ਹਨ ਤੇ ਹਜ਼ਾਰਾਂ ਕਰਾਂਤੀਆਂ ਦੇ ਬਾਨੀ, ਪਰ ਇਹਨਾਂ ਵਰਗਾ ਗੰਭੀਰ ਕਰਾਂਤਕਾਰੀ ਪੁਰਖ ਟਾਵਾਂ ਟਾਵਾਂ ਹੋਇਆ। ਪਾਦਰੀ ਨੇ ਅਗੇ ਗਲ ਤੋਰੀ—'ਇਹਨਾਂ ਨੇ ਐਸੇ ਮੂਲ ਸਿਧਾਤਾਂ ਵਲ ਧਿਆਨ ਦਿੱਤਾ ਹੈ, ਜਿਹਨਾਂ ਨੂੰ ਮਨ ਵਸਾ ਕੇ ਉਪਜਾਊ ਦਿਮਾਗ ਵਿਚ ਇਨਕਲਾਬੀ ਲਹਿਰਾਂ ਆਪਣੇ ਆਪ ਹੀ ਪੈਦਾ ਹੋ ਜਾਂਦੀਆਂ ਹਨ। ਨੰਬਰ ਵਾਰ ਸੁਣੋ ।'

'ਸੁਣਾਈ ਚਲੋ.. ਤੁਸਾਂ ਦਾ ਧੰਨਵਾਦ, ਤੁਸੀਂ ਤਾਂ ਬਹੁਤ ਹੀ ਜ਼ਰੂਰੀ ਜਾਣਕਾਰੀ ਦੇ ਰਹੇ ਹੋ। ਧਰਤੀ ਦਾ ਗਿਆਨ ਧਰਤੀ ਉਤੇ ਫਿਰਨ ਵਾਲਿਆਂ ਨੂੰ ਹੁੰਦਾ ਹੈ। ਤੁਸੀਂ ਲੋਕਾਂ ਵਿਚ ਰਹਿੰਦੇ ਹੋ।'

'ਗੁਰੂ ਰਾਮ ਸਿੰਘ...ਸਰੀਰ ਕਰਕੇ ਤਾਂ ਨਿਰੇ ਹਜ਼ਰਤ ਈਸਾ ਦਾ ਅਵਤਾਰ ਲਗਦੇ ਹਨ...ਪਰ ਇਹ ਤਾਂ ਆਪਾਂ ਨਹੀਂ ਮੰਨ



Sri Satguru Jagjit Singh Ji Elibrary NamdhariElibrary@gmail.com

ਸਕਦੇ ਕਿ ਉਹਨਾਂ ਨਾਲੋਂ ਵਡੇ ਤੇ ਚੰਗੇ ਹਨ, ਪਰ ਇਨਕਲਾਬੀ ਸੂਝ ਹੈਰਾਨ ਕਰਨ ਵਾਲੀ ਹੈ...' ਸਤਿਗੁਰੂ ਰਾਮ ਸਿੰਘ ਜੀ ਦੇ ਗੁਣਾਂ ਤੇ ਬ੍ਰਹਮ ਸ਼ਕਤੀਆਂ ਦਾ ਸਤਕਾਰ ਕਰਦਾ ਹੋਇਆ ਵੀ ਮਹਜ਼ਬੀ ਤੁਅਸਬੀ ਸੀ। ਹਜ਼ਰਤ ਈਸਾ ਨਾਲੋਂ ਸਤਿਗੁਰੂ ਜੀ ਨੂੰ ਚੰਗਾ ਆਖਣਾ ਉਸ ਵਾਸਤੇ ਅਸੰਭਵ ਸੀ।

ਸੁਤੰਤਰ ਮਿਹਨਤ-ਮਜ਼ਦੂਰੀ ਕਰੋ—ਖੇਤੀ, ਤਰਖਾਣਾ, ਘੁਮਿਆਰਾ, ਦਰਜ਼ੀ, ਧੋਬੀ, ਪਾਣੀ ਭਰਨ ਦਾ ਕੋਈ ਵੀ ਧੰਧਾ ਕਰੋ, ਕਰੋ ਨੇਕ ਨੀਯਤ ਨਾਲ, ਪਰ ਅੰਗਰੇਜ਼ੀ ਸਰਕਾਰ ਦੀ ਨੌਕਰੀ ਨਾ ਕਰੋ। ਜੇ ਨੌਕਰੀ ਕਰੋਗੇ ਤਾਂ ਗੁਲਾਮੀ ਦਾ ਭਾਰ ਪਵੇਗਾ। ਹੌਲੀ ਹੌਲੀ ਪੱਕੇ ਗੁਲਾਮ ਬਣ ਜਾਉਗੇ—ਅਣਖ, ਸੁਤੰਤਰਤਾ, ਵਤਨ ਪਿਆਰ, ਕੌਮੀ ਪਿਆਰ ਤੇ ਧਰਮ ਕਰਮ ਦੀ ਵਿਚਾਰ ਧਾਰਾ ਖਤਮ ਹੋ ਜਾਏਗੀ। ਜਿਸ ਦਾ ਦਿਤਾ ਖਾਈਏ ਉਸ ਕੋਲੋਂ ਅਖ ਸ਼ਰਮਾਂਦੀ ਹੈ। ਨਹਿਰਾਂ ਪੁਟੀਆਂ ਜਾ ਰਹੀਆਂ ਹਨ, ਰੇਲ ਗਡੀ ਦੀਆਂ ਪਟੜੀਆਂ ਵਿਛ ਰਹੀਆਂ ਹਨ—ਕੂਕੇ ਕੰਮ ਕਰਨ ਨਹੀਂ ਜਾਂਦੇ।'

'ਇਸ ਦਾ ਮਤਲਬ ਜੋ ਕੰਮ ਵੀ ਸਰਕਾਰੀ ਤੌਰ ਤੇ ਕੀਤਾ ਜਾ ਰਿਹਾ ਹੈ ਉਸ ਨਾਲ ਮਿਲਵਰਤਨ ਨਹੀਂ ਕਰਦੇ!' ਲਾਟ ਸਾਹਬ ਹੋਰ ਹੈਰਾਨ ਹੋਇਆ।

'ਪਾਪ ਸਮਝਦੇ ਹਨ, ਉਸ ਕੰਮ ਦੇ ਨੇੜੇ ਜਾਣਾ। ਸਰਕਾਰੀ ਸਕੂਲਾਂ ਦਾ ਬਾਈਕਾਟ ਕੀਤਾ ਹੈ ਅੰਗਰੇਜ਼ੀ ਪੜ੍ਹਨ ਤੋਂ ਰੋਕਿਆ ਗਿਆ ਹੈ ਕਿ ਅੰਗਰੇਜ਼ੀ ਸਭਿਅਤਾ ਤੇ ਈਸਾਈ ਮਤ ਦਾ ਅਸਰ ਨਾ ਹੋਏ ਦਿਲ-ਦਿਮਾਗ ਉਤੇ ਸਗੋਂ ਘਿਰਨਾ ਰਹੇ। ਏਥੋਂ ਤਕ ਕਿ ਸਰਕਾਰ ਵਲੋਂ ਤਿਆਰ ਕਰਵਾਏ ਜਾ ਰਹੇ ਸ਼ਾਹੀ ਰਸਤਿਆਂ (ਸੜਕਾਂ) ਉਤੇ ਨਹੀਂ ਤੁਰਦੇ। ਉਹਨਾਂ ਰਸਤਿਆਂ ਤੋਂ ਦੂਰ ਦੂਰ ਚਲਦੇ ਹਨ।'

'ਰਾਹਾਂ ਦਾ ਬਾਈਕਾਟ! ਇਹ ਤਾਂ ਅਨੋਖੀ ਗਲ ਹੈ।



Sri Satguru Jagjit Singh Ji Elibrary NamdhariElibrary@gmail.com

ਸੜਕ ਉਤੇ ਤੁਰਨ ਨਾਲ ਉਹਨਾਂ ਦਾ ਕੀ ਨੁਕਸਾਨ ?'

'ਜਨਾਬ ! ਅੰਤ੍ਰੀਵ ਭਾਵ ਡੂੰਘਾ...।'

'ਕੀ ?'

'ਦਲੀਲ ਦਿਤੀ ਗਈ ਹੈ ਕਿ ਜਦੋਂ ਸੜਕੇ ਸੜਕ ਤੁਰੋਗੇ ਤਾਂ ਪੰਧ ਛੇਤੀ ਮੁਕੇਗਾ, ਦਰਖਤਾਂ ਦੀ ਛਾਂ ਦਾ ਸੁੱਖ ਮਿਲੇਗਾ। ਜਦੋਂ ਇਹ ਅਨਭਵ ਹੋਏਗਾ ਕਿ ਸੜਕੇ ਤੁਰਨ ਦਾ ਬਹੁਤ ਸੁੱਖ ਹੈ ਤਾਂ ਸੜਕ ਬਣਾਉਣ ਵਾਲੀ ਸਰਕਾਰ ਵਲ ਧਿਆਨ ਜਾਏਗਾ ਕਿ ਬੜੀ ਚੰਗੀ ਹੈ ਲੋਕਾਂ ਦੇ ਲਾਭ ਦੇ ਕੰਮ ਕਰਦੀ ਹੈ, ਤਾਂ ਮਨ ਵਿਚੋਂ ਵਿਰੋਧਤਾ ਨਾਸ ਹੋਏਗੀ। ਜਦੋਂ ਵਿਰੋਧਤਾ ਨਾਸ ਹੋ ਜਾਏ ਤਾਂ ਸਮਝੋ ਇਨਕਲਾਬੀ ਰੁਚੀ ਘੱਟ ਗਈ। ਦੁਸ਼ਮਨ ਦੇ ਕਿਸੇ ਕੰਮ ਨੂੰ ਚੰਗਾ ਆਖਣਾ ਉਸ ਦੀ ਅਧੀਨਗੀ ਨੂੰ ਪ੍ਰਵਾਨ ਕਰਨਾ ਹੈ। ਮਨੁਖੀ ਸੁਭਾ ਹੈ ਕਈ ਵਾਰ ਮਨੁੱਖ ਨਿਝੀ ਤੇ ਸੰਸਾਰਕ ਸੁਖਾਂ ਬਦਲੇ ਵੀ ਮਨੁੱਖ ਗੁਲਾਮੀ ਪ੍ਰਵਾਨ ਕਰਦਾ ਹੈ। ਇਸ ਗੁਰੂ ਨੂੰ ਬਹੁਤ ਹੀ ਅਨੋਖੀ ਸੂਝ ਹੈ। ਮੁਰਦਾ ਹੋਏ ਪੰਜਾਬੀਆਂ ਨੂੰ ਮੁੜ ਜ਼ਿੰਦਾ ਕਰਨਾ ਚਾਹੁੰਦੇ ਹਨ। . ਸਰਕਾਰੀ ਅਦਾਲਤਾਂ ਦਾ ਵੀ ਬਾਈਕਾਟ ਜੇ। ਸਾਰੇ ਝਗੜੇ ਆਪਸ ਵਿਚ ਨਜਿੱਠ ਦੇ ਹਨ। ਆਖਦੇ ਨੇ, 'ਫਰੰਗੀ ਕੋਲੋਂ ਇਨਸਾਫ ਦੀ ਆਸ ਨਹੀਂ ਹੋ ਸਕਦੀ।' ਇਹ ਵੀ ਸੁਣਨ ਵਿਚ ਗਲ ਆਈ ਹੈ ਕਿ ਚਿਠੀ ਪੱਤਰ ਭੇਜਣ ਦਾ ਵੀ ਆਪਣਾ ਪ੍ਰਬੰਧ ਕਰਨਗੇ ਕਿ ਕੋਈ ਸਰਕਾਰੀ ਬੰਦਾ ਉਹਨਾਂ ਦੀ ਲਿਖਤ ਦਾ ਭੇਤ ਨਾ ਲੈ ਸਕੇ। ਸਮਝੋ ਉਹ ਆਪਣੀ ਸੁਤੰਤਰ ਸਰਕਾਰ ਕਾਇਮ ਕਰ ਰਹੇ ਹਨ।'

'.. ਜੇ ਤੁਸਾਂ ਦੀਆਂ ਉਪਰੋਕਤ ਗਲਾਂ ਠੀਕ ਹਨ ਤਾਂ ਤੇ ਉਹ ਸਚ ਹੀ ਇਸ ਰਾਜ ਵਿਚ ਦੂਸਰੀ ਸਰਕਾਰ ਕਾਇਮ ਕਰਨ ਦੇ ਸੁਫਨੇ ਲੈ ਰਹੇ ਹਨ। ਧਰਮ ਦੀ ਲਹਿਰ ਵਿਚੋਂ ਜਨਮ ਲੈਣ ਵਾਲੀ ਰਾਜਸੀ ਲਹਿਰ ਸਦਾ ਹੀ ਗੰਭੀਰ ਤੇ ਤਕੜੀ ਹੁੰਦੀ ਹੈ। ਇਸ ਵਲ ਧਿਆਨ ਦੇਣ ਦੀ ਲੋੜ ਹੈ।'



Sri Satguru Jagjit Singh Ji Elibrary NamdhariElibrary@gmail.com

'ਈਸਾਈ ਮਤ ਦੇ ਪ੍ਰਚਾਰ ਨੂੰ ਤਾਂ ਬਹੁਤ ਹੀ ਬੁਰਾ ਮੰਨਦੇ ਹਨ ਤੇ ਡਟ ਕੇ ਵਿਰੋਧਤਾ ਕਰ ਰਹੇ ਹਨ।...ਖਿਆਲ ਕੀਤਾ ਜਾ ਰਿਹਾ ਹੈ ਕਿ ਕੂਕਿਆਂ ਦੀ ਗਿਣਤੀ ਦੋ ਹਜ਼ਾਰ ਤੋਂ ਉਪਰ ਵਧ ਰਹੀ ਹੈ ਤੇ ਦੋ ਹਜ਼ਾਰ ਕੂਕਾ ਹੀ ਇਸ ਲਹਿਰ ਦਾ ਪ੍ਰਚਾਰਕ ਸਮਝੋ। ਪਤਾ ਨਹੀਂ ਕੀ ਜਾਦੂ ਹੈ ਜਿਸ ਦੇ ਕਨ ਵਿਚ ਮੰਤ੍ਰ ਦਿੰਦੇ ਹਨ, ਉਹੋ ਹੀ ਸਦਾ ਉਹਨਾਂ ਦੇ ਹੋ ਜੀਂਦੇ ਹਨ। ਬਾਕੀ ਜਿਨ੍ਹੇ ਖਾਲਸਾ ਫੌਜ ਵਿਚੋਂ ਕਢੇ ਸਿਖ ਹਨ ਸਾਰ ਉਹਨਾਂ ਦੇ ਨੇੜੇ ਹੋ ਰਹ ਹਨ। ..ਉਹਨਾਂ ਦਾ ਜੀਵਨ ਦਿਖਾਵਾ ਧਾਰਮਿਕ ਹੈ, ਪਰ ਅਸਲ ਵਿਚ ਰਾਜਨੀਤਕ ਹੈ। ਇਹ ਲਹਿਰ ਉਸ ਜਵਾਲਾ ਮੁਖੀ ਪਰਬਤ ਵਾਂਗ ਹੈ, ਜਿਸ ਦੇ ਅੰਦਰ ਅੰਦਰ ਗੁਪਤ ਅੱਗ ਬਲਦੀ ਰਹਿੰਦੀ ਹੈ ਤੇ ਜਦੋਂ ਜ਼ੋਰ ਪੈਂਦਾ ਹੈ ਤਾਂ ਪਰਬਤ ਫੱਟ ਜਾਂਦਾ ਹੈ— ਸੈਂਕੜੇ ਮੀਲਾਂ ਤਕ ਤਬਾਹੀ ਕਰਦਾ ਹੈ। ਇਸ ਲਹਿਰ ਨੂੰ ਦਬਾਉਣਾ ਹੀ ਠੀਕ ਹੈ।'

ਪਾਦਰੀ ਸਕਾਟ ਕੋਲੋਂ 'ਨਾਮਧਾਰੀ' ਲਹਿਰ ਬਾਬਤ ਕੁਝ ਸਚਾਈਆਂ ਸੁਣਕੇ ਲਾਟ ਸਾਹਿਬ ਗੰਭੀਰ ਹੋ ਗਏ ਤੇ ਉਠਕੇ ਖਾਣੇ ਵਾਲੀ ਮੇਜ਼ ਕੋਲ ਜਾ ਬੇਠੇ। ਉਸ ਦੇ ਨਾਲ ਪਾਦਰੀ ਤੇ ਹੋਰ ਮਹਿਮਾਨ ਖਾਣੇ ਵਿਚ ਸ਼ਾਮਲ ਹੋਏ। ਏਧਰ ਉਧਰ ਦੀਆਂ ਗਲਾਂ ਹੁੰਦੀਆਂ ਰਹੀਆਂ ਪਰ ਲਾਟ ਸਾਹਿਬ ਦੀਆਂ ਅਖਾਂ ਅਗੇ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਸੀ.... ਚੋਟੀ ਉਤੇ ਸਵਾਰ...ਜਾਂ ਦੀਵਾਨ ਵਿਚ ਬੈਠ ਉਪਦੇਸ਼ ਕਰ ਰਹੇ। ਪਾਦਰੀ ਸਕਾਟ ਦੇ ਬੋਲ ਲਾਟ ਸਾਹਿਬ ਦੇ ਕੰਨਾਂ ਵਿਚ ਲਗਾਤਾਰ ਗੂੰਜੀ ਜਾਂਦੇ ਸਨ।

ਕੋਈ ਇਕ ਵਜੇ ਰਾਤ ਦੇ ਲਾਟ ਸਾਹਿਬ ਆਪਣੀ ਮੇਮ ਨਾਲ ਸੌਣ ਵਾਲੇ ਕਮਰੇ ਵਿਚ ਗਏ ਤੇ ਬਿਸਤਰਿਆਂ ਵਿਚ ਲੇਟ ਗਏ। ਕੋਈ ਖਾਸ ਜਾਂ ਸਰਸਰੀ ਗਲਬਾਤ ਕੋਈ ਨਾ ਕੀਤੀ। ਮੇਮ ਸਿਆਣੀ ਸੀ, ਉਹ ਜਾਣਦੀ ਸੀ, ਵਡੇ ਆਦਮੀਆਂ ਦੀ ਚਿੰਤਾ



Sri Satguru Jagjit Singh Ji Elibrary NamdhariElibrary@gmail.com

ਵਡੀ ਤੇ ਸਿਰ ਦਰਦ ਵਡੀ।

ਉਨੀ ਦਿਨੀ ਅਜੇ 'ਗਵਰਨਰ ਹਾਊਸ' ਬਣਕੇ ਤਿਆਰ ਨਹੀਂ ਸੀ ਹੋਇਆ। ਗਵਰਨਰ ਦਾ ਘਰ ਮਹਾਰਾਜਾ ਰਣਜੀਤ ਸਿੰਘ ਦੇ ਸ਼ੀਸ਼ ਮਹਿਲ ਕਿਲ੍ਹੇ ਵਿਚ ਹੀ ਸੀ। ਹੈਨਰੀ ਲਾਰੇਂਸ ਤੇ ਜੋਹਨ ਲਾਰੇਂਸ ਵਰਗੇ ਉਸ ਮਹਿਲ ਵਿਚ ਰਹੇ ਗਏ ਸਨ।

ਉਸ ਲਾਟ ਸਾਹਿਬ ਨੇ ਸਿੱਖ ਇਤਿਹਾਸ ਬਾਬਤ ਬਹੁਤ ਕੁਝ ਪੜ੍ਹਿਆ ਤੇ ਸੁਣਿਆ ਸੀ। ਸਿੱਖਾਂ ਦਾ ਛਾਪਾ ਮਾਰ ਯੁੱਧ, ਫਰੂ ਸ਼ਹਿਰ ਤੇ ਚੇਲਿਆਂ ਵਾਲੀ ਦੀਆਂ ਲੜਾਈਆਂ ਵਿਚ ਅੰਗਰੇਜ਼ਾਂ ਨਾਲ ਕੀਤੀਆਂ ਲੜਾਈਆਂ ਉਸ ਵਾਸਤੇ ਅਭੁਲ ਸਨ। ਬਹਾਦਰੀ ਨਾਲ ਨਹੀਂ, ਚਲਾਕੀ ਤੇ ਕੁਟਲ ਨੀਤੀ ਨਾਲ ਹੀ ਸਿੱਖ ਗੁਲਾਮ ਰਹਿ ਸਕਦੇ ਹਨ।' ਉਸ ਦਾ ਖਿਆਲ ਬਣ ਚੁਕਿਆ ਸੀ। ਉਹ ਚਲਾਕੀ ਤੇ ਕੁਟਲ ਨੀਤੀ ਤੋਂ ਹੀ ਬਹੁਤਾ ਕੰਮ ਲੈਂਦਾ ਸੀ।

ਉਹ ਸੌਂ ਗਿਆ। ਪਰ ਉਸ ਦਾ ਧਿਆਨ ਸਤਿਗੁਰੂ ਜੀ ਵਲੋਂ ਚਲਾਈ ਲਹਿਰ ਵਲ ਰਿਹਾ ਤੇ 'ਕੂਕਾ' ਸ਼ਬਦ ਕੰਨਾ ਵਿਚ ਗੂੰਜਦਾ ਰਿਹਾ। ਕੂਕਾ ਦੇ ਅਰਥ ਉਸ ਨੂੰ ਪਾਦਰੀ ਸਕਾਟ ਨੇ ਬਹੁਤ ਵਧ-ਚੜ੍ਹਕੇ ਦਸੇ। 'ਕੂਕ' ਅੰਗਰੇਜ਼ੀ ਵਿਚ ਹੈ Call ਕਾਲ। ਰਾਜਨੀਤੀ ਵਿਚ ਮਹਾਨ ਅਰਥ ਹੈ, ਜੰਗ ਦਾ ਸੱਦਾ, ਸੁਤੰਤਰਤਾ ਵਾਸਤੇ ਸੰਘਰਸ਼ ਕਰਨ ਲਈ ਵਾਜ਼। ਕੂਕਾ ਵਾਜ਼ ਦੇਣ ਵਾਲਾ, ਅਵਾਜ਼ ਵੀ ਨਿਰਭੈਤਾ ਵਾਲੀ ਮੌਤ ਦੇ ਭੈ ਤੋਂ ਰਹਿਤ।

ਪਾਦਰੀ ਸਕਾਟ ਈਸਾਈ ਧਰਮ ਦੇ ਪ੍ਰਚਾਰ ਦਾ ਦੀਵਾਨਾ ਸੀ। ਉਹ ਤਾੜ ਗਿਆ ਸੀ ਕਿ ਸਤਿਗੁਰੂ ਜੀ ਵਲੋਂ ਚਲਾਈ ਲਹਿਰ ਈਸਾਈ ਮਤ ਦੇ ਵਧਣ ਵਾਸਤੇ ਇਕ ਵੱਡੀ ਰੋਕ ਸੀ। ਲਾਟ ਨੂੰ ਗਰਮ ਕਰਕੇ ਉਹ ਉਸ ਰੋਕ ਨੂੰ ਢਾਹ-ਢੇਰੀ ਕਰਨਾ ਚਾਹੁੰਦਾ ਸੀ। ਉਸ ਦੇ ਪਾਦਰੀਆਂ ਕੋਲੋਂ ਵੀ ਐਸੀ ਰਿਪੋਰਟ ਕਰਵਾਈ। ਉਸ ਵੇਲੇ ਈਸਾਈ ਮਿਸ਼ਨ ਅਨਥਕ ਮਿਹਨਤ ਕਰ ਰਹੇ ਸਨ। ਲੋਕਾਂ ਨੂੰ ਈਸਾਈ ਬਣਾ ਕੇ ਸਰਕਾਰ ਦੇ ਵਫਾਦਾਰ



Sri Satguru Jagjit Singh Ji Elibrary NamdhariElibrary@gmail.com

ਪੈਦਾ ਕਰਦੇ ਸਨ। ਜਿਹੜਾ ਈਸਾਈ ਮਤ ਵਿਚ ਸ਼ਾਮਲ ਹੋ ਜਾਂਦਾ ਸੀ, ਉਹੋ ਹੀ ਆਪਣੇ ਆਪ ਨੂੰ ਖੁਦ ਸਰਕਾਰ ਸਮਝਣ ਲਗ ਪੈਂਦਾ ਸੀ ਉਸ ਦੀ ਗਲ ਸਰਕਾਰੇ ਸੁਣੀ ਜਾਂਦੀ ਸੀ।

ਲਾਟ ਨੂੰ ਸੁੱਤਿਆਂ ਕੋਈ ਸਵਾ ਘੰਟਾ ਹੋਇਆ ਹੋਏਗਾ ਕਿ ਉਸ ਨੂੰ ਸੁਫਨਾ ਆਇਆ। ਸੁਫਨੇ ਵਿਚ ਉਸ ਨੇ ਦੇਖਿਆ ਉਚੀ ਕੂਕਾਂ ਸੁਣਾਈ ਦੇ ਰਹੀਆਂ ਸਨ। ਪਲੋ ਪਲੀ ਹਜ਼ਾਰਾਂ ਦਾ ਮਨੁੱਖੀ ਇਕੱਠ ਕਿਲ੍ਹੇ ਵਲ ਵਧਦਾ ਆਉਂਦਾ ਦਿਖਾਈ ਦਿੱਤਾ। ਅਗੇ ਅਗੇ ਉਹੋ ਸੂਰਤ ਵਾਲਾ ਮਹਾਂਬਲੀ—ਜਿਹੜੀ ਸੂਰਤ ਸਤਿਗੁਰੂ ਰਾਮ ਸਿੰਘ ਜੀ ਦੀ ਪਾਦਰੀ ਨੇ ਬਿਆਨ ਕੀਤੀ ਸੀ—ਚਿੱਟੇ ਬਸਤਰਾਂ ਵਾਲਾ ਘੋੜੀ ਤੇ ਸਵਾਰ ਵਧਦਾ ਆਇਆ। ਘੋੜੀ ਉਡਕੇ ਕਿਲ੍ਹੇ ਵਿਚ ਆ ਗਈ ਤੇ ਉਸ ਦੇ ਅਗਲੇ ਦੋਵੇਂ ਸੁੰਬ ਲਾਟ ਦੀ ਛਾਤੀ ਉਤੇ ਟਿਕ ਗਏ ਉਹ ਡਰ ਨਾਲ ਘਬਰਾਕੇ ਉਚੀ ਬੜਾ ਉਠਿਆ—'ਓ...ਹੋ ਆ...ਆ!' ਉਸ ਦੀ ਜ਼ਬਾਨੋਂ ਵਾਜ਼ ਨਿਕਲੀ ਲਾਟ ਦਾ ਬੜਾਉਣਾ ਸੁਣਕੇ ਉਸ ਦੀ ਮੇਮ ਜਾਗ ਪਈ। ਉਸ ਨੇ ਵਾਜ਼ ਦਿੱਤੀ...ਅਗੇ ਹੋਕੇ ਮੋਢਾ ਫੜਕੇ ਹਿਲਾਇਆ ਤੇ ਜਗਾਇਆ ।

ਲਾਟ ਉਠਿਆ, ਉਹ ਕੰਬੀ ਜਾਂਦਾ ਸੀ। ਕਮਰੇ ਵਿਚ ਸ਼ਮਾਦਾਨ ਜਗਦਾ ਸੀ। ਉਸ ਰੋਸ਼ਨੀ ਵਿਚ ਦੇਖਿਆ ਕਿ ਉਹ ਆਪਣੇ ਮਹਿਲ ਵਿਚ ਸੀ, ਜਾਂ ਕਿਤੇ ਬਾਹਰ।

'ਕੀ ਗਲ ਚੰਦਰਾ ਸੁਫਨਾ ਆਇਆ?' ਮੇਮ ਨੇ ਪੁਛਿਆ।

'ਹਾਂ ! ਸੁਫਨਾ ਆਇਆ । ਭਿਆਨਕ ਸੁਫਨਾ, ਕਿਸੇ ਆਉਣ ਵਾਲੇ ਖਤਰੇ ਦੀ ਚਿਤਾਵਨੀ।'

'ਕੀ ਸੀ...?'

'ਰਾਮ ਸਿੰਘ ਕੂਕਾ...।'

'ਪਾਦਰੀ ਦੀਆਂ ਗਲਾਂ ਦਾ ਅਸਰ। ਇਸ ਕਿਲ੍ਹੇ ਤੇ ਅਸਾਂ ਦੇ ਮਹਿਲ ਤਕ ਆਉਣ ਵਾਲੀ ਕੋਈ ਸ਼ਕਤੀ ਨਹੀਂ ਰਹੀ। ਆਪਾਂ



Sri Satguru Jagjit Singh Ji Elibrary NamdhariElibrary@gmail.com

ਵਡੇ ਸਾਮਰਾਜ ਦੀ ਨੌਕਰੀ ਵਿਚ 'ਹਾਂ। ਡਰਿਆ ਨਾ ਕਰੋ.. ਕਲ਼ ਹੁਕਮ ਦੇ ਕੇ ਸਾਰੇ ਕੂਕੇ ਫੜਕੇ ਜੇਹਲ ਵਿਚ ਸੁਟੋ।'

'ਅਵਤਾਰ ਤੇ ਸ਼ਹੀਦ ਅਮਰ ਹੁੰਦੇ ਹਨ। ਉਹ ਹਵਾ ਰੂਪ ਹੋਕੇ ਵੀ ਫਿਰਦੇ ਹਨ ਇਹ ਕਿਲ੍ਹਾ ਸਦੀਆਂ ਪੁਰਾਣਾ ਹੈ...ਕਈ ਵਾਰ ਵਾਜਾਂ ਸੁਣਾਈ ਦਿੰਦੀਆਂ ਹਨ।'

ਲਾਟ ਦੀ ਇਹ ਗਲ ਸੁਣਕੇ ਮੇਮ ਹੱਸ ਪਈ ਤੇ ਉਸ ਨੇ ਲਾਟ ਨੂੰ ਆਪਣੀਆਂ ਬਾਹੀਂ ਵਿਚ ਲੈਕੇ ਕਿਹਾ—'ਮੇਰਾ ਪਿਆਰ ਮਿਠੀ ਨੀਂਦੇ ਸੌਂ ਜਾਏ ਹਜ਼ਰਤ ਈਸਾ ਰਾਖਾ ਹੈ।'

ਰਾਤ ਬੀਤੀ! ਦਿਨ ਚੜ੍ਹਿਆ, ਲਾਟ ਜਾਗਿਆ। ਪਰ ਉਹ ਰਾਤ ਦੇ ਸੁਫਨੇ ਨੂੰ ਨਾ ਭੁਲਿਆ। 'ਆਉਣ ਵਾਲੇ ਖਤਰੇ ਦੀ ਚਿਤਾਵਨੀ ਹੈ।' ਉਹ ਸੋਚਦਾ ਰਿਹਾ।

ਲਾਟ ਨੇ ਆਪਣੇ ਸਕਤਰ ਨੂੰ ਸਦਿਆ ਤੇ ਹੁਕਮ ਦਿੱਤਾ, 'ਕਰਨਲ ਮੈਕਿਇੰਡਰੀਊ ਡਿਪਟੀ ਇੰਨਸਪੈਕਟਰ ਜਨਰਲ ਪੁਲੀਸ ਨੂੰ ਸਨੇਹਾ ਭੇਜੋ...ਜਲਦੀ ਆਉਣ।'

'ਸਤਬਚਨ!' ਆਖਕੇ ਸਕਤਰ ਫਿਰ ਮੁੜ ਗਿਆ ਕੇ ਲਾਟ ਨਹਾਉਣ-ਧੋਣ ਵਾਸਤੇ ਗੁਸਲਖਾਨੇ ਜਾ ਵੜਿਆ।



Sri Satguru Jagjit Singh Ji Elibrary NamdhariElibrary@gmail.com

# ਸਤਾਰਾਂ

ਨੌਕਰੀ......ਨੌਕਰੀ ਹੈ, ਭਾਵੇਂ ਵਡੀ ਤੇ ਭਾਵੇਂ ਛੋਟੀ। ਮਾਲਕਾਂ ਜਾਂ ਉਪਰਲੇ ਅਫਸਰਾਂ ਦਾ ਡਰ ਨੌਕਰ ਦੇ ਮਨ ਵਿਚ ਸਦਾ ਰਹਿੰਦਾ ਹੈ। ਬਰਤਾਨੀਆ ਸਰਕਾਰ ਦੇ ਗਵਰਨਰਾਂ ਦੇ ਸਿਰ ਉਤੇ ਗਵਰਨਰ ਜਨਰਲ ਅਥਵਾ ਵਾਇਸਰਾਇ ਹਿੰਦ ਹੁੰਦਾ ਸੀ। ਗਵਰਨਰਾਂ ਦੀ ਨਿਕੀ ਗਲਤੀ ਵੀ ਵਡੀ ਗਲਤੀ ਸਮਝੀ ਜਾਂਦੀ ਸੀ।

ਪਾਦਰੀ ਸਕਾਟ ਨੇ 'ਕੂਕਾ ਲਹਿਰ' ਨੂੰ ਵਧਾ-ਚੜ੍ਹਾ ਕੇ ਐਸਾ ਦਸਿਆ ਕੇ ਲਾਟ ਸਾਹਿਬ ਦੀ ਨੀਂਦ ਹਰਾਮ ਕਰ ਦਿੱਤੀ। ਜਿੰਨਾ ਚਿਰ ਡਿਪਟੀ ਇੰਨਸਪੈਕਟਰ ਜਨਰਲ ਮਿਸਟਰ ਮੈਕ-ਇੰਡਰੀਊ ਨਹੀਂ ਆਇਆ, ਉਨਾ ਚਿਰ ਉਹ ਬਹੁਤ ਬੇਚੈਨ ਰਿਹਾ। ਕਾਹਲੀ ਨਾਲ ਨਹਾਤਾ, ਛਾਹ ਵੇਲਾ ਖਾਧਾ ਤੇ ਲੀੜੇ ਪਾਕੇ ਤਿਆਰ ਹੋ ਆਪਣੇ ਦਫਤਰ ਵਿਚ ਬੈਠ ਗਿਆ ਰਾਜ ਦੇ ਪਰਮੁਖ ਸਕਤਰ ਨੂੰ ਵੀ ਸਦ ਲਿਆ।

'ਜਨਾਬ ਨੇ ਯਾਦ ਕੀਤਾ, ਕੀ ਹੁਕਮ ?' ਮੈਕਇੰਡਰੀਊ ਨੇ ਕੁਰਸੀ ਤੇ ਬੈਠਦੇ ਸਾਰ ਲਾਟ ਸਾਹਿਬ ਕੋਲੋਂ ਪੁਛਿਆ।



Sri Satguru Jagjit Singh Ji Elibrary NamdhariElibrary@gmail.com

'ਤੁਸਾਂ ਨੂੰ ਸਦਿਆ ਹੈ......ਸਦਿਆ ਹੈ!' ਲਾਟ ਸਾਹਿਬ ਅਗੋਂ ਬੋਲੇ।

'ਕੀ ਹੁਕਮ?'

'ਇਹ ਪੁੱਛਣ ਲਈ—'ਕੂਕਾ ਲੋਕ ਕੌਣ ਹਨ?'

'ਕੂਕਾ.. ਲੋਕ?'

'ਹਾਂ...।'

'ਫਾਇਲ ਤਿਆਰ ਹੋ ਗਈ ਹੈ, ਪਰ ਨੋਟ ਕਰਨ ਵਾਲਾ—ਜਾਂ ਜ਼ਰੂਰੀ ਧਿਆਨ ਦੇਣ ਵਾਲਾ ਮਾਮਲਾ ਨਹੀਂ। ਸਿੱਖ ਧਰਮ ਨੂੰ ਮੰਨਣ ਵਾਲੇ ਲੋਕ ਹਨ। ਸਿਖ ਸੰਤਾਂ ਦੀ ਇਕ ਸੰਪ੍ਰਦਾਇ ਨਿਰਮਲਾ ਹੈ। ਉਹਨਾਂ ਵਾਂਗ ਰਹਿੰਦੇ ਹਨ।'

'ਗੁਰੂ ਰਾਮ ਸਿੰਘ ਕੌਣ ਹਨ?'

'ਪੂਰੀ ਪੜਤਾਲ ਹੋ ਰਹੀ ਹੈ। ਡੀ. ਸੀ. ਲੁਧਿਆਣਾ ਨੇ ਲਿਖਿਆ ਹੈ ਕਿ ਭੈਣੀ ਪਿੰਡ ਦੇ (ਬਾਬਾ) ਜਸਾ ਦਾ ਪੁਤਰ ਹੈ।'

'ਮਲਕਾ ਵਿਕਟੋਰੀਆ ਵਲੋਂ ਸ਼ਾਹੀ ਐਲਾਨ ਹੈ, ਸਰਕਾਰ ਲੋਕਾਂ ਦੇ ਧਰਮਾਂ ਵਿਚ ਦਖਲ ਨਾ ਦੇਵੇ।...ਇਸ ਵਾਸਤੇ .।'

'ਪਰ ਲੋਕਾਂ ਦਾ ਖਿਆਲ ਤਾਂ ਰਖਣਾ ਹੈ। ਉਹ ਕੀ ਕਰਦੇ ਹਨ, ਧਰਮ ਦੇ ਪੜਦੇ ਪਿਛੇ ਰਾਜਸੀ ਗਲਾਂ ਤਾਂ ਨਹੀਂ ਕਰਦੇ। ਉਹ ਇਕਠੇ ਹੁੰਦੇ ਹਨ। ਕੋਈ ਸਾਜ਼ਸ਼ ਤਾਂ ਨਹੀਂ ਸੋਚਦੇ?'

'ਐਸਾ ਖਿਆਲ ਤਾਂ ਰੱਖਿਆ ਜਾਏਗਾ।'

'ਰਖਿਆ ਜਾਏਗਾ... ਜਾਪਦਾ ਇਹ ਹੈ ਕਿ ਨਵੀਆਂ ਬਣਾਈਆਂ ਕਲਬਾਂ ਵਿਚ ਬੈਠ ਰਹਿੰਦੇ ਹੋ। ਗੁਰੂ ਰਾਮ ਸਿੰਘ ਭੈਣੀ ਵਾਲਾ ਪਿਛਲੇ ੫ ਸਾਲ ਤੋਂ ਐਸਾ ਪ੍ਰਚਾਰ ਕਰ ਰਿਹਾ ਹੈ... ਜੋ ਹੋਰ ਪੰਜਾਂ-ਛੇਆਂ ਸਾਲਾਂ ਨੂੰ ਇਕ ਵਡਾ ਖਤਰਾ ਬਣੇਗਾ...। ਉਹ ਸਵਰਾਜ ਦੀ ਸ਼ਮ੍ਹਾਂ ਬਾਲਕੇ ਵਿਚਰ ਰਿਹਾ ਹੈ।'

ਲਾਟ ਸਾਹਿਬ ਬੜੇ ਗੁੱਸੇ ਨਾਲ ਬੋਲੇ। ਉਹਨਾਂ ਦੇ ਮਨ ਦੀ ਵਸਥਾ ਐਨੀ ਕਮਜ਼ੋਰ ਹੋ ਗਈ ਸੀ ਕਿ ਸਤਿਗੁਰੂ ਰਾਮ ਸਿੰਘ



Sri Satguru Jagjit Singh Ji Elibrary NamdhariElibrary@gmail.com

ਜੀ ਘੋੜੀ ਤੇ ਸਵਾਰ ਉਹਨਾਂ ਵਲ ਆਉਂਦੇ, ਉਹਨਾਂ ਨੂੰ ਦਿਖਾਈ ਦਿੰਦੇ ਸਨ। ਰਾਤ ਦਾ ਸੁਪਨਾ ਉਹ ਨਹੀਂ ਸਨ ਭੁਲ ਸਕੇ।

ਓਨੇ ਨੂੰ ਚੀਫ ਸਕਤਰ ਪੰਜਾਬ ਸਰਕਾਰ ਆ ਗਿਆ ਉਸ ਦੇ ਕੋਲ ਗੈਰ-ਜ਼ਰੂਰੀ ਤੇ ਜ਼ਰੂਰੀ ਕੁਝ ਫਾਇਲਾਂ ਸਨ। ਉਹ 'ਗੁਡ ਮਾਰਨਿੰਗ ਸਰ' ਆਖਕੇ ਬੈਠ ਗਿਆ।

ਲਾਟ ਸਾਹਿਬ ਤੇ ਡੀ. ਆਈ. ਜੀ. ਦੇ ਚਿਹਰਿਆਂ ਤੇ ਗੰਭੀਰਤਾ ਦੇ ਚਿਨ੍ਹ ਦੇਖਕੇ ਉਹ ਕੁਝ ਝੇਪ ਗਿਆ। ਉਸ ਨੇ ਆਪ ਕੋਈ ਗਲ ਨਾ ਪੁੱਛੀ।

'ਤੁਸੀਂ ਦਸ ਸਕਦੇ ਹੋ ਕੂਕਾ ਕੋਣ ਲੋਕ ਹਨ ? ਕਿਸੇ ਕਮਿਸ਼ਨਰ ਦੀ ਰੀਪੋਰਟ ਆਈ ਹੈ ?' ਲਾਟ ਸਾਹਿਬ ਨੇ ਪਰਮੁਖ ਸਕਤਰ ਨੂੰ ਸੰਬੋਧਨ ਕਰਕੇ ਪੁੱਛਿਆ। ਜ਼ਿਲਾ ਅੰਮ੍ਰਿਤਸਰ ਦੇ ਡੀ. ਸੀ. ਦੀ ਇਕ ਚਿੱਠੀ ਆਈ ਹੈ।

ਉਹ ਮੈਂ ਨਾਲ ਹੀ ਲੈਕੇ ਆਇਆ ਹਾਂ। 'ਇਹ ਆਖਕੇ ਚੀਫ ਸਕਤਰ ਨੇ ਫਾਇਲ ਵਿਚੋਂ ਕਾਗਜ਼ ਕਢਿਆ। ਉਸ ਦਾ ਇਕ ਪੈਰਾ ਪੜ੍ਹਕੇ ਸੁਣਾਇਆ।' ਜ਼ਿਲਾ ਪੁਲੀਸ ਕਪਤਾਨ ਨੇ ਥਾਨਾ ਚਗਾਵਾਂ (ਲੋਪੋਕੇ) ਵਿਚਲੇ ਗੁਰੂ ਸਰ ਗੁਰਦੁਆਰੇ ਦੇ ਮਹੰਤ ਛਬੀਲ ਦਾਸ ਦਾ ਕਤਲ ਹੋਇਆ ਹੈ। ਜਗੀਰਦਾਰ ਬੇਲਾ ਸਿੰਘ ਜਿਹੜਾ ਸਰਕਾਰੀ ਵਫਾਦਾਰ ਹੈ ਤੇ ਮਿਸਟਰ ਟੀਟੋਨੀ ਐਸ. ਐਚ. ਓ. ਦਾ ਖਿਆਲ ਹੈ ਕਿ ਕੂਕੇ ਨੌਜਵਾਨਾਂ ਨੇ ਮਹੰਤ ਦਾ ਖੂਨ ਕੀਤਾ ਹੈ . ਖੜਗ ਸਿੰਘ ਕਕੜ ਦੀ ਅਗਵਾਈ ਹੇਠ ਕੁਝ ਕੂਕੇ ਨੌਜਵਾਨ ਸਰਕਾਰ ਤੇ ਸਮਾਜ ਵਿਰੋਧੀ ਕਾਰਵਾਈਆਂ ਵਿਚ ਲਗੇ ਹਨ। ਧਰਮ ਦਾ ਬਾਣਾ ਹੋਣ ਕਰਕੇ ਕਾਨੂੰਨੀ ਹੱਥ ਪਾਉਣਾ ਔਖਾ ਹੈ...ਦਸਿਆ ਜਾਏ ਕਿ ਕਿਵੇਂ ਨਵੇਂ ਮਾਮਲੇ ਨਜਿਠੇ ਜਾਣ।'

'ਇਸ ਦਾ ਮਤਲਬ ਹੋਇਆ' ਲਾਟ ਸਾਹਬ ਬੋਲੇ, 'ਕਿ ਜੋ ਇਤਲਾਹ ਮੈਨੂੰ ਮਿਲੀ ਹੈ ਉਹ ਠੀਕ ਹੈ ..?'

'ਹੋ ਸਕਦਾ ਹੈ ਜਨਾਬ...ਪਰ ਐਨੀ ਖਤਰੇ ਵਾਲੀ ਗਲ



Sri Satguru Jagjit Singh Ji Elibrary NamdhariElibrary@gmail.com

ਨਹੀਂ। (ਸਤਿਗੁਰੂ) ਰਾਮ ਸਿੰਘ (ਜੀ) ਮਾਮੂਲੇ ਘਰਾਣੇ ਵਿਚੋਂ ਹੈ। ਕਿਸੇ ਵਡੀ ਕਰਾਂਤੀ ਦੀ ਸੰਭਾਵਨਾ ਉਹਨਾਂ ਰਾਹੀਂ ਨਹੀਂ ਹੋ ਸਕਦੀ।

'ਸੰਸਾਰ ਦੀਆਂ ਕਰਾਂਤੀਆਂ ਦਾ ਇਤਿਹਾਸ ਸਾਖੀ ਭਰਦਾ ਹੈ ਕਿ ਹਰ ਕਰਾਂਤੀ ਦਾ ਆਗੂ ਮਾਮੂਲੀ ਲੋਕ ਘਰਾਣਿਆਂ ਵਿਚੋਂ ਹੀ ਜਨਮ ਲੈਕੇ ਉਠੇ। ਬਾਦਸ਼ਾਹ ਬਣੇ, ਇਹ ਖਿਆਲ ਲਾ-ਪਰਵਾਹੀ ਦਾ ਹੈ (ਸਤਿਗੁਰ) ਰਾਮ ਸਿੰਘ ਜੀ ਐਸੇ ਨਹੀਂ ਹਨ। ਉਹ ਤਾਂ ਕੋਈ ਪੈਗੰਬਰ ਦਸੀਦੇ ਹਨ। ਕਰਾਮਾਤਾਂ ਦੇ ਮਾਲਕ ਹਨ, ਤਦੇ ਤਾਂ ਲੋਕ ਉਹਨਾਂ ਦੇ ਪਿਛੇ ਲਗ ਰਹੇ ਹਨ। ਜਦੋਂ ਕਿ ਵਰਤਮਾਨ ਸਰਕਾਰੀ ਪਾਲਸੀ ਨਰਮ ਨਹੀਂ।'

ਲਾਟ ਸਾਹਿਬ ਨੇ ਪਾਦਰੀ ਸਕਾਟ ਕੋਲੋਂ ਮਿਲੀ ਜਾਣਕਾਰੀ ਦੇ ਉਧਾਰ ਤੇ ਆਖਿਆ।

'ਜਨਾਬ ਨੂੰ ਕਿਸੇ ਨੇ ਰਾਈ ਦਾ ਪਹਾੜ ਬਣਾ ਕੇ ਗਲ ਦਸੀ ਹੈ...ਇਹ ਤਾਂ ਮੰਨਣ ਯੋਗ ਗਲ ਨਹੀਂ ਕਿ ਰਾਜ ਦੇ ਸਾਰੇ ਕਰਮਚਾਰੀ ਲਾ-ਪਰਵਾਹ ਹਨ। ਹੋ ਸਕਦਾ ਹੈ ਕਿ 'ਕੂਕਾ ਲੋਕ' ਜਿਹਨਾਂ ਬਾਬਤ ਆਪ ਪੁਛ ਰਹੇ ਹੋ ਧਾਰਮਿਕ ਪੜਦੇ ਆਸਰੇ ਚਲ ਰਹੇ ਹੋਣ, ਜਿਵੇਂ ਰਾਵਲ ਪਿੰਡੀ ਦੇ ਭਾਈ ਦਿਆਲ ਜੀ ਦੀ ਲਹਿਰ ਨਿਰੋਲ ਭਗਤੀ ਤੇ ਸਮਾਜ ਸੁਧਾਰ ਦੀ ਹੈ–ਕੋਈ ਗਲ ਸਰਕਾਰ ਵਿਰੁਧ ਨਹੀਂ ਕਰਦੇ। ਦੂਸਰੀ ਇਹ ਗਲ ਕਿ ਰਾਜ ਦੇ ਵਫ਼ਾਦਾਰਾਂ ਦੀ ਗਿਣਤੀ ਐਨੀ ਵਧ ਗਈ ਹੈ ਕਿ ਰਾਜ ਵਿਰੁਧ ਕਿਸੇ ਦਾ ਸੁਫਨਾ ਲੈਣਾ ਵੀ ਹਵਾ ਨੂੰ ਤਲਵਾਰਾਂ ਮਾਰਨਾ ਹੈ। ਸਿੱਖਾਂ ਦੇ ਧਾਰਮਿਕ ਆਗੂ ਮਹੰਤ, ਗ੍ਰੰਥੀ, ਪੁਜਾਰੀ, ਜਗੀਰਦਾਰ, ਅਮੀਰ ਕਾਰੋਬਾਰੀ ਅਤੇ ਪੰਜਾਬ ਦੇ ਸਾਰੇ ਰਾਜ ਦੇ ਵਫ਼ਾਦਾਰ ਹਨ ਤੇ ਉਹਨਾਂ ਦੇ ਇਲਾਕੇ ਵਿਚ ਜਿਹੜਾ ਵੀ ਰਾਜ ਜਾਂ ਕਿਸੇ ਅੰਗਰੇਜ਼ ਵਿਰੁਧ ਗਲ ਕਰਦਾ ਹੈ ਤਾਂ ਉਹ ਦਬਾ ਦਿੰਦੇ ਹਨ।...ਹਥਿਆਰ



Sri Satguru Jagjit Singh Ji Elibrary NamdhariElibrary@gmail.com

ਨਾ ਕੋਈ ਰਖ ਸਕਦਾ ਹੈ ਨਾ ਹਥਿਆਰ ਮਿਲਣੇ ਹਨ। ਬਿਨਾਂ ਹਥਿਆਰਾਂ ਦੇ ਬਗਾਵਤ ਹੋਣੀ ਕੀ ਸੌਖੀ ਹੈ ?'

'ਇਹ ਗਲ ਮੈਂ ਮੰਨਦਾ ਹਾਂ—ਕਿ ਵਫਾਦਾਰ ਬਹੁਤੇ ਬਣ ਰਹੇ ਹਨ—ਉਹ ਦਿਲੋਂ ਕੋਈ ਵਫਾਦਾਰ ਨਹੀਂ, ਰਾਜ ਦੇ ਬਣ ਰਹੇ ਉਹ ਸਵਾਰਥੀ ਹਨ। ਸਵਾਰਥ ਵਾਸਤੇ ਵਫਾਦਾਰ ਹਨ—ਸਿੱਖਾਂ ਦਾ ਇਤਿਹਾਸ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਧਰਮ ਅਤੇ ਕੌਮ ਦੇ ਨਾਂ ਉਤੇ ਇਕ ਦਮ ਇੱਕਠੇ ਹੋ ਜਾਂਦੇ ਹਨ। ਵੇਸਲੇ ਨਹੀਂ ਹੋਣਾ, ਮਾਣ ਵਿਚ ਨਹੀਂ ਆਉਣਾ ਕਿ ਸਾਮਰਾਜ ਵਡਾ ਹੈ—ਕੀੜੀਆਂ ਹਾਥੀ ਨੂੰ ਮਾਰ ਸਕਦੀਆਂ ਹਨ।'

ਚੀਫ ਸਕਤਰ ਅਤੇ ਡੀ. ਆਈ. ਜੀ. ਦੋਵੇਂ ਚਲੇ ਗਏ। ਲਾਟ ਸਾਹਿਬ ਨੂੰ ਕੁਝ ਹੌਂਸਲਾ ਹੋਇਆ।

ਪੰਜਵੇਂ ਦਿਨ ਲਾਟ ਸਾਹਿਬ ਦੇ ਮੇਜ਼ ਉਤੇ ਸਿਆਲ ਕੋਟ, ਗੁਜਰਾਤ, ਅਟਕ, ਅੰਮ੍ਰਿਤਸਰ, ਲੁਧਿਆਨਾ ਤੇ ਫੀਰੋਜ਼ਪੁਰ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਵਲੋਂ ਭੇਜੀ ਰੀਪੋਰਟ ਆ ਗਈ, ਕਿ ਸਤਿਗੁਰੂ ਰਾਮ ਸਿੰਘ ਦੇ ਸ਼ਰਧਾਲੂਆਂ ਦੀ ਗਿਣਤੀ ਵਧ ਰਹੀ ਹੈ...ਪਰ ਅਜੇ ਧਾਰਮਿਕ ਦਾਇਰੇ ਵਿਚ ਹਨ। ਪ੍ਰਮਾਤਮਾ ਦਾ ਨਾਮ ਲੈਣ ਤੇ ਸੁਚੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਝੂਠ, ਚੋਰੀ, ਯਾਰੀ ਵਿਹਲਿਆਂ ਬੈਠਕੇ ਖਾਣ ਵਲੋਂ ਰੋਕਿਆ ਜਾ ਰਿਹਾ ਹੈ। ਬਸਤਰ ਉਜਲੇ ਪਹਿਨਦੇ ਹਨ, ਸਫਾਈ ਵਲ ਧਿਆਨ ਹੈ.. ਵਿਸਾਖੀ ਦੇ ਤਿਉਹਾਰ ਤੇ ਅੰਮ੍ਰਿਤਸਰ ਵੱਡਾ ਇੱਕਠ ਕੀਤਾ ਜਾ ਰਿਹਾ ਹੈ।'

ਪੂਰੀ ਰੀਪੋਰਟ ਪੇਸ਼ ਕਰਨ ਆਇਆ ਸੀ ਮੈਕਇੰਡਰੀਊ ਆਪ। ਉਸ ਨੂੰ ਲਾਟ ਸਾਹਿਬ ਨੇ ਆਖਿਆ, 'ਦੇਖੋ...ਵਿਸਾਖੀ ਦੇ ਮੇਲੇ ਪਰ ਤੁਸਾਂ ਆਪ ਜਾਣਾ। ਆਪ ਗੁਰੂ ਰਾਮ ਸਿੰਘ (ਜੀ)



Sri Satguru Jagjit Singh Ji Elibrary NamdhariElibrary@gmail.com

ਨੂੰ ਮਿਲਣਾ। ਉਹਨਾਂ ਦੇ ਵਿਚਾਰਾਂ ਦੀ ਹਾਥ ਲੈਣੀ। ਡਿਪਟੀ ਕਮਿਸ਼ਨਰ ਨੂੰ ਹਦਾਇਤ ਕਰਨੀ ਕਿ ਪੂਰੀ ਨਿਗਰਾਨੀ ਰਖਣ। ਅੰਮ੍ਰਿਤਸਰ ਜ਼ਿਲੇ ਵਿਚ ਬਹੁਤ ਸਾਰੇ ਸਰਦਾਰ ਸਰਕਾਰੀਏ ਹਨ। ਦੇਖਣਾ ਉਹਨਾਂ ਵਿਚੋਂ ਕੋਈ ਇਸ ਲਹਿਰ ਵਿਚ ਸ਼ਾਮਲ ਹੁੰਦਾ ਹੈ ਕਿ ਨਹੀਂ।'

'ਜਿਵੇਂ ਜਨਾਬ ਦਾ ਹੁਕਮ,' ਆਖਕੇ ਮੈਕਇੰਡਰੀਊ ਚਲਿਆ ਗਿਆ ਤੇ ਲਾਟ ਸਾਹਿਬ ਰੀਪੋਰਟ ਨੂੰ ਮੁੜ ਪੜ੍ਹਨ ਲੱਗ ਪਿਆ।

C
24/3

---



Sri Satguru Jagjit Singh Ji Elibrary NamdhariElibrary@gmail.com

# ਅਠਾਰਾਂ

ਜਦੋਂ ਸ਼ਮ੍ਹਾਂ ਬਾਲੀ ਜਾਂਦੀ ਹੈ ਤਾਂ ਪਤੰਗਿਆਂ ਨੂੰ ਕੋਈ ਨਾ ਸਨੇਹਾ ਭੇਜਦਾ ਹੈ ਤੇ ਨਾ ਢੋਲ ਵਜਾ ਕੇ ਸੰਦੇਸ਼ ਪਹੁੰਚਾਉਂਦਾ ਹੈ। ਸ਼ਮ੍ਹਾਂ ਬਲੀ ਦੇਖਕੇ ਆਪੇ ਹੀ ਉਸ ਦੇ ਕੋਲ ਆ ਜਾਂਦੇ ਤੇ ਚੌਗਿਰਦੇ ਘੁੰਮਦੇ ਹਨ। ਉਹ ਮੌਤ ਨੂੰ ਭੁਲ ਜਾਂਦੇ ਹਨ ਤੇ ਪਿਆਰ ਦੀ ਪੂਰਨਤਾ ਬਦਲੇ ਕੁਰਬਾਨੀ ਦਾ ਹੀ ਖਿਆਲ ਰਖਦੇ ਹਨ। ਕਿਸੇ ਪਤੰਗੇ ਨੇ ਸ਼ਮ੍ਹਾਂ ਬਲਦੀ ਦੇਖਕੇ ਕਦੀ ਆਪਣੇ ਸਾਥੀਆਂ ਨੂੰ ਦਸਣ ਜਾਣ ਦਾ ਹੀਆ ਨਹੀਂ ਕੀਤਾ। ਬਿਨ ਏਸੇ ਤਰ੍ਹਾਂ ਅਕਾਲ ਪੁਰਖ ਦੇ ਹੁਕਮ ਨਾਲ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਸਵਰਾਜ (ਲੋਕ ਰਾਜ) ਦੀ ਸ਼ਮ੍ਹਾਂ ਬਾਲੀ। ਸ਼ਮ੍ਹਾਂ ਬਾਲਕੇ ਸਵਰਾਜ ਪ੍ਰੇਮੀਆਂ (ਪਤੰਗਿਆਂ) ਨੂੰ ਕੋਈ ਤਨਖਾਹ, ਵੱਡੀ ਨੌਕਰੀ, ਵਜ਼ੀਰੀ ਜਾਂ ਸਰਦਾਰੀ ਦਾ ਲਾਲਚ ਨਹੀਂ ਸੀ ਦਿੱਤਾ। ਸਗੋਂ ਉਪਦੇਸ਼ ਦਿੱਤਾ ਸੀ, 'ਇਸ ਸ਼ਮ੍ਹਾਂ ਨੂੰ ਬਲਦੀ ਰੱਖਣ ਲਈ ਤਨ, ਮਨ ਤੇ ਧਨ ਦੀ ਕੁਰਬਾਨੀ ਕਰਨੀ ਹੈ। ਦੇਣਾ ਹੈ, ਲੈਣਾ ਕੁਝ ਨਹੀਂ।'

ਵਿਸਾਖੀ ੧੯੫੭ ਵਾਲੇ ਪਵਿਤ੍ਰ ਦਿਹਾੜੇ ਸਵਰਾਜ ਦੀ ਸ਼ਮ੍ਹਾਂ ਬਾਲੀ। ਸਵਰਾਜ ਦਾ ਝੰਡਾ ਲਹਿਰਾਇਆ, ਛੇਵੀਂ ਵਿਸਾਖੀ



Sri Satguru Jagjit Singh Ji Elibrary NamdhariElibrary@gmail.com

੧੮੬੩ ਵਿਚ ਆਈ ਤਾਂ ਪੰਜਾਬ ਦੀ ਬ੍ਰਤਾਨਵੀਂ ਸਰਕਾਰ ਘਬਰਾ ਗਈ। ਕਿਉਂਕਿ ਸਵਰਾਜ ਦੀ ਸ਼ਮ੍ਹਾਂ ਪਰਬਲ ਹੋ ਬਲ ਉਠੀ। ਉਸ ਨੂੰ ਬਲਦੀ ਰਖਣ ਲਈ ਸੈਂਕੜੇ ਪਤੰਗੇ ਉਸ ਦੀਆਂ ਪ੍ਰਕਰਮਾਂ ਕਰ ਕਰਕੇ ਕੁਰਬਾਨ ਹੋਣ ਲਈ ਤਿਆਰ ਹੋ ਗਏ ਸਨ। ਪਿਆਰ ਤੇ ਸੇਵਾ ਦਾ ਉਤਸ਼ਾਹ ਦਿਲਾਂ ਵਿਚ ਇਕ ਤੂਫਾਨ ਬਣ ਉਠਿਆ ਸੀ। ਜਿਹੜਾ ਸ਼ਮ੍ਹਾਂ ਦੇ ਨੇੜੇ ਹੋਇਆ ਉਹ ਮੁੜ ਘਰ ਨਾ ਗਿਆ।

ਕਕੜਾਂ ਵਿਚ ਰੁਕ ਕੇ ਸਤਿਗੁਰੂ ਜੀ ਨੇ ਸਾਰੇ ਇਲਾਕੇ ਵਿਚ ਜਾਗਰਤੀ ਪੈਦਾ ਕਰ ਦਿੱਤੀ। ਅਗੇ ਇਕ ਸੰਤ ਖੜਗ ਸਿੰਘ ਸੀ, ਫਿਰ ਹਰ ਪਿੰਡ ਵਿਚ ਸਵਰਾਜ ਪ੍ਰੇਮੀ ਸੰਤ ਤਿਆਰ ਹੋ ਗਏ। ਸੁੱਖੀ ਨਾਲ ਕਈ ਭੇਣਾਂ ਮਿਲ ਗਈਆਂ ਆਤਮਾ ਨੂੰ ਬਲਵਾਨ ਤੇ ਨਿਰਭੈ ਕਰਨ ਵਾਸਤੇ ਨਾਮ ਸਿਮਰਨ ਦੀ ਮਾਲਾ ਹੱਥ ਵਿਚ ਲਈ ਤੇ ਸਰੀਰ ਦੀ ਅਰੋਗਤਾ ਵਾਸਤੇ ਉਤਮ ਭੋਜਨ ਤੇ ਇਸ਼ਨਾਨ ਕਰਨਾ ਸ਼ੁਰੂ ਕੀਤਾ।

'ਗੁਰੂ ਕੀ ਮੂਰਤ ਮਨਿ ਮੇਂ ਧਿਆਨ।'

ਸਤਿਗੁਰੂ ਜੀ ਰਾਵੀ ਪਾਰ ਹੋ ਜ਼ਿਲਾ ਸਿਆਲ ਕੋਟ ਦੇ ਨਗਰਾਂ ਵਿਚ ਉਪਦੇਸ਼ ਕਰਦੇ ਹੋਏ ਪਿੰਡ ਗਿਲ ਵਿਚ ਪੁੱਜੇ। ਇਸਤ੍ਰੀ-ਪੁਰਖਾਂ ਨੂੰ ਅੰਮ੍ਰਿਤ ਛਕਾਇਆ। ਉਥੋਂ ਚਲਕੇ ਦਰਿਆ ਝਨਾਂ (ਚਨਾਬ) ਦੇ ਕਿਨਾਰੇ ਪੁੱਜ ਗਏ। ਬੇੜੀ ਰਾਹੀਂ, ਪਾਰ ਹੋਣਾ ਸੀ। ਬੇੜੀਆਂ ਵਿਚ ਸੰਗਤ ਬੈਠੀ, ਬੇੜੀ ਤੁਰੀ ਤੇ ਝਨਾਂ ਦੀ ਲਹਿਰਾਂ ਮਾਰਦੀ ਜਲਧਾਰਾ ਦੇ ਸੀਨੇ ਉਤੇ ਹੀ ਬੇੜੀ ਜਾ ਰਹੀ ਸੀ ਕਿ ਅਗਲੇ ਕਿਨਾਰੇ ਤੋਂ ਹਜ਼ਾਰੋਂ ਦੀ ਸੰਗਤ ਨਜ਼ਰ ਪਈ। ਭਾਈ ਮੰਨਾ ਸਿੰਘ ਜੀ ਦੀ ਅਗਵਾਈ ਹੇਠ ਸਤਿਗੁਰੂ ਬਾਲਕ ਸਿੰਘ ਜੀ ਦੀਆਂ ਅਸਥੀਆਂ ਲਈ ਝਨਾਂ ਦੇ ਸੀਨੇ ਵਲ ਵਧ ਰਹੀ ਸੀ। ਝਨਾਂ ਦੀਆਂ ਲਹਿਰਾਂ ਉਤੇ ਹੀ ਮੇਲ ਹੋਇਆ। ਸਤਿਗੁਰੂ ਬਾਲਕ ਸਿੰਘ ਦੀਆਂ ਅਸਥੀਆਂ ਦੇ ਦਰਸ਼ਨ ਕਰਕੇ ਸਤਿਗੁਰੂ ਰਾਮ ਸਿੰਘ



Sri Satguru Jagjit Singh Ji Elibrary NamdhariElibrary@gmail.com

ਜੀ ਨੇ ਆਪਣੇ ਸਤਿਗੁਰੂ ਜੀ ਦੇ ਅੰਤਮ ਦਰਸ਼ਨ ਕਰ ਲਏ। ਉਥੋਂ ਹੀ ਹਜ਼ਰੋ ਸੰਗਤ ਦੇ ਨਾਲ ਪਿਛੇ ਮੁੜਕੇ ਬਾਬਾ ਜਮੀਅਤ ਸਿੰਘ ਦੇ ਡੇਰੇ ਗਿਲ ਪਿੰਡ ਵਿਚ ਆ ਗਏ ਤੇ ਅਗਲਾ ਪ੍ਰੋਗ੍ਰਾਮ ਉਲੀਕਿਆ ਗਿਆ।

ਜ਼ਿਲਾ ਸ਼ੇਖੂ ਪੁਰਾ ਤੇ ਸਿਆਲ ਕੋਟ ਦੇ ਨਗਰਾਂ ਵਿਚ ਆਪ ਚੋਖਾ ਚਿਰ ਧਰਮ ਪ੍ਰਚਾਰ ਕਰਦੇ ਰਹੇ। ਜਿਵੇਂ ਲਾਟ ਦੇ ਹੁਕਮ ਜ਼ਿਲਾ ਅਫਸਰਾਂ ਨੂੰ ਹਦਾਇਤਾਂ ਭੇਜੀਆਂ ਗਈਆਂ ਸਨ ਕਿ ਕੂਕਾ ਆਗੂ (ਸਤਿਗੁਰੂ) ਰਾਮ ਸਿੰਘ ਜੀ) ਦਾ ਧਿਆਨ ਰਖਿਆ ਜਾਏ। ਸਿਆਲ ਕੋਟ ਦੇ ਡਿਪਟੀ ਕਮਿਸ਼ਨਰ ਨੇ ਲਾਹੌਰ ਰਿਪੋਰਟ ਭੇਜੀ—'.. .. ਜ਼ਿਲਾ ਲੁਧਿਆਣੇ ਦਾ ਇਕ ਗੁਰੂ, ਜਿਸ ਦਾ ਨਾਮ ਗੁਰੂ ਰਾਮ ਸਿੰਘ (ਜੀ) ਹੈ...ਸਾਰੇ ਜ਼ਿਲੇ ਦਾ ਦੌਰਾ ਕਰ ਰਿਹਾ ਹੈ। ਉਸ ਦੇ ਨਾਲ ਦੋ ਸੌ ਇਸਤ੍ਰੀ-ਪੁਰਖ ਹਨ। ਰਾਤ ਨੂੰ ਡਾਂਗਾਂ ਨਾਲ ਪਰੇਡ ਵੀ ਕਰਦੇ ਹਨ। ਦੀਵਾਨ ਕਰਕੇ ਉਪਦੇਸ਼ ਕਰਦੇ ਤੇ ਉਚੀ ਉਚੀ ਕੁਝ ਗਾਉਂਦੇ ਹਨ। ਦਸਿਆ ਗਿਆ ਹੈ ਕਿ ੫ ਹਜ਼ਾਰ ਸਿੱਖ ਉਸ ਨੂੰ ਮੰਨਣ ਵਾਲੇ ਹੋ ਗਏ ਹਨ। ਉਹ ਰਾਜ ਦੇ ਕਿਸੇ ਕਾਨੂੰਨ ਤੇ ਰਾਜ ਪ੍ਰਬੰਧ ਨੂੰ ਨਹੀਂ ਮੰਨਦੇ ਆਪਣਾ ਸਵਰਾਜ ਕਾਇਮ ਕੀਤਾ ਹੈ। ਦਸਿਆ ਗਿਆ ਹੈ ਕਿ ਜਥੇ ਸਮੇਤ ਵਿਸਾਖੀ ਦੇ ਪੁਰਬ ਤੇ ਅੰਮ੍ਰਿਤਸਰ ਜਾ ਰਹੇ ਹਨ। ਉਥੇ ਭਾਰੀ ਇੱਕਠ ਹੋਏਗਾ। ਝੰਡਾ ਆਪਣਾ ਹੈ। ਅਗੇ ਅਗੇ ਘੋੜੀ ਉਤੇ ਸਵਾਰ ਗੁਰੂ (ਜੀ) ਹੁੰਦੇ ਹਨ ਤੇ ਪਿਛੇ ਉਹਨਾਂ ਦੇ ਅੰਗ-ਰਖਿਕ ਉਸ ਦੇ ਪਿਛੇ ਆਮ ਲੋਕ। ਸ਼ਾਹੀ ਠਾਠ ਹੁੰਦਾ ਹੈ ..।'

ਜਿਵੇਂ ਸਾਵਣ ਦੇ ਅੰਨ੍ਹਿਆਂ ਨੂੰ ਸਾਰਾ ਸਾਲ ਹਰਿਆਵਲ ਦਿੱਸਦੀ ਹੈ, ਤਿਵੇਂ ਲਾਟ ਦੇ ਹੁਕਮ ਨਾਲ ਡੀ. ਆਈ. ਜੀ. ਤੇ ਚੀਫ ਸਕਤਰ ਪੰਜਾਬ ਵਲੋਂ ਜ਼ਿਲਿਆਂ ਦੇ ਅਫਸਰਾਂ ਨੂੰ ਮਿਲੀਆਂ ਹਦਾਇਤਾਂ ਦੇ ਕਾਰਨ ਚੌਂਕੀਦਾਰ, ਨੰਬਰਦਾਰ, ਪੁਲੀਸ ਦੇ ਕਰਮ-ਚਾਰੀਆਂ, ਤਹਿਸੀਲਦਾਰਾਂ ਤੋਂ ਡਿਪਟੀ ਕਮਿਸ਼ਨਰਾਂ ਨੂੰ ਹਰ



Sri Satguru Jagjit Singh Ji Elibrary NamdhariElibrary@gmail.com

ਕਛਹਿਰੇ ਵਾਲਾ ਸਿੱਖ ਅਤੇ ਰਾਤ ਨੂੰ ਉਚੀ ਗਾਉਣ ਵਾਲਾ ਬੰਦਾ 'ਕੂਕਾ' ਹੀ ਪ੍ਰਤੀਤ ਹੋਣ ਲੱਗਾ। ਸ਼ਾਹੀ ਰਾਹ ਉਤੇ ਤੁਰਿਆ ਜਾਂਦਾ ਜੇ ਕੋਈ ਅੰਗਰੇਜ਼ ਕਿਸੇ ਵਾਗੀ ਨੂੰ ਮਿਰਜ਼ੇ ਦੀਆਂ ਸੁਰਾਂ ਲਾਉਂਦਾ ਸੁਣਦਾ ਤਾਂ ਆਖਦਾ. 'ਯੇਹ ਤੋਂ ਕੂਕਾ ਐ!'

ਅੰਮ੍ਰਿਤਸਰ ਦੀ ਵਿਸਾਖੀ ਤੇ ਦੀਵਾਲੀ ਪੰਥਕ ਫੈਸਲਿਆਂ ਵਾਸਤੇ ਪ੍ਰਸਿਧ ਹੈ। ਸਤਿਗੁਰੂ ਜੀ ਸੰਗਤ ਸਮੇਤ ਦੋ ਦਿਨ ਪਹਿਲਾਂ ਅੰਮ੍ਰਿਤਸਰ ਪੁਜ ਗਏ। ਅੰਮ੍ਰਿਤਸਰ ਦੀ ਸੰਗਤ. ਨੇ ਨਸ ਭਜ ਕਰਕੇ ਦੀਵਾਨ ਤੇ ਆਪ ਸੰਗਤ ਦੇ ਬਰਾਜਣ ਦਾ ਪ੍ਰਬੰਧ ਕੀਤਾ। ਅਤਰ ਸਿੰਘ, ਦੇਵਾ ਸਿੰਘ ਤੇ ਗੰਭੀਰ ਸਿੰਘ ਤਾਂ ਕਈ ਦਿਨ ਪਹਿਲਾਂ ਹੀ ਪ੍ਰਬੰਧ ਕਰਨ ਵਿਚ ਰੁਝੇ ਰਹੇ।

ਲਾਹੌਰੋਂ ਮੇਜਰ ਮੈਕਇੰਡਰੀਊ ਉਚੇਚੇ ਤੌਰ ਤੇ ਆਇਆ ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਨਾਲ ਲੈਕੇ ਸਤਿਗੁਰੂ ਜੀ ਨੂੰ ਮਿਲਿਆ। ਉਸ ਵੇਲੇ ੨੨ ਸਮਗਰੀਆਂ ਸਮੇਤ ਘਿਉ ਨਾਲ 'ਹਮਨ' ਕੀਤਾ ਜਾ ਰਿਹਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਬੈਠੀ ਸੀ। ਸੰਗਤ ਵਿਚ ਸਿਧੀ ਸੇਤ-ਦਸਤਾਰ ਵਾਲੇ ਗੁਰਸਿਖ ਬਰਾਜਮਾਨ ਸਨ।

ਮੈਕਇੰਡਰੀਊ ਸਾਫ ਹਿੰਦੋਸਤਾਨੀ ਨਹੀਂ ਸੀ ਬੋਲ ਸਕਦਾ। ਨੈਾਲ ਲਿਆਂਦੇ ਮੁਸਲਮਾਨ ਅਫਸਰ ਰਾਹੀਂ ਗਲਬਾਤ ਸ਼ੁਰੂ ਕੀਤੀ। ਓਹ ਮੁਸਲਮਾਨ ਅਫਸਰ ਅੰਗਰੇਜ਼ੀ ਚੰਗੀ ਬੋਲ ਤੇ ਸਮਝ ਸਕਦਾ ਸੀ।

'ਅਸੀਂ ਆਪ ਕੋਲ ਇਹ ਜਾਨਣ ਲਈ ਆਏ ਹਾਂ ਕਿ ਆਪ ਦਾ ਉਦੇਸ਼ ਕੀ ਹੈ, ਦੇਸ਼ ਵਿਚ ਫਿਰਨ ਤੇ ਦੀਵਾਨ ਕਰਨ ਦਾ?'

ਮੈਕਇੰਡਰੀਊ ਵਲੋਂ ਇਹ ਸਵਾਲ ਕੀਤਾ ਗਿਆ।

'ਮਨੁੱਖ ਨੂੰ ਮਨੁੱਖ ਬਣਾਈ ਰੱਖਣ ਵਾਸਤੇ ਅਸੀਂ ਦੇਸ਼ ਵਿਚ ਫਿਰ ਰਹੇ ਹਾਂ।' ਸਤਿਗੁਰੂ ਜੀ ਬਚਨ ਕੀਤਾ।

'ਮਤਲਬ ਨਹੀਂ ਸਮਝੇ?'



Sri Satguru Jagjit Singh Ji Elibrary NamdhariElibrary@gmail.com

'ਜੁਗਾਂ ਤੋਂ ਪ੍ਰਮਾਤਮਾ ਦੀ ਰਜਾ ਨਾਲ ਮਾਨਵ ਸੁਧਾਰ ਦੀ ਲਹਿਰ ਚਲੀ ਆਈ ਹੈ। ਮਨੁੱਖ ਭੁਲਣ ਹਾਰ ਹੈ, ਇਹ ਭੁਲ ਜਾਂਦਾ ਹੈ ਕਿ ਇਹ ਕੀ ਹੈ? ਕਿਉਂ ਜਗਤ ਵਿਚ ਆਇਆ। ਪ੍ਰਮਾਤਮਾ ਪਿਤਾ ਨਾਲ ਕੀ ਸਬੰਧ ਹਨ? ਕਿਵੇਂ ਮੁੜ ਪ੍ਰਮਾਤਮਾ ਨਾਲ ਇਕਮਿਕ ਹੋਣਾ ਹੈ। ਨੇਕੀ, ਸੇਵਾ, ਨਿਮਰਤਾ, ਨਿਰਭੈਤਾ, ਸਚਾਈ ਦਾ ਮਾਰਗ ਕਿਹੜਾ ਹੈ? ਇਹ ਕੁਝ ਦਸਦੇ ਹਾਂ, ਜੋ ਪ੍ਰਮਾਤਮਾਂ ਦੀ ਬਖਸ਼ਿਸ਼ ਹੈ। ਉਸ ਦਾਤੇ ਦਾ ਹੁਕਮ ਹੈ।

ਹਿੰਦੂ, ਮੁਸਲਮਾਨ, ਸਿੱਖ ਜਾਂ ਜੋ ਵੀ ਮਨੁੱਖ ਹੈ, ਬਿਨਾਂ ਜਾਤ ਜਨਮ ਦੇ ਉਸ ਨੂੰ ਆਖਦੇ ਹਾਂ ਨਸ਼ਾ ਕੋਈ ਨਹੀਂ ਵਰਤਨਾ, ਧਰਮ-ਕਿਰਤ ਕਰਨੀ, ਚੋਰੀ, ਠੱਗੀ ਯਾਰੀ ਨਹੀਂ ਕਰਨੀ। ਸਰੀਰਕ ਬਲ ਨਾਲ ਕਿਸੇ ਨੂੰ ਸਟ ਨਹੀਂ ਲਾਉਣੀ, ਜਵਾਨੀ ਐਵੇਂ ਨਹੀਂ ਗਵਾਉਣੀ। ਹਰ ਮਨੁਖ ਨੂੰ 'ਮਾਨਸ ਕੀ ਜਾਤ ਸਬੈ ਏਕ ਹੀ ਪਹਚਾਨ ਬੋ।' ਮਨੁੱਖ ਵੀਰ ਸਮਝਨਾ, ਪਿਆਰ, ਏਕਤਾ ਵਿਚ ਰਹਿਣਾ, ਸ਼ੁਭ ਅਮਲ ਹੀ ਪਾਰ ਉਤਾਰਾ ਕਰਦੇ ਹਨ। ਨਾਮ-ਸਿਮਰਨ ਕਰਦੇ ਰਹਿਣਾ।'

'ਅੱਗ ਬਾਲਕੇ ਕਿਹੜੀ ਪੂਜਾ ਕਰਦੇ ਹੋ?'

'ਇਹ ਚੰਡੀ-ਪੰਥ ਹੈ! ਵੇਦ ਕਾਲ ਤੋਂ ਚਲੀ ਆਈ ਰੀਤੀ। ਸਰੀਰਕ ਸ਼ਕਤੀ ਨੂੰ ਤਕੜਿਆਂ ਰਖਣ ਲਈ ਤਾਂ ਕਿ ਤਕੜਾ ਸਰੀਰ ਆਪਣੇ ਧਰਮ ਗਊ ਗਰੀਬ ਦੀ ਰਖਿਆ ਕਰ ਸਕੇ। ਸਮਗਰੀ ਤੇ ਘਿਉ ਦਾ ਬਲਣਾ ਹਵਾ ਨੂੰ ਪਵਿਤ੍ਰ ਕਰਨਾ ਤੇ ਕੁਦਰਤੀ ਸ਼ਕਤੀਆਂ ਦਾ ਆਵਾਹਨ ਕਰਨਾ ਹੈ। ਬਾਣੀ ਦਾ ਪਾਠ ਕੀਤਾ ਜਾ ਰਿਹਾ ਹੈ।'

ਮੇਜਰ ਮੈਕਇੰਡਰੀਊ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਬਚਨ ਸੁਣੇ ਤੇ ਸਾਰਾ ਵਾਤਾਵਰਨ ਸ਼ਾਂਤ ਦੇਖਕੇ ਉਸ ਦੀ ਤਸਲੀ ਹੋਈ ਕਿ ਸਤਿਗੁਰੂ ਜੀ ਦਾ ਨਿਸ਼ਾਨਾ ਮਾਨਵ ਕਲਿਆਨ, ਸ਼ਾਂਤੀ ਤੇ ਪਿਆਰ ਦਾ ਹੈ, ਉਸ ਦੀ ਤਸਲੀ ਹੋ ਗਈ ਕਿ ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਦਾ ਪ੍ਰੋਗ੍ਰਾਮ ਉਸ਼ ਵੇਲੇ ਧਾਰਮਿਕ ਤੇ ਸਮਾਜ ਸੁਧਾਰਿਕ ਸੀ। ਉਹ ਚਲਿਆ ਗਿਆ।

ਵਿਸਾਖੀ ਦੇ ਪੁਰਬ ਸਮੇਂ ਸਤਿਗੁਰੂ ਜੀ ਨੇ ਪਹਿਲੀ ਵਾਰ ਐਲਾਨ ਕੀਤਾ। 'ਕੋਈ ਕੰਨਿਆ ਨਾ ਮਾਰੇ ਤੇ ਨਾ ਹੀ ਧੀ ਦੇ ਪੈਸੇ ਲੈਕੇ ਉਸ ਦੀ ਸ਼ਾਦੀ ਕਰੇ। ਸ਼ਾਦੀ ਦੀ ਰਸਮ ਬਹੁਤ ਸਧਾਰਨ ਹੋਣੀ ਚਾਹੀਏ। ਜਿਹੜੀ ਰਸਮ ਗਰੀਬ ਅਮੀਰ ਨੂੰ ਜਚੇ, ਪਿਆਰ ਤੇ ਸਦ-ਭਾਵਨਾ ਵਾਲੀ ਹੋਏ।'

ਖੰਡੇ ਦੇ ਅੰਮ੍ਰਿਤ ਦੇ ਖੁਲ੍ਹੇ ਗਫੇ ਵਰਤਾਏ ਗਏ। ਸੇਵ ਕਰਨ ਵਾਲਿਆਂ ਨੇ ਸੇਵਾ ਕਰਕੇ ਲਾਭ ਉਠਾਇਆ। ਸੰਤ ਸੇਵਕ ਸਿੰਘ ਤੇ ਨੈਣਾ ਸਿੰਘ ਇਲਾਕਾ ਅਜਨਾਲਾ ਦੇ ਨਵੇਂ ਸ਼ਰਧਾਲੂਆਂ ਨਾਲ ਸੇਵਾ ਕਰਨ ਵਿਚ ਜੁਟੇ ਰਹੇ। ਬਾਬਾ ਖੁਸ਼ਾਲ ਸਿੰਘ ਤੇ ਨਿਹਾਲ ਸਿੰਘ ਸੰਤ ਸੇਵਕ ਸਿੰਘ ਨੂੰ ਮਿਲੇ ਤੇ ਬੇਨਤੀ ਕੀਤੀ 'ਆਪ ਵਾਪਸ ਨਗਰ ਚਲੋ। ਆਪ ਦੇ ਬਿਨਾਂ ਪਿੰਡ ਵਿਚ ਜੀਵਨ ਨਹੀਂ।'

'ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਨੰਦ ਹੈ।' ਸੇਵਾ ਸਿੰਘ ਨੇ ਉਤਰ ਦਿੱਤਾ।

'ਉਹ ਅਨੰਦ ਤਾਂ ਤੁਸਾਂ ਨੂੰ ਹੈ, ਪਰ ਅਸਾਂ ਵਾਸਤੇ..।' ਨਿਹਾਲ ਸਿੰਘ ਬੋਲਿਆ।

'ਉਥੇ ਈਰਖਾ ਤੇ ਨਿੰਦਾ ਚੁਗਲੀ ਹੈ।'

'ਤਿਆਗੀ ਪੁਰਖ ਨਿੰਦਾ ਚੁਗਲੀ ਤੋਂ ਨਹੀਂ ਘਬਰਾਉਂਦੇ ਆਪ ਹੀ ਤਾਂ ਆਖਿਆ ਕਰਦੇ ਹੋ।'

'ਇਹ ਠੀਕ ਹੈ...ਆਖਿਆ ਕਰਦਾ ਸਾਂ, ਪਰ ਹੁਣ ਦਿਲ ਘਬਰਾਉਂਦਾ ਹੈ, ਦੂਸਰਾ ਪਿਆਰ ਦੀ ਅਨੋਖੀ ਲੀਲਾ ਹੈ। ਪਤੰਗੇ ਤੇ ਸ਼ਮ੍ਹਾਂ ਦਾ ਪਿਆਰ ਹੈ.. ਜੁਗਾਂ ਤੋਂ ਚਲਿਆ ਰਿਹਾ। ਜਦੋਂ ਪਤੰਗਾ ਸ਼ਮ੍ਹਾਂ ਦੇ ਨੇੜੇ ਚਲਿਆ ਜਾਏ ਤਾਂ ਉਸ ਦੀ ਸ਼ਮ੍ਹਾਂ ਤੋਂ ਮੁੜ



Sri Satguru Jagjit Singh Ji Elibrary NamdhariElibrary@gmail.com

ਦੂਰ ਹੋਣਾ ਅਸਭਵ। ਸਤਿਗੁਰੂ ਜੀ...ਉਹੋ ਹੀ ਅਟਲ ਤੇ ਅਮਰ ਸ਼ਮ੍ਹਾਂ ਹੈ, ਜਿਹੜੀ ਆਦਿ ਕਾਲ ਤੋਂ 'ਸਚ' ਦੇ ਸਰੀਰਾਂ ਰਾਹੀਂ ਬਲਦੀ ਆਈ। ਅਗੇ ਨੂੰ ਬਲੇਗੀ ਹੁਣ ਤਾਂ ਮਰਨ-ਜੀਵਨ ਦੀ ਸਾਂਝ ਕਾਇਮ ਹੋ ਗਈ 'ਵਿਛੜਿਆਂ ਦਾ ਸੰਜੋਗੀ ਮੇਲ ਹੋਇਆ।'

ਸੰਤ ਸੇਵਕ ਸਿੰਘ ਨੂੰ ਬਹੁਤ ਪ੍ਰੇਰਨਾ ਕੀਤੀ ਗਈ ਤਾਂ ਉਨ੍ਹਾਂ ਨੇ ਕੁਝ ਹਾਂ ਕੀਤੀ ਕਿ ਠੱਠੇ ਚਲਣਗੇ, ਪਰ ਕੁਝ ਚਿਰ ਪਿਛੋਂ।

ਗੁਰੂ ਕੇ ਲੰਗਰ ਵਿਚ ਸੇਵਾ ਕਰਦੀ ਹੋਈ ਸੁਖੀ ਨੂੰ ਮੌਕਾ ਮਿਲਿਆ ਸੰਤ ਸੇਵਕ ਸਿੰਘ ਨਾਲ ਗਲ ਕਰਨ ਦਾ। ਉਸ ਨੇ ਬੇਨਤੀ ਕੀਤੀ—'ਆਪ ਨਗਰ ਚਲੋ।'

'ਨਗਰ ਵਿਚ ਤੇਜਾ ਹੈ, ਤੁਸੀਂ ਅਤੇ ਨੈਣਾ ਸਿੰਘ ਸੇਵਾ ਕਰੀ ਜਾ ਰਹੇ ਹੋ।' ਸੇਵਕ ਸਿੰਘ ਨੇ ਉਤਰ ਦਿਤਾ।

'ਅਸੀਂ ਆਪਣੀ ਥਾਂ ਹਾਂ, ਤੁਸੀਂ ਆਪਣੀ ਥਾਂ! ਚਿੰਤਾ ਨਾ ਕਰੋ ਚੰਦਰੇ ਲੋਕ ਆਪੇ ਹੀ ਖਤਮ ਹੋ ਰਹੇ ਨੇ। ਸਤਿਗੁਰੂ ਜੀ ਅੰਗ ਸੰਗ ਰਹਿਣਗੇ।'

'ਸਤਿਗੁਰੂ ਜੀ ਅੰਗ ਸੰਗ ਹਨ, ਇਸ ਵਿਚ ਕੋਈ ਸੰਦੇਹ ਨਹੀਂ। ਪਰ ਮਨ ਵਿਚ ਸੇਵਾ ਦਾ ਉਤਸ਼ਾਹ ਆਇਆ ਹੈ।'

'ਸੇਵਾ ਬਦਲੇ ਤਾਂ ਮੈਂ ਬੇਨਤੀ ਕਰ ਰਹੀ ਹਾਂ। ਸਤਿਗੁਰੂ ਮਹਾਰਾਜ ਜੀ ਨੇ ਜੋ ਉਪਦੇਸ਼ ਦਿੱਤਾ ਹੈ, ਉਸ ਨੂੰ ਵੀ ਤਾਂ ਅਗ ਹੋਰ ਪ੍ਰਾਣੀਆਂ ਤਕ ਪਹੁੰਚਾਉਣਾ ਹੈ। ਗਿਆਨ ਦੀ ਰੋਸ਼ਨੀ ਦਿਖਾਉਣੀ ਹੈ। ਘਰ ਘਰ ਚਾਨਣ ਕਰਨਾ ਹੈ। ਹਨੇਰੇ ਵਿਚ ਠੇਡੇ ਖਾ ਕੇ ਸਾਰੇ ਜੀਵਨ ਬਰਬਾਦ ਕਰ ਰਹੇ ਹਨ। ਆਪ ਨੂੰ ਜਾਣਾ ਹੀ ਪਏਗਾ, ਅੰਨ੍ਹਿਆਂ ਨੂੰ ਰੋਸ਼ਨੀ ਬਖਸ਼ਣੀ ਹੋਏਗੀ ਤੇ...।'

ਗਲ ਕਰਦੀ ਕਰਦੀ ਸੁਖੀ ਨੇ ਸੰਤ ਜੀ ਵਲ ਦੇਖਿਆ। ਦੇਖਦੀ ਦੇਖਦੀ ਗੰਭੀਰ ਹੋ ਗਈ ਅਤੇ ਉਸ ਦੇ ਨੈਨਾਂ ਵਿਚ ਹੰਝੂ ਉਤਰ ਆਏ। ਮਨ ਦਾ ਵਲਵਲਾ ਪਿਘਲ ਪਿਆ, ਆਤਮਾ ਜਿਹੜੀ ਸਹਜ ਪਿਆਰ ਵਿਚ ਰੰਗੀ ਸੀ, ਉਹ ਕੁਝ ਕੁਝ ਗਰਮਾਈ।



Sri Satguru Jagjit Singh Ji Elibrary NamdhariElibrary@gmail.com

ਜ਼ਬਾਨ ਉਤੇ ਸਚ ਤੇ ਸਿਦਕ ਆਇਆ। ਸ਼ਬਦ ਬਣੇ, 'ਕੋਈ ਪਿਛਲੇ ਜਨਮ ਦਾ ਲਹਿਣਾ ਦੇਣਾ, ਆਪ ਨਾਲ ਪਿਆਰ ਹੈ। ਦਰਸ਼ਨ-ਵਾਸਤੇ ਅੱਖਾਂ ਹੈਰਾਨ ਹੁੰਦੀਆਂ ਹਨ ਤੇ ਮਨ ਵਿਆਕੁਲ ਹੁੰਦਾ ਹੈ। ਤਨ ਵਿਚੋਂ ਵਾਸ਼ਨਾਂ ਦੀ ਅੱਗ ਤਾਂ ਮੱਠੀ ਹੋ ਗਈ ਪਰ ਪਿਆਰ ਦੀ ਖਿੱਚ ਹੋਰ ਤੇ ਹੋਰ ਵਧ ਗਈ। ਵਧ ਰਹੀ ਹੈ, ਜੇ ਆਪ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੇਵਾ ਕਰਨੀ ਹੈ ਤਾਂ ਮੈਂ ਵੀ ਹਜ਼ੂਰੀ ਵਿਚ ਹੀ ਰਹਾਂਗੀ। ਕਈ ਵਾਰ ਭਜਨ ਕਰਦਿਆਂ, ਬਿਰਤੀ ਉਖੜਕੇ ਆਪ ਵਲ ਚਲੀ ਜਾਂਦੀ ਹੈ।'

'ਦੇਵੀ ਸੁਖੀ...! ਭਜਨ ਕਰਨ ਦਾ ਭਾਵ ਹੈ ਕਿ ਮਨ ਦੀਆਂ ਖਿਲਰ ਰਹੀਆਂ ਬਿਰਤੀਆਂ ਨੂੰ ਰੋਕਣਾ। ਮਾਯਾ ਵਲੋਂ ਮਨ ਨੂੰ ਰੋਕਕੇ ਵਾਹਿਗੁਰੂ ਵਲ ਲਾਉਣਾ।.. ਪਿਛਲੇ ਜਨਮ ਦਾ ਆਪਾਂ ਨੂੰ ਕੀ ਪਤਾ.. ਹਾਂ, ਇਸ ਜਨਮ ਵਿਚ ਮਿਲੇ। ਧਰਮਸਾਲਾ ਦੇ ਦੋਵੇਂ ਸੇਵਕ ਤੂੰ ਸਤਿਆਵਤੀ, ਸ਼ਹੀਦ ਦੀ ਅਮਾਨਤ।'

'ਮਹਾਰਾਜ ਜੀ!' ਸੁਖੀ ਕੁਝ ਆਖਣ ਲਗੀ ਤਾਂ ਸੇਵਕ ਸਿੰਘ ਨੇ ਝਟ ਟੋਕਿਆ, 'ਮੈਨੂੰ ਮਹਾਰਾਜ ਜੀ ਨਾ ਆਖ! ਮਹਾਰਾਜ ਜੀ ਇਕੋ ਹਨ—ਸਤਿਗੁਰੂ ਜੀ।'

'ਭੁਲ ਗਈ ਬਾਬਾ ਜੀ.. ਆਖਣਾ ਭੁਲ ਗਈ ਮਨ-ਬੁੱਧੀ ਨੂੰ ਕੀ ਪਤਾ ਕੀ ਹੋ ਗਿਆ।'

'ਠੀਕ ਮੈਂ ਬਾਬਾ ਤੇ ਤੂੰ ਵਿਦਿਆਰਥਨ।'

'ਠੀਕ!'

'ਫਿਰ ਆਪਣੇ ਆਪ ਨੂੰ ਸਮਝਣਾ ਹੋਏਗਾ।'

'ਸਮਝ ਹੀ ਤਾਂ ਸਤਾ ਰਹੀ ਹੈ...ਜੇ ਆਪ ਮੇਰੇ ਨੇੜੇ ਨਾ ਰਹੇ ਤਾਂ ਮੈਂ ਮੁੜ ਅੰਨ੍ਹੀ ਹੋ ਜਾਵਾਂਗੀ। ਇਸ ਸੰਸਾਰ ਵਿਚ ਡਰਾਉਣੇ ਬਹੁਤ ਹਨ।'

'ਆਪਣੇ ਸਤ ਧਰਮ, ਸਤਿਗੁਰੂ ਮਹਾਰਾਜ ਦੀ ਸਿਖਿਆ ਨੂੰ ਮਨ ਵਿਸਾਕੇ ਤੂੰ ਡਰਾਉਣਿਆਂ ਨੂੰ ਡਰਾਉਣਾ ਹੈ। ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਬਚਨ ਕਰਦੇ ਹਨ, ਛੇਤੀ ਸਮਾਂ ਭਿਆਨਕ ਆਉਣ ਵਾਲਾ ਹੈ ..ਕੀ ਪਤਾ ਸਵਰਾਜ ਦੀ ਸ਼ਮ੍ਹਾਂ ਨੂੰ ਅਮਰ ਬਲਦੀ ਰਖਣ ਵਾਸਤੇ ਤੇਲ ਜਾਂ ਘਿਉ ਦੀ ਥਾਂ ਲਹੂ ਅਤੇ ਤਨ ਦੀ ਚਰਬੀ ਪਿਘਲਾ ਕੇ ਪਾਉਣੀ ਪਵ। ਸਤਿਗੁਰੂ ਜੀ ਦੇ ਬਚਨ ਸਦੀਵੀ ਸੱਚ ਹਨ। ਤਨ ਤੇ ਮਨ ਤਕੜਾ ਰਖ...ਕੀ ਪਤਾ ਕੁਰਬਾਨੀ ਦੇਣੀ ਪਵੇ।'

'ਕੁਰਬਾਨੀ ਕਰਨ ਲਈ ਸਦਾ ਤਿਆਰ ਹਾਂ। ਹੁਣ ਤਾਂ ਬਚਿਆਂ ਦਾ ਵੀ ਖਿਆਲ ਘਟ ਰਿਹਾ ਹੈ—ਵਾਹਿਗੁਰੂ ਪਾਲੇਗਾ... ਪਰ ਆਪ ਪਿੰਡ ਚਲੋ.. ਧਰਮਸਾਲਾ ਵਿਚ ਗਿਆਨ ਦਾ ਪ੍ਰਕਾਸ਼ ਕਰੋ ਆਪ ਦਾ ਘੋੜਾ ਉਡੀਕ ਦਾ ਹੈ। ਉਹ ਉਦਾਸ ਹੈ...ਗਊ ਸੂਈ ਹੈ...ਉਹ ਵੀ ਡੌਰ ਭੌਰੀ ਹੋਈ ਲਭਦੀ ਹੈ...।'

'ਅਛਾ—ਫਿਰ ਭੈਣੀ ਤੋਂ ਹੋਕੇ ਮੁੜ ਆਵਾਂਗਾ। ਸਤਿਗੁਰੂ ਜੀ ਦੇ ਬਚਨ ਹੋਰ ਸੁਣ ਲਵਾਂ।'

'ਮੈਂ ਵੀ ਚਲਾਂਗੀ। ਆਪ ਨੂੰ ਨਾਲ ਲੈਕੇ ਹੀ ਪਿੰਡ ਵਲ ਮੁੜਨਾ ਹੈ ਇਕਲੀ ਨਹੀਂ।'

ਇਹ ਆਖਕੇ ਸੁਖੀ ਸੰਤ ਸੇਵਕ ਸਿੰਘ ਦੇ ਚਰਨਾਂ ਵਲ ਝੁਕੀ ਕਿ ਚਰਨ ਛੋਹ ਪ੍ਰਾਪਤ ਕਰਨੀ ਸੀ, ਪਰ ਸੇਵਕ ਸਿੰਘ ਨੇ ਚਰਨਾਂ ਨੂੰ ਹੱਥ ਨਾ ਲਾਉਣ ਦਿੱਤਾ। ਉਛਲਕੇ ਪਿਛੇ ਹੋ ਗਏ, ਫਿਰ ਵੀ ਸੁਖੀ ਦੇ ਹੱਥ ਉਸ ਥਾਂ ਧਰਤੀ ਉਤੇ ਵਜੇ ਜਿਥੇ ਸੇਵਕ ਸਿੰਘ ਦੇ ਚਰਨ ਸਨ। ਉਥੋਂ ਦੀ ਧੂੜ ਲੈਕੇ ਸੁਖੀ ਨੇ ਮੱਥੇ ਨਾਲ ਲਾ ਲਈ।

25-3-98



Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸਤਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:...........
ਅਲਮਾਰੀ...........
ਸ੍ਰੀ ਭੈਣੀ ਸਾਹਿਬ

# ਉਨ੍ਹੀ

ਸੁਖੀ ਦੀ ਜਿੱਤ ਹੋਈ। ਸੰਤ ਸੇਵਕ ਸਿੰਘ ਮੁੜ ਠੱਠੇ ਆ ਗਏ, ਧਰਮਸਾਲਾ ਦਾ ਪ੍ਰਬੰਧ ਸੰਭਾਲਿਆ। ਆਪਣੀ ਗਊ ਤੇ ਆਪਣੇ ਘੋੜੇ ਨੂੰ ਪਿਆਰ ਦਿੱਤਾ। ਤੇਜਾ ਮਿਲਿਆ, ਪਿੰਡ ਦੇ ਵਡੇ ਛੋਟੇ ਔਰਤਾਂ-ਮਰਦ ਮਿਲੇ। ਪਿੰਡ ਵਿਚ ਖੁਸ਼ੀ ਦੀ ਲਹਿਰ ਦੌੜ ਗਈ, ਪਰ ਝੰਡਾ ਸਿੰਘ ਤੇ ਸੂਰਜੂ ਦੇ ਮਾਪੇ ਮਰ ਗਏ। ਉਹਨਾਂ ਦੇ ਸਿਰ ਠੰਡਾ ਪਾਣੀ ਪੈ ਗਿਆ।

ਸੰਤ ਸੇਵਕ ਸਿੰਘ ਨੂੰ ਵਾਰੀ ਵਾਰੀ ਸਭ ਨੇ ਪੁਛਿਆ ਕਿ ਉਹਨਾਂ ਨੂੰ ਕੌਣ ਚੁਕ ਕੇ ਲੈ ਗਿਆ ਸੀ? ਕਿਥੇ ਰਖਿਆ? ਕਿਵੇਂ ਜਾਨ ਬੱਚੀ? ਦੁਸ਼ਮਨ ਕੌਣ ਸੀ? ਆਦਿਕ ਸਵਾਲ ਕੀਤੇ ਪਰ ਸੰਤ ਸੇਵਕ ਸਿੰਘ ਨੇ ਕਿਸੇ ਦੇ ਪਿੜ ਪਲੇ ਕੁਝ ਨਾ ਪਾਇਆ। 'ਮੇਰਾ ਸਤਿਗੁਰੂ ਜਾਣੇ, ਜਿਸ ਨੇ ਖੇਲ ਰਚਾਇਆ।' ਇਕੋ ਉਤਰ ਦਿੰਦੇ ਰਹੇ।

ਸੇਵਕ ਸਿੰਘ ਦਾ ਠੱਠੇ ਮੁੜ ਆਉਣਾ ਸੁਖੀ ਵਾਸਤੇ ਜੀਵਨ ਦੀ ਨਵੀਂ ਸ਼ਕਤੀ ਮਿਲੀ ਸੀ। ਉਸ ਦੇ ਬੋਲ, ਉਸ ਦੀ ਤਕਣੀ ਤੇ ਤੋਰ ਵਿਚ ਉਤਸ਼ਾਹ ਤੇ ਬਲ ਸੀ। ਉਹ ਧਰਮਸਾਲਾ ਵਿਚ



Sri Satguru Jagjit Singh Ji Elibrary NamdhariElibrary@gmail.com

ਬਾਣੀ ਪੜ੍ਹਨ ਤੇ ਸ਼ਬਦ ਕੀਰਤਨ ਕਰਨ ਵਿਚ ਬਹੁਤਾ ਸਮਾਂ ਬਤੀਤ ਕਰਨ ਲਗ ਪਈ ਸੀ।

ਤਿੰਨ ਮਹੀਨੇ ਅਮਨ ਨਾਲ ਬੀਤ ਗਏ। ਸੰਤ ਸੇਵਕ ਸਿੰਘ ਨਵੇਂ ਪ੍ਰੋਗ੍ਰਾਮ ਅਨੁਸਾਰ ਬਚਿਆਂ ਨੂੰ ਪੜ੍ਹਾਉਂਦੇ ਤੇ ਆਉਣ ਵਾਲੇ ਸਮੇਂ ਬਾਬਤ ਸੌ ਸਾਖੀ ਦੀਆਂ ਸਾਖੀਆਂ ਸੁਣਾਉਂਦੇ ਰਹੇ। ਸੁਖੀ ਨਿਤ-ਨੇਮ ਅਨੁਸਾਰ ਧਰਮਸਾਲਾ ਜਾਂਦੀ ਰਹੀ। ਡ੍ਰੇਜੋ ਵੀ ਚੁੱਪ ਰਹੀ ਤੇ ਝੰਡਾ ਸਿੰਘ ਨੇ ਵੀ ਕੋਈ ਨਵੀਂ ਸ਼ਰਾਰਤ ਨਾ ਕੀਤੀ। ਉਹ ਸੇਵਕ ਸਿੰਘ, ਸੁਖੀ ਅਤੇ ਨੈਣਾ ਸਿੰਘ ਕੋਲੋਂ ਡਰਨ ਲਗ ਪਿਆ ਸੀ।

ਮਹੰਤ ਛਬੀਲਦਾਸ ਦਾ ਨਾਮ ਹੀ ਲੋਕ ਭੁਲ ਗਏ। ਉਦਾਸੀਨ ਅਖਾੜੇ ਵਲੋਂ ਨਵਾਂ ਮਹੰਤ ਜੀਵਨ ਦਾਸ ਆ ਗਿਆ। ਉਸ ਦੀ ਉਮਰ ਸੱਠ ਸਾਲ ਦੇ ਨੇੜੇ ਸੀ। ਉਹ ਕੁਝ ਸਾਊ ਤੇ ਭਗਤੀ ਭਾਵ ਵਾਲਾ ਸੀ। ਗੁਰੂ ਸਰ ਦੀ ਮਰਯਾਦਾ ਦਾ ਸੁਧਾਰ ਕਰਨ ਲੱਗਾ।

ਭਾਵੇਂ ਬੇਲਾ ਸਿੰਘ ਦੀ ਲਤ ਟੁੱਟ ਗਈ ਤੇ ਉਹ ਚਾਰ ਮਹੀਨੇ ਮੰਜੇ ਉਤੇ ਲੇਟਣ ਪਿਛੋਂ ਭੋੜੀ ਨਾਲ ਤੁਰਨ ਲੱਗਾ, ਘੋੜੀ ਉਤੇ ਵੀ ਚੜ੍ਹ ਜਾਂਦਾ। ਉਸ ਨੇ ਤਕਲੀਫ ਦੇਖੀ, ਫਿਰ ਵੀ ਉਸ ਦਾ ਸੁਭਾ ਨਾ ਬਦਲਿਆ। ਉਹ ਸਗੋਂ ਬਹੁਤਾ ਨਸ਼ਈ ਤੇ ਵੈਲੀ ਹੋ ਗਿਆ। ਉਸ ਨੇ ਕਈ ਚਿਮਚੇ ਰਖ ਲਏ।

ਮਿਸਟਰ ਟੀਟੋਨੀ ਥਾਨਿਓਂ ਬਦਲ ਗਿਆ। ਉਸ ਦੀ ਥਾਂ ਨਵਾਂ ਐਸ. ਐਚ. ਓ. ਰਾਵਲ ਪਿੰਡੀ ਦਾ ਮੁਸਲਮਾਨ ਗਾਜ਼ੀ ਮੁਹੰਮਦ ਗੁਲ ਖਾਂ ਆ ਗਿਆ। ਸਵਾ ਛੇ ਫੁੱਟ ਉਚਾ-ਲੰਮਾ ਤੇ ਭਾਰੇ ਸਰੀਰ ਵਾਲਾ ਸੀ। ਕੁਲੇ ਵਾਲੀ ਪੱਗ ਬੰਨ੍ਹਦਾ ਤੇ ਸਰਕਾਰੀ ਵਰਦੀ ਸਦਾ ਰਖਦਾ। ਕਿਉਂਕਿ ਵਰਦੀ ਦਾ ਉਸ ਵੇਲੇ ਬਹੁਤ ਭੈ ਸੀ। ਜਿਧਰ ਦੀ ਉਹ ਲੰਘਦਾ ਲੋਕ ਬੈਠ ਜਾਂਦੇ ਬੈਠ ਕੇ ਸਲਾਮ ਕਰਦੇ। ਕਰੱਖਤ, ਉਜਡ ਤੇ ਗਰਮ ਐਨਾ ਸੀ ਕਿ ਗਾਲ ਤੋਂ



Sri Satguru Jagjit Singh Ji Elibrary NamdhariElibrary@gmail.com

ਬਿਨਾਂ ਕਿਸੇ ਨੂੰ ਬੁਲਾਉਂਦਾ ਹੀ ਨਹੀਂ ਸੀ। ਸਮੇਂ ਦੀ ਸਰਕਾਰ ਨੂੰ ਐਸੇ ਥਾਨੇਦਾਰਾਂ ਦੀ ਲੋੜ ਸੀ। ਜਿਹੜੇ ਕਿਸੇ ਨਾਲ ਲਿਹਾਜ਼ ਨਾ ਕਰਨ ਤੇ ਆਪਣੀ ਮਾਂ ਨੂੰ ਵੀ ਚਪੇੜਾਂ ਮਾਰ ਸਕਣ।

ਮੁਹੰਮਦ ਗੁਲ ਖਾਂ ਨੂੰ ਥਾਨੇ ਆਇਆ ਮਸਾਂ ਦਸ ਦਿਨ ਹੀ ਹੋਏ ਸਨ ਕਿ ਥਾਨੇ ਦੇ ਸਾਰੇ ਪਿੰਡਾਂ ਵਿਚ ਧੁੰਮ ਪੈ ਗਈ ਕਿ ਨਿਡਰ ਗੁਸੇ ਵਾਲਾ ਥਾਨੇਦਾਰ ਆਇਆ। ਵਡੇ ਛੋਟੇ ਦੀ ਇਜ਼ਤ ਨਹੀਂ ਕਰਦਾ। ਸ: ਬੇਲਾ ਸਿੰਘ ਘੋੜੀ ਉਤੇ ਚੜ੍ਹਕੇ ਅਤੇ ਨਾਲ ਦੋ ਸੇਵਕ ਲੈਕੇ ਇਕ ਦਿਨ ਥਾਨੇ ਜਾ ਵੜਿਆ ਤੇ ਜਾ ਸਲਾਮ ਬੁਲਾਈ।

'ਮੈਂ ਕਿਲ੍ਹੇ ਦਾ ਸਰਦਾਰ ਬੇਲਾ ਸਿੰਘ ਹਾਂ।' ਬੇਲਾ ਸਿੰਘ ਨੇ ਆਖਿਆ।

ਮੁਹੰਮਦ ਗੁਲ ਖਾਂ ਨੇ ਉਹਦੇ ਵਲ ਦੇਖਿਆ। ਪੁਛਿਆ, 'ਕਿਵੇਂ ਆਇਆ?' ਬੈਠਣ ਵਾਸਤੇ ਨਾ ਆਖਿਆ।

ਬੇਲਾ ਸਿੰਘ ਨੇ ਆਪੇ ਹੀ ਉਚਾ ਕਾਨਿਆਂ ਦਾ ਮੂੜ੍ਹਾ ਫੜਿਆ ਤੇ ਉਸ ਉਤੇ ਬੈਠ ਗਿਆ। ਭੌੜੀ ਇਕ ਹਥ ਵਿਚ ਫੜ ਲਈ।

'ਦਰਸ਼ਨ ਕਰਨ ਆਇਆ ਹਾਂ।' ਬੇਲਾ ਸਿੰਘ ਨੇ ਆਖਿਆ।

'ਬਿਨਾਂ ਕੰਮ...ਨਿਰੇ ਦਰਸ਼ਨ ਵਾਸਤੇ?'

'ਹਾਂ, ਚੌਧਰੀ ਸਾਹਿਬ! ਆਪ ਨਵੇਂ ਨਵੇਂ ਆਏ ਹੋ। ਮੈਨੂੰ ਕੋਈ ਸੇਵਾ ਦਸਣੀ...ਮੈਂ ਇਸ ਇਲਾਕੇ ਦਾ ਸਰਦਾਰ ਹਾਂ। ਸਾਰੇ ਪਿੰਡ ਮੇਰੀ ਗਲ ਸੁਣਦੇ ਹਨ।...ਪਹਿਲਾ ਥਾਨੇਦਾਰ ਮਿਸਟਰ ਟੀਟੋਨੀ ਤਾਂ ਮੇਰੇ ਮਹਿਲੀਂ ਪੈਰ ਪਾਉਂਦਾ ਰਿਹਾ। ਮੈਂ ਮਦਦ ਕਰਦਾ ਰਿਹਾ ਕਿਉਂਕਿ ਮਾੜੇ ਚੰਗੇ ਬੰਦੇ ਦਾ ਮੈਨੂੰ ਪਤਾ ਹੈ।'

ਗੁਲ ਖਾਂ ਸੁਣੀ ਗਿਆ ਤੇ ਮੁਸਕਰਾਈ ਗਿਆ। ਉਸ ਦੇ ਹੱਥ ਵਿਚ ਸਵਾ ਫੁੱਟ ਦਾ ਕਾਲਾ ਰੂਲ ਸੀ। ਉਸ ਨੂੰ ਆਪਣੇ ਹੱਥ



Sri Satguru Jagjit Singh Ji Elibrary NamdhariElibrary@gmail.com

ਉਤੇ ਮਾਰੀ ਗਿਆ।

ਜਦੋਂ ਬੇਲਾ ਸਿੰਘ ਅਨਬੋਲਾਏ ਬੋਲ ਚੁੱਕਿਆ ਤਾਂ ਗੁਲ ਖਾਂ ਬੋਲਿਆ, 'ਆਪ ਬੇਲਾ ਸਿੰਘ ਕਿਲ੍ਹਾ ਜਗਤ ਸਿੰਘ ਵਾਲੇ ਹੋ।'

'ਜੀ...।'

'ਆਪ ਦੀ ਲਤ ਕਿਵੇਂ ਟੁਟੀ?'

'ਸ਼ਿਕਾਰ ਖੇਡਦਿਆਂ, ਘੋੜੀ ਤੋਂ ਡਿਗ ਪਿਆ ਸਾਂ।' ਬੇਲਾ ਸਿੰਘ ਦਾ ਉਤਰ ਸੀ।

'ਗੁਰੂ ਸਰ ਦਾ ਮਹੰਤ ਛਬੀਲਦਾਸ ਆਪ ਦਾਂ ਮਿਤਰ ਸੀ?'

'ਹਾਂ ਜੀ ਚੰਗਾ ਮਿਤਰ, ਸਰਕਾਰ ਦਾ ਹਮਦਰਦ, ਪਰ...।'

'ਪਰ ਉਸ ਨੂੰ ਕਿਸੇ ਨੇ ਕਤਲ ਕਰ ਦਿੱਤਾ।'

'ਹਾਂ ਜੀ ਕਤਲ ਕਰ ਦਿੱਤਾ..।'

'ਕਾਤਲ ਹੱਥ ਨਹੀਂ ਆਏ।'

'ਕੋਈ ਪਤਾ ਨਹੀਂ ਲਗਾਂ..।'

'ਕੋਈ ਕਿਸੇ ਕੌਣ ਹੈ?'

'ਇਕ ਵਿਧਵਾ ਔਰਤ ਲਾਵਿਆਂ ਦੀ।'

'ਉਸ ਨੇ ਕਤਲ ਦਾ ਇਕਬਾਲ ਕੀਤਾ ਸੀ।'

'ਉਹ ਭਲੀ ਸੀ...ਅਸਲ ਕਤਲ ਕਿਸੇ ਹੋਰ ਕੀਤਾ ਸੀ?'

'ਰੂੜ ਸਿੰਘ ਦੇ ਮੁੰਡੇ ਨੇਣੇ ਤੇ ਸੇਵਕ ਸਿੰਘ ਸੰਤ ਨੇ?'

'ਖਿਆਲ ਹੈ।'

'ਕੀ ਦੁਸ਼ਮਨੀ ਸੀ?'

'ਇਹ ਤਾਂ ਪਤਾ ਨਹੀਂ..।'

'ਸ: ਬੇਲਾ ਸਿੰਘ, ਮਹੰਤ ਦਾ ਕਤਲ ਤੁਸਾਂ ਕਰਵਾਇਆ, ਰੰਗੀ ਰਾਮ ਕੋਲੋਂ ਤੇ ਉਸ ਨੂੰ ਨਸਾ ਦਿੱਤਾ। ਰੂੜ ਸਿੰਘ ਦੇ ਮੁੰਡੇ ਤੇ ਸੇਵਕ ਸਿੰਘ ਦਾ ਨਾਂ ਲਾਉਂਦੇ ਹੋ ਇਸ ਕਰਕੇ ਕਿ ਰੂੜ ਸਿੰਘ ਦੀ ਕਵਾਰੀ ਲੜਕੀ ਘਰ ਪਾਉਣਾ ਚਾਹੁੰਦੇ ਹੋ। ਸੰਤ ਸੇਵਕ ਸਿੰਘ ਨੂੰ ਤੁਸਾਂ ਡਕ ਕੇ ਰਖਿਆਂ ਤੇ ਮਾਰਿਆ ਕੁਟਿਆ ਵੀ ਸੀ।



Sri Satguru Jagjit Singh Ji Elibrary NamdhariElibrary@gmail.com

ਜਾਉ...ਮੈਨੂੰ ਤੇਰੀ ਮਦਦ ਦੀ ਲੋੜ ਨਹੀਂ ।...ਨੰਬਰਦਾਰ, ਚੌਂਕੀਦਾਰ ਤੇ ਹੋਰ ਸਰਕਾਰੀ ਕਰਿੰਦੇ ਜੀਂਉਦੇ ਹਨ. ਤੇਰੇ ਬਾਬਤ ਮੈਂ ਕਾਗਜ਼ ਉਪਰ ਭੇਜਣ ਲਗਾ ਹਾਂ। ਮਾਨਾ ਡਾਕੂ ਤੇਰੀ ਛਹਿ ਤੇ ਡਾਕੇ ਮਾਰਦਾ ਹੈ। ਉਪਰੋਂ ਜਵਾਬ ਆਉਣ ਤੇ ਸਭ ਨਾਲ ਨਜਿੱਠਾਂਗਾ ਤੇਰੇ ਵਰਗੇ ਸਰਦਾਰਾਂ ਨੇ ਗੰਦ ਪਾਇਆ ਹੈ।'

ਮੁਹੰਮਦ ਗੁਲ ਖਾਂ ਜਿਉਂ ਜਿਉਂ ਬੋਲੀ ਗਿਆ, ਤਿਉਂ ਤਿਉਂ ਬੇਲਾ ਸਿੰਘ ਸਿਰ ਤੋਂ ਪੈਰਾਂ ਤਕ ਹਿਲਦਾ ਗਿਆ। ਸਚ ਪ੍ਰਗਟ ਹੁੰਦਾ ਗਿਆ ਸਚ ਸਦਾ ਕੋੜਾ ਹੁੰਦਾ ਹੈ। ਉਹ ਇਸ ਗਲੋਂ ਵੀ ਘਬਰਾਇਆ ਕਿ ਨਵੇਂ ਆਏ ਥਾਨੇਦਾਰ ਕੋਲ ਸਚ ਪ੍ਰਗਟ ਕਿਸ ਕੀਤਾ ? ਦੂਸਰਾ ਪਹਿਲੀ ਵਾਰ ਸੀ ਕਿਸੇ ਨੇ ਬੇਲਾ ਸਿੰਘ ਨੂੰ 'ਤੂੰ ਤੇ ਤੇਰਾ' ਆਖਕੇ ਸੰਬੋਧਨ ਕੀਤਾ ਸੀ। ਆਪ ਡਾਕੂਆਂ ਤੇ ਦੋਸ਼ੀਆਂ ਵਾਂਗ ਉਸ ਦਾ ਨਿਰਾਦਰ ਹੋਇਆ ਸੀ। 'ਤੇਰੇ ਵਰਗੇ ਸਰਦਾਰਾਂ ਨੇ ਗੰਦ ਪਾਇਆ ਹੈ।' ਇਹ ਬੋਲ ਤਾਂ ਉਸ ਦੇ ਦਿਲ-ਦਿਮਾਗ ਤੇ ਪੱਥਰ ਵਾਂਗ ਵਜਾ। ਉਹ ਘਬਰਾ ਗਿਆ, ਉਸ ਨੂੰ ਗੁੱਸਾ ਆਇਆ, ਪਰ ਉਹ ਗੁੱਸਾ ਉਸ ਤੌੜੀ ਵਾਂਗ ਸੀ, ਜਿਹੜੀ ਉਬਲਕੇ ਆਪਣੇ ਕੰਢੇ ਸਾੜਨ ਤੋਂ ਬਿਨਾਂ ਹੋਰ ਕੁਝ ਨਹੀਂ ਕਰ ਸਕਦੀ। ਤੇਜ਼ ਅਗ ਵੀ ਉਸ ਦੇ ਉਬਲਣ ਨਾਲ ਨਹੀਂ ਬੁਝਦੀ ਸਗੋਂ ਮਚਦੀ ਹੈ।

ਗੁਲ ਖਾਂ ਨੇ ਉਹਦੇ ਵਲੋਂ ਧਿਆਨ ਹਟਾ ਲਿਆ। ਉਹ ਫ਼ਾਰਸੀ ਦੀ ਕਿਤਾਬ ਪੜ੍ਹਨ ਲੱਗ ਪਿਆ। ਬੇਲਾ ਸਿੰਘ ਨੇ ਸਮਝਿਆ ਕਿ ਉਠਣਾ ਹੀ ਠੀਕ ਸੀ। ਭੋੜੀ ਨੂੰ ਫੜਕੇ ਉਠਿਆ ਤੇ 'ਸਲਾਮ' ਆਖਕੇ ਤੁਰ ਪਿਆ। ਗੁਲ ਖਾਂ ਨੇ ਨਾ ਸਲਾਮ ਦਾ ਉਤਰ ਦਿੱਤਾ ਤੇ ਨਾ ਕੁਰਸੀ ਤੋਂ ਉਠਕੇ ਉਸ ਨਾਲ ਹੱਥ ਮਿਲਾ ਕੇ ਉਸ ਨੂੰ ਤੋਰਿਆ ਉਹ ਅਹਿਲ ਕਤਾਬ ਪੜ੍ਹਦਾ ਰਿਹਾ।

ਬੇਲਾ ਸਿੰਘ ਥਾਨੇ ਦੇ ਵਿਹੜੇ ਵਿਚੋਂ ਬਾਹਰ ਹੋ ਆਪਣੀ ਘੋੜੀ ਕੋਲ ਪੁੱਜਾ ਤਾਂ ਉਸ ਦੀ ਸਾਬਤ ਲਤ ਵੀ ਡੋਲਦੀ ਪ੍ਰਤੀਤ



Sri Satguru Jagjit Singh Ji Elibrary NamdhariElibrary@gmail.com

ਹੋਈ। ਉਸ ਦੀਆਂ ਅੱਖਾਂ ਅਗੇ ਹਨੇਰਾ ਸੀ ਤੇ ਉਸ ਦੇ ਕੰਨਾਂ ਵਿਚ ਸੰਤ ਸੇਵਕ ਸਿੰਘ ਦੇ ਬੋਲ ਗੂੰਜੇ, 'ਜਿਨ੍ਹਾਂ ਫਰੰਗੀਆਂ ਦੇ ਬਲ ਸਿਰ ਤੇ ਸੰਤਾਂ-ਸਾਧੂਆਂ ਤੇ ਜ਼ੁਲਮ ਢਾਹੁੰਦਾ ਹੈ, ਇਹਨਾਂ ਨੇ ਹੀ ਤੇਰੇ ਨਾਲ ਇਹੋ ਦਸ਼ਾ ਕਰਨੀ ਹੈ. ਯਾਦ ਰੱਖ ਫਰੰਗੀ ਕਿਸੇ ਦਾ ਮਿਤ ਨਹੀਂ ਹੁੰਦਾ। ਭਾਵੇਂ ਸਰਦਾਰ ਹੈਂ, ਫਿਰ ਵੀ ਹੈ ਤਾਂ ਗੁਲਾਮ। ਮੇਰੀ ਜਾਨ ਲੈਣੀ, ਮੈਨੂੰ ਕਸ਼ਟ ਦੇਣੇ ਲੁਕੇ ਨਹੀਂ ਰਹਿਣੇ। ਵਾਹਿਗੁਰੂ ਜਾਣਦਾ ਹੈ ਦੇਖਦਾ ਹੈ।'

ਉਸ ਵੇਲੇ ਬੇਲਾ ਸਿੰਘ ਨੇ ਸੰਤ ਸੇਵਕ ਸਿੰਘ ਨੂੰ ਆਪਣੀ ਹਵੇਲੀ ਦੇ ਬੰਦੀਖਾਨੇ ਵਿਚ ਬੰਦ ਕੀਤਾ ਸੀ ਤੇ ਆਪਣੇ ਬੰਦਿਆਂ ਕੋਲੋਂ ਮਾਰ-ਕੁਟਾਈ ਕਰਾ ਕੇ ਮੰਨਾਉਂਦਾ ਸੀ ਕਿ ਸੇਵਕ ਸਿੰਘ ਨੈਣਾ ਸਿੰਘ ਨੂੰ ਆਖਕੇ ਨੈਣੀ ਦਾ ਰਿਸ਼ਤਾ ਪੱਕਾ ਕਰਵਾਉਂਦਾ। ਪਰ ਸੇਵਕ ਸਿੰਘ ਨੇ ਸ਼ਹੀਦ ਹੋਣਾ ਪ੍ਰਵਾਨ ਕੀਤਾ ਸੀ, ਬੇਲਾ ਸਿੰਘ ਦੀ ਹਰ ਮੰਗ ਨੂੰ ਠਕਰਾ ਦਿੱਤਾ ਸੀ।

ਬੇਲਾ ਸਿੰਘ ਘੋੜੀ ਉਤੇ ਸਵਾਰ ਹੋਇਆ। ਆਪਣੇ ਪਿੰਡ ਵਲ ਚਲ ਪਿਆ, ਤੁਰੇ ਜਾਂਦਿਆਂ ਉਸ ਦਾ ਧਿਆਨ ਹੋਇਆ, ਕਿ 'ਗੁਲ ਖਾਂ ਨੂੰ ਮੇਰੀ ਬਾਬਤ 'ਸਚ' ਦਸਣ ਵਾਲਾ ਕੌਣ ਹੋ ਸਕਦਾ ਹੈ।'

'ਤੇਰੀਆਂ ਕਾਲੀਆਂ ਕਰਤੂਤਾਂ ਬੋਲ ਉਠੀਆਂ।' ਉਸ ਦੀ ਆਤਮਾ ਦੀ ਆਵਾਜ਼ ਸੀ, ਪਰ ਉਹ ਸੁਣ ਨਹੀਂ ਸੀ ਸਕਦਾ। ਉਸ ਦਾ ਧਿਆਨ ਝੰਡਾ ਸਿੰਘ, ਸੁਰਜੂ. ਬਾਬਾ ਖੁਸ਼ਾਲ ਸਿੰਘ ਠੱਠੇ ਪਿੰਡ ਦੇ ਬੰਦਿਆਂ ਵਲ ਗਿਆ। 'ਹੋ ਸਕਦਾ ਹੈ, ਗੁਰੂ ਸਰ ਦੇ ਨਵੇਂ ਮਹੰਤ ਨੇ ਕੁਝ ਦਸਿਆ ਹੋਏ. ਉਹ ਮਹਾਤਮਾਂ ਬਣ ਰਿਹਾ ਹੈ.. ਬਰਾੜਾਂ ਦਾ ਗੇਜਨ, ਖਿਆਲੇ ਦਾ ਬੂਆ...ਕੋਈ ਤਾਂ ਜ਼ਰੂਰ ਹੋਵੇਗਾ। ਥਾਨੇਦਾਰ ਨੂੰ ਹੋਰ ਸੂਹਨਾ ਆਉਣਾ ਸੀ। ਪਤਾ ਕਰ ਲੈਣ ਦੇ ਇਕ ਇਕ ਨੂੰ ਬੱਚੂ ਬਣਾਵਾਂਗਾ।' ਬੇਲਾ ਸਿੰਘ ਮਨ ਹੀ ਮਨ ਸੋਚੀ ਗਿਆ।



Sri Satguru Jagjit Singh Ji Elibrary NamdhariElibrary@gmail.com

'ਇਹ ਗੁਲ ਖਾਂ...ਅੰਮ੍ਰਿਤਸਰ ਜਾ ਕੇ ਡਿਪਟੀ ਕਮਿਸ਼ਨਰ ਤੇ ਪੁਲਸ ਕਪਤਾਨ ਨੂੰ ਮਿਲ ਲੈਣ ਦੇ...ਇਹ ਕੀ ਯਾਦ ਕਰੇਗਾ– ਇਸ ਦਾ ਬਿਸਤਰਾ ਗੋਲ ਕਰਵਾਉਣਾ ਹੋਏਗਾ–ਬੇਲਾ ਸਿੰਘ ਨਾਲ ਦੁਸ਼ਮਨੀ ਕਰਕੇ ਕਦੀ ਕਿਸੇ ਕੁਝ ਖਟਿਆ ਨਹੀਂ।' ਉਸ ਦੇ ਦਿਮਾਗ ਦੀ ਤੌੜੀ ਉਬਲਦੀ ਗਈ।

ਬੇਲਾ ਸਿੰਘ ਜਿਉਂ ਜਿਉਂ ਆਪਣੀ ਹਵੇਲੀ ਦੇ ਨੇੜੇ ਗਿਆ ਤਿਉਂ ਤਿਉਂ ਗੁੱਸੇ ਨਾਲ ਉਸ ਦਾ ਚਿਹਰਾ ਲਾਲ ਹੁੰਦਾ ਗਿਆ ਤੇ ਅੱਖਾਂ ਬਲ ਉਠੀਆਂ। ਹਵੇਲੀ ਦੀ ਡਿਉੜੀ ਵਿਚ ਅਪੜਕੇ ਉਹ ਘੋੜੀ ਤੋਂ ਉਤਰਿਆ। ਉਤਰਦੇ ਸਾਰ ਹੀ ਉਸ ਨੇ ਪੰਡਤ ਨੂੰ ਸਦਿਆ। ਪੰਡਤ ਕੋਲ ਆਇਆ ਤਾਂ ਆਖਿਆ, 'ਹੁਣੇ ਬੰਦੇ ਭੇਜੋ ਠੱਠੇ, ਖਿਆਲੇ ਤੇ ਮਰਾੜੀਂ ਸਦੋ ਨੰਬਰਦਾਰਾਂ ਨੂੰ। ਠੱਠੇ ਦਾ ਝੰਡਾ ਤੇ ਸੁਰਜੂ ਨੂੰ ਨਾਲ ਲੈਕੇ ਆਉਣਾ।'

'ਚੰਗਾ ਜੀ ਹੁਣੇ ਭੇਜਦਾ ਹਾਂ ਕਿਸੇ ਨਾ ਕਿਸੇ ਨੂੰ। ਗੁਰੂ ਸਰ ਦੇ ਮਹੰਤ ਦਾ ਆਦਮੀ ਆਇਆ ਸੀ।'

'ਕੀ ਆਖਦਾ ਸੀ!' ਬੇਲਾ ਸਿੰਘ ਨੇ ਪੁਛਿਆ।

'ਜਦੋਂ ਸਰਦਾਰ ਜੀ ਨੂੰ ਸਮਾਂ ਮਿਲੇ ਗੁਰੂ ਸਰ ਆਉਣ।'

'ਮੈਂ ਜਾਵਾਂ ਗੁਰੂ ਸਰ! ਉਹ ਨਹੀਂ ਆ ਸਕਦਾ ਏਥੇ!'

'ਸਨੇਹਾ ਇਹੋ ਦੇ ਗਿਆ ਆਦਮੀ!'

'ਅਛਾ ਉਹ ਆਪਣੇ ਆਪ ਨੂੰ ਲਾਟ ਸਾਹਿਬ ਸਮਝਣ ਲਗ ਪਿਆ। ਕਿਲ੍ਹੇ ਦਾ ਸਰਦਾਰ ਬੇਲਾ ਸਿੰਘ ਉਸ ਨੂੰ ਮਿਲਣ ਜਾਏ? ਸਮਝੋ ਇਹ ਵੀ ਚਾਰ ਦਿਨ ਦਾ ਮਹਿਮਾਨ ਹੈ।.. ਮਹੰਤ.. ਇਉਂ ਜਾਪਦਾ ਹੈ ਇਕ ਹੋਰ ਰਾਜ ਪਲਟਾ ਹੋ ਗਿਆ।' ਬੋਲਦਾ ਹੋਇਆ ਦੀਵਾਨ ਖਾਨੇ ਵਿਚੋਂ ਜਾ ਬੈਠਾ ਤੇ ਸ਼ਰਾਬ ਮੰਗਵਾਈ।

ਬੇਲਾ ਸਿੰਘ ਦਾ ਕਾਮਾ ਧਰਮੂ ਡਿਊਰ ਠੱਠੇ ਪੁਜਾ। ਉਸ ਨੇ ਝੰਡਾ ਸਿੰਘ ਤੇ ਚੌਂਕੀਦਾਰ ਦਾਰੋ ਜੁਲਾਹੇ ਦਾ ਪਤਾ ਕੀਤਾ।



Sri Satguru Jagjit Singh Ji Elibrary NamdhariElibrary@gmail.com

'ਆਪਣੇ ਘਰੀਂ ਹੋਣਗੇ।' ਜਿਸ ਕੋਲੋਂ ਪੁਛਿਆ ਉਸੇ ਨੇ ਉਤਰ ਦਿੱਤਾ।

ਧਰਮੂ ਝੰਡਾ ਸਿੰਘ ਦੇ ਘਰ ਗਿਆ। ਉਸ ਵੇਲੇ ਝੰਡਾ ਸਿੰਘ ਬਾਹਰ ਜਾਣ ਨੂੰ ਤਿਆਰ ਸੀ।

'ਆ ਧਰਮੂ!' ਧਰਮੂ ਨੂੰ ਦੇਖਕੇ ਝੰਡਾ ਸਿੰਘ ਨੇ ਪੁੱਛਿਆ।

'ਤੁਸਾਂ ਨੂੰ ਸਰਦਾਰ ਬੇਲਾ ਸਿੰਘ ਨੇ ਬੁਲਾਇਆ ਹੈ। ਇਹ ਵੀ ਆਖਿਆ ਹੈ ਹੁਣੇ ਨਾਲ ਲੈਕੇ ਆਉਣਾ।' ਧਰਮੂ ਨੇ ਉਤਰ ਦਿੱਤਾ।

'ਤੂੰ ਲਸੀ-ਪਾਣੀ ਪੀਣਾ ਹੈ ਤਾਂ ਪੀ ਲੈ। ਹੁਣ ਤਾਂ ਮੈਂ ਬੋਪਾਰਾਏ ਜਾ ਰਿਹਾ ਹਾਂ। ਥਾਣੇਦਾਰ ਦਾ ਹੁਕਮ ਹੈ ਸਰਦਾਰ ਨੂੰ ਨਾ ਮਿਲਣ ਦਾ ਹੁਕਮ ਪਿੰਡ ਦੀ ਪੰਚਾਇਤ ਨੇ ਦਿੱਤਾ ਹੈ।...ਮੈਂ ਕਿਲ੍ਹੇ ਨਹੀਂ ਜਾ ਸਕਦਾ।'

'ਸਰਦਾਰ ਨੂੰ ਨਾ ਮਿਲਣ ਦਾ ਹੁਕਮ ਪੰਚਾਇਤ ਵਲੋਂ... ਕਿਉਂ?'

'ਕਿਉਂ ਦੀ ਗਲ ਕਰਨ ਦਾ ਵੇਲਾ ਨਹੀਂ। ਇਹ ਹੁਕਮ ਹੈ ਕਿ ਜੇ ਮੈਂ ਕਿਲ੍ਹੇ ਜਾ ਕੇ ਬੇਲਾ ਸਿੰਘ ਨੂੰ ਮਿਲਿਆ ਤਾਂ ਮੇਰੇ ਗਲ ਛਿਤਰਾਂ ਦਾ ਹਾਰ ਪਾਇਆ ਜਾਏਗਾ।'

'ਤੇ ਸਰਦਾਰ ਤਾਂ ਹੁਣੇ ਸਦਦਾ ਹੈ। ਜੇ ਮੈਂ ਨਾਲ ਨਾ ਲੈਕੇ ਗਿਆ ਤਾਂ ਮੇਰੇ ਸਿਰ ਜੁਤੀਆਂ ਵਜਣਗੀਆਂ।'

'ਤੇਰੇ ਸਿਰ ਧਗਾਣੇ ਜੁਤੀਆਂ ਵਜਣਗੀਆਂ, ਤੂੰ ਜਾਕੇ ਸਨੇਹਾ ਦੇਣਾ ਹੈ। ਨਾਲੇ ਮੇਰਾ ਕੀ ਦੋਸ਼ ਨਵੇਂ ਥਾਣੇਦਾਰ ਨੇ ਵੀ ਰੋਕਿਆ ਹੈ ਬੇਲਾ ਸਿੰਘ ਨੂੰ ਨਹੀਂ ਮਿਲਣਾ। ਉਹ ਥਾਣੇ ਗਏ ਸਨ?'



Sri Satguru Jagjit Singh Ji Elibrary NamdhariElibrary@gmail.com

'ਥਾਨਿਓਂ ਹੀ ਆਏ ਤਾਂ ਮੈਨੂੰ ਤੁਸਾਂ ਵਲ ਭੇਜਿਆ ਹੈ।'

'ਜਾਹ ਸਨੇਹਾ ਦੇ ਦੇ। ਦੂਸਰਾ ਉਹ ਠੇਠੇ ਵੀ ਨਾ ਆਉਣ। ਰੂੜ ਸਿੰਘ ਦੇ ਬੰਦੇ ਗਲ ਪੈਣ ਨੂੰ ਤਿਆਰ ਹਨ। ਸਾਰੇ ਗੁਪਤ ਕਾਰਨਾਮੇ ਨੰਗੇ ਹੋ ਗਏ। ਤੂੰ ਕੰਨ ਵਲ੍ਹੇਟ ਕੇ ਤੁਰ ਜਾ।'

ਇਹ ਆਖਕੇ ਝੰਡਾ ਸਿੰਘ ਆਪਣੀ ਘੋੜੀ ਦਾ ਰੱਸਾ ਫੜਕੇ ਘਰੋਂ ਬਾਹਰ ਹੋ ਗਿਆ। ਉਸ ਦੇ ਪਿਛੇ ਪਿਛੇ ਧਰਮੂ ਤੁਰ ਪਿਆ ਉਸ ਨੇ ਲਸੀ ਪਾਣੀ ਕੁਝ ਨਾ ਪੀਤਾ।



Sri Satguru Jagjit Singh Ji Elibrary NamdhariElibrary@gmail.com

# ਵੀਹ

ਜਿਵੇਂ ਠੱਠੇ ਪਿੰਡ ਦੇ ਝੰਡਾ ਸਿੰਘ ਨੇ ਧਰਮੂ ਨੂੰ ਉੱਤਰ ਦਿੱਤਾ ਸੀ, ਧਰਮੂ ਨੇ ਬੇਲਾ ਸਿੰਘ ਨੂੰ ਤਿਵੇਂ ਹੀ ਸਹੀ ਸਹੀ ਸੁਣਾ ਕੇ ਕਿਹਾ, 'ਉਹ ਬੱਪਾ ਰਾਏ ਵਲ ਤੁਰ ਗਿਆ।'

'ਮੈਂ ਸਮਝ ਗਿਆ..... ਗੁਲ ਖਾਂ ਨੇ ਸਾਰਾ ਮਾਮਲਾ ਵਿਗਾੜਿਆ ਹੈ। ਭੂੰਡੀਆਂ ਨੂੰ ਖੰਭ ਲਾਏ ਹਨ. ਮੈਂ ਬੇਲਾ ਸਿੰਘ ਹਾਂ...ਕੀ ਹੋ ਗਿਆ ਲਤ ਖਰਾਬ ਹੋ ਗਈ...ਇਹਨਾਂ ਨੂੰ ਐਸਾ ਥੱਢੂ ਬਣਾਵਾਂਗਾ ਕੇ ਮੋਰੀਆਂ ਬਰੂਹਾਂ ਵਿਚ ਬੈਠੇ ਰਹਿਣਗੇ।...... ਇਕ ਇਕ ਨੂੰ ਲਾਹੌਰ ਭਜਵਾਵਾਂਗਾ।'

ਇਖਲਾਕੀ ਮੈਦਾਨ ਵਿਚ ਮਾਰ ਖਾ ਕੇ ਬੇਲਾ ਸਿੰਘ ਮੰਜੀ ਉਤੇ ਬੈਠਾ ਜ਼ਹਿਰ ਘੋਲਦਾ ਰਿਹਾ। ਉਸੇ ਅਜਗਰ (ਵਡੇ ਸਪ) ਵਾਂਗ ਜਿਹੜਾ ਜ਼ਖਮੀ ਹੋ ਕੇ ਤੁਰ ਨਾ ਸਕੇ ਤੇ ਕਰੋਧ ਨਾਲ ਫੁੰਕਾਰੇ ਮਾਰ ਕੇ ਜ਼ਹਿਰ ਸੁਟੀ ਜਾਏ।

ਬੇਲਾ ਸਿੰਘ ਦਾ ਵਡਾ ਪੁਤਰ ਸੂਰਤ ਸਿੰਘ ਕੋਈ ਪੌਂਤੀ ਛਤੀ ਸਾਲ ਉਮਰ ਦਾ ਸੀ। ਕਿਸੇ ਜ਼ਮੀਨੀ ਕੰਮ ਦੇ ਸਬੰਧ ਵਿਚ ਉਸ ਕੋਲ ਆਇਆ ਤਾਂ ਉਹਦੀ ਗਲ ਸੁਣਨ ਪਿਛੋਂ ਬੇਲਾ ਸਿੰਘ



Sri Satguru Jagjit Singh Ji Elibrary NamdhariElibrary@gmail.com

ਨੇ ਸੂਰਤ ਸਿੰਘ ਨੂੰ ਆਖਿਆ—

'ਮਲਾਂ ਵਡਾ ਥਾਨੇਦਾਰ ਜਿਹੜਾ ਆਇਆ ਹੈ, ਉਹ ਬੰਦੇ ਦਾ ਪੁੱਤਰ ਨਹੀਂ। ਮੈਂ ਮਿਲਣ ਗਿਆ ਤਾਂ ਬੜਾ ਔਖਾ ਹੋਇਆ।'

'ਮੈਂ ਸਭ ਕੁਝ ਸੁਣ ਚੁਕਾ ਹਾਂ। ਜਗੀਰੇ ਨੇ ਦਸਿਆ।' ਸੂਰਤ ਸਿੰਘ ਨੇ ਉਤਰ ਦਿਤਾ।

'ਥਾਨੇਦਾਰ ਦੇ ਵਿਗੜਨ ਕਾਰਨ ਪਿੰਡਾਂ ਦੇ ਨੰਬਰਦਾਰ ਤੇ ਚੌਂਕੀਦਾਰ ਵੀ ਜਾਪਦਾ ਹੈ ਮੂੰਹ ਮੋੜ ਬੈਠੇ। ਝੰਡਾ ਸਿੰਘ ਨੂੰ ਸਦਿਆ ਉਹ ਨਹੀਂ ਆਇਆ।'

'ਚੰਗਾ ਹੋਇਆ ਨਹੀਂ ਆਇਆ।'

'ਕਿਉਂ ?'

'ਮਾਮਲਾ ਵਧਣੋ ਬਚ ਗਿਆ...।'

ਮੈਂ ਉਸ ਨੂੰ ਜੁਤੀਆਂ ਮਰਵਾਉਣੀਆਂ ਹਨ।'

'ਝੰਡਾ ਸਿੰਘ ਨੂੰ ਜੁਤੀਆਂ ਮਰਵਾਉਣ ਦਾ ਵੇਲਾ ਲੰਘ ਗਿਆ।'

'ਵੇਲਾ ਨਹੀਂ ਲੰਘਿਆ.. ਉਸ ਨੇ ਥਾਨੇਦਾਰ ਕੋਲ ਚੁਗਲੀ ਕੀਤੀ ਹੈ। ਮੈਨੂੰ ਬਦਨਾਮ ਕੀਤਾ ਹੈ।'

'ਜੇ ਝੰਡਾ ਸਿੰਘ ਨੇ ਥਾਨੇਦਾਰ ਜਾਂ ਹੋਰ ਕਿਸੇ ਨੂੰ ਕੁਝ ਦਸਿਆ ਹੈ ਤਾਂ ਉਸ ਨੇ ਝੂਠ ਨਹੀਂ ਬੋਲਿਆ। ਸਚ ਬੋਲਿਆ ਹੈ। ਸਚ ਪ੍ਰਗਟ ਹੋ ਹੀ ਜਾਂਦਾ ਹੈ। .. ਚੰਗਾ ਏਹੋ ਹੈ ਕਿ ਦੀਵਾਨ ਖਾਨੇ ਤੋਂ ਬਾਹਰ ਨਾ ਜਾਇਆ ਕਰੋ। ਅਸਾਂ ਨੂੰ ਬਾਹਰ ਫਿਰਨ ਜੋਗੇ ਰਹਿਣ ਦਿਉ। ਜਿਧਰ ਜਾਂਦੇ ਹਾਂ ਲੋਕ ਉਂਗਲਾਂ ਕਰਦੇ ਹਨ। ਮੁਜ਼ਾਹਰੇ ਵੀ ਗਲਾਂ ਕਰਦੇ ਹਨ। ਤੁਸਾਂ ਜੀਵਨ ਵਿਚ ਕੋਈ ਨੇਕ ਕੰਮ ਤਾਂ ਕੀਤਾ ਨਹੀਂ। ਕੁਝ ਸਚੀਆਂ ਤੇ ਕੁਝ ਝੂਠੀਆਂ ਗਲਾਂ ਲੋਕਾਂ ਉਡਾਈਆਂ ਹਨ। ਤੁਸਾਂ ਦੀਆਂ ਨੂੰਹਾਂ ਕੋਲ ਪਿੰਡ ਦੀਆਂ ਔਰਤਾਂ ਆ ਕੇ ਨਹੀਂ ਬੈਠਦੀਆਂ। ਕੋਲੋਂ ਦੀ ਨਹੀਂ ਲੰਘਦੀਆਂ। ਜੀਉਂਦੇ ਮਰ ਗਏ।'



Sri Satguru Jagjit Singh Ji Elibrary NamdhariElibrary@gmail.com

'ਇਹ ਸੂਰਤੀ ਬੋਲ ਰਿਹਾ ਹੈ!..... ਐਨਾ ਹੌਂਸਲਾ ਮੇਰੇ ਸਾਹਮਣੇ ਕੁੱਤੇ ਵਾਂਗ ਭੌਂਕਣ ਦਾ ਹੌਂਸਲਾ?' ਬੇਲਾ ਸਿੰਘ ਗਰਮੀ ਨਾਲ ਬੋਲਿਆ। 'ਤੈਨੂੰ ਕਿਸ ਨੇ ਛਹਿ ਦਿਤੀ? ਕੀ ਉਸ ਦੀ ਅਨਦਸੀ ਮੌਤ ਆਈ ਹੈ?'

'ਜਦੋਂ ਫੋੜਾ ਭਰ ਜਾਂਦਾ ਹੈ, ਤਾਂ ਚੀਸਾਂ ਵਜਦੀਆਂ ਹਨ, ਪੀੜ ਨਾਲ ਵਿਆਕੁਲ ਹੋਇਆ ਬੰਦਾ ਚੀਕਾਂ ਮਾਰ ਉਠਦਾ ਹੈ! ਅਜ ਅਸੀਂ ਕਿਲ੍ਹੇ ਤੋਂ ਬਾਹਰ ਨਹੀਂ ਜਾ ਸਕਦੇ। ਤੁਸਾਂ ਦੇ ਕੀਤੇ ਪਾਪ ਨੰਗੇ ਹੋ ਗਏ।...ਫਰੰਗੀ ਅਫਸਰਾਂ ਦੀ ਆੜ ਲੈ ਕੇ, ਐਸੀਆਂ ਗਲਾਂ ਕੀਤੀਆਂ ਜਿਨ੍ਹਾਂ ਦੀ ਚਰਚਾ ਲੋਕ ਕਰ ਰਹੇ ਹਨ। ਬਾਬੇ-ਦਾਦੇ ਦਾ ਨਾਮ ਕਲੰਕਤ ਕੀਤਾ ਅਗਾ ਅਸਾਡਾ ਮਾਰਿਆ ਹੈ।'

'ਗਲਾਂ ਕਰਨ ਵਾਲਿਆਂ ਦਾ ਅਗੋਂ ਨੱਕ ਭੰਨੋ ਤਾਂ ਆਪੇ ਨਾ ਬੋਲਣ ਤੁਸਾਂ ਤਾਂ ਸਾਧ ਪੁਣਾ ਧਾਰਿਆ ਹੈ। ਸਰਦਾਰੀ ਰੋਅਬ ਹੀ ਗਵਾ ਦਿੱਤਾ ਹੈ।'

'ਬਿਸ਼ਨੀ ਦੀ ਵਿਧਵਾ ਕੁੜੀ ਨੂੰ ਚੁਕਵਾਉਣ, ਰੂੜ ਸਿੰਘ ਦੀ ਧੀ, ਜਿਹੜੀ ਮੇਰੀ ਲੜਕੀ ਦੀ ਹਾਣੀ ਹੈ, ਘਰ ਪਾਉਣ ਦਾ ਜਤਨ ਕਰਨਾ, ਕਿੱਸੋ ਦੀ ਕੁੜੀ ਨੂੰ ਮਾਰਕੇ ਲਾਸ਼ ਰਾਵੀ ਵਿਚ ਸੁਟਣ ਦਾ ਨਾਮ ਹੀ ਕੀ ਸਰਦਾਰੀ ਹੈ? ਮਾਨੇ ਡਾਕੂ ਨਾਲ ਯਾਰੀ ਸਰਦਾਰੀ ਹੈ...ਇਹ ਨਹੀਂ ਸੁਣਿਆ, 'ਕਰ ਪਰਾਈਆਂ, ਆਵੀ ਜਾਈਆਂ।'

'ਕੁੱਤਿਆ ਭੌਂਕ ਨਾ...।'

'ਕੁੱਤੇ ਨੂੰ ਭੌਂਕਣਾ ਹੀ ਪਿਆ, ਜਦੋਂ ਚੋਰ ਘਰ ਲੁਟ ਰਹੇ ਹਨ.।'

'ਤੈਨੂੰ ਕਿਸੇ ਕੂਕੇ ਨੇ ਭਖਾਇਆ ਹੈ...ਤੇਰੇ ਮਾਮੇ ਵੀ ਵਿਗੜੇ ਹਨ ਉਹਨਾਂ ਵੀ ਪੁੱਠੀਆਂ ਪੱਗਾਂ ਬੰਨ੍ਹ ਲਈਆਂ ਹਨ।...ਤੂੰ...ਮੈਂ ਤੈਨੂੰ ਘਰੋਂ ਕੱਢ ਦੇਣਾ ਹੈ।'

'ਕੂਕੇ ਸੰਤ ਹਨ। ਉਹ ਨਾਮ-ਸਿਮਰਨ ਕਰਦੇ, ਨੇਕੀ ਦੀ



Sri Satguru Jagjit Singh Ji Elibrary NamdhariElibrary@gmail.com

ਪ੍ਰੇਰਨਾ ਕਰਦੇ, ਚੋਰੀ ਯਾਰੀ, ਸ਼ਰਾਬ ਪੀਣ ਤੋਂ ਰੋਕਦੇ. ਉਹ ਰਬੀ ਬੰਦੇ ਹਨ—ਉਹਨਾਂ ਦੀ ਵਿਰੋਧਤਾ ਕਰਨ ਦਾ ਫਲ ਮਿਲਿਆ ਮਹੰਤ ਛਬੀਲ ਦਾਸ ਨੂੰ ਤੇ ਤੁਸਾਂ ਦੀ ਲੱਤ ਟੁਟੀ।.. ਅਜੇ ਵੀ ਨਹੀਂ ਸਮਝਦੇ...ਜਾਇਦਾਦ ਪਿਉ-ਦਾਦੇ ਦੀ ਹੈ.. ਰਤਾ ਸੰਭਲਕੇ ਚਲੋ ਤੇ ਜੀਵਨ ਦੇ ਪਿਛਲੇ ਦਿਨ ਕਟੋ। ਕਿਤੇ ਨਹੀਂ ਜਾਣਾ।'

ਇਹ ਆਖਕੇ ਸੂਰਤ ਸਿੰਘ ਦੀਵਾਨ ਖਾਨੇ ਵਿਚੋਂ ਤੁਰ ਪਿਆ। ਆਪਣੇ ਸੁਭਾ ਅਨੁਸਾਰ ਲਾਲ ਪੀਲਾ ਹੋਇਆ ਬੇਲਾ ਸਿੰਘ ਉਸ ਨੂੰ ਗਾਲਾਂ ਕਢੀ ਗਿਆ—ਮੈਂ ਜਾਵਾਂਗਾ ਜਿਥੇ ਮੇਰਾ ਜੀ ਕਰੇ ਮੈਨੂੰ ਰੋਕਣ ਵਾਲਾ ਕੌਣ . ਮੈਂ.. ।'

ਪਰ ਸੂਰਤ ਸਿੰਘ ਨੇ ਉਸ ਦੇ ਸਾਰੇ ਬੋਲਾਂ ਨੂੰ ਅਨਸੁਣਿਆਂ ਕਰ ਦਿੱਤਾ। ਬਾਹਰ ਚਲਿਆ ਗਿਆ।

ਬੇਲਾ ਸਿੰਘ ਕਿਲ੍ਹਾ ਜਗਤ ਸਿੰਘ ਪਿੰਡ ਦਾ ਮਾਲਕ ਸੀ। ਉਸ ਵੇਲੇ ਭਾਵੇਂ ਵੱਡੀ ਹਵੇਲੀ ਵਿਚ ਹੀ ਨਿਕੀ ਇੱਟ ਦੇ ਮਹਿਲ ਸਨ, ਪਰ ਸੌ ਸਾਲ ਪਹਿਲਾਂ ਜਗਤ ਸਿੰਘ ਨੇ ਕਿਲ੍ਹਾ ਤਿਆਰ ਕੀਤਾ ਸੀ, ਜਿਹੜਾ ਅਹਿਮਦ ਸ਼ਾਹ ਅਬਦਾਲੀ ਦੇ ਛੇਵੇਂ ਹਮਲੇ ਵੇਲੇ ਧਰਤੀ ਨਾਲ ਮਿਲਾ ਕੇ ਇਕ ਥੇਹ ਬਣਾ ਦਿੱਤਾ ਗਿਆ ਸੀ।

ਬੇਲਾ ਸਿੰਘ ਦੇ ਆਪਣੇ ਪਰਵਾਰ ਤੋਂ ਬਿਨਾਂ ਸੌ ਕੁ ਘਰ ਹੋਰ ਸਨ, ਜਿਹੜੇ ਛੋਟੇ ਮੋਟੇ ਕੰਮ ਕਰਦੇ ਤੇ ਜ਼ਮੀਨ ਵਾਹੁੰਦੇ ਸਨ। ਔਰਤਾਂ ਤੇ ਮਰਦ ਬੇਲਾ ਸਿੰਘ ਦੇ ਆਖੇ ਤਾਂ ਲਗਦੇ ਸਨ, ਉਸ ਕੋਲੋਂ ਡਰਦੇ ਹੋਏ, ਪਰ ਦਿਲੋਂ ਪਿਆਰ ਕੋਈ ਨਹੀਂ ਸਨ ਸਕਦੇ। ਸਾਊਆਂ ਨੇ ਤਾਂ ਆਪਣੀਆਂ ਨੂੰਹਾਂ ਧੀਆਂ ਨੂੰ ਮਹਿਲਾਂ ਅੰਦਰ ਜਾਣਾ ਰੋਕਿਆ ਸੀ। ਕਿਸੇ ਉਚੇਚੇ ਸਮੇਂ ਜੇ ਔਰਤਾਂ ਜਾਂਦੀਆਂ ਵੀ ਤਾਂ ਬਹੁਤ ਸਾਰੀਆਂ ਇਕਠੀਆਂ ਹੋ ਕੇ ਜਾਂਦੀਆਂ। ਸੂਰਤ ਸਿੰਘ ਸਚਾ ਸੀ । ਉਸ ਨੂੰ ਸਦਾ ਕੰਦੀ ਗਲਾਂ ਸੁਣਨੀਆਂ ਹੀ ਪੈਂਦੀਆਂ ਸਨ।



Sri Satguru Jagjit Singh Ji Elibrary NamdhariElibrary@gmail.com

ਸੂਰਤ ਸਿੰਘ ਦੇ ਜਾਣ ਪਿਛੋਂ ਬੇਲਾ ਸਿੰਘ ਦੇ ਕ੍ਰੋਧ ਦਾ ਪਾਰਾ ਹੋਰ ਉਚਾ ਹੋ ਗਿਆ। ਉਸ ਨੇ ਸ਼ਰਾਬ ਦਾ ਕੌਲ ਭਰਿਆ ਤੇ ਠੰਡੇ ਪਾਣੀ ਵਾਂਗ ਪੀ ਗਿਆ... ਇਕ ਕੌਲ ਨਾਲ ਕੁਝ ਨਾ ਬਣਿਆ ਤਾਂ ਦੋ ਕੌਲ ਹੋਰ ਪੀ ਗਿਆ ਤਾਂ ਅਕਲ ਗਵਾਚ ਗਈ। ਉਹ ਪੂਰਨ ਸਾਕਤ ਪੁਰਸ਼ ਬਣ ਗਿਆ। ਪਾਗਲਾਂ ਵਾਂਗ ਬਗੜ-ਵਾਹ ਕਰਨ ਲਗਾ ਤੇ ਗੰਦੀਆਂ ਗਾਲਾਂ ਕਢਣ ਲਗ ਪਿਆ। ਥਾਨੇਦਾਰ ਝੰਡਾ ਸਿੰਘ ਸੂਰਤ ਸਿੰਘ ਉਸਦਾ ਪੁਤਰ ਅਤੇ ਹੋਰ ਨੰਬਰਦਾਰ ਅਤੇ ਚੌਕੀਦਾਰ ਸਨ, ਜਿਹੜੇ ਸਦੇ ਤੇ ਨਾ ਆਏ।

ਬੋਲਦਿਆਂ ਸੂਰਤ ਸਿੰਘ ਦੇ ਬੋਲੇ ਇਹ ਸ਼ਬਦ ਚੇਤੇ ਆਏ, 'ਕੂਕੇ ਸੰਤ ਹਨ। ਉਹ ਨਾਮ-ਸਿਮਰਨ ਕਰਦੇ ਨੇਕੀ ਦੀ ਪ੍ਰੇਰਨਾ ਕਰਦੇ।' ਨਾਸਾਂ ਚੜ੍ਹਾ ਕੇ ਉਹ ਕੂਕਿਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਬਾਬਤ ਕੁਬੋਲ ਬੋਲਣ ਲੱਗਾ। ਉਸ ਦੇ ਕੋਲ ਹੋਰ ਕੋਈ ਬੰਦਾ ਨਹੀਂ ਸੀ ਜਿਹੜਾ ਰੋਕਦਾ ਜਾਂ ਗਿਆਨ ਕਰਾ-ਉਂਦਾ ਉਹ ਆਪੇ ਸੀ ਤੇ ਅਕਲ ਦਾ ਅੰਧਾ ਹੋ ਚੁਕਿਆ ਸੀ। ਉਹ ਮਹਾਂ ਨਿੰਦਕ ਬਣ ਗਿਆ। ਪਰ

ਸੰਤ ਕਾ ਨਿੰਦਕੁ ਮਹਾ ਅਤਤਾਈ॥
ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ॥
ਸੰਤ ਕਾ ਨਿੰਦਕੁ ਮਹਾ ਹਤਿਆਰਾ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥ (ਸੁਖਮਨੀ)

ਕਿਸੇ ਨਾ ਰੋਕਿਆ ਤਾਂ ਪਰਮੇਸ਼ਰ ਨੇ ਆਪ ਹੀ ਰੋਕ ਲਿਆ ਉਹ ਬੇਸੁਰਤ ਹੋ ਕੇ ਡਿਗ ਪਿਆ। ਚੁੱਪ ਹੋ ਗਿਆ। ਉਹ ਸਾਰਾ ਦਿਨ ਤੇ ਅਗਲੀ ਰਾਤ ਵੀ ਬੇਸੁਰਤ ਪਿਆ ਰਿਹਾ। ਜਦੋਂ ਅਗਲੇ ਦਿਨ ਸੁਤਾ ਜਾਗਿਆ ਤਾਂ ਉਹ ਪਾਗਲਾਂ ਵਾਂਗ ਅਰਲ-ਬਰਲ ਬੋਲਣ ਲਗ ਪਿਆ। ਦੇਖਣ ਸੁਣਨ ਵਾਲਿਆਂ ਨੇ ਕਿਹਾ, 'ਸ੍ਰਦਾਰ ਬੇਲਾ ਸਿੰਘ ਪਾਗਲ ਹੋ ਗਿਆ।'



Sri Satguru Jagjit Singh Ji Elibrary NamdhariElibrary@gmail.com

ਮਨੁੱਖ ਦੇ ਸੁਭਾ, ਕੁਦਰਤ ਦੇ ਵਾਤਾਵਰਨ ਅਤੇ ਰਾਜ ਦੀ ਪਾਲਸੀ ਵਿਚ ਕਦੋਂ ਤਬਦੀਲੀ ਆਉਣੀ ਹੈ, ਆਮ ਲੋਕਾਂ ਨੂੰ ਪਤਾ ਨਹੀਂ ਲੱਗਦਾ । ਤਬਦੀਲੀ ਅਚਨਚੇਤ ਹੋ ਜਾਂਦੀ ਹੈ। ਤਬਦੀਲੀ ਨੂੰ ਜੀਵਨ ਮੋੜ ਆਖਿਆ ਜਾਂਦਾ ਹੈ । ਜਦੋਂ ਬੇਲਾ ਸਿੰਘ ਦੀ ਮਾਨਸਕ ਅਵਸਥਾ ਬਦਲੀ ਤਦੋਂ ਮੌਸਮ ਅਤੇ ਰਾਜ ਮੰਡਲ ਵਿਚ ਭਾਰੀ ਤਬਦੀਲੀ ਆਈ । ਵਡੀ ਹਿਲਜੁਲ ਸ਼ੁਰੂ ਹੋਈ। ਘਟਾ ਤੇ ਘਟਨਾ ਵਾਪਰਨੀ ਸ਼ੁਰੂ ਹੋਈ ।

ਹਾੜ ਦੇ ਮਹੀਨੇ ਦੀ ਉਮਰ ਮਸਾਂ ਅੱਠ ਦਿਨ ਹੋਈ ਸੀ ਕਿ ਮੋਹਲੇ ਧਾਰ ਬਾਰਸ਼ ਸ਼ੁਰੂ ਹੋ ਗਈ । ਪਹਿਲ ਛਿਲੇ ਦੀ ਬਾਰਸ਼ ੨੪ ਘੰਟੇ ਵਰ੍ਹੀ । ਜੇਠ ਮਹੀਨੇ ਦੀ ਗਰਮੀ ਨਾਲ ਤਾਂਬਾ ਹੋਈ ਧਰਤੀ ਠੰਡੀ ਹੋ ਗਈ ਤੇ ਹਰ ਪਾਸੇ ਜਲ ਹੀ ਜਲ ਦਿਖਾਈ ਦੇਣ ਲਗਾ।

ਬਾਰਸ਼ ਰੁਕ ਗਈ, ਪਰ ਕਾਲੇ ਬਦਲ ਦੇ ਕਾਰਨ ਡੂੰਘੀ ਸ਼ਾਮ ਹੋ ਰਹੀ ਪ੍ਰਤੀਤ ਹੁੰਦੀ ਸੀ, ਭਾਵੇਂ ਕਿ ਅਜ ਦੋ-ਢਾਈ ਘੰਟੇ ਦਿਨ ਰਹਿੰਦਾ ਸੀ । ਸਾਰਾ ਦਿਨ ਦੇ ਅੰਦਰੀ ਘੇਰੇ ਇਸਤ੍ਰੀ-ਪੁਰਖ ਅਤੇ ਬਚੇ ਬਾਹਰ ਨਿਕਲੇ । ਪਾਣੀ ਨੂੰ ਦੇਖ ਦੇਖ ਖੁਸ਼ੀ ਕਰਨ ਲਗੇ । ਕੁਝ ਕਹੀਆਂ ਫੜਕੇ ਖੇਤਾਂ ਵਲ ਨਠ ਗਏ ਤਾਂ ਕਿ ਪਾਣੀ ਦੇ ਖਲੋਣ ਲਈ ਪੈਲੀਆਂ ਦੀਆਂ ਵਟਾਂ ਉਚੀਆਂ ਕਰਨੀਆਂ ਸਨ।

ਉਸ ਹਿਲਜੁਲ ਦੇ ਸਮੇਂ ਕਾਲੀ ਦਾਹੜੀ ਉਚਾ ਲੰਮਾ ਤੇ ਅਰੋਗ ਸੇਹਤ ਵਾਲਾ ਸੰਤ ਧਰਮਸਾਲਾ ਦੀ ਡਿਉੜੀ ਅਗੇ ਘੋੜੀ ਤੋਂ ਉਤਰਿਆ ਘੋੜੀ ਦੀ ਕਾਠੀ ਨਾਲ ਖੁਰਜੀ ਸੀ । ਜਿਸ ਵਿਚ ਉਸ ਦਾ ਸਮਾਨ ਹੋਏਗਾ ।

ਘੋੜੀ ਤੋਂ ਉਤਰਕੇ, ਘੋੜੀ ਦੀ ਲਗਾਮ ਫੜਕੇ ਘੋੜੀ ਨੂੰ ਧਰਮਸਾਲਾ ਦੀ ਹਵੇਲੀ ਵਿਚ ਲੈ ਗਿਆ ਤੇ ਬਰਾਂਡੇ ਹੇਠ ਖੁਰਲੀ ਦੇ ਕਿਲ੍ਹੇ ਨਾਲ ਬੰਨ੍ਹ ਦਿਤਾ । ਖੁਰਜੀ ਚੁਕ ਲਈ ਤੇ ਧਰਮਸਾਲਾ ਦੇ ਮਹਿਮਾਨ ਖਾਨੇ ਕੋਲ ਗਿਆ ਤਾਂ ਅਗੇ ਸੰਤ ਸੇਵਕ ਸਿੰਘ ਜੀ



Sri Satguru Jagjit Singh Ji Elibrary NamdhariElibrary@gmail.com

ਮਿਲ ਪਏ ।

'ਧੰਨ ਸਤਿਗੁਰ ਰਾਮ ਸਿੰਘ ਜੀ !' ਉਹ ਬੋਲਿਆ।

'ਧੰਨ ਸਤਿਗੁਰ ਰਾਮ ਸਿੰਘ ਜੀ !' ਸੰਤ ਸੇਵਕ ਸਿੰਘ ਨੇ ਅਗੋਂ ਦੋਵੇਂ ਹੱਥ ਜੋੜਕੇ ਉਤਰ ਦਿੱਤਾ ਤੇ ਨੀਉਂ ਕਿ ਗੋਡੀਂ ਹੱਥ ਲਾਉਣ ਲਗਾ ਤਾਂ ਉਹ ਗੁਰਮੁਖ ਪਿਛੇ ਹੱਟ ਗਿਆ।

'ਆਉ ਜੀ ਆਇਆਂ ਨੂੰ ਧੰਨ ਭਾਗ ਗੁਰਮੁਖ ਸੰਤਾਂ ਦੇ ਦਰਸ਼ਨ ਹੋਏ...ਆਉ।' ਸੇਵਕ ਸਿੰਘ ਅਤੀ ਖੁਸ਼ੀ ਨਾਲ ਬੋਲਿਆ। ਉਸ ਨੂੰ ਪਤਾ ਲਗ ਗਿਆ ਸੀ ਕਿ ਆਉਣ ਵਾਲਾ ਉਸ ਦਾ ਗੁਰਭਾਈ ਸੀ, ਭਾਵੇਂ ਅਗੇ ਦਰਸ਼ਨ ਨਹੀਂ ਸਨ ਕੀਤੇ। ਗੁਰਸਿਖੀ ਦਾ ਰਿਸ਼ਤਾ ਸਭ ਤੋਂ ਪੱਕਾ ਰਿਸ਼ਤਾ।

ਸੇਵਕ ਸਿੰਘ ਉਸ ਨੂੰ ਉਪਰ ਚਬਾਰੇ ਵਿਚ ਲੈ ਗਿਆ। ਚਬਾਰੇ ਦੀਆਂ ਬਾਰੀਆਂ ਤੇ ਦੋ ਦਰਵਾਜੇ ਹੋਣ ਕਰਕੇ ਹਵਾ ਆਉਂਦੀ ਸੀ। ਹਨੇਰੇ ਨੂੰ ਦੂਰ ਕਰਨ ਵਾਸਤੇ ਦੀਵਾ ਜਗਾਇਆ, ਕੌੜੇ ਤੇਲ ਦਾ ਮੋਟੀ ਵਟੀ ਵਾਲਾ ਦੀਵਾ ਸਾਰੇ ਕਮਰੇ ਵਿਚ ਚਾਨਣ ਕਰਦਾ ਸੀ।

'ਕੀ ਛਕਣਾ ਹੈ ?' ਸੇਵਕ ਸਿੰਘ ਨੇ ਉਹਨਾਂ ਨੂੰ ਪੁੱਛਿਆ।

'ਭੁਖ ਤਾਂ ਲਗੀ ਹੈ। ਥੋੜੇ ਬਦਾਮ (ਭੁਝੇ ਛੋਲੇ) ਚਬੇ ਸਨ। ਮੌਕਾ ਨਹੀਂ ਮਿਲਿਆ ਰੋਟੀ ਖਾਣ ਦਾ।'

'ਦੁੱਧ ਲਿਆਉਂਦਾ ਹਾਂ।' ਇਹ ਆਖਕੇ ਸੇਵਕ ਸਿੰਘ ਆਪਣੇ ਕਮਰੇ ਵਲ ਹੋਇਆ। ਸਵੇਰ ਦਾ ਗਊ ਦਾ ਦੁੱਧ-ਜਿਹੜਾ ਕੜ੍ਹਿਆ ਸੀ, ਮਲਾਈ ਸਮੇਤ ਲਿਆ ਗੁਰ ਭਾਈ ਨੂੰ ਫੜਾ ਦਿੱਤਾ।

'ਮੇਰਾ ਨਾਮ ਅਰੂੜ ਸਿੰਘ ਹੈ।' ਆਏ ਸੰਤ ਨੇ ਆਪਣੀ ਜਾਣ ਪਛਾਣ ਕਰਾਉਣੀ ਸ਼ੁਰੂ ਕੀਤੀ, 'ਕੀ ਆਪ ਦਾ ਨਾਂ ਸੇਵਕ ਸਿੰਘ ਹੈ ?'

'ਜੀ ਏਹੋ ਨਾ ਸੇਵਕ ਦਾ ?'

'ਮੈਨੂੰ ਭਾਈ ਖਜ਼ਾਨ ਸਿੰਘ (ਸੂਬੇ) ਨੇ ਭੇਜਿਆ ਹੈ।'



Sri Satguru Jagjit Singh Ji Elibrary NamdhariElibrary@gmail.com

'ਜੀ ਆਇਆਂ ਨੂੰ ਧੰਨ ਭਾਗ ?'

'ਸੁਣਾਉ ਕੋਈ ਸਾਖੀ ਮਹਾਰਾਜ ਜੀ ਦੀ !'

'ਬੀਬੀ ਸੁਖੀ.......ਭਾਈ ਨੈਣਾ ਸਿੰਘ ਵੀ ਹਨ।'

'ਹਾਂ ਜੀ ਹੈਨ......'

'ਉਹਨਾਂ ਨੂੰ ਬੁਲਾਇਆ ਜਾ ਸਕਦਾ ਹੈ ?'

'ਜ਼ਰੂਰ !'

'ਸਦੋ......!

'ਹੁਣੇ ਹੀ ?'

'ਜੋ ਕਾਰਜ ਤੱਤ ਕਾਲ ਹੋ ਜਾਏ, ਉਹੋ ਹੀ ਠੀਕ ਹੈ..।'

ਸੇਵਕ ਸਿੰਘ ਉਸੇ ਵੇਲੇ ਹੇਠਾਂ ਗਿਆ ਤੇ ਆਪਣੇ ਚੇਲੇ ਤੇਜੇ ਨੂੰ ਸੁਖੀ ਤੇ ਨੈਣਾ ਸਿੰਘ ਵਲ ਭੇਜਿਆ। ਕੋਈ ਪੰਦਰਾਂ ਮਿੰਟਾਂ ਪਿਛੋਂ ਦੋਵੇਂ ਆ ਗਏ ਤਾਂ ਅਰੂੜ ਸਿੰਘ ਨੇ ਆਖਿਆ—ਇਹ ਹੁਕਮਨਾਮਾ ਹੈ...ਸਤਿਗੁਰੂ ਜੀ ਵਲੋਂ ਭੇਜਿਆ ਗਿਆ—ਇਧਰ ਦੇ ੧੭ ਪਿੰਡਾਂ ਵਿਚ ਉਹਨਾਂ ਤਕ ਪਚਾਉਣਾ ਹੈ, ਜਿਹੜੇ 'ਸੰਤ ਖਾਲਸਾ' ਬਣ ਚੁੱਕੇ ਹਨ ਤੇ ਅੰਮ੍ਰਿਤ ਪਾਨ ਕੀਤਾ ਹੈ।'

'ਜੋ ਹੁਕਮ...ਮੈਂ ਹੁਣੇ ਜਾਣ ਨੂੰ ਤਿਆਰ ਹਾਂ।' ਨੈਣਾ ਸਿੰਘ ਨੇ ਉਤਰ ਦਿਤਾ।'

'ਸੁਣੋ !' ਰੂੜ ਸਿੰਘ ਨੇ ਆਖਿਆ, 'ਰੰਗੇ (ਔਰੰਗਜ਼ੇਬ) ਬਾਦਸ਼ਾਹ ਦੇ ਵੇਲ ਮੁੜ ਆ ਗਏ। ਜਿਵੇਂ ਬੁੱਤ ਪੂਜ ਪਹਾੜੀ ਰਾਜੇ, ਨਵਾਬ, ਜਗੀਰਦਾਰ ਆਦਿਕ ਸਤਿਗੁਰੂ ਗੋਬਿੰਦ ਸਿੰਘ ਜੀ ਵਿਰੁਧ ਹੋਏ ਸਨ, ਤਿਵੇਂ ਅਜ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਅਤੇ ਉਹਨਾਂ ਦੇ ਸਿਖਾਂ ਕੂਕਿਆਂ ਵਿਰੁਧ ਫਰੰਗੀ ਸਰਕਾਰ, ਜਗੀਰਦਾਰ, ਤੇ ਹੋਰ ਜਿੰਨੇ ਵੀ ਦਾਰ ਹਨ, ਉਠ ਖਲੋਤੇ ਹਨ। ਸਤਿਗੁਰੂ ਜੀ ਵਿਸਾਖੀ ਦੇ ਪੁਰਬ ਨੂੰ ਅੰਮ੍ਰਿਤਸਰ ਮੰਨਾ ਕੇ ਮਾਲਵੇ ਨੂੰ ਗਏ। ਖੋਟੇ ਪਿੰਡ ਵਿਚ ਵਿਆਹ ਦੀ ਨਵੀਂ ਮਰਯਾਦਾ ਸ਼ੁਰੂ ਕੀਤੀ ਤਾਂ ਬ੍ਰਹਮਨ, ਨਾਈ, ਝੀਵਰ ਆਦਿਕ ਲਾਗੀਆਂ ਨੇ ਰੌਲਾ



Sri Satguru Jagjit Singh Ji Elibrary NamdhariElibrary@gmail.com

ਪਾਇਆ ਕਿਉਂਕਿ ਉਹਨਾਂ ਵਲੋਂ ਕਾਇਮ ਕੀਤੇ ਲੁਟ-ਕਸੁਟ ਦੇ ਸਾਧਨਾ ਤੇ ਭਾਰੀ ਸੱਟ ਵਜੀ, ਉਹਨਾਂ ਨੇ ਚੌਂਕੀਦਾਰ ਕੋਲੋਂ ਥਾਨੇ ਇਤਲਾਹ ਦਿਤੀ, 'ਕੂਕੇ ਪਿੰਡ ਵਿਚ ਸਰਕਾਰ ਵਿਰੁਧ ਗਲਾਂ ਕਰਦੇ ਹਨ। ਮਾਮਲਾ ਵਧ ਗਿਆ। ਫਰੰਗੀ ਹਾਕਮਾਂ ਨੇ ਸਤਿਗੁਰੂ ਜੀ ਨੂੰ ਪਿੰਡਾਂ ਵਿਚ ਫਿਰਕੇ ਪ੍ਰਚਾਰ ਕਰਨੋ ਰੋਕ ਦਿਤਾ ਤੇ ਭੈਣੀ ਵਿਚ ਨਜ਼ਰ ਬੰਦ ਕਰ ਦਿਤਾ ਹੈ। ਪਿੰਡੋਂ ਬਾਹਰ ਨਾ ਜਾਣ ਦਾ ਹੁਕਮ ਹੈ। ਫਰੰਗੀ ਪੁਲੀਸ ਪਿੰਡ ਬੈਠ ਗਈ ਹੈ।'

'ਹਾਇ ਮੈਂ ਮਰਾਂ...ਸਤਿਗੁਰੂ ਜੀ ਮਹਾਰਾਜ ਨੂੰ ਪਿੰਡ ਵਿਚ ਨਜ਼ਰ ਬੰਦ ਕੀਤਾ, ਪੁਲਸੀਏ ਪਹਿਰਾ ਕਰ ਰਹੇ ਹਨ, ਕੀ ਫਰੰਗੀ ਅੰਨ੍ਹਾ ਨਹੀਂ ਹੋਏਗਾ! ਫਰੰਗੀ ਨੂੰ ਕੀ ਢਿਡ ਪੀੜ ਹੋਈ ਜੋ ਸੰਤ ਦੋਖੀਆਂ ਦੇ ਆਖੇ ਲਗ ਗਿਆ!' ਸੁਖੀ ਦੁਖ ਅਨਭਵ ਕਰਕੇ ਬੋਲੀ।

'ਫਰੰਗੀ ਸਰਕਾਰ ਨੇ ਸਾਰੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਦਿੱਤਾ ਹੈ ਕਿ ਕੂਕਿਆਂ ਦਾ ਧਿਆਨ ਰਖੋ। ਕੋਈ ਦੀਵਾਨ ਨਾ ਹੋਏ, ਪਿੰਡਾਂ ਵਿਚ . ਗੱਲਾਂ ਨਾ ਹੋਣ ਚੌਂਕੀਦਾਰ ਤੇ ਲੰਬਰਦਾਰ ਧਿਆਨ ਰਖਣ ਤੇ ਰਪਟ ਕਰਨ। ਆਉਣ ਵਾਲੇ ਸਮੇਂ ਬਾਬਤ ਸਤਿਗੁਰੂ ਜੀ ਨੇ ਹੁਕਮ ਕਰ ਭੇਜਿਆ ਹੈ...— ਨਾਲ ਹੀ ਸੂਬੇ ਕਾਇਮ ਕੀਤੇ ਹਨ। ਜਿਹੜੇ ਸੰਤ ਖਾਲਸਾ ਨੂੰ ਜਥੇਬੰਦ ਰਖਣਗੇ। ਸਭ ਨੂੰ ਸੇਵਾ ਬਖਸ਼ੀ ਹੈ—ਮੇਰੀ ਖਜ਼ਾਨ ਸਿੰਘ, ਹੁਕਮ ਸਿੰਘ ਤੇ ਬੀਬੀ ਹੁਕਮੀ ਦੀ ਸੇਵਾ ਅੰਮ੍ਰਿਤਸਰ, ਗੁਰਦਾਸ ਪੁਰ ਤੇ ਹੁਸ਼ਿਆਰ ਪੁਰ ਦੇ ਕੁਝ ਇਲਾਕਿਆਂ ਵਿਚ ਲਗੀ ਹੈ। ਸੇਵਕ ਨੇ ਸੇਵਾ ਕਰਨੀ ਹੈ।...ਜਿਵੇਂ ਸਤਿਗੁਰੂ ਜੀ ਸੇਵਾ ਕਰਾਉਣ। ਵਾਂ ਪਿੰਡ ਵਾਲਾ ਭਾਈ ਅਜੀਤ ਸਿੰਘ ਤੇ ਤਾਬਾ ਸਿੰਘ ਅਤੇ ਕੁਝ ਹੋਰ ਸੇਵਾਦਾਰ ਪੁਲਸ ਨੇ ਗ੍ਰਿਫਤਾਰ ਕਰ ਲੇ ਹਨ।'

'ਉਹਨਾਂ ਨੂੰ ਕਿਉਂ ਫੜਿਆ?' ਨੈਣਾ ਸਿੰਘ ਨੇ ਪੁਛਿਆ।

'ਏਹੋ ਪ੍ਰਚਾਰ ਕਰਦੇ ਸਨ।...ਸਭ ਚੁਗਲਾਂ ਦੇ ਕਾਰਨਾਮੇ,



Sri Satguru Jagjit Singh Ji Elibrary NamdhariElibrary@gmail.com

ਸੁਣੋ...ਸਤਿਗੁਰੂ ਜੀ ਦਾ ਹੁਕਮ ਹੈ—'

'...ਬਾਲ ਬਚਿਆਂ ਸਮੇਤ ਧਰਮਸਾਲਾ ਵਿਚ ਹਾਜ਼ਰ ਹੋਇਆ ਕਰਨਾ। ਨਾਮ ਸਿਮਰਨ ਕਰਨਾ, ਫਰੰਗੀ ਨਾਲ ਮਿਲ-ਵਰਤਨ ਨਾ ਕਰਨਾ। ਜਿਹੜਾ ਚੋਰੀ, ਯਾਰੀ ਠੱਗੀ ਆਦਿਕ ਕੁਕਰਮ ਕਰੇ, ਉਸ ਨੂੰ ਦੀਵਾਨ ਵਿਚ ਬੈਠਣ ਨਾ ਦੇਣਾ। ਇਕਤ੍ਰ ਹੋਕੇ ਗੁਰਬਾਣੀ ਗਾਉਣੀ, ਗੁਰਮੰਤ੍ਰ ਚੇਤੇ ਰਖਣਾ, ਕਿਸੇ ਕੋਲੋਂ ਡਰਨਾ ਨਹੀਂ, ਤੁਸਾਂ ਦੀ ਰਖਿਆ ਹੋਏਗੀ। ਕੰਨਿਆਂ ਨੂੰ ਨਾ ਮਾਰਨਾ, ਨਾ ਵੇਚਣਾ ਪੁਤਰ-ਪੁਤਰੀਆਂ ਨੂੰ ਗੁਰਮੁਖੀ ਪੜ੍ਹਾਉਣੀ। ਜੋ ਭਿਆਨਕ ਸਮਾਂ ਆਏ। ਫਰੰਗੀ ਜ਼ੁਲਮ ਢਾਹੇ ਤਾਂ ਦਿਲ ਨਹੀਂ ਛਡਣਾ, ਧਰਮ ਪਾਲਣਾ। ਈਨ ਨਹੀਂ ਮੰਨਣੀ, ਗਊ, ਗਰੀਬ, ਨੇਕੀ ਧਰਮ ਬਦਲੇ ਕੁਰਬਾਨ ਹੋਣਾ। ਸੰਤ ਖਾਲਸਾ ਵਧੇਗਾ... ਅਕਾਲ ਪੁਰਖ ਦੀ ਫੌਜ ਹੈ।.. ਸਤਿਗੁਰੂ ਰਾਮ ਸਿੰਘ ਜੀ ਦਾ ਐਸਾ ਹੁਕਮ ਹੈ।'

ਸੰਤ ਸਾਹਿਬ ਸਿੰਘ ਜੀ ਨੇ ਇਹ ਲਿਖਤ ਦਿਤੀ ਹੈ... ਅਗਲੇ ੧੭ ਪਿੰਡਾਂ ਵਿਚ ਤੁਸਾਂ ਲਿਖਤ ਨੂੰ ਲੈ ਜਾਣਾ ਹੈ। ਹਰ ਤਰ੍ਹਾਂ ਫਰੰਗੀ ਤੇ ਫਰੰਗੀਆਂ ਦੇ ਬੰਦਿਆਂ ਕੋਲੋਂ ਬਚਨਾ ਹੈ। ਲਿਖਤ ਕ੍ਰਿਸੇ ਦੇ ਹੱਥ ਨਾ ਜਾਏ।' ਅਰੂੜ ਸਿੰਘ ਨੇ ਸਾਰੀ ਗਲ ਸਮਝਾਈ।

'ਮਹਾਰਾਜ ਜੀ ਬਲ ਬਖਸ਼ਣ, ਰਖਿਆ ਕਰਨ...ਸਾਰੇ ਪਿੰਡਾਂ ਵਿਚ ਲਿਖਤ ਪੁਜ ਜਾਏਗੀ।' ਨੈਣਾ ਸਿੰਘ ਨੇ ਉਤਰ ਦਿੱਤਾ।

'ਆਪ ਧੰਨ ਹੋ...ਜਿਹੜੇ ਗੁਰੂ ਜੀ ਦੇ ਦਰਸ਼ਨ ਕਰਕੇ ਆਏ ਹੋ। ਮੀਰ ਮੰਨੂੰ ਵਾਂਗ ਚੰਦਰਾ ਫਰੰਗੀ ਤੁਰ ਜਾਏਗਾ। ਗੁਰੂ ਮਹਾਰਾਜ ਜੀ ਨਾਲ ਟਕਰ ਲੈਣ ਵਾਲਾ ਭਲਾ ਰਹੇ ਸਕਦਾ ਹੈ...।' ਸੁੱਖੀ ਬੋਲੀ।

'ਤੁਸਾਂ ਸੰਤ ਜੀ ਵਾਸਤੇ ਪ੍ਰਸ਼ਾਦ ਤਿਆਰ ਕਰਨਾ ਹੈ।' ਸੇਵਕ ਸਿੰਘ ਨੇ ਸੁੱਖੀ ਨੂੰ ਆਖਿਆ।



Sri Satguru Jagjit Singh Ji Elibrary NamdhariElibrary@gmail.com

'ਮੈਂ ਹੁਣੇ ਘਰ ਜਾਂਦੀ ਹਾਂ।' ਸੁਖੀ ਨੇ ਉਤਰ ਦਿੱਤਾ।

'ਏਥੇ ਹੀ ਸਭ ਕੁਝ ਹੈ। ਘਿਓ ਨਾਲ ਪ੍ਰਸ਼ਾਦ ਤਿਆਰ ਕਰ ਲਉ। ਦੋ ਤਿੰਨ ਫੁਲਕੇ ਪਕਾ ਲੈਣੇ, ਦਾਲਾ ਨਹੀਂ ਤੇ ਅਚਾਰ ਹੀ ਸਹੀ।' ਸੇਵਕ ਸਿੰਘ ਨੇ ਆਖਿਆ।

'ਸਤਿ ਬਚਨ ਜੀ!' ਆਖ਼ਕੇ ਸੁੱਖੀ ਰਸੋਈ ਵਲ ਹੋਈ ਤੇ ਸੰਤ ਅਰੂੜ ਸਿੰਘ ਵਾਸਤੇ ਪ੍ਰਸ਼ਾਦ ਤਿਆਰ ਕਰਨ ਲੱਗੀ।

ਸੇਵਕ ਸਿੰਘ, ਨੈਣਾ ਸਿੰਘ ਤੇ ਅਰੂੜ ਸਿੰਘ ਉਠਕੇ ਹੇਠਾਂ ਪ੍ਰਕਾਸ਼ ਹਾਲ ਵਿਚ ਜਾ ਬੈਠੇ। ਹੋਰ ਸ਼ਰਧਾਲੂ ਆ ਗਏ ਤੇ ਰਹਿਰਾਸ ਬਾਣੀ ਦਾ ਪਾਠ ਹੋਣ ਲਗ ਪਿਆ।



Sri Satguru Jagjit Singh Ji Elibrary NamdhariElibrary@gmail.com

ਪੁਸਤਕ ਨੰ.........
ਅਲਮਾਰੀ .........
ਸ੍ਰੀ ਭੈਣੀ ਸਾਹਿਬ

# ਇੱਕੀ

'...ਕੂਕਾ.. ਕੂਕਾ...ਕੂਕੇ.. ਮੈਨੂੰ ਸਮਝ ਨਹੀਂ ਲਗਦੀ... ਆਖਰ ਇਹ ਬਣ ਕੀ ਰਿਹਾ ਹੈ।' ਇਉਂ ਬੋਲਦਿਆਂ ਹੋਇਆਂ ਪੰਜਾਬ ਦੇ ਲਾਟ (ਗਵਰਨਰ) ਨੇ ਆਪਣੇ ਦਫ਼ਤਰੀ ਮੇਜ਼ ਉਤੇ ਜ਼ੋਰ ਨਾਲ ਮੁੱਕੀ ਮਾਰੀ। ਮੁਕੀ ਦਾ ਖੜਕਾ ਹੋਇਆ ਅਤੇ ਮੇਜ਼ ਉਤੇ ਪਏ ਕਾਗਜ਼ ਕਲਮਦਾਨ ਸਮੇਤ ਹਿਲ ਗਏ। ਉਹ ਇੱਕਲਾ ਆਪਣੇ ਦਫ਼ਤਰ ਵਿਚ ਬੈਠਾ ਸੀ। ਡੀ. ਆਈ. ਜੀ. ਪੁਲੀਸ ਮਿਸਟਰ ਮੈਕ ਇੰਡਰੀਊ ਵਲੋਂ ਸੰਤ ਖਾਲਸਾ (ਕੂਕਿਆਂ) ਸਬੰਧੀ ਸੰਖੇਪ, ਪਰ ਸਾਰੇ ਪੰਜਾਬ ਦੀ ਰੀਪੋਰਟ ਕਾਗਜ਼ ਦੇ ਕਿੰਨੇ ਸਫਿਆਂ ਵਿਚ ਲਿਖੀ ਅਗੇ ਪਈ ਸੀ। ਪੜ੍ਹੀ ਜਾਂਦਾ ਹੋਇਆ ਲਾਟ ਗਰਮ ਹੁੰਦਾ ਜਾਂਦਾ ਸੀ।

'(ਸਤਿਗੁਰੂ) ਰਾਮ ਸਿੰਘ (ਜੀ) ਨੂੰ ਭੈਣੀ ਵਿਚ ਨਜ਼ਰ ਬੰਦ, ਥਾਨੇਦਾਰ ਉਹਨਾਂ ਦੇ ਸ਼ਰਧਾਲੂਆਂ ਦੇ ਨਾਂ ਪਤੇ ਦੀ ਸੂਚੀ ਤਿਆਰ ਕਰਕੇ ਪੁਛ ਗਿਛ ਕਰਨ ਦਾ ਸਗੋਂ ਉਲਟਾ ਅਸਰ ਪਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਇਸਤ੍ਰੀ-ਪੁਰਖ ਕੂਕੇ ਬਣ ਗਏ ਹਨ। ਅੰਬਾਲੇ ਦੇ ੧੫ ਪਿੰਡਾਂ ਵਿਚ ੪ ਹਜ਼ਾਰ ਕੂਕੇ ਹਨ।'



Sri Satguru Jagjit Singh Ji Elibrary NamdhariElibrary@gmail.com

ਇਹ ਪੇਰਾ ਪੜ੍ਹਕੇ ਲਾਟ ਸਾਹਿਬ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਉਸ ਦੇ ਗੰਜੇ ਸਿਰ ਵਿਚ ਕਿਸੇ ਨੇ ਸੋਟਾ ਕਢ ਮਾਰਿਆ। 'ਜੇ ੧੫ ਪਿੰਡਾਂ ਵਿਚ ੪ ਹਜ਼ਾਰ ਕੂਕੇ ਹਨ ਤਾਂ ਬਾਕੀ ਦੇ ਹਜ਼ਾਰਾਂ ਪਿੰਡਾਂ ਵਿਚ ਕਿੰਨੇ ਹੋਣਗੇ ?'

ਔਖਾ ਹੁੰਦਾ ਹੋਇਆ ਲਾਟ ਰੀਪੋਰਟ ਪੜ੍ਹੀ ਗਿਆ।

'ਕੂਕਿਆਂ ਨੇ ਸਚ ਮੁਚ ਹੀ ਪੰਜਾਬ ਵਿਚ ਸਵਰਾਜ ਕਾਇਮ ਕਰ ਲਿਆ ਹੈ। ਤਰਤੀਬ ਇਉਂ ਦਸੀ ਗਈ ਹੈ—ਹਰ ਪਿੰਡ ਵਿਚ ਧਰਮਸਾਲ ਦਾ ਗੁੰਥੀ ਮੁਖੀਆ। ਉਸ ਦਾ ਕੰਮ ਲੜਕੇ-ਲੜਕੀਆਂ ਨੂੰ ਗੁਰਮੁਖੀ ਪੜ੍ਹਾਉਣੀ ਤੇ ਗੁਰਬਾਣੀ ਦਾ ਪਾਠ ਕਰਨਾ ਦਸਣਾ। ਧਰਮਸਾਲਾ ਦੀ ਧਾਰਮਿਕ ਮਰਯਾਦਾ ਪੂਰੀ ਕਰਨੀ। ਕੁਝ ਗੁੰਥੀਆਂ ਦੇ ਉਪਰ ਜਥੇਦਾਰ ਤੇ ਜਥੇਦਾਰਾਂ ਉਪਰ ਸੂਬਾ, ਸਾਰ ਸੂਬੇ ੨੨ ਮੁਕਰਰ ਕੀਤੇ ਹਨ। ਉਹਨਾਂ ਬਾਈਆਂ ਵਿਚੋਂ ਪੰਜ ਮੁਖੀਏ ਹਨ—ਸਮਝੋ ਪੰਜਾਂ ਦੀ ਪੰਚਾਇਤ (ਕੌਂਸਲ) ਤੇ ਕੌਂਸਲ ਦੇ ਜਥੇਦਾਰ (ਪ੍ਰਧਾਨ) ਬਾਬਾ ਜਵਾਹਰ ਸਿੰਘ ਪਿੰਡ ਡਰੋਲੀ ਜ਼ਿਲਾ ਫੀਰੋਜ਼ਪੁਰ, ਸਾਰਿਆਂ ਉਪਰ ਸਤਿਗੁਰੂ ਰਾਮ ਸਿੰਘ ਸ਼ਰੋਮਣੀ।

ਰੀਪੋਰਟ ਵਿਚ ਅਗੇ ਲਿਖਿਆ ਸੀ, 'ਪੰਚਾਇਤ ਦੇ ਪੰਚ ਇਹ ਹਨ—ਬਾਬਾ ਜਵਾਹਰ ਸਿੰਘ ਡਰੋਲੀ (ਸਰਪੰਚ) (੨) ਬਾਬਾ ਕਾਹਨ ਸਿੰਘ ਪਿੰਡ ਚਕ ਕਲਾਂ ਮਲੇਰ ਕੋਟਲਾ (੩) ਬਾਬਾ ਸੁਧ ਸਿਘ ਸੰਢੋਰਾ ਅੰਬਾਲਾ (੪) ਬਾਬਾ ਸਾਹਿਬ ਸਿੰਘ ਬੰਗਾਲੀਪੁਰ ਅੰਮ੍ਰਿਤਸਰ (੫) ਬਾਬਾ ਲਖਾ ਸਿੰਘ ਪਿੰਡ ਮਲੌਦ ਲੁਧਿਆਨਾ।

ਬਾਕੀ ਦੇ ਸੂਬੇ ਇਹ ਮੁਕਰਰ ਕੀਤੇ ਗਏ ਹਨ :—

ਬਾਬਾ ਗੁਪਾਲ ਸਿੰਘ ਸਪੁਤਰ ਸਾਹਿਬ ਸਿੰਘ ਪਿੰਡ ਰਖੜਾ ਰਿ: ਪਟਿਆਲਾ।

ਬਾਬਾ ਹੁਕਮ ਸਿੰਘ ਸਪੁਤਰ ਕੇਹਰ ਸਿੰਘ ਪਿੰਡ ਪਿਲਖੀ ਰਿ: ਨਾਭਾ।



Sri Satguru Jagjit Singh Ji Elibrary NamdhariElibrary@gmail.com

ਗਿ: ਰਤਨ ਸਿੰਘ ਗਿਆਨ ਸਿੰਘ) ਮੰਡੀ ਰਿਆਸਤ ਪਟਿਆਲਾ।

ਬਾਬਾ ਖੁਸ਼ਹਾਲ ਸਿੰਘ ਸਪੁਤਰ ਕਰਮ ਸਿੰਘ ਪਿੰਡ ਬਰਾਜ ਹਿਸਾਰ ।

ਬਾਕਾ ਬ੍ਰਹਮਾ ਸਿੰਘ ਸਪੁਤਰ ਗਲਾਬ ਸਿੰਘ ਦਰਿਆਪੁਰ ਕਰਨਾਲ ।

ਬਾਬਾ ਪਹਾੜ ਸਿੰਘ ਪਿੰਡ ਮਲੌਦ ਲੁਧਿਆਨਾ।

ਬਾਬਾ ਮਾਨ ਸਿੰਘ ਸਪੁਤਰ ਮੁਖਨ ਸਿੰਘ ਸੈਦੋ ਫੀਰੋਜ਼ਪੁਰ।

ਬਾਬਾ ਮਲੂਕ ਸਿੰਘ ਸਪੁਤਰ ਮੁੱਖਾ ਸਿੰਘ ਫਲੇਵਾਲ ਫੀਰੋਜ਼ਪੁਰ ।

ਬਾਬਾ ਸਮੁੰਦ ਸਿੰਘ ਸਪੁਤਰ ਵਸਾਵਾ ਸਿੰਘ ਪਿੰਡ ਖੋਟੇ ਫੀਰੋਜ਼ਪੁਰ।

ਬਾਬਾ ਖਜ਼ਾਨ ਸਿੰਘ ਸਪੁਤਰ ਮਣੀ ਸਿੰਘ ਪਿੰਡ ਲਧਾਨਾ ਜਲੰਧਰ ।

ਬਾਬਾ ਰੂੜ ਸਿੰਘ ਸਪੁਤਰ ਦਿਆਲ ਸਿੰਘ ਬੰਗਾਲੀਪੁਰ ਅੰਮ੍ਰਿਤਸਰ।

ਬਾਬਾ ਭਗਵਾਨ ਸਿੰਘ ਪਿੰਡ ਫਤੇਵਾਲ ਅੰਮ੍ਰਿਤਸਰ।

ਬਾਬਾ ਜਮੀਅਤ ਸਿੰਘ ਸਪੁਤਰ ਚੰਦਾ ਸਿੰਘ ਗਿਲ ਸਿਆਲਕੋਟ।

ਬਾਬਾ ਰਾਜਾ ਸਿੰਘ ਤਰੋਂਜੀ ਜ਼ਿਲਾ ਸਿਆਲਕੋਟ।

ਬਾਬਾ ਜੋਤਾ ਸਿੰਘ ਸਪੁਤਰ ਰਤਨ ਸਿੰਘ ਪਿੰਡ ਢਪਈ ਸਿਆਲਕੋਟ।

ਬੀਬੀ ਹੁਕਮੀ ਸਪੁਤਰੀ ਰਤਨ ਸਿੰਘ. '

ਲਾਟ ਸਾਹਿਬ ਨੇ ਅਧੀ ਰੀਪੋਰਟ ਪੜ੍ਹੀ ਤਾਂ ਅਰਦਲੀ ਨੂੰ ਅੰਦਰ ਸਦਕੇ ਆਖਿਆ, ਮਿਸਟਰ ਮੈਕਇੰਡਰੀਊ ਨੂੰ ਬਲਾ ਕ ਲਿਆਉ।'



Sri Satguru Jagjit Singh Ji Elibrary NamdhariElibrary@gmail.com

ਸਨੇਹਾ ਲੈ ਕੇ ਅੜਦਲੀ ਮੁੜਦੇ ਪੈਰੀਂ ਗਿਆ ਤੇ ਕੋਈ ੨੦ ਮਿੰਟ ਪਿਛੋਂ ਮੈਕ ਇੰਡਰੀਊ ਲਾਟ ਸਾਹਿਬ ਦੇ ਦਫਤਰ ਵਿਚ ਹਾਜ਼ਰ ਹੋ ਗਿਆ।

'ਕੂਕਿਆਂ ਬਾਬਤ ਜੋ ਤੁਸਾਂ ਦੀ ਭੇਜੀ ਇਹ ਰੀਪੋਰਟ ਠੀਕ ਹੈ ਤਾਂ ਮੈਨੂੰ ਤੇ ਤੁਸਾਂ ਨੂੰ ਇੰਗਲੈਂਡ ਜਾਣ ਦੀ ਤਿਆਰੀ ਕਰ ਲੈਣੀ ਚਾਹੀਏ।' ਲਾਟ ਸਾਹਿਬ ਬੋਲੇ।

'ਜਨਾਬ !' ਮੈਕਇੰਡਰੀਊ ਬੋਲਿਆ, 'ਗੈਰ-ਕੁਦਰਤੀ ਸ਼ਕਤੀਆਂ ਜਿਥੇ ਕੰਮ ਕਰ ਰਹੀਆਂ ਹੋਣ, ਉਥੇ ਅਸੀਂ ਕੀ ਕਰ ਸਕਦੇ ਹਾਂ।'

'ਕੀ ਗੈਰ-ਕੁਦਰਤੀ ਗਲ ਹੈ ?– ਕੀ ਪ੍ਰਬੰਧ ਘੱਟ ਹੈ ? ਚੌਂਕੀਦਾਰ ਤੋਂ ਡਿਪਟੀ ਕਮਿਸ਼ਨਰ ਤਕ...ਕਿੰਨੇ ਸਰਕਾਰੀ ਬੰਦੇ ਕੰਮ ਕਰਦੇ ਹਨ ? ਸੀ. ਆਈ. ਡੀ. ਤੇ ਤੁਸਾਂ ਦੀ ਵਰਦੀ ਪੁਲੀਸ, ਚੌਧਰ ਲਾਉਣ ਵਾਲੀ ਫੌਜ ਸਫੇਦ ਪੋਸ਼, ਜ਼ੈਲਦਾਰ, ਜਗੀਰਦਾਰ ਮਹੰਤ...ਮੈਂ ਆਖਦਾ ਹਾਂ ਪ੍ਰਬੰਧ ਵਿਚ ਕਿਹੜੀ ਘਾਟ ਹੈ ?'

'ਪ੍ਰਬੰਧ ਵਿਚ ਕੋਈ ਘਾਟ ਨਹੀਂ ਜਨਾਬ।'

'ਫਿਰ ਸਾਰੇ ਕਰਮਚਾਰੀ ਲਾ-ਪਰਵਾਹ, ਬੇਈਮਾਨ ਹਨ... ਵਫਾਦਾਰ ਕੋਈ ਨਹੀਂ—ਸਾਰੇ ਉਸ ਸਤਿਗੁਰੂ ਰਾਮ ਸਿੰਘ ਜੀ) ਨਾਲ ਮਿਲ ਗਏ ? ਵਤਨ ਜਾਂ ਕੌਮ ਪ੍ਰਸਤੀ ਜਾਗ ਪਈ ?'

'ਇਹ ਵੀ ਗਲ ਹੈ...ਕੌਮ ਪ੍ਰਸਤੀ ਦਾ ਵਲਵਲਾ ਵੀ ਹੈ... ਪਰ ..

ਪਰ...ਕੀ ਕੂਕੇ ਸਰਕਾਰੀ ਕਰਮਚਾਰੀਆਂ ਨੂੰ ਨਜ਼ਰ ਨਹੀਂ ਆਉਂਦੇ। ਸਾਰੇ ਪੰਜਾਬ ਵਿਚ ਵਧੇ ਹਨ...ਕੀ ਧਿਆਨ ਨਹੀਂ ਰਖਿਆ। ਡਾਕ ਸੈਂਸਰ ਨਹੀਂ ਕੀਤੀ ?'

'ਜਨਾਬ...ਸਾਰੇ ਜ਼ਿਲਿਆਂ ਦੇ ਪੁਲਸ ਕਪਤਾਨਾਂ ਨੇ ਜੋ ਰੀਪੋਰਟਾਂ ਭੇਜੀਆਂ ਹਨ—ਉਹਨਾਂ ਰੀਪੋਰਟਾਂ ਦੇ ਬੰਡਲ ਦੋ ਤਿੰਨ ਬੰਦੇ ਚੁੱਕ ਵੀ ਨਹੀਂ ਸਕਦੇ। ਹਰ ਇਕ ਨੇ ਅਨੋਖੀ ਤੋਂ ਅਨੋਖੀ



Sri Satguru Jagjit Singh Ji Elibrary NamdhariElibrary@gmail.com

ਕਹਾਣੀ ਲਿਖੀ ਹੈ.. ਅਕਲ ਨਹੀਂ ਮੰਨਦੀ। ਸਭ ਤੋਂ ਬਹੁਤਾ ਧਿਆਨ ਲੁਧਿਆਨੇ ਫੀਰੋਜ਼ਪੁਰ ਤੇ ਅੰਬਾਲੇ ਦੇ ਜ਼ਿਲਿਆਂ ਵਲ ਦੇਣ ਦੀ ਲੜ ਹੈ..ਕਮਿਸ਼ਨਰ ਸਮੇਤ ਸਾਰੇ ਕਰਮਚਾਰੀ ਬਦਲਣੇ ਪੈਣਗੇ।...'

'ਕਿਉਂ ?'

'ਜਨਾਬ ! ਭੈਣੀ ਪਿੰਡ ਵਿਚ ਕੂਕੇ ਆਗੂ (ਸਤਿਗੁਰੂ) ਰਾਮ ਸਿੰਘ (ਜੀ) ਨੂੰ ਨਜ਼ਰ ਬੰਦ ਕੀਤਾ . ਅਜ ਤਿੰਨ ਸਾਲ ਹੋਣ ਲਗੇ ਹਨ, ਪਰ ਰੀਪੋਰਟਾਂ ਮਿਲ ਰਹੀਆਂ ਹਨ ਕਿ ਆਪ ਭੈਣੀ ਤੋਂ ਬਾਹਰ ਚਲੇ ਜਾਂਦੇ ਹਨ।...ਦੂਰ ਦੂਰ ਤੋਂ ਹੋ ਆਉਂਦੇ ਤੇ ਆਪਣੇ ਸ਼ਰਧਾਲੂ ਸਿਖਾਂ ਨੂੰ ਉਪਦੇਸ਼ ਕਰ ਆਉਂਦੇ ਹਨ !'

'ਜਦੋਂ ਪਿੰਡੋਂ ਤੁਰਦੇ ਹਨ ਤਾਂ ਪੁਲੀਸ ਦੀ ਗਾਰਦ ਸੁੱਤੀ ਹੁੰਦੀ ਹੈ ਜਾਂ ਮੋਈ।'

'ਪੁਲੀਸ ਦੀ ਗਾਰਦ ਜਾਗਦੀ ਹੁੰਦੀ ਹੈ, ਪਰ ਬ੍ਰਹਮ ਸ਼ਕਤੀ ਦੇ ਕਾਰਨ ਜਦੋਂ ਬਾਹਰ ਜਾਂਦੇ ਹਨ ਤਾਂ ਅਨਦਿਸ ਹੋ ਜਾਂਦੇ ਹਨ। ਸਿਪਾਹੀਆਂ ਨੂੰ ਏਹੋ ਵਿਸ਼ਵਾਸ ਰਹਿੰਦਾ ਹੈ ਕਿ ਆਪਣੇ ਅਸਥਾਨ ਤੇ ਹਨ।...ਰਬੀ-ਸ਼ਕਤੀਆਂ ਨਾਲ ਸਿਪਾਹੀ ਵਿਚਾਰੇ ਕੀ ਮੁਕਾਬਲਾ ਕਰ ਸਕਦੇ ਸਨ। ਨਜ਼ਰ ਬੰਦੀ ਨਾਲ ਵੀ ਲਹਿਰ ਵਿਚ ਵਾਧਾ ਹੋਇਆ ਹੈ। ਨਜ਼ਰ ਬੰਦ ਨਹੀਂ ਸੀ ਕਰਨਾ ਚਾਹੀਦਾ।'

'ਪਰ ਉਸ ਵੇਲੇ ਤਾਂ ਤੁਸਾਂ ਸਲਾਹ ਦਿਤੀ ਸੀ ਕਿ (ਸਤਿਗੁਰੂ) ਰਾਮ ਸਿੰਘ ਨੂੰ ਕਿਸੇ ਕਿਲ੍ਹੇ ਦੀ ਜੇਹਲ ਵਿਚ ਕੈਦ ਕਰਨਾ ਚਾਹੀਦਾ ਸੀ।'

'ਸਾਰੀ ਕਾਰਵਾਈ ਅੰਦਾਜ਼ੇ ਤੇ ਸੋਚ ਦੇ ਉਲਟ ਹੋਈ ਹੈ।... ਸਿੱਖਾਂ ਵਿਚ ਅਸਾਂ ਲੋਕਾਂ ਵਿਰੁਧ ਗੁਸਾ ਹੈ। ਹੁਣ ਜਦੋਂ ਉਹਨਾਂ ਨੂੰ ਪਤਾ ਲਗਾ ਕਿ ਉਹਨਾਂ ਦੇ ਗੁਰੂ ਨੂੰ ਨਜ਼ਰ ਬੰਦ ਕੀਤਾ ਹੈ ਤਾਂ ਹਮਦਰਦੀ ਵਧ ਗਈ ਤੇ ਸਰਕਾਰ ਵਿਰੁਧ ਘਿਰਨਾ। ਸ਼ਰਧਾਲੂ ਸਾਰੇ ਆਮ ਲੋਕਾਂ ਵਿਚੋਂ ਹਨ, ਜਿਨ੍ਹਾਂ ਦੀਆਂ ਬਹੁਤੀਆਂ ਜਾਇ-



Sri Satguru Jagjit Singh Ji Elibrary NamdhariElibrary@gmail.com

ਦਾਦਾਂ ਨਹੀਂ। ਉਹ ਡਰਦੇ ਨਹੀਂ।'

'ਪਰ ਕਈ ਸਰਦਾਰ ਵੀ ਕੂਕੇ ਬਣ ਰਹੇ ਹਨ।'

'ਉਹ ਬਣ ਰਹੇ ਹਨ ਕੂਕੇ...।'

'ਕਿਉਂ ?'

'ਇਸ ਵਾਸਤੇ ਕਿ (ਸਤਿਗੁਰੂ) ਰਾਮ ਸਿੰਘ ਜੀ ਨੂੰ ਗੁਰੂ ਮੰਨ ਰਹੇ ਹਨ ਤੇ ਮਨ ਰਹੇ ਹਨ ਕਿ ਪਿਛਲੇ ਗੁਰੂ ਗੋਬਿੰਦ ਸਿੰਘ ਜੀ ਦੇ ਉਤਰਾ ਧਕਾਰੀ ਹਨ।

ਸਰਦਾਰਾਂ ਤੇ ਆਮ ਲੋਕਾਂ ਦੇ ਉਹਨਾਂ ਵਲ ਖਿਚੇ ਜਾਣ ਦਾ ਕਾਰਣ ਕੁਝ ਕਰਾਮਾਤਾਂ ਦਾ ਪ੍ਰਗਟਾਵਾ ਹੈ।......ਜ਼ਿਲਾ ਅੰਮ੍ਰਿਤਸਰ ਦੇ ਡਿਪਟੀ ਕਪਤਾਨ ਪੁਲੀਸ ਕ੍ਰਿਸਟੀ ਨੇ ਆਪਣੀ ਰੀਪੋਰਟ ਵਿਚ ਲਿਖਿਆ ਹੈ ਕਿ ਥਾਨਾ ਚਗਾਵਾਂ ਦੇ ਹਲਕੇ ਵਿਚ ਠੱਠਾ ਪਿੰਡ ਹੈ। ਉਥੇ ਦੋ ਮਰਦ ਤੇ ਇਕ ਔਰਤ ਕੂਕੇ ਹਨ। ਉਹ ਬਹੁਤ ਕੰਮ ਕਰ ਰਹੇ ਹਨ—ਪ੍ਰਤੀਤ ਹੁੰਦਾ ਹੈ ਕਿ ਉਸ ਹਲਕੇ ਵਿਚ ਜੋ ਕਬਰਾਂ ਢਾਹੀਆਂ ਗਈਆਂ। ਭੀਲੋਵਾਲ, ਬਚੀਵਿੰਡ, ਖਿਆਲੇ ਆਦਿਕ ਪਿੰਡਾਂ ਵਿਚ 'ਮਾਤਾ ਰਾਣੀਆਂ' ਦੀਆਂ ਢੇਰੀਆਂ (ਬੁਰਜੀਆਂ) ਢਾਹ ਢੇਰੀ ਕੀਤੀਆਂ ਗਈਆਂ...। ਸ਼ਕ ਹੈ ਕਿ ਉਹਨਾਂ ਦੀ ਸ਼ਰਾਰਤ ਹੈ, ਪਰ ਜਿਹੜਾ ਵੀ ਆਦਮੀ ਉਹਨਾਂ ਤਿੰਨਾਂ ਵਿਰੁਧ ਗਵਾਹੀ ਦਿੰਦਾ, ਸ਼ਕਾਇਤ ਕਰਦਾ, ਜਾਂ ਉਹਨਾਂ ਨੂੰ ਫੜਨ ਜਾਂਦਾ ਹੈ, ਉਹੋ ਹੀ ਝਲਾ ਹੋ ਜਾਂਦਾ ਹੈ, ਮਾਰਿਆ ਜਾਂਦਾ ਜਾਂ ਅੰਨ੍ਹਾ ਹੋ ਜਾਂਦਾ ਹੈ। ਉਹ ਤੁਰੇ ਜਾਂਦੇ ਕਿਸੇ ਨੂੰ ਨਜ਼ਰ ਨਹੀਂ ਆਉਂਦੇ ਔਰਤ ਸੁਖੀ ਆਖਦੇ ਹਨ, ਦੇਵੀ ਸ਼ਕਤੀ ਵਾਲੀ ਹੈ ਸਤਿਗੁਰੂ ਰਾਮ ਸਿੰਘ ਦੀ ਕ੍ਰਿਪਾ ਉਸ ਦੇ ਨੇੜੇ ਰਹਿੰਦੀ ਹੈ ਸਾਰੇ ਬਾਹਰੇ ਦੇ ਪਿੰਡਾਂ ਵਿਚ ਇਸ ਕਰਕੇ ਲੋਕ ਨਿਡਰ ਹ ਕੂਕੇ ਬਣ ਰਹੇ ਹਨ।'

ਇਹ ਸੁਣਕੇ ਲਾਟ ਮੁਸਕਰਾਇਆ। ਉਸ ਦੀ ਮੁਸਕਰਾਹਟ ਦੇ ਪਿਛੇ ਗੁੱਸਾ ਸੀ। ਬੁਲ੍ਹ ਮਰੋੜਕੇ ਬੋਲਿਆ, 'ਠੀਕ ਹੀ ਆਖਦੇ ਹਨ ਕਿ ਜੋ ਵੀ ਕੋਈ ਹਿੰਦੁਸਤਾਨ ਆ ਵਸੇ ਉਹ ਵਹਿਮੀ ਤੇ



Sri Satguru Jagjit Singh Ji Elibrary NamdhariElibrary@gmail.com

ਕਰਾਮਾਤਾਂ ਨੂੰ ਮੰਨਣ ਵਾਲਾ ਬਣ ਜਾਂਦਾ ਹੈ। ਕੋਈ ਕਰਾਮਾਤ ਨਹੀਂ...ਮਨ ਦਾ ਵਹਿਮ ਹੈ। ਝੂਠੀਆਂ ਕਹਾਣੀਆਂ ਸਿਰਫ ਤੁਸਾਂ ਦੇ ਮਹਿਕਮੇ ਦੀ ਲਾ-ਪਰਵਾਹੀ, ਰਿਸ਼ਵਤ ਖੋਰੀ, ਡਰ ਆਦਿਕ ਹੈ, ਉਹਨਾਂ ਤਿੰਨਾਂ ਨੂੰ ਗ੍ਰਿਫਤਾਰ ਕਰਕੇ ਬੰਦ ਕਰਨ ਦਾ ਆਡਰ ਲਿਖੋ---।'

'ਇਹ ਤਾਂ ਪਹਿਲਾਂ ਹੋ ਗਿਆ ਹੈ। ਪਰ ਆਪ ਮਹਿਕਮੇ ਤੇ ਸ਼ਕ ਨਾ ਕਰੋ। ਦੇਸੀ ਆਦਮੀ ਸਾਰੇ ਵਫਾਦਾਰੀ ਨਾਲ ਕੰਮ ਕਰ ਰਹੇ ਹਨ। ਭਾਵੇਂ ਉਹਨਾਂ ਨੂੰ ਨੌਕਰੀਆਂ ਦਾ ਲਾਲਚ ਹੈ। ਜੇ ਪੁਲੀਸ ਤੇ ਫੌਜ ਵਫਾਦਾਰੀ ਨਾਲ ਕੰਮ ਨਾ ਕਰਨ ਤਾਂ ਹੇਠਲੀ ਉਤੇ ਆਂ ਜਾਏ। ਹੁਣ ਇਹ ਕਰੀਏ ਕਿ (ਸਤਿਗੁਰੂ) ਰਾਮ ਸਿੰਘ (ਜੀ) ਤੋਂ ਪਾਬੰਧੀ ਚੁਕ ਲਈ ਜਾਏ। ਉਹ ਸੁਤੰਤਰ ਫਿਰਨ, ਉਪਦੇਸ਼ ਕਰਨ ਤਾਂ ਕਿ ਪੁਲੀਸ ਦੇਖ ਤੇ ਸੁਣ ਚੁੱਕੇ। ਸਿੱਖਾਂ ਵਿਚ ਧਾਰਮਿਕ ਵਿਸ਼ਵਾਸ ਬਹੁਤ ਹੈ।.. ਹਾਂ ਕਦਮ ਕਦਮ ਤੇ ਨਗਰਾਨੀ ਰਖੀ ਜਾਏਗੀ।'

'ਠੱਠੇ ਦੇ ਤਿੰਨਾਂ ਖ਼ਤਰਨਾਕ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਜਾਏ। ਅੰਬਾਲੇ, ਫੀਰੋਜ਼ਪੁਰ, ਲੁਧਿਆਨੇ ਦੇ ਜ਼ਿਲਿਆਂ ਦੇ ਪਿੰਡਾਂ ਵਲ ਉਚੇਰਾ ਧਿਆਨ ਹੋਏ। ਕੂਕਿਆਂ ਦੀ ਹਰ ਹਰਕਤ ਨੋਟ ਕੀਤੀ ਜਾਏ। ਲਿਖ ਦਿਉ ਕਿ (ਸਤਿਗੁਰੂ) ਰਾਮ ਸਿੰਘ (ਜੀ) ਤੋਂ ਪਾਬੰਦੀ ਚੁਕ ਲਈ ਜਾਂਦੀ ਹੈ-ਭੈਣੀ ਤੋਂ ਬਾਹਰ ਜਾ ਸਕਦੇ ਹਨ, ਪਰ ਪੁਲੀਸ ਚੌਂਕੀ ਕਾਇਮ ਰਹੇਗੀ।...ਵਹਿਮਾਂ, ਕਰਾਮਾਤਾਂ ਦੀਆਂ ਕਲਪਤ ਸਾਖੀਆਂ ਵਲ ਧਿਆਨ ਨਾ ਦਿਉ...ਰਾਜ ਦੇ ਥੰਮ੍ਹ ਹੋ...ਨੀਂਦ ਹਰਾਮ ਕਰ ਦਿਤੀ ਇਹਨਾਂ ਕੂਕਿਆਂ ਨੇ।'

ਇਹ ਆਖਕੇ ਲਾਟ ਕੁਰਸੀ ਤੋਂ ਉਠ ਬੈਠਾ। ਮਿਸਟਰ ਇੰਡਰੀਊ ਨਾਲ ਹੱਥ ਮਿਲਾਇਆ ਤੇ ਦੂਸਰੇ ਕਮਰੇ ਵਲ ਚਲਿਆ ਗਿਆ।

ਇੰਡਰੀਊ ਕਾਗਜ਼ ਸੰਭਾਲ ਕੇ ਦਫਤਰੋਂ ਬਾਹਰ ਹੋ ਗਿਆ।



Sri Satguru Jagjit Singh Ji Elibrary NamdhariElibrary@gmail.com

## ਬਾਈ

ਉਨ੍ਹਾਂ ਤਲਾਵਾਂ ਤੇ ਛਪੜਾਂ ਦਾ ਪਾਣੀ ਸੁਕ ਜਾਂਦਾ ਹੈ, ਜਿਨ੍ਹਾਂ ਹੇਠਾਂ ਕੁਦਰਤੀ ਜਲ ਦਾ ਸੋਮਾ ਨਹੀਂ ਹੁੰਦਾ, ਜਾਂ ਬਾਰਸ਼ ਦਾ ਪਾਣੀ ਪੈਣ ਦੇ ਵਸੀਲੇ ਰੁਕ ਜਾਂਦੇ ਹਨ। ਬਾਰਸ਼ ਦਾ ਪਾਣੀ ਪਾਇਆ ਵੀ ਜਾਏ ਤਾਂ ਵੀ ਜੇਠ-ਹਾੜ ਦੀ ਧੁੱਪ ਪਾਣੀ ਨੂੰ ਪੀ ਜਾਂਦੀ ਹੈ। ਪਰ ਜਿਥੇ ਕੁਦਰਤੀ ਸੋਮੇ-ਝਰਨੇ ਹਨ, ਗੰਗਾ ਵਰਗੀ ਜਲ ਧਾਰਾ ਕੁਦਰਤੀ ਵਗਦੀ ਹੈ। ਉਥੇ ਸੋਕਾ ਨਹੀਂ ਆਉਂਦਾ। ਉਸ ਜਲ ਨੂੰ ਰੋਕਿਆ ਨਹੀਂ ਜਾ ਸਕਦਾ—ਇਕ ਦਿਨ ਦਰਿਆ ਬਣ ਜਾਂਦਾ ਹੈ ਤੇ ਕਦੀ ਜਲ ਦਾ ਐਨਾ ਜ਼ੋਰ ਵਧਦਾ ਹੈ ਕਿ ਦਰਿਆ ਦੇ ਕਿਨਾਰੇ ਟੱਪ ਜਾਂਦਾ ਹੈ। ਬੈਨ ਏਸੇ ਤਰ੍ਹਾਂ ਕੂਕਾ ਲਹਿਰ ਦੇ ਪਿਛੇ ਸੱਚ ਦਾ ਕੁਦਰਤੀ ਸੋਮਾ ਸੀ, ਸਚ ਦੇ ਅੰਮ੍ਰਿਤ ਦੀ ਇਕ ਜਲਧਾਰਾ ਸੀ। ਉਹ ਵਧ ਦੀ ਗਈ । ਦਸਾਂ ਸਾਲਾਂ ਤੋਂ ਤੁਰ ਕੇ ਅਫਗਸਤਾਨ, ਸਿੰਧ, ਕਸ਼ਮੀਰ ਨਿਪਾਲ ਅਤੇ ਜਮਨਾ ਪਾਰ ਤਕ ਚਲੀ ਗਈ। ਪੰਜਾਬ ਦੇ ਹਰ ਪਿੰਡ ਵਿਚ ਢੋਲਕੀ ਤੇ ਛੈਣਿਆਂ ਦੀ ਘਨਘੋਰ ਪੈਣ ਲੱਗੀ, ਕੁੰਭ ਕਰਨ ਦੀ ਨੀਂਦ ਸੌਂ ਗਏ ਪੰਜਾਬੀ ਜਾਗਣ ਲੱਗੇ, 'ਸਵਰਾਜ ਮਿਲੇਗਾ . .. ਸਵਰਾਜ ਆਏਗਾ......



Sri Satguru Jagjit Singh Ji Elibrary NamdhariElibrary@gmail.com

ਫਰੰਗੀ ਜਾਏਗਾ।' ਜੂਹਾਂ ਵਿਚ ਡੰਗਰ ਚਾਰ ਦੇ ਵਾਗੀ ਵੀ ਬੋਲਣ ਲਗ ਪਏ ਸਨ।

'ਸਿੱਧੀ ਦਸਤਾਰ ਚਿੱਟੀ, ਕਲੀਆਂ ਵਾਲਾ ਚਿੱਟਾ ਚੋਗਾ (ਕੁੜਤਾ) ਤੇੜ ਗੁਰਮੁਖੀ ਕਛਹਿਰਾ, ਹੱਥ ਵਿਚ ਸਫਾ ਜੰਗ ਤੇ ਗਲ ਵਿਚ ਉੱਨ ਦੀ ਮਾਲਾ ਚੇਤਨ ਬੁੱਧ, ਅਰੋਗ, ਹੁਸ਼ਿਆਰ, ਅੰਗ-ਫੁਰਤੀਲੇ, ਹਰਨਾਂ ਵਰਗੀ ਚਾਲ-ਦਸ ਭਾਈ ਤੂੰ ਕੌਣ ਹੈ?'

'ਮੈਂ ਸੰਤ ਖਾਲਸਾ, ਜਿਸ ਨੂੰ ਆਖੋ ਕੂਕਾ ਗਊ, ਗਰੀਬ ਤੇ ਅਬਲਾ ਦੀ ਕੂਕ ਪੁਕਾਰ ਸੁਣਨ ਵਾਲਾ।' ਤਨ, ਮਨ ਧਨ ਸਭ ਸੌਂਪ ਗੁਰ ਕੋ' ਬਣਿਆਂ ਹਾਂ ਸੰਤ ਖਾਲਸਾ।' ਪੁਛਣ ਵਾਲੇ ਨੂੰ ਉਤਰ ਮਿਲਦਾ।

'ਗਾਤਰੇ ਕੀ ਪਾਇਆ ਹੈ?'

'ਪੋਥੀ ਗੁਟਕਾ, ਲਾਹੌਰ ਦੀਵਾਨ ਬੂਟਾ ਸਿੰਘ ਨੇ ਛਾਪਾ-ਖਾਨਾ ਲਾਇਆ ਗੁਰਮੁਖੀ ਦਾ। ਸਤਿਗੁਰੂ ਜੀ ਮਹਾਰਾਜ ਨੇ ਉਚੇਚਾ ਤਿਆਰ ਕਰਵਾਇਆ ਹੈ, ਸਤਿਗੁਰੂ ਗੋਬਿੰਦ ਸਿੰਘ ਦੀ ਚੜ੍ਹਦੀ ਕਲਾ ਦੀ ਬਾਣੀ ਵੀ ਹੈ। ਪਾਠ ਕੀਤਾ ਜਾਂਦਾ ਹੈ।'

'ਭਜਨ ਬੰਦਗੀ ਕਰਦੇ ਤੇ ਸੰਤ ਸਾਧੂ ਮੰਡਲੀਆਂ ਵਿਚ ਰਹਿੰਦੇ ਹੋ ਤੇ ਬਾਲ ਬੱਚੇ!'

'ਗੁਰਮੁਖਾ ਮਤਲਬ ਤੇਰਾ ਸਮਝ ਗਏ। ਸੰਤ ਖਾਲਸਾ ਉਹਨਾਂ ਹਜ਼ਾਰਾਂ ਸਾਧੂਆਂ ਦੀਆਂ ਮੰਡਲੀਆਂ ਵਿਚੋਂ ਇਕ ਨਹੀਂ, ਜਿਹੜੇ ਵਿਹਲੇ ਮੰਗਕੇ ਗ੍ਰਹਿਸਤੀਆਂ ਦੀ ਕਮਾਈ ਖਾਂਦੇ ਹਨ ਤੇ ਧਰਤੀ ਉਤੇ ਭਾਰ ਹਨ। ਗੁਲਾਮੀ ਦੇ ਸੰਗਲਾਂ ਦੀਆਂ ਘੁੰਡੀਆਂ ਬਣੇ ਹਨ। ਅਣਖ 'ਚ ਦਲੇਰੀ ਨਹੀਂ—ਮਨੁੱਖਤਾ ਤੋਂ ਕੋਰੇ ਹਨ। ਉਹ ਨਾ ਦੁਨੀਆਂ ਦੇ ਨੇੜੇ ਹਨ ਤੇ ਨਾ ਪ੍ਰਮਾਤਮਾ ਦੇ। ਸੁਲਫੇ, ਭੰਗ, ਚੰਡੂ, ਸ਼ਰਾਬ ਨੂੰ ਖਾ ਪੀ ਕੇ ਰਬ ਨੂੰ ਲਭਦੇ ਹਨ। ਜਿਹੜੇ ਗੰਦੀਆਂ ਗੋਦੜੀਆਂ ਵਿਚ ਕੀੜਿਆਂ ਰੂਪ ਰਹਿੰਦੇ ਹਨ, ਸੰਤ ਖਾਲਸਾ ਧਰਮ ਕਿਰਤ ਕਰਕੇ ਆਪ ਖਾਂਦਾ ਗ੍ਰਹਿਸਤੀ ਹੋਣ ਤੇ



Sri Satguru Jagjit Singh Ji Elibrary NamdhariElibrary@gmail.com

ਟਬਰ ਨੂੰ ਖਵਾਉਂਦਾ, ਦਸਵੰਧ ਦੇ ਕੇ ਲੋੜਵੰਦਾਂ ਨੂੰ ਛਕਾਉਂਦਾ, ਧਰਮ, ਸੁਤੰਤਰਤਾ, ਅਣਖ ਤੇ ਇਜ਼ਤ ਦੀ ਰਾਖੀ ਕਰਨ ਵਾਸਤੇ ਕੁਰਬਾਨ ਹੋਣ ਨੂੰ ਤਿਆਰ ਰਹਿੰਦਾ.. ਸੰਤ ਖਾਲਸਾ ਗੁਰੂ ਦਾ ਹੁਕਮ ਮੰਨਦਾ ਹੈ। ਗੁਰੂ ਅੰਗ ਸੰਗ ਹੈ, ਫਰੰਗੀ ਨਾਲ ਯਾਰੀ ਨਹੀਂ ਨਾ ਉਸ ਦੀ ਚਾਕਰੀ ਕਰਨ ਦਾ ਹੁਕਮ ਹੈ।'

'ਐਸੇ ਸੰਤ ਖਾਲਸੇ ਵਿਚ ਕੀ ਮੈਂ ਸ਼ਾਮਲ ਹੋ ਸਕਦਾ ਹਾਂ?'

'ਸਭ ਵਾਸਤੇ ਦਰਵਾਜ਼ੇ ਖੁਲ੍ਹੇ ਹਨ।'

'ਮੈਂ ਅਮਲੀ, ਚੋਰ, ਜਵਾਰੀਆ ਹਾਂ।'

'ਤੇਰਾ ਭਲਾ ਹੋ ਜਾਏਗਾ। ਸਾਰੀਆਂ ਬੁਰੀਆਂ ਵਾਦੀਆਂ ਛੁਟ ਜਾਣਗੀਆਂ, ਸਰੀਰ ਕੁੰਦਨ ਹੋ ਜਾਏਗਾ...ਅਨੰਦਪੁਰ ਚਲ, ਉਥੇ ਸਤਿਗੁਰੂ ਜੀ ਦੇ ਦਰਸ਼ਨ ਕਰਨੇ।'

ਇਉਂ ਪਿੰਡ ਪਿੰਡ ਚਰਚਾ ਹੋਣ ਲਗ ਪਈ। ਫਰੰਗੀ ਦੀ ਪੁਲਸ ਦਾ ਡਰ ਨਾ ਰਿਹਾ, ਲੰਬਰਦਾਰ ਤੇ ਚੌਂਕੀਦਾਰ ਝੁਕਣ ਲਗੇ। ਉਹ ਝੂਠੇ ਹੋ ਜਾਂਦੇ, ਲੰਬਰਦਾਰਾ ਅਸਾਂ ਦਾ ਨਾਂ ਥਾਨੇ ਲਿਖਵਾਉਂਦਾ ਹੈ......ਕੀ ਅਸੀਂ ਚੋਰ ਹਾਂ?' ਲੰਬਰਦਾਰ ਘਬਰਾ ਜਾਂਦਾ।

ਸਤਿਗੁਰੂ ਜੀ ਦੇ ਮਕਰਰ ਕੀਤੇ ਸੂਬਿਆਂ ਨੂੰ ਨਾਮ, ਸੇਵਾ ਤੇ ਕੁਰਬਾਨੀ ਦੀ ਰੰਗਣ ਉਸੇ ਤਰ੍ਹਾਂ ਚੜ੍ਹ ਗਈ ਸੀ, ਜਿਵੇਂ ਅੰਗ ਨਾਲ ਜੁੜਕੇ ਕੋਇਲਾਂ ਤੇ ਲੋਹਾ ਅੱਗ ਰੂਪ ਹੋ ਜਾਂਦੇ ਹਨ।

ਅਨੰਦਪੁਰ ਦਾ ਹੋਲਾ ੨੦ ਮਾਰਚ ੧੮੬੭ ਨੂੰ ਸੀ। ੨੨ ਸੂਬਿਆਂ, ਜਥੇਦਾਰਾਂ ਤੇ ਗੁੰਥੀਆਂ ਦੇ ਆਸਰੇ ਆਪਣੇ ਡਾਕ ਪ੍ਰਬੰਧ ਨਾਲ ਸਾਰੇ ਦੇਸ਼ ਦੇ ਸੰਤ ਖਾਲਸੇ ਨੂੰ ਸੰਦੇਸ਼ ਮਿਲ ਗਿਆ, 'ਸਤਿਗੁਰੂ ਜੀ ਭੈਣੀ ਤੋਂ ਚਲਕੇ ਅਨੰਦਪੁਰ ਪੁਜਣਗੇ। ਸੰਤ ਖਾਲਸੇ ਜ਼ਰੂਰ ਪੁੱਜਣ ਹੁਕਮ ਮੰਨਣਾ ਸਭ ਵਾਸਤੇ ਜ਼ਰੂਰ ਹੈ। ਚੰਗਾ ਘੋੜਾ ਚੰਗਾ ਜੋੜਾ ਅਤੇ ਸ਼ਸਤ੍ਰ ਨਾਲ ਜ਼ਰੂਰੀ।

ਮਾਰਚ ਦੇ ਪਹਿਲੇ ਹਫਤੇ ਵਿਚ ਹੀ ਸੰਤ ਖਾਲਸੇ ਨੇ



Sri Satguru Jagjit Singh Ji Elibrary NamdhariElibrary@gmail.com

ਵਹੀਰਾਂ ਘੱਤ ਲਈਆਂ। ਟਬਰਾਂ ਵਾਲਿਆਂ ਨੇ ਗੱਡੇ ਜੋ ਲਏ। ਰਾਸ਼ਨ ਘਰਾਂ ਤੋਂ ਲਿਆ, ਆਪਣਾ ਵੀ ਤੇ ਗੁਰੂ ਕੇ ਲੰਗਰ ਦਾ ਰਾਸ਼ਨ ਸੀ।

ਅੰਮ੍ਰਿਤਸਰ ਸ਼ਹਿਰ ਦੇ ਜ਼ਿਲੇ ਵਾਲਿਆਂ ਨੇ ਸ੍ਰੀ ਹਰਿ-ਗੋਬਿੰਦਪੁਰ ਪਤਨ ਤੋਂ ਦਰਿਆ ਬਿਆਸਾ ਪਾਰ ਕਰਨਾ ਸੀ। ਹਰ ਪਾਸੇ ਤੋਂ ਕਾਫਲੇ ਚਲਕੇ ਉਥੇ ਇੱਕਠੇ ਹੋ ਗਏ। ਥਾਨਾ ਚਗਾਵਾਂ-ਲੋਪੋਕੇ ਦੇ ਸਾਰੇ ਪਿੰਡਾਂ ਦੇ ਸੰਤ ਖਾਲਸੇ ਇੱਕਠੇ ਹੋਕੇ ਤੁਰ। ਠੱਠੇ ਦੇ ਦੋ ਗੱਡੇ ਤੇ ਚਾਰ ਘੋੜੀਆਂ ਸਨ। ਜਥੇਦਾਰ ਸੰਤ ਸੇਵਕ ਸਿੰਘ ਸੀ। ਉਹਨਾਂ ਦੇ ਨਾਲ ਬਿਸ਼ਨੀ ਦਾ ਪਰਵਾਰ, ਸੁੱਖੀ ਤੇ ਉਸ ਦਾ ਲੜਕਾ ਪਾਲ ਤੇ ਲੜਕੀ ਪਾਲੋ ਵੀ ਸਨ। ਉਹਨਾਂ ਦੋਹਾਂ ਨੂੰ ਅਨੰਦਪੁਰ ਅੰਮ੍ਰਿਤ ਪਾਨ ਕਰਵਾਉਣਾ ਸੀ।

ਠੱਠੇ ਵਾਲੇ ਸਾਰੇ ਹੈਰਾਨ ਹੋਏ, ਜਦੋਂ ਉਹਨਾਂ ਨੇ ਦੇਖਿਆ ਬਿਆਸਾ ਪਤਨ ਤੇ ਝੰਡਾ ਸਿੰਘ ਲੰਬਰਦਾਰ ਆਪਣੀ ਘੋੜੀ ਉਤੇ ਸਵਾਰ ਝਬਾਲ ਦੀ ਸੰਗਤ ਨਾਲ ਜਾ ਰਿਹਾ ਸੀ। ਉਸ ਨੇ ਚਿੱਟੇ ਕਪੜੇ ਪਾਏ ਸਨ।

ਪਿੰਡਾਂ ਵਾਲਿਆਂ ਜਦੋਂ ਸੁਣਿਆ ਕਿ ਨਾਮਧਾਰੀ ਸੰਗਤ ਜਾ ਰਹੀ ਸੀ ਅਨੰਦਪੁਰ ਖ਼ੂਬ ਰੌਣਕਾਂ ਹੋਣੀਆਂ ਸਨ ਤੇ ਸਧਾਰਨ ਇਸਤ੍ਰੀ-ਪੁਰਖ ਵੀ ਤੁਰ ਪਏ। ਕਈਆਂ ਨੂੰ ਪਿੰਡਾਂ ਦੇ ਚੌਂਕੀਦਾਰਾਂ ਨੇ ਡਰਾ ਦਿੱਤਾ ਕੇ ਉਥੇ ਸਰਕਾਰ ਸਖਤੀ ਕਰੇਗੀ। ਫਸਾਦ ਹੋਏਗਾ ਨਾ ਜਾਣਾ, ਸਾਰੇ ਰਾਹਾਂ ਵਿਚ ਭੀੜ ਹੋ ਗਈ ਸੀ।

ਸਤਿਗੁਰੂ ਜੀ ਚੀਨੀ ਸਵਾਰ ਹੋ, ਸੂਬਿਆਂ ਤੇ ਸੰਗਤ ਸਮੇਤ ਭੈਣੀ ਸਾਹਿਬ ਤੋਂ ਤੁਰੇ ਤਾਂ ਸ਼ਾਹੀ ਠਾਠ ਸੀ। ਰਾਹ ਵਿਚ ਇਸਤ੍ਰੀ-ਪੁਰਖਾਂ ਦੀ ਭੀੜ ਰਹੀ ਪਹਿਲੇ ਦਿਨ ਸਰਕਾਰੀਏ ਸਰਦਾਰਾਂ ਦੇ ਪਿੰਡ 'ਖੁਮਾਣੋਂ' ਜਾ ਪੁੱਜੇ। ਉਥੋਂ ਦੇ ਸਰਦਾਰਾਂ ਨੇ ਨਿਰਭੈਤਾ ਨਾਲ ਸਤਿਗੁਰੂ ਜੀ ਨੂੰ ਜੀ ਆਇਆਂ ਆਖਿਆ ਤੇ ਜਦੋਂ ਦੀਵਾਨ ਲਗਾ ਤਾਂ ਸ: ਪ੍ਰਤਾਪ ਸਿੰਘ ਨੇ ੩੦੦ ਰੁਪਿਆ ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਅੱਗੇ ਰਖਕੇ ਮੱਥਾ ਟੇਕਿਆ। ਸਤਿਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ—

'ਐਨੀ ਮਾਯਾ ?'

'ਮਹਾਰਾਜ ਜੀ ਕਾਹਲ ਵਿਚ ਏਨੀ ਹੱਥ ਆਈ, ਇੱਛਾ ਤਾਂ ਹੋਰ ਲਿਆਉਣ ਦੀ ਸੀ। ਏਹੋ ਪ੍ਰਵਾਨ ਕਰੋ ਤੇ ਕ੍ਰਿਪਾ ਦਾ ਦਾਨ ਬਖਸ਼ੋ।'

'ਜਿਹੜੇ ਨਾਮ ਅਭਿਆਸੀ ਤੇ ਸਚੇ ਮਾਰਗ ਚਲਦੇ ਹਨ, ਉਹਨਾਂ ਤੇ ਸਦਾ ਕਰਤਾਰ ਦੀ ਕ੍ਰਿਪਾ ਹੁੰਦੀ ਹੈ।'

'ਇਹ ਠੀਕ ਹੈ—ਪਰ ਅਜ ਸਚੇ ਮਾਰਗ ਚਲਣਾ ਕਠਣ ਹੈ ਨਾਮ-ਸਿਮਰਨ ਵਲ ਸੁਰਤ ਨਹੀਂ ਲਗਦੀ।...ਸਤਾਰਾਂ ਸਾਲ ਹੋ ਗਏ . ਮਨ ਬੇਚੈਨ ਹੈ...ਸ਼ਾਂਤੀ ਨਹੀਂ।'

ਸ: ਪ੍ਰਤਾਪ ਸਿੰਘ ਦਾ ਮਨ ਭਰ ਆਇਆ। ਉਸ ਨੂੰ ਖਾਲਸਾ ਰਾਜ ਦੀ ਸ਼ਾਨ ਯਾਦ ਆਈ...ਤੇ ਫਰੰਗੀ ਦੀ ਸਖਤੀ। ਅੱਖਾਂ ਵਿਚ ਜਲ ਆ ਗਿਆ, ਨੀਵੀਂ ਪਾਈ। ਜਲ ਨੂੰ ਰੋਕਣ ਦਾ ਜਤਨ ਕੀਤਾ, ਫਿਰ ਵੀ ਦੋ ਚਾਰ ਅੱਥਰੂ ਕਿਰ ਹੀ ਗਏ। ਉਹ ਅੱਥਰੂ ਦੁੱਖੀ ਮਨ ਦਾ ਮੁੜ੍ਹਕਾ ਸੀ।

'ਬੀਤ ਗਿਆ ਸਮਾਂ ਬੀਤ ਗਿਆ।' ਸਤਿਗੁਰੂ ਜੀ ਬਚਨ ਕੀਤਾ—

'ਖਾਲਸਾ ਰਾਜ ਦੀ ਸ਼ਾਨ ਚੇਤੇ ਕਰਨ ਦੀ ਥਾਂ ਖਾਲਸਾ ਰਾਜ ਦੇ ਜਾਣ ਦੇ ਕਾਰਨ ਲਭੀਏ, ਸੋਚੀਏ ਤੇ ਅਗੇ ਵਾਸਤੇ ਉਹ ਕਮਜ਼ੋਰੀਆਂ ਦੂਰ ਕਰੀਏ। ਉਹ ਬਾਦਸ਼ਾਹੀ ਸੀ, ਚਲੀ ਗਈ। ਸਵਰਾਜ (ਲੋਕ ਰਾਜ) ਨਹੀਂ ਸੀ। ਬਾਦਸ਼ਾਹ ਮਾਰਿਆ, ਜਰਨੈਲ ਹਾਰਿਆ ਰਾਜ ਗਿਆ—ਲੋੜ ਹੈ ਸਵਰਾਜ ਆਏ। ਪਰਜਾ ਦੇ ਸਭ ਇਸਤ੍ਰੀ-ਪੁਰਖ ਨੂੰ ਅਹਿਸਾਸ ਤੇ ਗਿਆਨ ਹੋਏ, 'ਰਾਜ ਆਪਣਾ ਹੈ। ਇਸ ਦੀ ਰਾਖੀ ਕਰਨੀ ਹੈ, ਫਰੰਗੀ ਫਰੰਗੀ ਹੈ।...ਸਮਾਂ ਆਉਣ ਵਾਲਾ ਹੈ.. ਚੇਤੇ ਕਰੋ...ਇਹੋ ਧਰਤੀ ਹੈ ਨਾ



Sri Satguru Jagjit Singh Ji Elibrary NamdhariElibrary@gmail.com

ਜਿਹੜੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਨੰਗੇ ਚਰਨਾਂ ਨਾਲ ਮਿਣੀ ਤੇ ਪਵਿਤਰ ਕੀਤੀ ਸੀ।...ਆਉਣ ਵਾਲੇ ਸਮੇਂ ਦੀ ਉਡੀਕ ਕਰੋ।'

ਸ: ਪ੍ਰਤਾਪ ਸਿੰਘ, ਉਹਨਾਂ ਦੇ ਪਰਵਾਰ ਅਤੇ ਨਗਰ ਵਾਲਿਆਂ ਦਾ ਪ੍ਰੇਮ ਦੇਖਕੇ ਉਥੇ ਇਕ ਦਿਨ ਮਹਾਰਾਜ ਜੀ ਨੂੰ ਰੁਕਣਾ ਪਿਆ। ਅੰਮ੍ਰਿਤ ਤਿਆਰ ਕਰਕੇ ਜੀਉੜਿਆਂ ਨੂੰ ਛਕਾਇਆ।

ਖਮਾਣੋ ਤੋਂ ਭੋਜੋ ਮਾਜਰਾ ਵਿਚੋਂ ਦੀ ਹੁੰਦੇ ਹੋਏ ਰੋਪੜ ਅਤੇ ਰੋਪੜ ਤੋਂ ਕੀਰਤਪੁਰ ਸਾਹਿਬ ਪਹੁੰਚ ਗਏ। ਬਾਬਾ ਗੁਰਦਿਤਾ ਜੀ ਦੇ ਡੇਰੇ ਦੇ ਸੰਗਤ ਸਮੇਤ ਦਰਸ਼ਨ ਕੀਤੇ ਤੇ ਦੀਵਾਨ ਸਜਾਇਆ ਗਿਆ। ਅਗਲੇ ਦਿਨ ੧੯ ਮਾਰਚ ਨੂੰ ਸਵੇਰੇ ਅਨੰਦਪੁਰ ਪੁੱਜ ਗਏ।

ਸਤਿਗੁਰੂ ਰਾਮ ਸਿੰਘ ਜੀ ਦਾ ਸੰਗਤ ਸਮੇਤ ਅਨੰਦਪੁਰ ਪੁਜਣਾ ਇਕ ਚਕਰਵਰਤੀ ਮਹਾਰਾਜੇ ਦੇ ਸਮਾਨ ਸੀ—ਇਤਿਹਾਸ ਤੇ ਸਰਕਾਰੀ ਕਾਗਜ਼ ਪ੍ਰਗਟ ਕਰਦੇ ਹਨ ਕਿ ਸਤਿਗੁਰੂ ਜੀ ਦੇ ਕੀਰਤਪੁਰ ਪੁੱਜਣ ਤੋਂ ਪਹਿਲਾਂ ਹਰ ਜਿਲੇ ਦੀ ਸੰਗਤ ਅਨੰਦਪੁਰ ਪੁਜ ਚੁਕੀ ਸੀ।

'ਮਹਾਰਾਜ ਜੀ ਕਦੋਂ ਆਉਣਗੇ?'

'ਸਤਿਗੁਰੂ ਜੀ ਕਿਥੇ ਹਨ?'

'ਭਾਈ ਕੂਕਾ ਸੰਗਤ ਦਾ ਪਤਾ ਕਿਥੇ ਹੈ?'

ਦਰਸ਼ਨ ਕਰਨ ਦੇ ਇੱਛਾਵਾਨ ਵਿਆਕਲ ਹੋਏ ਅਨੰਦਪੁਰ ਦੀਆਂ ਗਲੀਆਂ ਵਿਚ ਭੀੜ ਕੋਲੋਂ ਪੁਛਦੇ ਫਿਰਦੇ ਸਨ।

ਇਕ ਦੋਂਹ ਨੇ ਦਸ ਦਿੱਤਾ, 'ਕੂਕਾ ਗੁਰੂ ਕੀਰਤਪੁਰ ਪੁੱਜ ਗਿਆ। ਉਥੇ ਦਰਸ਼ਨ ਹੋਏ, ਬੜੀ ਸ਼ਾਨ ਵਿਚ ਹੈ।'

ਇਹ ਸੁਣਕੇ ਨਾਮਧਾਰੀ ਸੰਗਤ, ਹਮਦਰਦ ਤੇ ਨਵੇਂ ਸ਼ਰਧਾਲੂ ਉਸੇ ਤਰ੍ਹਾਂ ਹੀ ਉਤਸ਼ਾਹੀ ਹੋ ਕੀਰਤਪੁਰ ਵਲ ਨੱਠ ਉਠੇ,



Sri Satguru Jagjit Singh Ji Elibrary NamdhariElibrary@gmail.com

ਜਿਵੇਂ ਬਾਬੇ ਬਕਾਲੇ ਵਿਚ ਮਖਣ ਸ਼ਾਹ ਲਬਾਣੇ ਨੇ ਕੋਠੇ ਚੜ੍ਹਕੇ ਪਲੂ ਫੇਰਿਆ ਸੀ, 'ਗੁਰੂ ਲਾਧੋ ਰੇ.. ਗੁਰੂ ਲਾਧੋ ਰੇ...।'

ਕੀਰਤਪੁਰ ਤੋਂ ਸਤਿਗੁਰੂ ਜੀ ਸਗਤ ਸਮੇਤ ਚਲੇ ਤਾਂ ਕੋਈ ਮੀਲ ਲੰਬਾ ਜਲੂਸ ਸੀ। ਸਭ ਤੋਂ ਅੱਗੇ ਚੀਨੀ ਉਤੇ ਸਵਾਰ ਸਤਿਗੁਰੂ ਜੀ, ਉਨ੍ਹਾਂ ਦੇ ਪਿਛੇ ਸੂਬਾ ਸਾਹਿਬ ਸਿੰਘ ਤੇ ੨੧ ਹੋਰ ਸੂਬੇ ਪਿਛੇ ਘੋੜਿਆ ਉਤੇ ਸਵਾਰ। ਸੂਬਿਆਂ ਦੇ ਪਿਛੇ ਕੋਈ ੨੫੦੦ ਦੇ ਲਗ ਪਗ ਜੋਸ਼ੀਲੇ ਸੇਵਕ। ਜਿਨ੍ਹਾਂ ਦੇ ਬਸਤਰ ਚਿੱਟੇ, ਗਲੀਂ ਉੱਨ ਦੀਆਂ ਮਾਲਾ ਅਤੇ ਹੱਥਾਂ ਵਿਚ ਸਫਾ ਜੰਗ ਜਾਂ ਸੋਟੇ। ਗੁਰਬਾਣੀ ਦੇ ਸ਼ਬਦ ਪੜ੍ਹਦਾ ਹੋਇਆ ਸੰਤ ਖਾਲਸੇ ਦਾ ਜਲੂਸ ਅਨੰਦਪੁਰ ਦੇ ਕੇਸਗੜ੍ਹ ਗੁਰਧਾਮ ਅਤੇ ਅਨੰਦਗੜ੍ਹ ਕਿਲ੍ਹੇ ਦਾ ਧਿਆਨ ਰਖਕੇ ਤੁਰਿਆ ਆਇਆ।

ਸਮੁੰਦਰ ਦੀ ਵੇਸ਼ਾਲ ਹਿੱਕ ਉਤੇ ਤਰਦੇ ਜਾਂਦੇ ਜਹਾਜ ਦਾ ਕਪਤਾਨ ਜਦੋਂ ਦੇਖ ਦਾ ਹੈ ਕਿ ਗਰਮੀ ਨਾਲ ਅਥਾਹ ਡੂੰਘੀ ਤ ਚੋੜੀ ਹਿੱਕ ਵਿਚ ਗੁੱਸੇ ਦੀ ਗਰਮੀ ਆਉਣ ਦੇ ਚਿੰਨ੍ਹ ਪ੍ਰਗਟ ਹੋ ਰਹੇ ਹਨ, ਉਹ ਗਰਮੀ ਇਕ ਉਬਾਲ ਲਿਆਏਗੀ ਤੇ ਉਬਾਲ ਬਣੇਗਾ, 'ਤੂਫਾਨ' ਜਹਾਜ ਖਤਰੇ ਵਿਚ ਫਸ ਜਾਏਗਾ, ਤਾਂ ਕਪਤਾਨ ਖਤਰ ਦੀ ਘੰਟੀ ਖੜਕਾਉਂਦਾ ਹੈ। ਨਿੱਕੇ ਵਡੇ ਸਾਰੇ ਕਰਮਚਾਰੀ ਇਕਠੇ ਹੋ ਖਲੋ ਜਾਂਦੇ ਹਨ ਕਿ ਆਉਣ ਵਾਲੇ ਤੂਫਾਨ ਤੋਂ ਜਹਾਜ ਨੂੰ ਬਚਾਇਆ ਜਾਏ, ਤਿਵੇਂ ਲਾਟ ਸਾਹਿਬ ਨੇ ਜਦੋਂ ਸੁਣਿਆ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਅਨੰਦ ਪੁਰ ਜਾਣਾ ਸੁਣਕੇ ਪੰਜਾਬ ਦੇ ਹਰ ਪਿੰਡ ਵਿਚੋਂ ਸਿਖ ਅਨੰਦਪੁਰ ਜਾ ਰਹੇ ਹਨ। ਦੂਸਰਾ ਪਿੰਡਾਂ ਦੇ ਚੌਂਕੀਦਾਰਾਂ ਲਬਰਦਾਰਾਂ ਨੂੰ ਹਰ ਸਿਖ ਕੂਕਾ ਨਜ਼ਰ ਆਇਆ। ਪੰਜ ਕੂਕੇ ਪੰਜਾਹ ਦਿਸੇ। ਉਹਨਾਂ ਨੇ ਰੀਪੋਰਟਾਂ ਦਿੱਤੀਆਂ। ਲਾਟ ਸਾਹਿਬ ਨੇ ਮੈਕਵਿੰਡਰੀਉ ਨੂੰ ੧੦ ਮਾਰਚ ਨੂੰ ਹੀ ਅਨੰਦਪੁਰ ਵਲ ਤੋਰ ਦਿਤਾ। ਹੁਸ਼ਿਆਰ ਪੁਰ ਦਾ ਡਿਪਟੀ ਕਮਿਸ਼ਨਰ ਮਿਸਟਰ ਪਰਕੇਂਜ ਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ।



Sri Satguru Jagjit Singh Ji Elibrary NamdhariElibrary@gmail.com

ਉਸ ਨੇ ਜ਼ਿਲਾ ਪੁਲਸ ਕਪਤਾਨ ਨੂੰ ਹੁਕਮ ਦਿਤਾ, 'ਲਉ ਸਿਪਾਹੀ ਨਾਲ ਤੇ ਚਲੋ ਅਨੰਦਪੁਰ।'

ਅੰਬਾਲਾ, ਜਲੰਧਰ,ਲੁਧਿਆਣਾ, ਫ਼ੀਰੋਜ਼ਪੁਰ ਤੇ ਅੰਮ੍ਰਿਤਸਰ ਦੇ ਉਚ ਪੁਲਸ ਅਧਿਕਾਰੀ ਸਭ ੧੨ ਮਾਰਚ ਨੂੰ ਅਨੰਦਪੁਰ ਪਹੁੰਚ ਕੇ ਵਡਾ ਕੈਂਪ ਲਾ ਬੈਠੇ। ਫ਼ੀਰੋਜ਼ਪੁਰ ਦਾ ਇਨਸਪੈਕਟਰ ਫਤੇ ਦੀਨ ਖਾਂ ਤਾਂ ਉਚੇਚੇ ਸਦੇ ਗਏ। ਮੇਲੇ ਵਿਚ ਆਉਣ ਵਾਲੀ ਸਾਰੀ ਸਿਖ ਸੰਗਤ ਦੇ ਅਧ ਵਿਚ ਪੁਲੀਸ ਪਹੁੰਚ ਗਈ। ਵਡਾ ਤੰਬੂਆਂ ਦਾ ਕੈਂਪ ਰਾਹ ਉਤੇ ਲਾਇਆ ਗਿਆ।

ਸਤਿਆਨਾਸੀ ਸਰਕਾਰ ਦੇ ਕਰਮਚਾਰੀਆਂ ਨੇ ਆਪ ਤਾਂ ਜਾਗਣਾ ਸੀ, ਉਹ ਤਨਖਾਹ ਲੈਂਦੇ ਤੇ ਵਫ਼ਾਦਾਰੀ ਦੀ ਸੌਂਹ ਚੁਕੀ ਬੈਠੇ ਸਨ, ਪਰ ਲਾਟ ਦੇ ਇਸ਼ਾਰੇ ਉਤੇ ਉਹਨਾਂ ਨੇ ਮਹਤਾਂ, ਪੁਜਾ-ਰੀਆਂ ਤੇ ਨਿਹਗਾਂ ਸਿੰਘਾਂ ਨੂੰ ਆਪਣੇ ਪਿਛੇ ਲਾ ਲਿਆ ਅਤੇ ਆਖਿਆ—

'ਆਉ ਵੇਲਾ ਸੰਭਾਲੋ! ਕੂਕਿਆਂ ਨੇ ਵਿਉਂਤ ਬਣਾਈ ਹੈ, ਪਹਿਲਾ ਅਨੰਦਪੁਰ ਤੇ ਕਬਜ਼ਾ ਕਰਨਾ.. ਫਿਰ ਬਾਕੀ ਦੇ ਗੁਰ-ਦੁਆਰਿਆਂ ਉਤੇ। ਕੂਕੇ ਗੁਰਮਤਿ ਵਿਰੋਧੀ ਹਨ। ਹਰ ਮਰਯਾਦਾ ਨੂੰ ਭੰਗ ਕਰ ਰਹੇ ਹਨ। ਸਰਕਾਰ ਤੁਸਾਂ ਦੇ ਨਾਲ ਹੈ। ਤਲਵਾਰਾਂ, ਕੁਹਾੜੀਆਂ ਚੁੱਕੋ। ਧਰਮ ਯੁੱਧ ਵਾਸਤੇ ਤਿਆਰ ਹੋ ਜਾਉ।'

ਉਹਨਾਂ ਨੂੰ ਨਾਲ ਡਰ ਵੀ ਦਿੱਤਾ ਗਿਆ, 'ਜੇ ਤੁਸਾਂ ਕੂਕਿਆਂ ਦਾ ਵਿਰੋਧ ਨਾ ਕੀਤਾ ਤਾਂ ਸਰਕਾਰ ਤੁਸਾਂ ਨੂੰ ਵੀ ਕੂਕੇ ਸਮਝੇਗੀ ਤੇ ਗੁਰਦੁਆਰੇ ਆਪ ਸੰਭਾਲ ਲਵੇਗੀ।...ਤੁਸਾਂ ਨੂੰ ਦੁਸ਼ਮਨ ਕਰਾਰ ਦੇ ਕੇ ਜੇਹਲਾਂ ਵਿਚ ਸੁਟੇਗੀ।

ਲਾਟ ਸਾਹਿਬ ਨੇ ਅੰਗਰੇਜ਼ੀ ਸਰਕਾਰ ਦਾ ਜਹਾਜ਼ ਆ ਰਹੀ ਕਰਾਂਤੀ ਦੇ ਤੂਫ਼ਾਨ ਕੋਲੋਂ ਬਚਾਉਣ ਵਾਸਤੇ ਸਾਰੀਆਂ ਤਾਕਤਾਂ ਅਨੰਦਪੁਰ ਭੇਜ ਦਿਤੀਆਂ ਤੇ ਸਾਰੇ ਪੰਜਾਬ ਵਿਚ ਦਹਿਸ਼ਤ ਫੈਲ ਗਈ ਕਿ ਜ਼ਰੂਰ ਲੜਾਈ ਹੋਏਗੀ।



Sri Satguru Jagjit Singh Ji Elibrary NamdhariElibrary@gmail.com

ਤੰਬੂਆਂ ਦੀ ਸਰਕਾਰੀ ਛਾਉਣੀ ਕੋਲ ਜਦੋਂ ਸੰਤ ਖਾਲਸੇ ਦਾ ਜਲੂਸ ਪੁਜਿਆ ਤਾਂ ਡੀ. ਆਈ. ਜੀ. ਮਿਸਟਰ ਮੈਕ ਇੰਡਰੀਊ ਨੇ ਬਾਬਾ ਸੁਧ ਸਿੰਘ ਨੂੰ ਰੋਕਿਆ। ਬਾਬਾ ਜੀ ਸੰਤ ਖਾਲਸਾ ਜਲੂਸ ਨੂੰ ਤਰਤੀਬ ਵਿਚ ਰਖਣ ਲਈ ਨਗਰਾਨ ਜਥੇਦਾਰ ਸਨ ਤੇ ਘੋੜੇ ਉਤੇ ਸਵਾਰ ਅਗੇ ਪਿਛੇ ਫਿਰਦੇ ਸਨ।

ਜਲੂਸ ਰੁਕ ਗਿਆ। ਸਤਿਗੁਰੂ ਜੀ ਅਗੇ ਬੇਨਤੀ ਕੀਤੀ ਗਈ, "ਮਹਾਰਾਜ ਜੀ ! ਡੀ. ਆਈ. ਜੀ. ਬਚਨ ਕਰਨਾ ਚਾਹੁੰਦੇ ਹਨ।'

'ਕਰ ਲੈਣ ਭਾਈ ਬਚਨ।' ਇਹ ਬਚਨ ਕਰਕੇ ਸਤਿਗੁਰੂ ਜੀ ਘੋੜੀ ਤੋਂ ਉਤਰ ਬੈਠੇ। ਸੇਵਕ ਨੇ ਘੋੜੀ ਦੀ ਲਗਾਮ ਫੜ ਲਈ।

ਮੈਕ ਇੰਡਰੀਊ ਅਨੋਖੇ ਸੁਭਾ ਦਾ ਅੰਗਰੇਜ਼ ਸੀ। ਅੰਮ੍ਰਿਤ-ਸਰ ਸਤਿਗੁਰੂ ਜੀ ਨੂੰ ਮਿਲਿਆ ਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਅਤੇ ਬਚਨ ਸੁਣਕੇ ਨਰਮ ਹੋਇਆ ਤੇ ਮਨ ਵਿਚਾਰ ਕਰ ਬੈਠਾ ਸੀ ਕਿ ਸਤਿਗੁਰੂ ਜੀ ਤੇ ਉਹਨਾਂ ਦੇ ਸ਼ਰਧਾਲੂਆਂ ਕੋਲੋਂ ਕੋਈ ਖਤਰਾ ਨਹੀਂ। ਪਰ ਜਦੋਂ ਲਾਹੌਰ ਜਾ ਕੇ ਰੀਪੋਰਟ ਲਿਖੀ ਤਾਂ ਆਪ ਹੀ ਸਤਿਗੁਰੂ ਜੀ ਦੀ ਨਜ਼ਰ ਬੰਦੀ ਦੀ ਸਫਾਰਸ਼ ਕਰ ਦਿੱਤੀ। ਨੌਕਰੀ, ਕੌਮਪਰਸਤੀ ਅਤੇ ਬਾਦਸ਼ਾਹੀ ਵਫਾਦਾਰੀ ਉਸ ਦੀ ਸੋਚ ਤੇ ਨਿਗਾਹ ਬਦਲ ਦਿੰਦੀਆਂ।

'ਆਉ...ਹਮ ਤੁਮ ਕੋ ਨਿਮਸ਼ਕਾਰ ਕਰਤਾ ਐ !' ਮੈਕ ਇੰਡਰੀਊ ਨੇ ਭਾਰਤੀ ਸਭਿਅਤਾ ਅਨੁਸਾਰ ਦੋਵੇਂ ਹੱਥ ਜੋੜਕੇ ਆਖਿਆ। ਉਸ ਦੀਆਂ ਅਖਾਂ ਅਗੇ ਉਸ ਵੇਲੇ ਸਤਿਗੁਰੂ ਜੀ ਹਜ਼ਰਤ ਈਸਾ ਦਾ ਰੂਪ ਨਜ਼ਰ ਆਇਆ। ਸ਼ਾਂਤੀ, ਪਿਆਰ, ਮਾਨਵਤਾ ਦੀ ਆਤਮਾ ਅਤੇ ਰਬੀ ਨੂਰ। ਉਸ ਦਾ ਮਸਤਕ ਝੁਕ ਗਿਆ।

ਮੈਕ ਇੰਡਰੀਊ ਦੇ ਨਾਲ ਅੰਗਰੇਜ਼ੀ ਸਰਲ ਬੋਲਣ ਤੇ



Sri Satguru Jagjit Singh Ji Elibrary NamdhariElibrary@gmail.com

ਸਮਝਨ ਵਾਲਾ ਸ: ਅਤਰ ਸਿੰਘ ਸੀ। ਉਹ ਕਟੜ ਅੰਗਰੇਜ਼ ਪਰਸਤ ਅਤੇ ਸਤਿਗੁਰੂ ਜੀ ਵਿਰੁਧ ਪ੍ਰਚਾਰ ਕਰਨ ਵਾਲਿਆਂ ਵਿਚੋਂ ਇਕ ਸੀ। ਇੰਡਰੀਊ ਦੇ ਨਾਲ ਰਹਿਕੇ ਉਹ ਦੋ-ਭਾਸ਼ੀਆ ਦਾ ਕੰਮ ਕਰਦਾ ਸੀ। ਉਸ ਨੇ ਅਗੇ ਹੋਕੇ ਸਤਿਗੁਰੂ ਜੀ ਦੇ ਚਰਨੀਂ ਹੱਥ ਲਾਇਆ।

ਸਤਿਗੁਰੂ ਜੀ ਨਾਲ ਉਹਨਾਂ ਦੇ ਪ੍ਰਧਾਨ ਮੰਤ੍ਰੀ ਸਾਹਿਬ 'ਸਿੰਘ ਤੇ ਸੁਧ ਸਿੰਘ ਸਨ ' ਸਤਿਕਾਰ ਨਾਲ ਬਿਠਾਇਆ ਗਿਆ। ਦੋ-ਚਾਰ ਸਰਸਰੀ ਗਲਾਂ ਕਰਨ ਦੇ ਪਿਛੋਂ ਸਿਧੀਆਂ ਮਤਲਬ ਦੀਆਂ ਗਲਾਂ ਸ਼ੁਰੂ ਕੀਤੀਆਂ ਗਈਆਂ। ਮੈਕ ਇੰਡਰੀਊ ਹਰ ਗਲ਼ ਅਤਰ ਸਿੰਘ ਨੂੰ ਅੰਗਰੇਜ਼ੀ ਵਿਚ ਦਸਣ ਲਗਾ ਤੇ ਅਤਰ ਸਿੰਘ ਸਤਿਗੁਰੂ ਜੀ ਨਾਲ ਗਲ ਕਰਨ ਲਗਾ। ਕਿਉਂਕਿ ਮੈਕ ਇੰਡਰੀਊ ਪੰਜਾਬੀ (ਹਿੰਦੁਸਤਾਨੀ) ਸਮਝ ਲੈਂਦਾ ਸੀ, ਪਰ ਮਨੋ-ਭਾਵ ਦੂਸਰੇ ਨੂੰ ਸਮਝਾਉਣੇ ਔਖੇ ਸਨ, ਇਸ ਵਾਸਤੇ ਅਤਰ ਸਿੰਘ ਕੋਲੋਂ ਸਹਾਇਤਾ ਲਈ।

'ਮੁਆਫ ਕਰਨਾ, ਹਾਲਾਤ ਦੇ ਮੁਤਾਬਿਕ ਆਪ ਨੂੰ ਰੋਕਿਆ ਗਿਆ ਹੈ। ਆਪ ਦੇ ਅਨੰਦਪੁਰ ਆਉਣ ਦਾ ਉਦੇਸ਼ ਕੀ ਹੈ?' ਸਵਾਲ ਕੀਤਾ ਗਿਆ।

'ਇਹ ਅਸਥਾਨ ਹਰ ਇਕ ਵਾਸਤੇ ਪੂਜਨੀਕ ਹੈ, ਕਿਉਂਕਿ ਸਤਿਗੁਰੂ ਗੋਬਿੰਦ ਸਿੰਘ ਜੀ ਰਾਹੀਂ ਸੰਤ ਖਾਲਸੇ ਦੀ ਸਿਰਜਨਾ ਹੋਈ। ਨਿਮਸ਼ਕਾਰ ਕਰਨ ਵਾਸਤੇ ਆਏ ਹਾਂ।' ਸਤਿਗੁਰੂ ਜੀ ਬਚਨ ਕੀਤਾ।

'ਗੁਰਦੁਆਰੇ (ਸ੍ਰੀ ਕੇਸਗੜ੍ਹ ਸਾਹਿਬ) ਅੰਦਰ ਜਾਉਗੇ?'

'ਜ਼ਰੂਰ ਦਰਸ਼ਨ ਕਰਨੇ ਹਨ।'

'ਮਹੰਤ ਤੇ ਨਿਹੰਗ ਸਿੰਘਾਂ ਦਾ ਵਿਚਾਰ ਹੈ ਕਿ ਆਪ ਸੰਗਤ ਸਮੇਤ ਗੁਰਦੁਆਰੇ ਦੇ ਅੰਦਰ ਨਾ ਜਾਉ।'

'ਕਿਉਂ?'



Sri Satguru Jagjit Singh Ji Elibrary NamdhariElibrary@gmail.com

'ਉਹਨਾਂ ਦੇ ਵਿਚਾਰ ਵਿਚ ਆਪ ਗੁਰੂ ਗੋਬਿੰਦ ਸਿੰਘ ਜੀ ਦੀ ਕਾਇਮ ਕੀਤੀ ਮਰਯਾਦਾ ਦੇ ਉਲਟ ਚਲਦੇ ਹੋ...ਦੂਸਰਾ ਗੁਰਦੁਆਰੇ ਉਤੇ ਕਬਜ਼ਾ ਵੀ ਕਰਨਾ ਚਾਹੁੰਦੇ ਹੋ, ਤਦੇ ਹਜ਼ਾਰਾਂ ਦੀ ਗਿਣਤੀ ਵਿਚ ਆਏ ਹੋ । ਕੁਝ ਆਪ ਨੇ ਸੇਵਕਾਂ ਨੂੰ ਫੌਜੀ ਸਿਖਿਆ ਦਿਤੀ ਜਾਂਪਦਾ ਹੈ।'

'ਇਸ ਦਾ ਮਤਲਬ ਕਿ ਅਕਾਲ ਪੁਰਖ ਦਾ ਘਰ ਵੀ ਕਿਸੇ ਇਕ ਦੀ ਮਾਲਕੀ ਹੈ ? ਸਤਿਗੁਰੂ ਨਾਨਕ ਦੇਵ ਜੀ ਨੇ ਤਾਂ ਧਰਮ-ਸਾਲਾ, ਗੁਰਦੁਆਰੇ . ਪੂਜਾ ਪਾਠ ਦੇ ਕੋਈ ਅਸਥਾਨ ਸਮਝੋ ਸਾਰੀ ਮਨੁੱਖਤਾ ਵਾਸਤੇ ਖੋਲ੍ਹੇ ਹਨ। 'ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ' । ਅਸਾਂ ਦਰਸ਼ਨ ਕਰਨੇ ਹਨ। ਅਸਾਂ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ ।'

ਸਤਿਗੁਰੂ ਜੀ ਦੇ ਬਚਨ ਸੁਣਕੇ ਮੈਕ ਇਂਡਰੀਊ ਨੂੰ ਤਸਲੀ ਹੋਈ ਕਿ ਸਤਿਗੁਰੂ ਜੀ ਪ੍ਰੇਮ ਭਾਵਨਾ ਵਾਲੇ ਹਨ । ਧਰਮ ਦਾ ਪ੍ਰਚਾਰ ਕਰਦੇ ਹਨ । ਪਰ ਜਦੋਂ ਸਤਿਗੁਰੂ ਜੀ ਉਸਦੇ ਕੋਲੋਂ ਆ ਗਏ ਤਾਂ ਉਸਦੀ ਸੋਚ ਹੋਰ ਹੋ ਗਈ। ਉਹ ਡਰ ਤੇ ਘਬਰਾ ਗਿਆ।

ਅਗਲੇ ਦਿਨ ਸਤਿਗੁਰੂ ਜੀ ਦੇ ਦੀਵਾਨ ਵਿਚ ਹਾਜ਼ਰ ਹੋਇਆ। ਉਸ ਦੇ ਨਾਲ ਸ: ਅਤਰ ਸਿੰਘ ਇੰਨਸਪੈਕਟਰ ਸੀ। ਦਰਸ਼ਨ ਕਰਕੇ ਦੰਗ ਰਹਿ ਗਿਆ ਕਿ ਸਤਿਗੁਰੂ ਜੀ ਬਚਨ ਕਰ ਰਹੇ ਸਨ ਤੇ ਉਹਨਾਂ ਦੇ ਚੌਗਿਰਦੇ ਹਜ਼ਾਰਾਂ ਦੀ ਗਿਣਤੀ ਵਿਚ ਮਾਈ-ਭਾਈ ਸੁਰਤ ਜਮਾ ਕੇ ਬੈਠੇ ਉਪਦੇਸ਼ ਸੁਣ ਰਹੇ ਸਨ। ਕੋਈ ਅੱਖ ਨਹੀਂ ਸੀ ਝਮਕਦਾ। ਨਿਰੰਕਾਰ ਦੇ ਹਜ਼ੂਰ ਦਾ ਦਰਬਾਰ ਪ੍ਰਤੀਤ ਹੁੰਦਾ ਸੀ।

ਸਿਆਣੇ ਦੇਖਣ ਵਾਲੇ ਆਖ ਰਹੇ ਸਨ—'ਪ੍ਰਮਾਤਮਾ ਨੇ ਆਪਣੇ ਅੰਗ ਸ਼ਿਵ ਸ਼ਕਤੀ ਨੂੰ (ਸਤਿਗੁਰੂ) ਰਾਮ ਸਿੰਘ (ਜੀ) ਦੇ



Sri Satguru Jagjit Singh Ji Elibrary NamdhariElibrary@gmail.com

ਸਰੂਪ ਵਿਚ ਭੇਜਿਆ ਹੈ, ਕਲਜੁਗ ਵਿਚ ਸਤਿਜੁਗ ਲਿਆਉਣ ਵਾਸਤੇ। ਦੇਖੋ ਸਤਿਜੁਗ ਦੀ ਝਾਕੀ ਹੈ. ਸਤਲੁਜ ਦੇ ਕਿਨਾਰੇ ਸੰਤ ਸਮਾਗਮ ਹੈ...ਮਹਾਂ ਰਿਸ਼ੀ ਲੋਕ ਬਰਾਜੇ ਹਨ।. ਲੋੜ ਸੀ ਐਸੇ ਮਹਾਨ ਪੁਰਖ ਦੀ।'

ਪਰ ਜਿਹੜੇ ਕਲਜੁਗ ਦੇ ਪ੍ਰਭਾਵ ਨਾਲ ਈਰਖਾ ਤੇ ਦੁਵੈਤਵਾਨੀ ਸਨ, ਜਿਨ੍ਹਾਂ ਨੂੰ ਫਰੰਗੀ ਨੇ ਆਪਣਾ ਰਾਜ ਬਚਾਉਣ ਵਾਸਤੇ ਹਥਿਆਰ ਬਣਾਇਆ ਤੇ ਹਲਾ ਸ਼ੇਰੀ ਦਿਤੀ, ਉਹ ਗਹਿਰੀ ਅੱਖ ਨਾਲ ਦੇਖਕੇ ਈਰਖਾ ਤੇ ਕ੍ਰੋਧ ਨਾਲ ਸੁਣਦੇ ਹੋਏ ਵਾਧੂ ਕੁਬੋਲ ਬੋਲਕੇ ਨਰਕਾਂ ਦੇ ਭਾਗੀ ਬਣਦੇ ਸਨ।

ਜਿਨ੍ਹਾਂ ਨੇ ਸਮਝ ਲਿਆ ਕਿ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਨਾਨਕ ਦੇਵ ਗੁਰੂ ਗੋਬਿੰਦ ਸਿੰਘ ਜੀ ਵਾਲੀ ਪਾਰਬ੍ਰਹਮ ਦੀ ਜੋਤੀ ਵਾਲੇ ਹਨ, ਉਹ ਅੱਗੇ ਆਏ। ਉਹਨਾਂ ਨੇ ਖੰਡੇ ਦੇ ਅੰਮ੍ਰਿਤ ਦੀ ਮੰਗ ਕੀਤੀ। ਨਾਮ-ਮੰਤ੍ਰ ਲੈਣ ਵਾਸਤੇ ਨੇੜੇ ਹੋਏ। ਤਨ ਤੇ ਮਨ ਨੂੰ ਪਵਿਤ੍ਰ ਤੇ ਇਕਾਗਰ ਕੀਤਾ। ਸਤਿਗੁਰੂ ਜੀ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ। ਅੰਮ੍ਰਿਤ ਦੀ ਦਾਤ ਬਖਸ਼ੀ, ਨਿਹਾਲ ਹੋਣ ਵਾਲੇ ਪ੍ਰਾਣੀਆਂ ਵਿਚ ਸਿੰਘ ਘਰਾਣਿਆਂ ਦੇ ਸਰਦਾਰ ਸਨ—ਸ: ਪ੍ਰਤਾਪ ਸਿੰਘ ਤੇ ਉਸਦਾ ਪੁਤਰ ਦੇਵਾ ਸਿੰਘ ਪਿੰਡ ਰਸੌਲੀ। ਸੋਢੀ ਨਰਿੰਦਰ ਸਿੰਘ ਤੇ ਸੋਢੀ ਹੀਰਾ ਸਿੰਘ ਕੁਰਾਲੀ ਆਦਿਕ।

ਬੀਬੀ ਸੁਖੀ ਦੀ ਰੀਝ ਸੀ ਕਿ ਉਸ ਦੇ ਦੋਹਾਂ ਬਚਿਆਂ ਪਾਲ ਸਿੰਘ ਤੇ ਲੜਕੀ ਪਾਲੋ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਖੰਡੇ ਦਾ ਅੰਮ੍ਰਿਤ ਪਾਨ ਕਰਨ, ਸਤਿਗੁਰੂ ਜੀ ਦ ਚਰਨਾਂ ਉਤੇ ਮੱਥਾ ਟੇਕ ਕੇ ਜੀਵਨ ਸਫਲ ਕਰਨ। ਉਹ ਸਤਿਗੁਰੂ ਜੀ ਦੇ ਨੇੜੇ ਹੋਈ, ਚਰਨਾਂ ਤੇ ਨਿਮਸ਼ਕਾਰ ਕਰਕੇ ਬੇਨਤੀ ਕੀਤੀ, 'ਮਹਾਰਾਜ ਜੀ ! ਆਪ ਦੀ ਬਖਸ਼ਿਸ਼ ਇਹ ਦੋ ਬਾਲ ਹਨ। ਏਹੋ ਮੇਰੀ ਜੀਵਨ ਪੂੰਜੀ ਹੈ, ਇਹਨਾਂ ਨੂੰ ਖੰਡੇ ਦਾ ਅੰਮ੍ਰਿਤ ਤੇ ਨਾਮ ਦਾਨ ਬਖਸ਼ ਕੇ



Sri Satguru Jagjit Singh Ji Elibrary NamdhariElibrary@gmail.com

ਆਪਣੀਂ ਚਰਨੀ ਲਾਉ। ਇਸ ਜੀਵਨ ਵਿਚ ਨਾਮ ਸਿਮਰਨ ਸੇਵਾ ਅਤੇ ਧਰਮ-ਕਿਰਤ ਵਿਚ ਲਗੇ ਰਹਿਣ। ਜੀਵਨ ਸਫਲ ਕਰ ਜਾਣ।'

'ਪੁੱਤਰੀ! ਐਸਾ ਹੋਏਗਾ। ਕਰਤਾਰ ਮੇਹਰ ਰਖੇਗਾ।' ਇਹ ਬਚਨ ਕਰਕੇ ਸਤਿਗੁਰੂ ਜੀ ਨੇ ਉਹਨਾਂ ਬਚਿਆਂ ਦੇ ਸਿਰਾਂ ਉਤੇ ਕਰ-ਕਮਲਾਂ ਨੂੰ ਰਖਿਆ ਤੇ ਨਿਹਾਲ ਕਰ ਦਿੱਤਾ। ਸੁੱਖੀ ਨਿਹਾਲ ਹੋ ਗਈ, ਸੇਵਾ ਕਰਨ ਦੀ ਅਗਮੀ ਸ਼ਕਤੀ ਉਸ ਦੇ ਤਨ-ਮਨ ਵਿਚ ਹੋਰ ਆ ਗਈ।



Sri Satguru Jagjit Singh Ji Elibrary NamdhariElibrary@gmail.com

# ਤੇਈ

ਉਸੇ ਸਾਲ ੨੭ ਅਕਤੂਬਰ ਨੂੰ ਦੀਵਾਲੀ ਦਾ ਪੁਰਬ ਸੀ। ਦੀਵਾਲੀ ਤੇ ਵਿਸਾਖੀ ਦੋ ਅੰਮ੍ਰਿਤਸਰ ਮੰਨਾਏ ਜਾਣ ਵਾਲੇ ਵਡੇ ਗੁਰਪੁਰਬ ਹਨ। ਦੋਵੇਂ ਹੀ ਭਾਰਤ ਦੇ ਵਡੇ ਕੌਮੀ ਤਿਉਹਾਰ। ਸਤਿਗੁਰੂ ਹਰਿ ਗੋਬਿੰਦ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਵਾਪਸ ਆਉਣ ਤੇ ਖੁਸ਼ੀ ਵਿਚ ਸ੍ਰੀ ਦਰਬਾਰ ਸਾਹਿਬ ਦੀਵਾਲੀ ਮਨਾਉਣੀ ਸ਼ੁਰੂ ਹੋਈ ਤੇ ੧੭੦੮ ਤੋਂ ੧੭੭੭ ਤਕ ਖਾਲਸਾ ਪੰਥ ਨੇ ਜਿੰਨ੍ਹੇ ਵਡੇ ਫੈਸਲੇ ਕੀਤੇ, ਉਹ ਸਾਰੇ ਵਿਸਾਖੀ ਤੇ ਦੀਵਾਲੀ ਦੇ ਸਮੇਂ ਹੀ ਕੀਤੇ। ਦੋਹਾਂ ਤਿਉਹਾਰਾਂ ਦੀ ਮਹਾਨਤਾ ਵਧਦੀ ਗਈ।

'ਦੀਵਾਲੀ ਦਾ ਪੁਰਬ ਅੰਮ੍ਰਿਤਸਰ ਹੋਲੇ ਦੇ ਰੂਪ ਵਿਚ ਮਨਾਇਆ ਜਾਏਗਾ।' ਅਨੰਦਪੁਰ ਐਲਾਨ ਕੀਤਾ ਗਿਆ ਸੀ। ਉਥੋਂ ਹੀ ਸਾਰੇ ਨਾਮਧਾਰੀਆਂ ਨੇ ਕੰਨੀ ਗੰਢ ਦੇ ਲਈ ਕਿ ਅੰਮ੍ਰਿਤਸਰ ਜ਼ਰੂਰ ਪੁੱਜਣਾ ਸੀ।

੧੫ ਹਜ਼ਾਰ ਕੂਕਾ ਦੀਵਾਲੀ ਦੇ ਪੁਰਬ ਪਰ ਅੰਮ੍ਰਿਤਸਰ ਪੁੱਜੇਗਾ। ਸਰਕਾਰ ਨੂੰ ਜਾਸੂਸਾਂ ਨੇ ਖਬਰਾਂ ਦਿੱਤੀਆਂ। 'ਹੋ ਸਕਦਾ



Sri Satguru Jagjit Singh Ji Elibrary NamdhariElibrary@gmail.com

ਹੈ...ਸ਼ਹਿਰੀਆਂ ਤੇ ਪੁਜਾਰੀਆਂ ਨਾਲ ਕੋਈ ਦੰਗਾ ਫਸਾਦ ਹੋਏ।' ਇਹਨਾਂ ਖਬਰਾਂ ਨੇ ਸਰਕਾਰ ਨੂੰ ਵਖਤ ਪਾ ਦਿੱਤਾ। ਅੰਮ੍ਰਿਤਸਰ ਦੇ ਡੀ. ਸੀ. ਤੇ ਪੁਲਸ ਕਪਤਾਨ ਦੀ ਨੀਂਦ ਹਰਾਮ ਹੋ ਗਈ। 'ਪਟਿਆਲੇ ਦਾ ਸਰਦਾਰ ਮੰਗਲ ਸਿੰਘ ਆਪਣੇ ਸਾਥੀਆਂ ਸਮੇਤ ਆਏਗਾ। ਦਸਹਿਰੇ ਦੇ ਮੌਕੇ ੩ ਹਜ਼ਾਰ ਕੂਕੇ ਭੈਣੀ ਸਾਹਿਬ ਪੁੱਜੇ ਸਨ।...ਗਿਣਤੀ ਵਧਦੀ ਜਾ ਰਹੀ ਹੈ।' ਲੁਧਿਆਨੇ ਤੋਂ ਤਾਰ ਆਈ ਸੀ।

ਪੰਜਾਬ ਸਰਕਾਰ ਨੇ ਸੀ. ਆਈ. ਡੀ. ਸ਼ੈਤਾਨ ਇਨ-ਸਪੈਕਟਰ ਕ੍ਰਿਸ਼ਟੀ ਨੂੰ ਅੰਮ੍ਰਿਤਸਰ ਭੇਜ ਦਿੱਤਾ। ਸਾਰੇ ਜ਼ਿਲਿਆਂ ਦੇ ਪੁਲੀਸ ਅਫਸਰਾਂ ਨੂੰ ਵੀ ਹਦਾਇਤ ਹੋਈ ਕਿ ਉਹ ਵੀ ਅੰਮ੍ਰਿਤਸਰ ਪੁੱਜ ਜਾਣ।

੧੫ ਅਕਤੂਬਰ ਨੂੰ ਸਿਖਾਂ, ਸੇਵਕਾਂ ਤੇ ਸ਼ਰਧਾਲੂਆਂ ਨਾਲ ਸਤਿਗੁਰੂ ਰਾਮ ਸਿੰਘ ਜੀ ਅੰਮ੍ਰਿਤਸਰ ਪੁੱਜ ਗਏ। ਅੰਮ੍ਰਿਤਸਰ ਦੇ ਨਾਮਧਾਰੀ ਸਿੰਘਾਂ ਦੇ ਜਤਨ ਨਾਲ ਤਰਨ ਤਾਰਨ ਸੜਕ ਉਤੇ, ਸ਼ਹਿਰੋਂ ਮੀਲ ਦੂਰ ਕੈਂਪ ਲਾਇਆ ਗਿਆ ਕੈਂਪ ਕੀ ਸੀ? ਸਮਝੋ ਤੰਬੂਆਂ ਦਾ ਸ਼ਹਿਰ ਤੇ ਦੀਵਾਨ ਵਾਲੇ ਖੁਲ੍ਹੇ ਅਸਥਾਨ ਤੇ ਨਿਸ਼ਾਨ ਸਾਹਿਬ ਝੁਲਾਇਆ ਗਿਆ।

੫ ਦਗੀ ਸਕਾਟ ਨੂੰ ਨਾਲ ਲੈਕੇ ਕ੍ਰਿਸ਼ਟੀ ਸਤਿਗੁਰੂ ਜੀ ਪਾਸ ਪੁੱਜਿਆ। ਬਚਨ ਬਿਲਾਸ ਹੋਏ, ਉਸ ਨੇ ਕੁਝ ਸਵਾਲ ਕੀਤੇ। ਸਤਿਗੁਰੂ ਜੀ ਨੇ ਜੋਗ ਉਤਰ ਦਿੱਤੇ।

'ਸੁਣਿਆ ਹੈ ਆਪ ਦਾ ਨਿਸ਼ਾਨਾ ੫ ਲੱਖ ਕੂਕੇ ਬਣਾਉਣ ਦਾ ਹੈ?' ਕ੍ਰਿਸ਼ਟੀ ਦਾ ਸਵਾਲ ਸੀ।

'ਕੂਕੇ-ਨਾਮਧਾਰੀ ਹਨ—ਪ੍ਰਮਾਤਮਾਂ ਦਾ ਨਾਮ ਸਿਮਰਦੇ ਹੋਏ ਜੀਵਨ ਵਿਚ ਜਿਹੜੇ ਧਰਮ ਕਿਰਤ ਕਰਨ, ਲੋਕ ਸੇਵਾ ਕਰਨ ਤੇ ਸੁਚੇ, ਸੁਚਜੇ ਤੇ ਨਿਰਮਲ ਸਮਾਜ ਨੂੰ ਸ੍ਰਿਸ਼ਟੀ ਤੇ ਕਾਇਮ ਕਰਨ। ਨਾ ਕਿਸੇ ਨਾਲ ਵੈਰ ਤੇ ਨਾ ਕਿਸੇ ਕੋਲੋਂ ਭੈ ਹੋਏ—...



Sri Satguru Jagjit Singh Ji Elibrary NamdhariElibrary@gmail.com

'ਗਿਣਤੀ ਦਾ ਕੀ ਸਵਾਲ ਭਾਵੇਂ ੫ ਕਰੋੜ ਹੋ ਜਾਣ।' ਸਤਿਗੁਰੂ ਜੀ ਉਤਰ ਦਿੱਤਾ।

'ਅੰਮ੍ਰਿਤਸਰ ਦਰਬਾਰ ਸਾਹਿਬ ਦਾ ਸਰਬ ਰਾਹ, ਪੁਜਾਰੀ ਤੇ ਹੋਰ ਲੋਕ ਆਖਦੇ ਹਨ, ਆਪ ਦਾ ਖਿਆਲ ਗੁਰਦੁਆਰਿਆਂ ਤੇ ਕਬਜ਼ਾ ਕਰਨਾ ਹੈ।'

'ਗੁਰਦੁਆਰੇ, ਗੁਰਧਾਮ ਜਾਂ ਧਰਮਸਾਲਾ ..ਧਰਮ-ਵੀਚਾਰ ਕਰਨ ਲਈ ਅਸਥਾਨ ਹਨ। ਮਿਲਕੇ ਬੈਠਕੇ ਸਤਿਸੰਗ ਕਰਨਾ ਤੇ ਨਾਮ ਬਾਣੀ ਵਲ ਚਿਤ ਲਾਉਣਾ, ਜਿਹੜਾ ਇਹਨਾਂ ਅਸਥਾਨਾ ਤੇ ਕਬਜ਼ਾ ਕਰਦਾ ਹੈ, ਉਹ ਪੂਜਾ ਦਾ ਧਾਨ ਖਾਣ ਦੀ ਇੱਛਾ ਰਖਦਾ ਹੈ। ਪੂਜਾ ਦਾ ਧਾਨ ਪਾਰਾ ਹੈ, ਜਿਹੜਾ ਵਿਹਲੇ ਬੈਠਿਆਂ ਦੇ ਹੱਡ ਗਾਲ ਦਿੰਦਾ, ਮਤ ਮਾਰਦਾ, ਈਰਖਾ ਗੁੱਸਾ ਸਿਖਾਉਂਦਾ, ਦੇਸ਼; ਧਰਮ ਤੇ ਕੌਮ ਨਾਲ ਗਦਾਰੀ ਕਰਨ ਦੀ ਸਿਖਿਆ ਦਿੰਦਾ ਹੈ। ਅਸਾਂ ਨੂੰ ਗੁਰਦੁਆਰਿਆਂ ਦੇ ਕਬਜ਼ਿਆਂ ਦੀ ਲੋੜ ਨਹੀਂ। ਹਰ ਨਾਮਧਾਰੀਏ ਦਾ ਜੀਵਨ ਮਿਸ਼ਨ ਹੈ—ਪੂਜਾ ਦੇ ਧਾਨ ਦੀ ਇੱਛਾ ਨਾ ਰਖਣੀ. ਧਰਮ-ਕਿਰਤ ਕਰਕੇ ਨਿਰਬਾਹ ਕਰਨਾ। ਧਰਮਸਾਲਾ, ਕੌਮ, ਅਤੇ ਦੇਸ਼ ਦੀ ਸੁਤੰਤਰਤਾ ਵਾਸਤੇ ਕਿਰਤਾਂ ਕਮਾਈ ਵਿਚੋਂ ਦਸਵੰਧ ਦੇਣਾ। ਪੂਜਾ ਦੇ ਧਾਨ ਨੇ ਹੀ ਤ-ਪੁਜਾਰੀਆਂ ਦੀ ਅਕਲ ਤੇ ਪੜਦਾ ਪਾਇਆ ਕਿ ਇਹਨਾਂ ਨੇ ਸਤਿਗੁਰੂ ਤੇਗ ਬਹਾਦਰ ਜੀ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਨਾ ਕਰਨ ਦਿਤੇ। ਸਾਰਾ ਸ਼ਹਿਰ ਮਲ ਲਿਆ। ਦੇਖੋ ਰਬ ਦੇ ਬੰਦਿਆਂ ਨੂੰ ਡਰ ਕਾਹਦਾ! ਪੁਜਾਰੀ ਡਰਦੇ ਹਨ, ਕਿਉਂਕਿ ਮਨ ਮੈਲੇ ਹਨ। ਤਨ ਵਿਹਲੇ ਰਹਿਕੇ ਆਲਸੀ ਤੇ ਮਨਖੱਟੂ ਹੋ ਗਏ ਹਨ। ਕਿਰਤ ਕਮਾਈ ਕਰ ਨਹੀਂ ਕਰ ਸਕਦੇ। ਹਰ ਸਮੇਂ ਦੀ ਹਕੂਮਤ ਨਾਲ ਮਿਲਕੇ ਜਗੀਰਦਾਰਾਂ ਵਾਂਗ ਦੇਸ਼ ਤੇ ਧਰਮ ਦੀ ਸੁਤੰਤਰਤਾ ਦੇ ਬੇੜੇ ਵਿਚ ਵਟੇ ਪਾਉਂਦੇ ਤੇ ਵੀਰਾਂ ਨੂੰ ਵੀਰਾਂ ਨਾਲ ਲੜਾਉਂਦੇ ਹਨ। ਭੋਲੀ ਜਨਤਾ ਨੂੰ ਬ੍ਰਹਮਨ ਵਾਂਗ ਕਈ ਭਰਮ



Sri Satguru Jagjit Singh Ji Elibrary NamdhariElibrary@gmail.com

ਪਾ, ਡਰਦੇ ਅਤੇ ਸਵਰਗ ਦਾ ਲਾਰਾ ਲਾ, ਆਪਣੇ ਵਸ ਕਰਦੇ ਹਨ—ਕਿਉਂਕਿ ਆਪ ਧਰਮ-ਕਰਮ ਤੋਂ ਦੂਰ ਹਨ......ਤੁਸੀਂ ਖੁਫ਼ੀਆ ਪੁਲੀਸ ਦੇ ਅਫਸਰ ਹੋ, ਕੀ ਇਹ ਗਲ ਠੀਕ ਨਹੀਂ।'

'ਸਤ ਹੈ ਮਹਾਰਾਜ!' ਕ੍ਰਿਸ਼ਟੀ ਨੇ ਆਖਿਆ ਤੇ ਨਾਲ ਹੀ ਕੋਲ ਬੈਠੇ ਇਨਸਪੈਕਟਰ ਨਾਰਾਇਣ ਸਿੰਘ ਵਲ ਦੇਖਿਆ। ਉਸ ਨੇ ਕ੍ਰਿਸ਼ਟੀ ਨੂੰ ਦਸਿਆ ਸੀ ਕਿ ਪੁਜਾਰੀ ਡਰਦੇ ਸਨ ਕਿ ਕੂਕਿਆਂ ਨੇ ਅੰਮ੍ਰਿਤਸਰ ਦੀ ਸਾਰੀ ਜਾਇਦਾਦ ਉਤੇ ਕਬਜ਼ਾ ਕਰ ਲੈਣਾ ਸੀ।

'ਮਹਾਰਾਜ ਜੀ.. ਆਪ ਦੇ ਬਚਨ ਸਤ ਹਨ।' ਨਰਾਇਣ ਸਿੰਘ ਬੋਲਿਆ—'ਜ਼ਰ, ਜ਼ੋਰੂ ਤੇ ਜ਼ਮੀਨ ਹੀ ਤਾਂ ਝਗੜੇ ਦਾ ਮੂਲ ਹਨ। ਸ੍ਰੀ ਦਰਬਾਰ ਸਾਹਿਬ, ਅਕਾਲ ਬੁੰਗਾ, ਅਖਾੜੇ ਤੇ ਸਾਰੀਆਂ ਧਰਮਸਾਲਾ ਸਭ ਕੁਝ ਤਾਂ ਲੋਕਾਂ ਦਾ ਹੈ। ਪੁਜਾਰੀ ਪ੍ਰਬੰਧਕ ਹਨ, ਪਰ ਇਹ ਮਾਲਕ ਬਣਕੇ ਆਪਣਾ ਘਰ, ਆਪਣੀ ਆਮਦਨ, ਆਪਣੀ ਜਾਇਦਾਦ ਬਣਾ ਕੇ ਮਨ ਆਈਆਂ ਕਰਦੇ ਹਨ। ਗਿਆਨੀ ਪੁਰਦਮਨ ਸਿੰਘ ਸ਼ਰਾਬ ਪੀਕੇ ਮਹਾਰਾਜ ਦੀ ਹਜ਼ੂਰੀ ਬੈਠਦਾ ਹੈ।'

'ਫਿਰ ਅਸੀਂ ਤਾਂ ਸੋਧਿਆਂ ਨੂੰ ਜਨਮ ਦੇ ਰਹੇ ਹਾਂ, ਜਿਹੜੇ ਪੂਜਾ ਦੇ ਧਾਨ ਤੋਂ ਦੂਰ ਰਹਿਣ, ਆਪਣੀ ਕਿਰਤ ਕਮਾਈ, ਘਰ ਬਾਹਰ ਦਾਤੇ ਕਰਤਾਰ ਦੀ ਦੇਣ ਸਮਝਣ, ਆਪਾ ਨਾ ਜਤਾਉਣ ਅਤੇ ਨਸ਼ਿਆਂ, ਚੋਰੀ ਯਾਰੀ, ਧੋਖਾ ਫਰੇਬ ਤੋਂ ਦੂਰ ਰਹਿਕੇ ਸੰਤਾਂ ਵਾਲਾ ਜੀਵਨ ਬਤੀਤ ਕਰਨ। ਕਿਸੇ ਨਾਲ ਖਾਹਮੁਖਾਹ ਝਗੜਾ ਮੁਲ ਨਾ ਲੈਣ ਇਹ ਤਾਂ ਅਕਾਲ ਪੁਰਖ ਦਾ ਸੰਤ ਖਾਲਸਾ ਹੈ—ਸਾਰੀ ਮਾਨਵਤਾ ਦਾ ਸੇਵਕ, ਸ਼ਾਂਤੀ, ਪਿਆਰ ਦਾ ਉਪਾਸ਼ਕ, ਕੂੜ-ਕੁਸੱਤ ਦੇ ਵਿਰੁਧ। ਪੁਜਾਰੀਆਂ ਨੂੰ ਆਖੋ ਡਰਨ ਨਾ, ਜੇ ਉਹਨਾਂ ਮਰਨਾ ਹੈ ਤਾਂ ਆਪਣੇ ਕੁਕਰਮਾ ਕਰਕੇ ਮਰਨਾ ਹੈ—ਨਾਮਧਾਰੀਆਂ ਕੋਲੋਂ ਕੋਈ ਖਤਰਾ ਨਹੀਂ।'



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਪਾਸੋਂ ਸਚ ਸੁਣਕੇ ਕ੍ਰਿਸ਼ਟੀ ਤੇ ਪਾਦਰ ਸਕਾਟ ਕੁਝ ਹੈਰਾਨ ਹੋਏ ਤੇ ਨਰਾਇਣ ਸਿੰਘ ਨੂੰ ਨਾਲ ਲੈਕੇ ਸਤਿਗੁਰੂ ਜੀ ਨੂੰ ਨਿਮਸ਼ਕਾਰ ਕਰਕੇ ਤੁਰ ਗਏ। ਵੈਸੇ ਨਰਾਇਣ ਸਿੰਘ ਦੀ ਡਿਊਟੀ ਸਤਿਗੁਰੂ ਜੀ ਦੇ ਕੋਲ ਰਹਿਣ ਦੀ ਸੀ।

੧੫ ਅਕਤੂਬਰ ਤੋਂ ੨੬ ਅਕਤੂਬਰ ਤਕ ਦੀਵਾਨ ਹੁੰਦਾ ਰਿਹਾ। ਸਤਿਗੁਰੂ ਜੀ ਉਪਦੇਸ਼ ਕਰਦ ਰਹੇ। ਰਾਗੀ ਆਸਾ ਦੀ ਵਾਰ ਲਾਉਂਦੇ ਤੇ ਸੰਗਤ ਹੱਲੇ ਦੇ ਸ਼ਬਦ ਪੜ੍ਹਦੀ ਰਹੀ। ਲਗ ਪਗ ਦੋ ਹਜ਼ਾਰ ਪ੍ਰਾਣੀ ਨਾਮਧਾਰੀ ਲਹਿਰ ਵਿਚ ਨਵੇਂ ਸ਼ਾਮਲ ਹੋਏ, ਜਿਨ੍ਹਾਂ ਨੇ ਕਠਣ ਮਰਯਾਦਾ ਪਰ ਚਲਣ ਦੀ ਪ੍ਰਤੱਗਿਆ ਕੀਤੀ। ਨਾਮਧਾਰੀ ਨਗਰ ਵਿਚ ਅੱਠ-ਨੌਂ ਹਜ਼ਾਰ ਦੀ ਗਿਣਤੀ ਵਿਚ ਸੰਗਤ ਇੱਕਠੀ ਰਹੀ।

ਆਪਣੇ ੨੨ ਸੂਬਿਆਂ ਤੇ ਕੁਝ ਸ਼ਰਧਾਲੂਆਂ ਸਮੇਤ ਸਤਿਗੁਰੂ ਜੀ ਸ੍ਰੀ ਦਰਬਾਰ ਸਾਹਿਬ ਦਰਸ਼ਨਾਂ ਵਾਸਤੇ ਗਏ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਪੁਜਾਰੀਆਂ ਨੇ ਦੇਗ ਦਾ ਅਰਦਾਸਾ ਕਰ ਦਿੱਤਾ। ਪਰ ਜਦੋਂ ਅਕਾਲ ਤਖਤ ਸਾਹਿਬ ਪੁੱਜੇ ਤਾਂ ਉਥੋਂ ਦੇ ਪੁਜਾਰੀਆਂ ਨੇ ਅਰਦਾਸ ਕਰਨ ਤੋਂ ਨਾਂਹ ਕਰ ਦਿੱਤੀ। 'ਤੁਸੀਂ ਖਾਲਸਾਈ ਮਰਯਾਦਾ ਦੇ ਉਲਟ ਚਲ ਰਹੇ ਹੋ। ਅਰਦਾਸ ਨਹੀਂ ਹੋ ਸਕਦੀ।'

'ਸ੍ਰੀ ਮਾਨ ਜੀ ! ਤੁਸੀਂ ਨਹੀਂ ਬੋਲ ਰਹੇ, ਫਰੰਗੀ ਸਰਕਾਰ ਬੋਲ ਰਹੀ ਹੈ ਤੁਸਾਂ ਦੇ ਪਾਪ ਬੋਲ ਰਹੇ ਹਨ।' ਸੂਬੇ ਸਾਹਿਬ ਸਿੰਘ ਨੇ ਪੁਜਾਰੀ ਨੂੰ ਉਤਰ ਦਿੱਤਾ।

'ਨਾ ਭਾਈ ਕੌੜਾ ਬਚਨ ਨਹੀਂ ਕਰਨਾ...ਹੇਠਾਂ ਚਲਕੇ ਆਪ ਅਰਦਾਸ ਕਰ ਲੈਂਦੇ ਹਾਂ।' ਸ਼ਾਂਤੀ ਪੁੰਜ ਸਤਿਗੁਰੂ ਜੀ ਬੋਲ।

ਅਕਾਲ ਤਖਤ ਸਾਹਿਬ ਤੋਂ ਹੇਠਾਂ ਆ ਕੇ ਅਕਾਲ ਤਖਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਡਿਉੜੀ ਦੇ ਵਿਚਾਲੇ ਖੁਲ੍ਹੇ ਦਲਾਨ ਵਿਚ ਖਲੋਕੇ ਸਤਿਗੁਰੂ ਜੀ ਨੇ ਆਪ ਅਰਦਾਸ



Sri Satguru Jagjit Singh Ji Elibrary NamdhariElibrary@gmail.com

ਕੀਤੀ ਤੇ ਦੇਗ ਵਰਤਾ ਦਿੱਤੀ। ਪਰਕਰਮਾ ਕਰਕੇ ਸ਼ਬਦ—ਚੌਂਕੀ ਕਰਦੇ ਹੋਏ ਮੁੜ ਆਪਣੇ ਕੈਂਪ ਵਿਚ ਆ ਗਏ।

ਵਡਾ ਦੀਵਾਨ ਸਜਿਆ, ਅੰਮ੍ਰਿਤ ਦੀ ਦਾਤ ਵੰਡੀ ਜਾਣ ਲੱਗੀ। ਅਨੇਕਾਂ ਇਸਤ੍ਰੀ ਪੁਰਖਾਂ ਨੇ ਅੰਮ੍ਰਿਤ ਪਾਨ ਕੀਤਾ ਤੇ ਅਗਲਾ ਪ੍ਰੋਗ੍ਰਾਮ ਸ ਤਗੁਰੂ ਜੀ ਪਾਸੋਂ ਸਰਵਨ ਕੀਤਾ। ਇਸ ਸਮਾਗਮ ਉਤੇ ਕਈ ਐਸੇ ਪਾਪੀ, ਕੁਕਰਮੀ ਤੇ ਸਰਕਾਰੀਏ ਸਤਿਗੁਰੂ ਜੀ ਦੇ ਚਰਨੀ ਲਗੇ, ਜਿਨ੍ਹਾਂ ਦੀ ਕੋਈ ਆਸ ਨਹੀਂ ਸੀ ਕਿ ਚੰਗਾ ਜੀਵਨ ਪ੍ਰਾਪਤ ਕਰਨ ਦੀ ਕਦੀ ਇੱਛਾ ਕਰਨਗੇ।

ਥਾਨਾ ਚਗਾਵਾਂ—ਲੋਪੋਕੇ ਦੇ ਬਾਹਰੇ ਦੀ ਸੰਗਤ ਨੇ ਦੇਖਿਆ, ਸਿਰ ਦੇ ਵਾਲ ਖੁਲ੍ਹੇ, ਪਗ ਦਾ ਪਤਾ ਨਹੀਂ, ਕੁੜਤਾ ਪਾਟਾ ਹੋਇਆ ਮੰਦੀ ਦਸ਼ਾ ਵਿਚ ਭੌੜੀ ਦੇ ਆਸਰੇ ਤੁਰਦਾ ਹੋਇਆ ਕਿਲ੍ਹਾ ਜਗਤ ਸਿੰਘ ਦਾ ਸਰਦਾਰ ਬੇਲਾ ਸਿੰਘ ਅਗੇ ਆਇਆ। ਉਹ ਅਗੇ ਵਧਦਾ ਵਧਦਾ ਸਤਿਗੁਰੂ ਜੀ ਦੇ ਆਸਨ ਦੇ ਕੋਲ ਜਾ ਕੇ ਡੰਡਵਤ ਲੰਮਾ ਪੈ ਗਿਆ। ਉਪਰ ਸਿਰ ਚੁਕ ਕੇ ਡਡਿਆ ਕੇ ਬੋਲਿਆ—

'ਮਹਾਰਾਜ ਜੀ! ਮੈਂ ਪਾਪੀ..... ਸ਼ਰਾਬੀ! ਮੈਨੂੰ ਚਰਨੀ ਲਾਓ.. ਮੈਂ ਅਗੇ ਨੂੰ ਕੰਨ ਫੜਦਾ ਹਾਂ ਕਿਸੇ ਕੂਕੇ ਨੂੰ ਕੁਝ ਨਹੀਂ ਆਖਾਂਗਾ...। ਬਚਾਉ...ਮੈਂ ਆਪ ਦੇ ਸੇਵਕਾਂ ਨੂੰ ਬਹੁਤ ਤੰਗ ਕੀਤਾ...ਮੇਰੀ ਲਤ ਟੁਟ ਗਈ।...ਬਚਾਉ... ਮੈਂ ਪਾਗਲ ਹੋ ਗਿਆ ਆਪ ਦੇ ਦਰਬਾਰ ਵਿਚ ਆਇਆਂ ਹੋਸ਼ ਆ ਗਈ।'

ਸਤਿਗੁਰੂ ਜੀ ਨੇ ਬੇਲਾ ਸਿੰਘ ਦੇ ਸਿਰ ਉਤੇ ਹੱਥ ਰਖਕੇ ਉਸ ਨੂੰ ਬਖਸ਼ ਦਿੱਤਾ। ਉਸ ਨੇ ਅੰਮ੍ਰਿਤ ਪਾਨ ਕੀਤਾ।

ਏਸੇ ਤਰ੍ਹਾਂ ਭਾਈ ਨੈਨਾ ਸਿੰਘ ਵਿਰਆਹ ਨਗਰ ਥਮਨਾ ਸਿਰਹਾਲੀ, ਭਗਵਾਨ ਸਿੰਘ ਫਤੇਵਾਲ, ਨੰਬਰਦਾਰ ਮਹਿਤਾਬ ਸਿੰਘ ਉਦੋਕੇ ਆਦਿਕ ਸਤਿਗੁਰੂ ਜੀ ਦੀ ਚਰਨੀ ਲਗੇ ਤੇ ਸਦਾ ਵਾਸਤੇ ਸਤਿਗੁਰੂ ਜੀ ਦੇ ਹੋ ਗਏ।



Sri Satguru Jagjit Singh Ji Elibrary NamdhariElibrary@gmail.com

ਅੰਮ੍ਰਿਤਸਰ ਵਿਚ ਭਾਈ ਅਤਰ ਸਿੰਘ ਲੋਟਾ, ਰਘਬੀਰ ਸਿੰਘ, ਲਾਲ ਸਿੰਘ ਆਦਿਕ ਦੀ ਪ੍ਰੇਰਨਾ ਨਾਲ ਬਹੁਤ ਸਾਰੇ ਹਿੰਦੂ ਤੇ ਸਿੱਖ ਨਾਮਧਾਰੀ ਬਣੇ। ਜਿਨ੍ਹਾਂ ਨੇ ਅਪਣਾ ਜੀਵਨ ਗੁਰੂ ਲਖ ਲਾਉਣ ਦੀ ਪ੍ਰਤਗਿਆ ਕੀਤੀ।

ਨਿਧੜਕ ਨੌਜਵਾਨ ਅਤਰ ਸਿੰਘ ਲੋਟਾ ਭਾਈ ਅਜੀਤ ਸਿੰਘ ਦਾ ਸਪੁਤਰ ਸੀ ਅਤੇ ਭਾਈ ਅਜੀਤ ਸਿੰਘ ਸ੍ਰੀ ਦਰਬਾਰ ਸਾਹਿਬ ਪ੍ਰੇਮ-ਸੇਵਾ ਨਾਲ ਕੀਰਤਨ ਕਰਦਾ ਸੀ। ਗਿਆਨੀ ਪੁਰਦੁਮਨ ਸਿੰਘ ਅਤੇ ਪੁਜਾਰੀਆਂ ਨਾਲ ਚੰਗਾ ਬੋਲ ਚਾਲ ਸੀ। ਦੀਵਾਲੀ ਦਾ ਪੁਰਬ ਲੰਘ ਗਿਆ। ਬਾਹਰੋਂ ਆਏ ਸਾਰੇ ਚਲੇ ਗਏ ਤਾਂ ਪੁਜਾਰੀ, ਗਰੰਥੀ, ਸੇਵਾਦਾਰ ਜਾਂ ਸਥਾਨਿਕ ਵਾਸੀ ਰਹੇ ਗਏ ਤਾਂ ਗਿਆਨੀ ਪੁਰਦੁਮਨ ਸਿੰਘ ਨੇ ਭਾਈ ਅਜੀਤ ਸਿੰਘ ਨੂੰ ਰੋਕਿਆ ਤੇ ਪਰਕਰਮਾ ਵਿਚ ਇਕਾਂਤ ਬਿਠਾ ਕੇ ਆਖਿਆ, 'ਭਾਈ ਜੀ! ਬੇਨਤੀ ਕਰਨੀ ਹੈ ਜੋ ਤੁਸਾਂ ਦੇ ਭਲੇ ਦੀ ਹੈ।'

'ਮੇਰੇ ਧੰਨ ਭਾਗ! ਹੁਕਮ ਕਰੋ।' ਭਾਈ ਅਜੀਤ ਸਿੰਘ ਨੇ ਅਗੋਂ ਹੱਥ ਜੋੜਕੇ ਆਖਿਆ ਉਹਨਾਂ ਦਾ ਸੁਭਾ ਨਿਰਮਾਣਤਾ ਵਾਲਾ ਸੀ।

'ਤੁਸਾਂ ਦਾ ਲੜਕਾ ਅਤਰ ਸਿੰਘ.. ਕੁਝ ਕੁਰਾਹੇ ਤੁਰ ਪਿਆ ਹੈ। ਉਹ ਖਿਲਾਂ ਦੀ ਖਖਰ ਨੂੰ ਹੱਥ ਪਾ ਰਿਹਾ ਹੈ।' ਗਿਆਨੀ ਹੁਰਾਂ ਮਤਲਬ ਦੀ ਗਲ ਸ਼ੁਰੂ ਕੀਤੀ।

'ਸਪਸ਼ਟ ਗਲ ਕੀ ਹੈ ਗਿਆਨੀ ਜੀ?'

'ਭਾਈ ਜੀ! ਮੇਰਾ ਤੁਸਾਂ ਨਾਲ ਸਕੇ ਭਰਾਵਾਂ ਵਾਲਾ ਸਬੰਧ ਹੈ। ਹਮਦਰਦੀ ਹੈ ਪਿਆਰ ਹੈ...ਤੁਸੀਂ ਕਾਕੇ ਅਤਰ ਸਿੰਘ ਨੂੰ ਕੂਕਿਆਂ ਨਾਲ ਫਿਰਨੋ ਰੋਕੋ...ਜਾਣਦੇ ਨੇ ਕੂਕੇ ਮਨ-ਮਤੀਏ ਹਨ...ਪੰਥ ਖਾਲਸਾ ਦੀ ਮਰਜਾਦਾ ਦੇ ਉਲਟ ਚਲਦੇ ਹਨ—ਸਰਕਾਰ ਦੇ ਵਿਰੁਧ ਆਪਣੀ ਸਰਕਾਰ ਬਣਾਈ ਬੈਠੇ ਹਨ। ਸਵਰਾਜ ਦਾ ਝੰਡਾ ਤੇ ਨਗਾਰਾ ਤਿਆਰ ਕਰ ਲਿਆ। ਅਨਪੜ੍ਹ



Sri Satguru Jagjit Singh Ji Elibrary NamdhariElibrary@gmail.com

ਤੇ ਭੁਲੜ ਲੋਕਾਂ ਨੂੰ ਪਿਛੇ ਲਾ ਲਿਆ ਸੁਣਿਆ ਹੈ, ਨਪਾਲ ਤੇ ਕਸ਼ਮੀਰ ਦੇ ਮਹਾਰਾਜਿਆਂ ਨਾਲ ਵੀ ਗੰਢ-ਤੁਪ ਕਰ ਰਹੇ ਹਨ... ਹੈਨ ਭਲਾ ਕੀ ? ਆਟੇ ਵਿਚ ਲੂਨ ? ਜੇ ਖਾਲਸਾ ਫੌਜ ਫਰੰਗੀ ਦਾ ਮੁਕਾਬਲਾ ਨਹੀਂ ਕਰ ਸਕੀ ਤਾਂ ਇਹ ਮੁਠੀ ਭਰ ਬੇ-ਹਥਿਆਰੇ ਕੂਕੇ ਕੀ ਕਰ ਲੈਣਗੇ ? ਬੰਦੇ ਮਰਵਾਉਣ ਉਜਾੜਨ ਤੇ ਸੁਖੀ ਵਸਦੇ ਦੇਸ਼ ਵਿਚ ਗੜਬੜ ਕਰਨ ਦੇ ਸੁਫਨੇ ਹਨ...ਅਤਰ ਸਿੰਘ ਡਿਪਟੀ ਕਮਿਸ਼ਨਰ ਤੇ ਪੁਲਸ ਕਪਤਾਨ ਦੀ ਨਿਗਾਹ ਵਿਚ ਆ ਗਿਆ। ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਸ: ਮੰਗਲ ਸਿੰਘ ਜੀ ਨੇ ਵੀ ਆਖਿਆ ਹੈ ਕਿ ਅਤਰ ਸਿੰਘ ਨੂੰ ਰੋਕਿਆ ਜਾਏ। ਦੇਵਾ ਸਿੰਘ ਸੰਤ ਨਾਲ ਮਿਲਕੇ ਰਾਤ ਨੂੰ ਇਕੱਠ ਕਰਦਾ, ਸਰਕਾਰ ਵਿਰੁਧ ਗਲਾਂ ਕਰਦਾ ਤੇ ਹਿੰਦੂਆਂ ਨੂੰ ਚੁਕ ਕੇ ਮੁਸਲਮਾਨਾਂ ਦੇ ਗਲ ਪਵਾਉਣਾ ਚਾਹੁੰਦਾ ਹੈ...ਸਭ ਖਬਰਾਂ ਸਰਕਾਰ ਤਕ ਪੁੱਜ ਰਹੀਆਂ ਹਨ। ਜਿਹੜੇ ਇਕਠਾਂ ਵਿਚ ਸ਼ਾਮਲ ਹੁੰਦੇ ਹਨ, ਉਹੋ ਹੀ ਕੋਤਵਾਲੀ ਪਹੁੰਚ ਜਾਂਦੇ ਹਨ।...ਮੁਸਲਮਾਨ ਦੀ ਸਰਕਾਰ ਮਦਦ ਕਰ ਰਹੀ ਹੈ। ਗਿਣਤੀ ਵੀ ਮੁਸਲਮਾਨਾਂ ਦੀ ਹਿੰਦੂ ਸਿਖਾਂ ਨਾਲੋਂ ਬਹੁਤੀ ਹੈ। ਮਾਮਲਾ ਗੰਭੀਰ ਹੈ, ਦੇਖੋ ਕਲ ਨੂੰ ਕਿਸੇ ਤਰ੍ਹਾਂ ਦੀ ਤੁਸਾਂ ਨੂੰ ਤਕਲੀਫ ਹੋਏ ਤਾਂ ਫਿਰ ਵੀ ਅਸਾਂ ਨੂੰ ਦੁੱਖ ਹੋਣਾ ਹੈ।'

ਭਾਈ ਅਜੀਤ ਸਿੰਘ ਧਿਆਨ ਨਾਲ ਸਾਰੀ ਗਲ ਸੁਣੀ। ਉਹ ਗਿਆਨੀ ਪਰਦੁਮਨ ਸਿੰਘ ਦੀਆਂ ਕਮਜ਼ੋਰੀਆਂ ਤੋਂ ਜਾਣੂ ਸੀ। ਆਪਣੇ ਪੁੱਤਰ ਅਤਰ ਸਿੰਘ ਨੂੰ ਸਮਝਾ ਚੁਕਿਆ ਸੀ—ਪਰ ਅਤਰ ਸਿੰਘ ਦੀਆਂ ਦਿਤੀਆਂ ਦਲੀਆਂ ਨੂੰ ਕਟ ਨਹੀਂ ਸੀ ਸਕਿਆ। ਉਹ ਆਪ ਵੀ ਦਿਲੋਂ ਕੂਕਾ ਲਹਿਰ ਦਾ ਹਮਾਇਤੀ ਬਣ ਗਿਆ ਸੀ। ਉਸ ਨੂੰ ਮੁਰਦਾ ਹੋਈ ਕੌਮ ਸੁਰਜੀਤ ਹੁੰਦੀ ਨਜ਼ਰ ਆ ਰਹੀ ਸੀ।

'ਗਿਆਨੀ ਜੀ ! ਆਪ ਦੀ ਬੜੀ ਮੇਹਰਬਾਨੀ, ਵੇਲੇ ਸਿਰ ਮੁੰਡੇ ਵਲ ਧਿਆਨ ਦਵਾਇਆ ਜੇ। ਮੈਂ ਸਮਝਾਵਾਂਗਾ।' ਭਾਈ



Sri Satguru Jagjit Singh Ji Elibrary NamdhariElibrary@gmail.com

ਅਜੀਤ ਸਿੰਘ ਨੇ ਆਖਿਆ।

'ਤੁਸਾਂ ਇਕ ਵਾਰ ਸ: ਮੰਗਲ ਸਿੰਘ ਨੂੰ ਬੁੰਗੇ ਜਾ ਕੇ ਜ਼ਰੂਰ ਮਿਲਣਾ। ਉਹਨਾਂ ਵੀ ਮਿਲਣ ਲਈ ਆਖਿਆ ਹੈ,।'

'ਸਤਿ ਬਚਨ ਗਿਆਨੀ ਜੀ!' ਭਾਈ ਅਜੀਤ ਸਿੰਘ ਨੇ ਉਤਰ ਦਿੱਤਾ। ਨਾਲ ਹੀ ਬੇਨਤੀ ਕੀਤੀ—'ਕਿਰਤ ਕਰਨ ਦਾ ਵੇਲਾ ਹੋ ਗਿਆ, ਛੁਟੀ ਬਖਸ਼ੋ।'

ਦੋਹਾਂ ਨੇ ਇਕ ਦੂਸਰੇ ਨੂੰ ਗੁਰ ਫਤਿਹ ਬੁਲਾਈ ਤੇ ਆਪੋ ਆਪਣੇ ਰਾਹ ਤੁਰੇ।



Sri Satguru Jagjit Singh Ji Elibrary NamdhariElibrary@gmail.com

# ਚਵੀ

ਚੁ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ ॥
ਹਲਾਲਸਤ ਬੁਰਦਨ ਬਸ਼ਮਸ਼ੀਰ ਦਸਤ ॥

(ਜ਼ਫ਼ਰ ਨਾਮਹ)

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦਾ ਸ਼ਰਧਾਲੂ ਚੇਲਾ ਸੰਤ ਦੇਵਾ ਸਿੰਘ ਅਣਖ, ਧਰਮ ਤੇ ਵਤਨ ਨਾਲ ਪਿਆਰ ਕਰਨ ਵਾਲਾ ਜੋਸ਼ੀਲਾ ਪੁਰਖ ਸੀ। ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਗਊ ਦੀ ਹੱਡੀ ਪਈ ਦੇਖੀ ਜਿਹੜੀ ਕਿਸੇ ਇਲ ਜਾਂ ਗਿਲਜ਼ ਦੀ ਚੁੰਜੋਂ ਡਿਗੀ ਸੀ। ਬਾਜ਼ਾਰ ਵਿਚ ਕੁੱਤੇ ਵੀ ਹੱਡੀਆਂ ਚੁੱਕੀ ਫਿਰਿਆ ਕਰਦੇ ਸਨ।

ਉਸ ਹੱਡੀ ਨੂੰ ਚੁਕ ਕੇ ਉਸ ਨੇ ਸੰਗਤ ਅਗੇ ਜਾ ਰਖਿਆ ਤੇ ਆਖਿਆ—'ਸਬਰ ਦਾ ਬੰਨ੍ਹ ਟੁਟ ਗਿਆ। ਹੁਣ ਪਾਣੀ ਸਿਰ ਉੱਤੋਂ ਦੀ ਲੰਘਣ ਤੇ ਆ ਗਿਆ। ਇਹ ਗਊ ਦੀ ਲਹੂ ਲਿਬੜੀ ਹੱਡੀ ਮੈਂ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚੋਂ ਚੁੱਕੀ ਹੈ।...ਬੇਨਤੀਆਂ, ਦਰਖਾਸਤਾਂ, ਮਕਦਮਿਆਂ ਆਦਿਕ ਦੇ ਸਾਰੇ ਹੀਲੇ ਵਸੀਲੇ ਵਰਤਕੇ ਰਹੇ ਗਏ। ਫਰੰਗੀ ਸਰਕਾਰ ਨੇ ਸਾਫ



Sri Satguru Jagjit Singh Ji Elibrary NamdhariElibrary@gmail.com

ਆਖਿਆ ਹੈ ਕਿ ੧੮੪੬ ਦਾ ਸਮਝੌਤਾ ਦਲੀਪ ਸਿੰਘ ਦੇ ਰਾਜ ਤਕ ਸੀ। ਰਾਜ ਗਿਆ ਸਮਝੌਤਾ ਗਿਆ. ਮੋਟਾ ਮਾਸ ਅੰਮ੍ਰਿਤਸਰ ਵਿਚ ਵਿਕੇਗਾ। ਬੁਚੜ-ਖਾਨਾ ਖੁਲ੍ਹਾ ਰਹੇਗਾ, ਬੁਚੜ ਖਾਨਾ ਕਦੀ ਬੰਦ ਨਹੀਂ ਹੋਏਗਾ ਇਸ ਦਾ ਮਤਲਬ ਸਿਧਾ ਕਿ ਹਿੰਦੂ ਤੇ ਸਿਖਾਂ ਦੀ ਧਾਰਮਿਕ ਮਰਯ ਦਾ ਤੇ ਸਿਧਾ ਹਮਲਾ ਹੈ। ਸਤਿਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਕਿ ਜਦੋਂ ਕਿਸੇ ਝਗੜੇ ਨੂੰ ਗਲਬਾਤ ਰਾਹੀਂ ਨਜਿਠਣਾ ਅਸੰਭਵ ਹੋਏ ਤਾਂ ਤਲਵਾਰ ਚੁੱਕਣੀ ਹੱਕ ਹੈ।...ਆਉ ਹਿੰਦੂ ਤੇ ਸਿਖੋ ..ਕੁਰਬਾਨੀ ਦੇ ਕੇ ਗਊ-ਹਤਿਆ ਰੋਕੋ। ਸਤਿਗੁਰੂ ਰਾਮਦਾਸ ਦੀ ਨਗਰੀ ਨੂੰ ਆਪਣੇ ਲਹੂ ਨਾਲ ਪਵਿਤਰ ਕਰੋ.. ਬਾਬਾ ਦੀਪ ਸਿੰਘ ਜੀ ਵਰਗੀ ਹਿੰਮਤ ਕਰਨੀ ਪਵੇਗੀ...।'

ਸੰਤ ਦੇਵਾ ਸਿੰਘ ਨੇ ਅੰਦਰੋਂ ਬਾਹਰੋਂ ਹੋਕੇ ਭਾਸ਼ਨ ਦਿੱਤਾ। ਉਸ ਦਾ ਅਸਰ ਸੰਗਤਾਂ ਦੇ ਮਨ ਉਤੇ ਚੰਗਾ ਪਿਆ। ਕਈਆਂ ਦੇ ਨੇਤਰ ਲਾਲ ਹੋਏ ਤੇ ਕਿਸੇ ਦੇ ਨੇਤਰਾਂ ਵਿਚ ਜਲ ਆ ਗਿਆ।

ਦੇਵਾ ਸਿੰਘ ਹੱਡੀ ਲੈਕੇ ਸ੍ਰੀ ਦਰਬਾਰ ਸਾਹਿਬ ਵਿਚੋਂ ਬਾਹਰ ਆ ਗਿਆ ਤੇ ਅਤਰ ਸਿੰਘ ਲੋਟਾ ਨੂੰ ਮਿਲਿਆ। ਰਾਤ ਨੂੰ ਹਿੰਦੂ-ਸਿਖ ਗਭਰੂ ਇਕਠੇ ਕੀਤੇ। 'ਬੇਸ਼ਕ ਫਸਾਦ ਹੋ ਜਾਏ ਹਿੰਦੂ ਮਹੱਲਿਆਂ ਵਿਚ ਜਿਹੜਾ ਗਊ ਮਾਸ ਲੈਕੇ ਵੇਚਣ ਆਏ, ਉਸਨੂੰ ਕੁਟ ਕਢੋ। ਵਿਗੜਿਆਂ ਦਾ ਪੀਰ ਡੰਡਾ ਹੈ।'

'ਪਹਿਲਾ ਕਦਮ ਇਹ ਚੁਕਿਆ ਕਿ ਮੁਸਲਮਾਨਾਂ ਨਾਲ ਵਾਪਾਰ ਕਰਨਾ ਬੰਦ ਕਰ ਦਿੱਤਾ ਤੇ ਨਿਰਜਲਾ ਇਕਾਦਸ਼ੀ ਵਾਲ ਦਿਨ ਮੁਸਲਮਾਨ ਘੁਮਿਆਰਾਂ ਕੋਲੋਂ ਭਾਂਡੇ ਨਾ ਖਰੀਦੇ। ਉਹਨਾਂ ਦਾ ਕਾਰੋਬਾਰ ਬੰਦ ਹੋ ਗਿਆ। ਕਸੇਰਿਆਂ ਵਾਲੇ ਬਾਜ਼ਾਰ ਦੇ ਭਾਂਡੇ ਵੇਚਣ ਵਾਲਿਆਂ ਕਲੋਂ ਪਿਤਲ ਤੇ ਕੈਂਹ ਦੇ ਭਾਂਡੇ ਨਾ ਖਰੀਦਨ ਦਾ ਪੂਰਾ ਬਾਈਕਾਟ ਕੀਤਾ।'

ਨੌਜਵਾਨਾਂ ਦਾ ਫੈਸਲਾ ਸ਼ਹਿਰ ਦੇ ਹਿੰਦੂ ਸਿਖਾਂ ਨੇ



Sri Satguru Jagjit Singh Ji Elibrary NamdhariElibrary@gmail.com

ਮੰਨਿਆ । ਸਰਕਾਰ ਤਕ ਇਸ ਫੈਸਲੇ ਦੀ ਖਬਰ ਹੋਈ ਕਮਿਸ਼ਨਰ ਆਇਆ ਉਸ ਨੇ ਸਰਕਾਰੀ ਵਫ਼ਾਦਾਰਾਂ ਨੂੰ ਟਾਉਨ ਹਾਲ ਵਿਚ ਸਦਕੇ ਕਿਹਾ, 'ਮੁਸਲਮਾਨਾਂ ਦਾ ਵਾਪਾਰਿਕ ਬਾਈਕਾਟ ਕਰਨਾ...ਖਤਰੇ ਨੂੰ ਵਾਜ਼ ਦੇਣਾ ਹੈ।'

ਉਸ ਵੇਲੇ ਸ਼ਹਿਰ ਦੇ ਹਿੰਦੂ ਸਿਖਾਂ ਵਿਚ ਗਿ: ਪੁਰਦੁਮਨ ਸਿੰਘ, ਮੰਗਲ ਸਿੰਘ ਹਰਚਰਨ ਦਾਸ ਹੀ ਸਨ। ਜਿਹੜੇ ਅਗੇ ਹੋਕੇ ਗਲ ਕਰਦੇ, ਬਾਕੀ ਜਨਤਾ ਗਰੀਬ ਤੇ ਸਧਾਰਨ ਤੇ ਦੁਕਾਨਦਾਰ ਅਤੇ ਮਿਹਨਤੀ ਸਨ। ਪਰ ਗਿਆਨੀ ਪੁਰਦੁਮਨ ਸਿੰਘ ਸ੍ਰੀ ਦਰਬਾਰ ਸਾਹਿਬ ਸ਼ਰਾਬ ਪੀ ਕੇ ਬੈਠਦੇ ਤੇ ਨੀਵੇਂ ਇਖਲਾਕ ਦੇ ਸਨ। ਸਿਖ ਉਹਨਾਂ ਨੂੰ ਨਫਰਤ ਦੀ ਨਿਗਾਹ ਨਾਲ ਦੇਖਦੇ ਸਨ।

ਮੰਗਲ ਸਿੰਘ ਤੇ ਪੁਰਦੁਮਨ ਸਿੰਘ ਨੇ ਸੰਤ ਦੇਵਾ ਸਿੰਘ ਵਿਰੁਧ ਪੁਲੀਸ ਦੇ ਪ੍ਰਚਾ ਦੇ ਦਿਤਾ। ਅਦਾਲਤ ਨੇ ਦੇਵਾ ਸਿੰਘ ਨੂੰ ਕੈਦ ਕਰ ਦਿੱਤਾ।

ਦੇਵਾ ਸਿੰਘ ਦਾ ਮਕਦਮਾ ਸਿਰੇ ਚੜ੍ਹਾ ਕੇ ੨੨ ਹਿੰਦੂ ਗਭਰੂਆਂ ਤੇ ਹੋਰ ਮਕਦਮਾ ਤਿਆਰ ਕੀਤਾ ਗਿਆ। ਸ੍ਰੀ ਦਰਬਾਰ ਸਾਹਿਬ ਤੇ ਅਕਾਲ ਬੁੰਗੇ ਦੇ ਪ੍ਰਬੰਧਕ ਹੀ ਬੁਚੜ ਖਾਨੇ ਅਤੇ ਗਲੀ ਗਲੀ ਗਊ-ਮਾਸ ਵਿਕਣ ਦੇ ਹੱਕ ਵਿਚ ਹੋ ਗਏ। ਮੁਸਲ-ਮਾਨ ਬਕਰੇ ਦੇ ਮਾਸ ਵਿਚ ਗਊ ਮਾਸ ਮਿਲਾ ਕੇ ਹਿੰਦੂ ਮਹੱਲਿਆਂ ਵਿਚ ਵੰਡਣ ਲਗੇ—ਕਿਉਂਕਿ ਬਹੁਤੇ ਹਿੰਦੂ ਹਲਾਲ ਖਾਣ ਦੇ ਆਦੀ ਸਨ। ਆਪਣੇ ਹੀ ਆਪਣਿਆਂ ਦੇ ਦੁਸ਼ਮਨ ਬਣ ਗਏ। ਗੁਲਾਮੀ ਨੇ ਐਸੀ ਬੁਧ ਭ੍ਰਿਸ਼ਟ ਕੀਤੀ। ਧਰਮ ਨਾਲੋਂ ਉਹਨਾਂ ਨੂੰ ਜਾਨ ਪਿਆਰੀ ਸੀ, ਮਾਯਾ ਪਿਆਰੀ ਸੀ। ਜਿਨ੍ਹਾਂ ਰਾਜ ਕੀਤਾ ਸੀ, ਉਹ ਫਰੰਗੀ ਦੇ ਬੂਟ ਸਾਫ ਕਰਨ ਵਿਚ ਹੀ ਆਪਣੇ ਆਪ ਨੂੰ ਉਚਾ ਸਮਝਦੇ ਸਨ। ਕਈ ਨੌਜਵਾਨ ਅਗੇ ਪਿਛੇ ਹੋ ਗਏ। ਗਊ-ਹਤਿਆ ਨੂੰ ਰੋਕਣ ਲਈ ਜੋਸ਼ ਆ ਗਿਆ। ਬਹੁਤੇ ਜੋਸ਼ ਵਿਚ ਆਏ ਕੂਕੇ . ਜਿਨ੍ਹਾਂ ਨੇ ਗਊ ਗਰੀਬ ਦੀ ਰਖਿਆ ਵਾਸਤੇ



Sri Satguru Jagjit Singh Ji Elibrary NamdhariElibrary@gmail.com

ਆਪਾ ਵਾਰਨ ਦਾ ਬਚਨ ਦਿੱਤਾ ਸੀ। ਸਤਿਗੁਰੂ ਜੀ ਦੇ ਉਪਦੇਸ਼ ਮਨ ਬੁਧੀ ਤੇ ਆਤਮਾ ਵਿਚ ਰਚ-ਮਿਚ ਗਏ ਸਨ। ਮੌਤ ਦਾ ਭੈ ਦੂਰ ਹੋ ਗਿਆ ਸੀ। ਕੁਝ ਕਰਨ ਨੂੰ ਕਾਹਲੇ ਸਨ।

ਭਾਈ ਲਾਲੋ ਦੀ ਬੰਸ ਵਿਚੋਂ ਧਰਮ-ਕਿਰਤ ਕਰਨ ਵਾਲਾ ਬਾਬਾ ਲਹਿਣਾ ਸਿੰਘ ਨਾਮਧਾਰੀ ਸੂਬਾ ਸੀ। ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀ ਆਪ ਉਤੇ ਬਹੁਤ ਕ੍ਰਿਪਾ ਦ੍ਰਿਸ਼ਟੀ ਸੀ। ਉਸ ਦੇ ਘਰ ਜੋਸ਼ੀਲ ਪੁਰਖਾਂ ਨੇ ਇਕ ਇਕਤ੍ਰਤਾ ਕੀਤੀ।

'ਬੁਚੜਾਂ ਨੂੰ ਸੋਧਣ ਤੋਂ ਬਿਨਾਂ ਜ਼ਿਲੇ ਦੇ ਹਾਕਮਾਂ ਨੇ ਗੁਰੂ ਕੀ ਨਗਰੀ ਦੀ ਪਵਿਤ੍ਰਤਾ ਵਲ ਧਿਆਨ ਨਹੀਂ ਦੇਣਾ। ਆਉ.. ਜਿਨ੍ਹਾਂ ਨੇ ਆਪਣੇ ਤਨ ਮਨ ਪਵਿਤ੍ਰ ਤੇ ਜੀਵਨ ਸਫਲ ਕਰਨਾ ਹੈ...ਤਿਆਰ ਹੋ। ਦੇਗ ਦੇ ਨਾਲ ਹੁਣ ਤੇਗ ਉਤੇ ਹੱਥ ਰਖਣ ਦੀ ਲੋੜ ਹੈ।' ਅਤਰ ਸਿੰਘ ਲੋਟਾ ਨੇ ਮਤਾ ਪੇਸ਼ ਕੀਤਾ।

'ਇਹੋ ਹੀ ਇਕ ਚਾਰਾ ਰਹਿ ਗਿਆ ਹੈ।' ਇਕਤ੍ਰਤਾ ਵਿਚ ਬੈਠਿਆਂ ਨੇ ਪ੍ਰੋੜਤਾ ਕੀਤੀ।

ਉਸ ਇਕਤ੍ਰਤਾ ਵਿਚ ਬਹਿਲਾ ਸਿੰਘ ਨਾਰਲੀ, ਲਹਿਣਾ ਸਿੰਘ ਲੋਪੋਕੇ, ਨੈਨਾ ਸਿੰਘ ਤੇ ਝੰਡਾ ਸਿੰਘ ਠੱਠਾ, ਫਤਹ ਸਿੰਘ ਭਾਟੀਆ ਅੰਮ੍ਰਿਤਸਰ ਸ਼ਹਿਰ, ਹਾਕਮ ਸਿੰਘ, ਲਛਮਣ ਸਿੰਘ ਚਾਹਲਾਂ, ਭਗਵਾਨ ਸਿੰਘ ਮਰਾਹਣਾ ਆਦਿਕ।

ਉਸ ਵੇਲੇ ਸ਼ਹਿਰ ਦੀ ਰਾਖੀ ਦਾ ਪ੍ਰਬੰਧ ਇਹ ਹੁੰਦਾ ਸੀ ਕਿ ਰਾਤ ਨੂੰ ਤੋਪ ਚਲਦੀ। ਉਸ ਤੋਪ ਦੇ ਗੋਲੇ ਦੀ ਅਵਾਜ਼ ਸੁਣਕੇ ਪੁਲੀਸ ਵਾਲੇ ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੰਦੇ। ਦਰਵਾਜ਼ੇ ਤੜਕੇ ਖੁਲ੍ਹਦੇ ਤੇ ਦਰਵਾਜ਼ੇ ਬੰਦ ਰਹਿਣ ਦੇ ਸਮੇਂ ਤਕ ਕੋਈ ਨਾ ਅੰਦਰ ਆਉਂਦਾ ਤੇ ਨਾ ਬਾਹਰ ਜਾ ਸਕਦਾ। ਪੁਲੀਸ ਕਰੜੀ ਨਿਗਰਾਨੀ ਰੱਖਦੀ। ਦੂਸਰਾ ਉਸ ਵੇਲੇ ਤਲਵਾਰ (ਵਡੀ ਕ੍ਰਿਪਾਨ) ਬਿਨਾਂ ਲਾਸੰਸ ਰਖਣ ਦਾ ਹੁਕਮ ਨਹੀਂ ਸੀ। ਸਿਰਫ ਟਕੂਏ (ਗੰਡਾਸੇ) ਸਨ। ਬੁਚੜਾਂ ਨੂੰ ਸੋਧਨ ਵਾਸਤੇ ਤੇ ਦੂਸਰੇ



Sri Satguru Jagjit Singh Ji Elibrary NamdhariElibrary@gmail.com

ਹਥਿਆਰਾਂ ਦੀ ਲੋੜ ਸੀ। ਇਕ ਗੁਰਮੁਖ ਨੇ ਤਲਵਾਰਾਂ ਵੀ ਲਿਆ ਦਿੱਤੀਆਂ।

੧੪-੧੫ ਜੂਨ ੧੯੭੧ ਦੀ ਰਾਤ ਸੀ। ਗਰਮੀ ਪਹਿਲੀ ਰਾਤ ਰਹੀ ਤੇ ਅਧੀ ਰਾਤ ਨੂੰ ਕੁਝ ਠੰਡੀ ਹਵਾ ਵਗਣ ਲਗ ਪਈ। ਉਸ ਠੰਡੀ ਹਵਾ ਨਾਲ ਬੁਚੜ ਖਾਨੇ ਦੇ ਬੁਚੜ ਘੂਰੜੀ ਨੀਂਦਰੇ ਸੌਂ ਗਏ। ਸ਼ਹੀਦ ਸਿੰਘਾਂ ਨੇ ਬੁਚੜ ਖਾਨੇ ਦੀ ਕੰਧ ਪਾੜੀ ਤੇ ਬੁਚੜਾਂ ਉਤੇ ਹਮਲਾ ਕਰ ਦਿੱਤਾ। ਪੀਰਾ, ਜੀਵਨ, ਸ਼ਾਦੀ ਤੇ ਅਮਾਮੀ ਥਾਂ ਮਾਰੇ ਗਏ। ਤਿੰਨ ਜ਼ਖਮੀ ਹੋਕੇ ਬਾਹਰ ਨਸ ਗਏ। ਰੌਲਾ ਪਿਆ, ਪਰ ਉਹਨਾਂ ਦਾ ਰੌਲਾ ਜਿੰਨੇ ਚਿਰ ਨੂੰ ਕਿਸੇ ਦੇ ਕੰਨੀ ਪਿਆ, ਉਨੇ ਚਿਰ ਨੂੰ ਸਿੰਘ ਹਰਨ ਹੋ ਗਏ।

ਸੂਰਜ ਚੜ੍ਹੇ ਸਾਰੇ ਸ਼ਹਿਰ ਵਿਚ ਖਬਰ ਹਵਾ ਵਾਂਗ ਖਿਲਰ ਗਈ। ਸਰਕਾਰੀ ਅਫਸਰਾਂ ਦੇ ਚੁਕੇ ਹੋਏ ਜਿਥੇ ਮੁਸਲਮਾਨ ਬੁਲ ਬੁਲੀਆਂ ਮਾਰਦੇ ਫਿਰਦੇ ਸਨ, ਜਦੋਂ ਬੁਚੜਾਂ ਦਾ ਕਤਲ ਸੁਣਿਆ ਤਾਂ ਸਭ ਦੇ ਹੱਥ ਪੈਰ ਸੁੰਨ ਹੋ ਗਏ। ਉਹ ਡਰ ਗਏ ਕਿ ਜ਼ਿਲੇ ਵਿਚ ਸਿਖ ਬਹੁਤੇ ਹਨ। ਉਹ ਬਾਹਰੋਂ ਆ ਕੇ ਵਾਰਦਾਤਾਂ ਕਰਿਆ ਕਰਨਗੇ। ਉਹਨਾਂ ਦੇ ਆਗੂ ਪੁਲੀਸ ਕੋਲ ਗਏ। ਪੁਲੀਸ ਦੇ ਅਫਸਰਾਂ ਨੇ ਮੌਕਾ ਦੇਖਿਆ ਤੇ ਕਤਲ ਦਾ ਪਰਚਾ ਕਟਿਆ।

ਦਸ ਦਿਨ ਬੀਤ ਗਏ। ਸਥਾਨਕ ਪੁਲੀਸ ਨੂੰ ਅਸਲ ਕਾਤਲਾਂ ਦਾ ਪਤਾ ਨਾ ਲੱਗਾ। ਇਹ ਭਰੋਸਾ ਹੋ ਗਿਆ ਸੀ ਕਿ ਕਤਲ ਕਰਨ ਵਾਲੇ ਸਿਖ ਸਨ, ਪਰ ਕੌਣ ਸਿੱਖ? ਉਹ ਕਿਥੇ ਹਨ? ਇਹ ਪਤਾ ਨਾ ਲਗਾ। ਪਰ ਸ਼ਕ ਵਿਚ ਕਈਆਂ ਸਿੱਖਾਂ ਨੂੰ ਪੁਲੀਸ ਨੇ ਘੇਰਕੇ ਕੋਤਵਾਲੀ ਬਿਠਾ ਲਿਆ ਤੇ ਕਈ ਤਰ੍ਹਾਂ ਦੇ ਡਰ ਦੇ ਕੇ ਕਾਤਲਾਂ ਦਾ ਪਤਾ ਕਰਨ ਦਾ ਜਤਨ ਕੀਤਾ।

ਪੰਜਾਬ ਸਰਕਾਰ ਨੇ ਜਦੋਂ ਦੇਖਿਆ ਕਿ ਕਾਤਲਾਂ ਦਾ ਪਤਾ ਨਹੀਂ ਲਗ ਸਕਿਆ ਤਾਂ ਉਸ ਨੇ ਬਦਨਾਮ ਜਾਸੂਸ ਮਿਸਟਰ ਕ੍ਰਿਸ਼ਟੀ ਨੂੰ ਅੰਮ੍ਰਿਤਸਰ ਭੇਜ ਦਿੱਤਾ। ਉਸ ਵੇਲੇ ਉਹ ਸੀ. ਆਈ.



Sri Satguru Jagjit Singh Ji Elibrary NamdhariElibrary@gmail.com

ਡੀ. ਦਾ ਕੰਮ ਕਰਨ ਵਿਚ ਨੰਬਰ ਇਕ ਸੀ। ਉਸ ਦੇ ਨਾਲ ਹੀ ਇਨਸਪੈਕਟਰ ਫਜ਼ਲ ਦੀਨ, ਡਿਪਟੀ ਇਨਸਪੈਕਟਰ ਡੋਗਰ ਮਲ, ਅਤਰ ਸਿੰਘ, ਸੁਰਜਨ ਸਿੰਘ ਮਈਆ ਸਿੰਘ ਆਦਿਕ ਆ ਪਹੁੰਚੇ। ਐਲਾਨ ਕੀਤਾ ਗਿਆ ਕਿ ਜੋ ਕਾਤਲਾਂ ਦੀ ਸੂਹ ਦੇਵੇਗਾ, ਉਸਨੂੰ ਹਜ਼ਾਰ ਰੁਪਿਆ ਈਨਾਮ ਦਿਤਾ ਜਾਏਗਾ।

'ਸ਼ਹਿਰ ਦੇ ਸਾਰੇ ਪਤਵੰਤੇ ਬੁਲਾਉ।' ਕ੍ਰਿਸ਼ਟੀ ਨੇ ਪੁਲਸ ਕਪਤਾਨ ਨੂੰ ਆਖਿਆ।

'ਸਦ ਲੈਂਦੇ ਹਾਂ। ਪਰ ਵਡੇ ਆਦਮੀ ਕਾਤਲਾਂ ਦੀ ਸੂਹ ਨਹੀਂ ਕਢ ਸਕਦੇ। ਕਿਉਂਕਿ ਬਦਨਾਮ ਹਨ—ਲੋਕ ਇਹਨਾਂ ਨਾਲ ਗਲ ਨਹੀਂ ਕਰਦੇ।' ਪੁਲਸ ਕਪਤਾਨ ਨੇ ਉਤਰ ਦਿੱਤਾ।

ਕ੍ਰਿਸ਼ਟੀ ਦੇ ਕਹਿਣ ਤੇ ਵਡੇ ਆਦਮੀ ਸਦੇ ਗਏ। 'ਜੇ ਕਾਤਲਾਂ ਦਾ ਪਤਾ ਨਾ ਲਗਾ ਤਾਂ ਮੈਂ ਤੁਸਾਂ ਲੋਕਾਂ ਨੂੰ ਹਵਾਲਾਟੇ ਬੰਦ ਕਰ ਦੇਣਾ ਹੈ।...ਤੁਸਾਂ ਲੋਕਾਂ ਨੇ ਹੀ ਬਦਮਾਸ਼ਾਂ ਨੂੰ ਚੁੱਕ ਕੇ ਫਿਰਕੂ ਫਸਾਦ ਕਰਾਇਆ.. ਮੈਨੂੰ ਸਭ ਪਤਾ ਲਗ ਗਿਆ ਹੈ। ਇਹ ਵੀ ਪਤਾ ਲਗਾ ਹੈ ਕਿ ਮੁਸਲਮਾਨਾਂ ਨੂੰ ਡਰਾਉਣ ਲਈ ਗਊ-ਮਾਸ ਵੇਚਣ ਵਾਲੇ ਦੁਕਾਨਦਾਰਾਂ ਨੂੰ ਵੀ ਮਾਰਨਾ ਚਾਹੁੰਦੇ ਹੋ...ਯਾਦ ਰਖੋ ਘਾਨ ਬੱਚਾ ਪੀੜਿਆ ਜਾਏਗਾ।' ਇਉਂ ਕ੍ਰਿਸ਼ਟੀ ਨੇ ਗਾਲਾਂ ਵਰਗੀਆਂ ਧਮਕੀਆਂ ਦਿੱਤੀਆਂ। ਉਸ ਨੇ ਕਿਸੇ ਦੀ ਦੌਲਤ ਨਹੀਂ ਦੇਖੀ, ਕਿਸੇ ਦਾ ਅਹੁਦਾ ਨਹੀਂ ਵੇਖਿਆ, ਉਸਨੇ ਸਭ ਨੂੰ ਗੁਲਾਮ ਹੀ ਜਾਤਾ। ਉਸ ਵੇਲ ਈਸਾਈਆਂ ਤੇ ਅੰਗਰੇਜ਼ਾਂ ਨੂੰ ਅੰਨ੍ਹਾ ਰਾਜ ਅਭਿਮਾਨ ਸੀ। ਉਹ ਗੁਲਾਮਾਂ ਨੂੰ ਮਨੁੱਖ ਨਹੀਂ ਸਨ ਸਮਝਦੇ।

ਗਿਆਨੀ ਪੁਰਦਮਨ ਸਿੰਘ ਦਰਬਾਰ ਸਾਹਿਬ ਦਾ ਗ੍ਰੰਥੀ ਸੀ, ਸ: ਮੰਗਲ ਸਿੰਘ ਜਗੀਰਦਾਰ, ਸਾਹਿਬ ਦਿਆਲ ਸ਼ਾਹੂਕਾਰ, ਗੋਕਲ ਚੰਦ ਦੁਕਾਨਦਾਰ, ਭਗਵਾਨ ਸਿੰਘ, ਰਾਏ ਮੂਲ ਸਿੰਘ ਆਦਿਕ ਬੋਲ ਨਾ ਸਕੇ। ਨਿਰਾਦਰੀ ਹੁੰਦੀ ਸੁਣ ਸਿਰ ਤੋਂ ਪੈਰਾਂ



Sri Satguru Jagjit Singh Ji Elibrary NamdhariElibrary@gmail.com

ਤਕ ਲਰਜ਼ੇ। ਮੁਸਲਮਾਨ ਖਾਨ ਮੁਹੰਮਦ ਸ਼ਾਹ ਬਹਾਦਰ ਧਨਾਢ ਮੁਸਲਮਾਨ ਸੀ, ਪਰ ਸ਼ਰਾਬੀ ਕਬਾਬੀ। ਉਸ ਦੀ ਮਿਤਰਤਾ ਪੁਰਦਮਨ ਸਿੰਘ ਨਾਲ ਸੀ, ਦੋਹਾਂ ਦਾ ਤੀਸਰਾ ਸਾਥੀ ਨਿਹਾਲ ਸਿੰਘ ਦਲਾਲ ਸੀ। ਖਾਨ ਮੁਹੰਮਦ ਸ਼ਾਹ ਦੀ ਸਲਾਹ ਨਾਲ ਇਹ ਫੈਸਲਾ ਕੀਤਾ, 'ਝੂਠੇ ਸਚੇ ਬੰਦੇ ਪੁਲੀਸ ਨੂੰ ਦਿਉ। ਮਾਰ ਕੁਟ ਕੇ ਮਨਾ ਲੈਣਗੇ।' ਮੰਗਲ ਸਿੰਘ ਵੀ ਸਾਥੀ ਬਣ ਗਿਆ ਤੇ ਬਦੇ ਫੜਾਉਣੇ ਸ਼ੁਰੂ ਕੀਤੇ ; ਭਾਈ ਅਜੀਤ ਸਿੰਘ ਦਾ ਲੜਕਾ ਅਤਰ ਸਿੰਘ ਲੋਟਾ ਤਾਂ ਪੁਲੀਸ ਨੇ ਪੰਜ ਸਾਥੀਆਂ ਸਮੇਤ ਫੜ ਲਿਆ ਸੀ।

ਹੀਰਾ ਭਾਟੜਾ ਫੜਾਇਆ ਗਿਆ। ਉਸ ਨੂੰ ਐਨਾ ਕੁਟਿਆ ਮਾਰਿਆ ਤਾਂ ਉਸ ਨੇ ਆਹੀਏ ਬਦਮਾਸ਼ ਦਾ ਨਾਂ ਲੈ ਦਿਤਾ, ਦੋਹਾਂ ਨੇ ਸੇਠ ਜੈਰਮਾ ਦਲਾਲ ਦਾ ਨਾਂ ਲਿਆ।...ਕਈ ਫੜੇ ਗਏ ਤੇ ਮਿਸਟਰ ਕ੍ਰਿਸ਼ਟੀ ਦੇ ਹੁਕਮ ਨਾਲ ਸਪੈਸ਼ਲ ਪੁਲੀਸ ਅਨ ਮਨੁੱਖੀ ਕਾਰਵਾਈਆਂ ਸ਼ੁਰੂ ਕੀਤੀਆਂ—ਐਸੀਆਂ ਗਲਾਂ ਜਿਹੜੀਆਂ ਕਦੀ ਘਟ ਹੀ ਹੋਈਆਂ ਸਨ। ਜਿਨ੍ਹਾਂ ਨਾਲ ਬੀਤੀਆਂ ਉਹੋ ਹੀ ਜਾਣਦੇ ਹੋਣਗੇ, ਪਰ ਸੁਣਨ ਵਾਲੇ ਕਈ ਸ਼ਹਿਰੋਂ ਨਸ ਗਏ। ਜੈਰਾਮ ਦਲਾਲ, ਅਤਰ ਸਿੰਘ ਲੋਟਾ, ਸੰਤ ਰਾਮ, ਮੰਨਾ ਸਿੰਘ ਨਿਹੰਗ, ਜਵਾਲਾ ਸਿੰਘ, ਮੂਲਾ, ਨਿਹਾਲ ਸਿੰਘ ਸੁੰਦਰ ਸਿੰਘ, ਸੁਧ ਸਿੰਘ ਤੇ ਟੇਕਾ ਵਰਗੇ ਕਈ ਐਵੇਂ ਹੀ ਸਪੈਸ਼ਲ ਪੁਲੀਸ ਨੇ ਕਾਬੂ ਕੀਤੇ।

ਸਪੈਸ਼ਲ ਪੁਲੀਸ ਨੇ ਅਹਾਤੇ ਵਿਚ ਇਕ ਨਰਕ ਕੁੰਡ ਤਿਆਰ ਕੀਤਾ। ਭਾਵ ਕਿ ਵਡਾ ਹੌਜ਼ ਬਣਾ ਕੇ ਉਸ ਵਿਚ ਭੰਗੀਆਂ ਕੋਲੋਂ ਮੈਲਾ (ਟੱਟੀ) ਸੁਟਵਾਇਆ ਗਿਆ।.. ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ, ਪਹਿਲਾਂ ਸੋਟਿਆਂ, ਜੁਤੀਆਂ ਨਾਲ ਕੁਟਿਆ ਜਾਂਦਾ। ਕਿਉਂਕਿ ਉਨ੍ਹਾਂ ਵਿਚ ਹੁੰਦਾ ਕੁਝ ਨਾ, ਉਹ ਨਾ ਬਲਦੇ ਕਿ ਉਹਨਾਂ ਨੇ ਕਤਲ ਕੀਤੇ। ਮੁੜ ਉਹਨਾਂ ਨੂੰ ਲਾਲ ਮਿਰਚਾਂ ਦੀ ਧੂਣੀ ਦਿੱਤੀ ਜਾਂਦੀ। ਉਸ ਦੇ ਪਿਛੋਂ ਮੈਲੇ ਵਿਚ



Sri Satguru Jagjit Singh Ji Elibrary NamdhariElibrary@gmail.com

ਖਲਿਆਰਿਆ ਜਾਂਦਾ, ਕਈ ਮਾਰ ਨੀਂਦਰੇ ਤੇ ਭੁਖ ਦੇ ਭਨੇ ਹੋਣ ਕਰਕੇ ਚਕਰ ਖਾ ਕੇ ਗੰਦ ਵਿਚ ਡਿਗ ਪੈਂਦੇ।...'ਨਰਕ ਦੀ ਤੰਗੀ ਨਾਲੋਂ ਫਾਹੇ ਲਗ ਕੇ ਮਰਨਾ ਠੀਕ ਹੈ।' ਕਈਆਂ ਨੇ ਮਨ ਬਣਾ ਲਿਆ ਤੇ ਆਖ ਦਿਤਾ, ਮੈਂ ਕਾਤਲ ਹਾਂ।.. ਮੈਂ ਨਾਲ ਗਿਆ ਸਾਂ...ਉਹ ਵੀ ਨਾਲ ਸੀ।' ਲਗ ਪਗ ਇਕ ਮਹੀਨਾ ਅਜਹਿ ਦੁੱਖ ਸਹਿਕੇ ਝੂਠ ਹੀ ਕਈ ਬੰਦੇ ਮੰਨ ਗਏ।

ਅਤਰ ਸਿੰਘ ਲੱਟਾ ਤੇ ਉਸ ਦੇ ਸਾਥੀਆਂ ਤੇ ਪੱਕਾ ਸ਼ਕ ਸੀ ਕਿ ਕਤਲਾਂ ਵਿਚ ਉਹਨਾਂ ਦਾ ਹੱਥ ਜ਼ਰੂਰ ਹੋਏਗਾ, ਕਿਉਂਕਿ ਉਹ ਅਗੇ ਵਧੂ ਸਨ ਤੇ ਸ਼ਹਿਰ ਵਿਚ ਗਊ ਹਤਿਆ ਵਿਰੁਧ ਅਵਾਜ਼ ਉਠਾਉਂਦੇ ਸਨ। ਉਹਨਾਂ ਨੇ ਅਸਹਿ ਕਸ਼ਟ ਝਲੇ...ਦੋ-ਤਿੰਨ ਬੀਮਾਰ ਹੋ ਗਏ।...ਬੇਸੁਰਤ ਹੋ ਗਏ, ਅਤਰ ਸਿੰਘ ਲੱਟੇ ਦਾ ਸਰੀਰ ਤਕੜਾ ਸੀ। ਕੁਝ ਸਤਿਗੁਰੂ ਜੀ ਤੇ ਭਰੋਸਾ ਸੀ।

ਭਾਈ ਅਜੀਤ ਸਿੰਘ ਘਬਰਾ ਗਿਆ। ਕਿਉਂਕਿ ਪੁਲੀਸ ਦੀ ਸਖ਼ਤੀਆਂ ਦਾਆਂ ਕਹਾਣੀਆਂ ਬਾਹਰ ਆ ਗਈਆਂ ਸਨ। ਉਸ ਨੇ ਗਿਆਨੀ ਪੁਰਦੁਮਨ ਸਿੰਘ ਤੇ ਮੰਗਲ ਸਿੰਘ ਨੂੰ ਆਖਿਆ ਕਿ ਅਤਰ ਸਿੰਘ ਨੂੰ ਛਡਾਇਆ ਜਾਏ। ਪਰ ਦੋਹਾਂ ਨੇ ਕੋਈ ਗਲ ਨਾ ਮੰਨੀ। ਅਤਰ ਸਿੰਘ ਤੇ ਸਾਥੀਆਂ ਦੀ ਚੁੱਪ ਤੋਂ ਕ੍ਰਿਸ਼ਟੀ ਘਬਰਾ ਗਿਆ। ਉਸ ਨੇ ਉਹਨਾਂ ਨੂੰ ੨੦ ਜੁਲਾਈ ਨੂੰ ਆਜ਼ਾਦ ਕਰ ਦਿੱਤਾ ਤੇ ਜਿਨ੍ਹਾਂ ਨੇ ਝੂਠਾ ਇਕਬਾਲ ਕੀਤਾ ਸੀ, ਉਹਨਾਂ ਦਾ ਚਲਾਨ ਕਰ ਦਿੱਤਾ।

ਤਿੰਨ ਵਾਦਿਦਾ ਮੁਆਫ ਹੀਰਾ, ਆਹੀਏ ਅਤੇ ਸੇਠ ਜੈਰਾਮ ਦਲਾਲ ਨੂੰ ਛਡਕੇ ਇਹਨਾਂ ਦਾ ਚਲਾਨ ਕਰ ਦਿੱਤਾ ਸੰਤ ਰਾਮ. ਰਾਮ ਕਿਸ਼ਨ, ਮੰਨਾ ਸਿੰਘ ਨਿਹੰਗ, ਜਵਾਲਾ ਸਿੰਘ. ਪੰਨਾ ਜੀ ਮੂਲਾ, ਨਿਹਾਲ ਸਿੰਘ, ਮੱਈਆ, ਸੁੰਦਰ ਸਿੰਘ ਭੂਪ ਸਿੰਘ, ਟੇਕਾ ਅਤੇ ਸ਼ੋਭਾ। ਬਿਨਾਂ ਸਚ ਝੂਠ ਨਤਾਰੇ ਦੇ ਡਿਪਟੀ ਕਮਿਸ਼ਨਰ ਨੇ ਮਿਸਲ ਉਤੇ ਦਸਖਤ ਕੀਤੇ ਤੇ ਕਥਕ ਦੋਸ਼ੀਆਂ ਨੂੰ ਸ਼ੈਸ਼ਨ ਜੱਜ ਦੇ



Sri Satguru Jagjit Singh Ji Elibrary NamdhariElibrary@gmail.com

ਹਵਾਲੇ ਕਰ ਦਿੱਤਾ।

ਉਨਾਂ ਦਿਨਾਂ ਵਿਚ ਐਸੀ ਦੁਰਘਟਨਾ ੧੫ ਜੁਲਾਈ ਦੀ ਰਾਤ ਨੂੰ ਰਾਏ ਕੋਟ (ਲੁਧਿਆਨਾ) ਵਾਪਰ ਗਈ। ਚਾਰ ਬੁਚੜ ਮਰੇ ਤੇ ੭ ਤੋਂ ਵਧ ਜ਼ਖਮੀ ਹੋਏ। ਜਦੋਂ ਇਸ ਘਟਨਾ ਦੀ ਖਬਰ ਲਾਹੌਰ ਪੁੱਜੀ ਤਾਂ ਲਾਟ ਸਾਹਿਬ ਦੀ ਕੁਰਸੀ ਹਿਲ ਗਈ। ਉਸ ਨੇ ਡੀ. ਆਈ. ਜੀ. ਸਦਕੇ ਆਖਿਆ, 'ਪ੍ਰਤੀਤ ਹੁੰਦਾ ਹੈ.. ੧੪ ਸਾਲ ਵਿਚ ਗੁਪਤ ਤੇ ਪ੍ਰਗਟ ਭਖੀ ਕ੍ਰਾਂਤੀ ਦੀ ਜਵਾਲਾ ਹੁਣ ਲਾਵਾ ਬਣਕੇ ਫਟਣ ਲਗੀ ਹੈ। ਅੰਮ੍ਰਿਤਸਰ ਤੇ ਰਾਏ ਕੋਟ ਵਿਚ ਚੰਦ ਬੁਚੜਾਂ ਦੇ ਕਤਲ ਨਾ ਸਮਝੋ...ਇਹ ਤਾਂ ਕੂਕਿਆਂ ਵਲੋਂ ਐਕਸ਼ਟ ਦਾ ਅਰੰਭ ਹੈ ਕਲ ਨੂੰ ਵਡੀਆਂ ਘਟਨਾਵਾਂ ਵਾਪਰਨ ਦੀ ਆਸ ਹੋ ਸਕਦੀ ਹੈ। ਕੂਕਿਆਂ ਦੀ ਗਿਣਤੀ ਵੀ ਲਖ ਤੋਂ ਉਪਰ ਹੋ ਗਈ ਹੈ। ਮਿਸਟਰ ਟੇਲਰ ਦੇ ਇਹ ਸ਼ਬਦ, 'ਇਹ ਗਭਰੂ ਇਕ ਦਿਨ ਜੰਗ ਛੇੜਨਗੇ। ਸੱਚੇ ਹੋ ਰਹੇ ਹਨ, ਸਵਰਾਜ ਦੀ ਭਾਵਨਾ ਵਧ ਗਈ ਹੈ। ਹੋ ਸਕਦਾ ਹੈ.. ਫੇਰੂ ਸ਼ਹਿਰ ਤੇ ਚੇਲਿਆਂ ਵਾਲੇ ਜੰਗ ਮੁੜ ਲੜੇ ਜਾਣ। ਜਲਦੀ ਲੁਧਿਆਨੇ ਜਾਉ ਤੇ ਪੜਤਾਲ ਕਰਕੇ ਦੋਸ਼ੀਆਂ ਨੂੰ ਕਰੜਾ ਡੰਡ ਦਿਉ ਤਾਂ ਕਿ ਅੱਗ ਲਾਵਾ ਨਾ ਬਣੇ।'

'ਕੋਈ ਫਿਕਰ ਨਾ ਕਰੋ। ਇਹ ਮਾਮੂਲੀ ਅੱਗ ਲਾਵਾ ਨਹੀਂ ਬਣੇਗੀ। ਪੰਜਾਬੀ ਸਵਰਾਜ ਦਾ ਸ਼ਬਦ ਭੁਲ ਜਾਣਗੇ ਜਿਵੇਂ ਖਾਲਸਾ ਰਾਜ ਨੂੰ ਭੁਲ ਗਏ ਹਨ, ਮੈਂ ਹੁਣ ਲੁਧਿਆਨੇ ਜਾਂਦਾ ਹਾਂ। ਦੁਰਘਟਨਾ ਕਰਨ ਵਾਲੇ ਯਕੀਨਨ ਕੂਕੇ ਹਨ।' ਇਹ ਆਖਕੇ ਡੀ. ਆਈ. ਜੀ...ਲਾਟ ਸਾਹਿਬ ਕੋਲੋਂ ਉਠਿਆ ਤੇ ਲੁਧਿਆਣੇ ਵਲ ਚਲ ਪਿਆ।

ਲੁਧਿਆਨੇ ਪਹੁੰਚ ਕੇ ਡੀ. ਆਈ. ਜੀ ਨੇ ਸਾਰੇ ਸਰਕਾਰੀ ਕਰਮਚਾਰੀਆਂ ਦੇ ਕੰਨ ਖਿਚੇ। ਨਾਭੇ ਤੇ ਪਟਿਆਲੇ ਦੇ ਮਹਾ-ਰਾਜਿਆਂ ਨੂੰ ਤਾੜਨਾ ਕੀਤੀ। ਮਹਾਰਾਜਾ ਪਟਿਆਲਾ ਨਾਮ-



Sri Satguru Jagjit Singh Ji Elibrary NamdhariElibrary@gmail.com

ਧਾਰੀਆਂ ਦੇ ਬਹੁਤਾ ਉਲਟ ਸੀ ਤੇ ਫਰੰਗੀ ਦਾ ਨਿੱਘਾ ਮਿਤਰ। ਉਸ ਨੇ ਆਪਣੀ ਤੇ ਨਾਭਾ ਰਿਆਸਤ ਵਿਚੋਂ ਸੱਤ ਸੰਤ ਖਾਲਸੇ ਪਕੜਾ ਦਿੱਤੇ। ਇਕ ਗਲਾਬ ਸਿੰਘ ਨਾਮ ਦਾ ਬੇਦਾ ਵਾਇਦਾ ਮੁਆਫ ਗੁਵਾਹ ਬਣਾ, ਪਰ ਉਹ ਵੀ ਝੂਠਾ ਸੀ। ਜਾਨ ਬਚਾਉਣ ਲਈ ਸਰਕਾਰੀ ਮੁਹਾਰਨੀ ਦੇ ਪਿਛੇ ਲਗਾ ਸੀ।

ਫੜੇ ਗਏ ਨੌਜਵਾਨਾਂ ਤੇ ਬਸੀਆਂ ਦੀ ਕੋਠੀ ਮਕਦਮਾ ਚਲਿਆ। ਬਿਨਾਂ ਕਿਸੇ ਬਹੁਤੀ ਛਾਨ ਬੀਨ ਦੇ ਸ਼ੈਸ਼ਨ ਜਜ ਨੇ ਸਜਾਏ ਮੌਤ ਦਿੱਤੀ। ਰਾਏ ਕੋਟ ਦੇ ਬੁਚੜ ਖਾਨੇ ਕੋਲ ਲੋਕਾਂ ਦੇ ਦੇਖਦਿਆਂ, ਲੋਕਾਂ ਨੂੰ ਡਰ ਉਣ ਲਈ ਫਾਂਸੀ ਦਿਤਾ ਗਿਆ। ਸਵਰਾਜ ਦੀ ਸ਼ਮ੍ਹਾਂ ਤੋਂ ਜਿੰਦੜੀਆਂ ਵਾਰਨ ਵਾਲੇ ਪ੍ਰਵਾਨੇ ਸਨ— ਸੰਤ ਮਸਤਾਨ ਸਿੰਘ, ਗੁਰਮੁਖ ਸਿੰਘ ਅਤੇ ਮੰਗਲ ਸਿੰਘ। ਬਾਕੀ ਦਿਆਂ ਨੂੰ ਹੋਰ ਸਜ਼ਾਵਾਂ ਮਿਲੀਆਂ। ਤਿੰਨ-ਚਾਰ ਦਿਨ ਸਾਰੇ ਕੰਮ ਲਈ ਲਾਏ ਗਏ। ਸਾਰੇ ਜ਼ਿਲੇ ਵਿਚ ਚਰਚਾ ਹੋ ਗਈ। ਸ਼ਹੀਦਾਂ ਦੇ ਪਵਿਤਰ ਖੂਨ ਨੇ ਸੈਂਕੜਿਆਂ ਨੂੰ ਗਰਮਾਇਆ—ਜੀਆ ਦਾਨ ਦਿੱਤਾ, ਜਿਹੜੇ ਤਨ ਮਨ ਤੇ ਧਨ ਕੁਰਬਾਨ ਕਰਨ ਵਾਸਤੇ ਹੋਰ ਉਤਸ਼ਾਹੀ ਹੋ ਖਲੋਤੇ ਤੇ ਸਤਿਗੁਰੂ ਜੀ ਦੀ ਆਗਿਆ ਪ੍ਰਾਪਤ ਕਰਨ ਵਾਸਤੇ ਭੈਣੀ ਸਾਹਿਬ ਵਲ ਚਲ ਪਏ।

ਸਤਿਗੁਰੂ ਰਾਮ ਸਿੰਘ ਜੀ ਨੂੰ ਸੂਚਨਾ ਮਿਲੀ ਕਿ ਉਹਨਾਂ ਦੇ ਸ਼ਰਧਾਲੂ ਕੂਕਿਆਂ ਅਤੇ ਗੈਰ-ਕੂਕਿਆਂ ਨੂੰ ਪੁਲੀਸ ਨਿਰਦੋਸ਼ ਅਸਹਿ ਕਸ਼ਟ ਦੇ ਰਹੀ ਸੀ। ਕਸ਼ਟ ਵੀ ਐਸੇ ਜੋ ਕਦੀ ਅੱਠਵੀਂ ਜਾਂ ਨੌਵੀਂ ਸਦੀ ਵਿਚ ਵਹਿਸ਼ੀ ਬਾਦਸ਼ਾਹ ਆਪਣੇ ਵੈਰੀਆਂ ਨੂੰ ਦਿਆ ਕਰਦੇ ਹੋਣਗੇ।

ਇਹ ਸੂਚਨਾ ਸੁਣਕੇ ਸਤਿਗੁਰੂ ਜੀ ਨੇ ਸੰਗਤ ਨੂੰ ਸੰਬੋਧਨ ਕੀਤਾ, 'ਫਰਗੀ ਸਰਕਾਰ ਕੋਲੋਂ ਨਿਆਏ ਦੀ ਆਸ ਕੋਈ ਨਹੀਂ। ਇਹ ਨਿਰਦੋਸ਼ਿਆਂ ਨੂੰ ਦੋਸੀ ਕਰਾਰ ਦੇਣ ਵਿਚ ਹੁਸ਼ਿਆਰ ਹੈ।



Sri Satguru Jagjit Singh Ji Elibrary NamdhariElibrary@gmail.com

ਜਜਾਂ ਦੀ ਅਕਲ ਦਬੀ ਹੈ, ਕੰਨ ਸੁਣਦੇ ਹਨ, ਜੋ ਸੁਣਦੇ ਹਨ ਸੋ ਕਰਦੇ ਹਨ। ਅੰਮ੍ਰਿਤਸਰ ਸ਼ਹਿਰ ਤੇ ਜ਼ਿਲੇ ਦੇ ਥਾਨਿਆਂ ਵਿਚ ਨਿਰਦੋਸ਼ਿਆਂ ਨੂੰ ਦੋਸ਼ੀ ਕਰਾਰ ਦੇਕੇ ਮਾਰਿਆ-ਕੁਟਿਆ ਤੇ ਨਰਕ ਵਿਚ ਸੁਟਿਆ ਗਿਆ। ਜਿਨ੍ਹਾਂ ਨੂੰ ਕਾਤਲ ਆਖਿਆ ਗਿਆ ਤੇ ਅਦਾਲਤ ਭੇਜਿਆ ਜਾ ਰਿਹਾ ਹੈ ਉਹ ਵੀ ਨਿਰਦੋਸ਼ ਹਨ। ਅਸੀਂ ਨਹੀਂ ਚਾਹੁੰਦੇ ਨਿਰਦੋਸ਼ ਨੂੰ ਸਜ਼ਾ ਮਿਲੇ। ਜੋ ਕਰੇ ਸੋ ਭਰੇ। ਬਹਾਦਰੀ, ਕੁਰਬਾਨੀ ਤੇ ਸਚੀ ਸੇਵਾ ਇਹੋ ਹੈ ਕਿ ਜਿਨ੍ਹਾਂ ਵਾਰਦਾਤ ਕੀਤੀ ਹੈ, ਉਹ ਪੇਸ਼ ਹੋਕੇ ਝੂਠੀ ਸਰਕਾਰ ਦੇ ਝੂਠੇ ਕਰਮਚਾਰੀਆਂ ਨੂੰ ਝੂਠੇ ਸਾਬਤ ਕਰਨ। ..ਲੁਕ ਕੇ ਨਾ ਰਹਿਣ।'

ਸਤਿਗੁਰੂ ਜੀ ਦੇ ਇਹ ਬਚਨ ਸੁਣਕੇ ਵਾਰਦਾਤ ਕਰਨ ਵਾਲੇ ਸੰਗਤ ਵਿਚ ਉਠਕੇ ਖਲੋ ਗਏ ਤੇ ਅਗਲੇ ਦਿਨ ਲੁਧਿਆਣੇ ਪੁੱਜ ਗਏ।

ਡੀ. ਆਈ. ਜੀ. ਬਾਲੀ ਤਾਂ ਇਸ ਮਾਣ ਵਿਚ ਸੀ ਕਿ ਉਸ ਨੇ ਗੁਲਾਬ ਸਿੰਘ ਨਾਂ ਦੇ ਪੁਰਖ ਨੂੰ ਵਾਇਦਾ ਮੁਆਫ ਗਵਾਹ ਬਣਾਇਆ ਸੀ ਤੇ ਅੰਮ੍ਰਿਤਸਰ ਦੇ ਹੱਕੀ ਕਾਤਲਾਂ ਨੂੰ ਲਭਕੇ ਸਰਕ ਰ ਕੋਲੋਂ ਈਨਾਮ ਪ੍ਰਾਪਤ ਕਰੇਗਾ, ਪਰ ਉਧਰ ਸਤਿਗੁਰੂ ਜੀ ਹਰ ਹੀ ਖੇਡ ਵਰਤਾ ਦਿੱਤੀ। ਕਰਨਲ ਬਾਲੀ ੨ ਅਗਸਤ ਨੂੰ ਅੰਮ੍ਰਿਤਸਰ ਪਹੁੰਚਿਆ ਉਸ ਨੇ ਲੁਧਿਆਣੇ ਤੋਂ ਤਾਰ ਦੇਕੇ ਸ਼ਸ਼ਨ ਜਜ ਨੂੰ ਰੋਕ ਦਿਤਾ ਸੀ ਕਿ ਉਹ ਬੁਚੜਾਂ ਦੇ ਕਤਲ ਸਬੰਧੀ ਮਕਦਮਾ ਨਾ ਸੁਣਨ। ਅਸਲ ਕਾਤਲਾਂ ਦੇ ਮਿਲਣ ਦੀ ਸੰਭਾਵਨਾ ਸੀ। ਸੈਸ਼ਨ ਜਜ ਨੇ ਮਕਦਮੇ ਦੀ ਤਾਰੀਖ ਪੇਸ਼ੀ ਅਗੇ ਪਾ ਦਿੱਤੀ ਸੀ।

ਭਾਈ ਬੀਹਲਾ ਸਿੰਘ ਦੀ ਜਥੇਦਾਰੀ ਹੇਠ ਸਤਿਗੁਰੂ ਜੀ ਦੇ ਸੇਵਕ ਅੰਮ੍ਰਿਤਸਰ ਦੇ ਸ਼ੈਸ਼ਨ ਜਜ ਮਿਸਟਰ ਡਬਲਯੂ. ਜੇ. ਡੇਵਿਸ ਦੀ ਕਚਹਿਰੀ ਵਿਚ ਪੁੱਜੇ। ਅਦਾਲਤ ਦੇ ਕਮਰੇ ਵਿਚ ਪ੍ਰਵੇਸ਼



Sri Satguru Jagjit Singh Ji Elibrary NamdhariElibrary@gmail.com

ਕਰਕੇ ਸਾਰਿਆਂ ਨੇ 'ਸਤਿ ਸ੍ਰੀ ਅਕਾਲ ਬੁਲਾਈ।' ਤੇ ਕਮਰਾ ਗੂੰਜਾ ਦਿੱਤਾ, ਜਜ ਹੈਰਾਨ ਵੀ ਹੋਇਆ ਤੇ ਡਰ ਵੀ ਗਿਆ। ਉਹਨਾਂ ਵਲ ਦੇਖਦੇ ਸਾਰ ਜਾਣ ਗਿਆ, 'ਕੂਕੇ ਹਨ।'

'ਕਿਆ ਬਾਤ ! ਟੁਮ ਲੋਕ.. ਕੌਣ ?' ਸ਼ੈਸ਼ਨ ਜਜ ਬੋਲਿਆ।

'ਅਸੀਂ ਬੁਚੜ ਖਾਨੇ ਦੇ ਬੁਚੜਾਂ ਨੂੰ ਸੋਧਨ ਵਾਲੇ ਹਾਂ। ਅਸੀਂ ਪੇਸ਼ ਹੁੰਦੇ ਹਾਂ, ਅਸਾਂ ਤੇ ਮਕਦਮਾ ਚਲਾਇਆ ਜਾਏ। ਜਿਹੜੇ ਨਿਰਦੋਸ਼ ਹਵਾਲਾਟ ਡਕੇ ਹਨ ਛਡ ਦਿਤ ਜਾਣ। ਵਾਇਦਾ ਮੁਆਫ ਗੁਵਾਹ ਝੂਠੇ ਪੁਲੀਸ ਵਾਲੇ ਝੂਠੇ ਸ਼ਕ ਵਿਚ ਜਿਨ੍ਹਾਂ ਨੂੰ ਮਾਰਿਆ ਗਿਆ, ਹੱਥ ਪੈਰ ਤੋੜੇ ਗਏ, ਉਹ ਸਾਰੇ ਨਿਰਦੋਸ਼ ਅਸਾਂ ਪੇਸ਼ ਹੋਏ ਹਾਂ। ਅਸਲ ਕਾਤਲ ਹਾਂ, ਬੀਹਲਾ ਸਿੰਘ ਦਾ ਸੱਚ ਸਣਕੇ ਜਜ, ਵਕੀਲ, ਪੁਲੀਸ ਇਨਸਪੈਕਟਰ ਤੇ ਕਰਮਚਾਰੀ ਹੈਰਾਨ ਰਹਿ ਗਏ। ਉਹਨਾਂ ਨੇ ਦੇਖਿਆ ਛੇ ਸਿੰਘ ਚਿਟ ਕਪੜਿਆਂ ਵਿਚ, ਗਲੀਂ ਉਨ ਦੀ ਪਾਲਾ ਤੇ ਗਾਤਰੀਂ ਗੁਟਕੇ...ਉਹ ਨਾਮਧਾਰੀ ਸਨ।

'ਇਨਾਂ ਨੂੰ ਲੈ ਜਾਉ...ਮਿਸਲ ਤਿਆਰ ਕਰਕੇ ਪੇਸ਼ ਕਰੋ।' ਸ਼ੈਸ਼ਨ ਜਜ ਨੇ ਹਾਂਜਰ ਪੁਲੀਸ ਇਨਸਪੈਕਟਰ ਨੂੰ ਆਖਿਆ।

ਇਨਸਪੈਕਟਰ ਦੇ ਨਾਲ ਸਿੰਘ ਅਦਾਲਤ ਕਮਰੇ ਵਿਚੋਂ ਬਾਹਰ ਆਏ।

ਡੀ. ਆਈ. ਜੀ. ਬਾਲੀ ਪੁਲੀਸ ਹੈਡਕੁਆਟਰ ਵਿਚ ਸੀ। ਉਸ ਦੇ ਪੇਸ਼ ਕੀਤਾ ਤਾਂ ਉਸ ਦੀ ਕੁਰਸੀ ਹਿਲ ਗਈ। 'ਕੀ ਗੁਲਾਬ ਸਿੰਘ ਵੀ ਝੂਠਾ ਹੈ ?' ਉਸਨੇ ਪੁਛਿਆ।

'ਸਤਿਗੁਰੂ ਜੀ ਦੇ ਬਚਨ ਅਨੁਸਾਰ ਤੁਸੀਂ ਸਾਰੇ ਹੀ ਝੂਠੇ ਹੋ।...ਛਡ ਦਿਉ ਸਾਰਿਆਂ ਨੂੰ ਅਸੀਂ ਹੱਸ ਕੇ ਸ਼ਹੀਦ ਹੋਣ ਲਈ ਆਏ ਹਾਂ ਕਿਉਂਕਿ ਸ਼ਹੀਦਾਂ ਦੀ ਸੰਤਾਨ ਹਾਂ। ਪੁਛੋ ਅਸਾਂ ਕੋਲੋਂ ਕਿਵੇਂ ਮਾਰੇ ਬੁਚੜ ? ਕਿਉਂ ਮਾਰੇ ?' ਭਾਈ ਬੀਹਲਾ ਸਿੰਘ ਨੇ



Sri Satguru Jagjit Singh Ji Elibrary NamdhariElibrary@gmail.com

ਨਿਰਭੈਤਾ ਨਾਲ ਉੱਤਰ ਦਿੱਤਾ।

ਕਰਨਲ ਬਾਲੀ ਨੇ ਉਸੇ ਵੇਲੇ ਜ਼ਿਲਾ ਪੁਲਸ ਕਪਤਾਨ ਨੂੰ ਸੱਦਿਆ। ਸਾਰੇ ਸਿੰਘ ਉਸਦੇ ਹਵਾਲੇ ਕੀਤੇ ਤੇ ਹੱਥ-ਕੜੀਆਂ ਲਵਾ ਕੇ ਆਖਿਆ ਬਿਆਨ ਲਉ ਤੇ ਮਕਦਮਾ ਤਿਆਰ ਕਰੋ।'

੫ ਦਿਨਾਂ ਵਿਚ ਮਕਦਮਾ ਤਿਆਰ ਹੋ ਗਿਆ। ਪੁਲੀਸ ਨੇ ਗਵਾਹ ਤਿਆਰ ਕਰ ਲਏ ਭਾਵੇਂ ਗਵਾਹਾਂ ਦੀ ਲੋੜ ਨਹੀਂ ਸੀ। ਦੋਸ਼ੀ ਆਪ ਇਕਬਾਲ ਕਰਦੇ ਸਨ। ਉਹਨਾਂ ਨੇ ਕਚਹਿਰੀ ਵਿਚ ਵੀ ਮੁਕਰਨਾ ਨਹੀਂ ਸੀ।

ਮਕਦਮਾ ਪੇਸ਼ ਹੋਇਆ। ਬਿਆਨ ਹੋਏ, ਗਵਾਹੀਆਂ ਹੋਈਆਂ ਤੇ ਸ਼ਸ਼ਨ ਜਜ ਡੇਵਿਸ ਨੇ ਰਣਜੋਧ ਸਿੰਘ, ਖਾਨ ਗਲਾਮ ਕਾਦਰ ਅਤੇ ਬਾਲ-ਮੁਕੰਦ ਅਸੈਸਰਾਂ (ਸਲਾਹਕਾਰਾਂ) ਦੀ ਸਲਾਹ ਨਾਲ ਭਾਈ ਬੀਹਲਾ ਸਿੰਘ, ਭਾਈ ਫਤਹ ਸਿੰਘ, ਭਾਈ ਹਾਕਮ ਸਿੰਘ ਤੇ ਭਾਈ ਲਹਿਨਾ ਸਿੰਘ ਨੂੰ ਸਜ਼ਾਏ ਮੌਤ ਡੰਡ ਸੁਣਾਇਆ। ਭਾਈ ਲਾਲ ਸਿੰਘ ਤੇ ਬੁਲਾਕਾ ਸਿੰਘ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ। ਅਤੇ ਮੇਹਰ ਸਿੰਘ ਲੋਪੋਕੇ, ਭੰਡਾ ਸਿੰਘ ਠੱਠਾ ਤੇ ਲਛਮਨ ਸਿੰਘ ਚਾਹਲ ਨੂੰ ਭਗੌੜੇ ਕਰਾਰ ਦੇ ਦਿੱਤਾ। ਉਹ ਹਾਜ਼ਰ ਨਹੀਂ ਸਨ ਹੋਏ। ਜਿਹੜੇ ਪਹਿਲ ਫੜੇ ਸਨ ਉਹਨਾਂ ਸਾਰਿਆਂ ਨੂੰ ਆਜ਼ਾਦ ਕਰ ਦਿੱਤਾ। ਉਹ ਸਤਿਗੁਰੂ ਰਾਮ ਸਿੰਘ ਜੀ ਦਾ ਜਸ ਕਰਨ ਲਗੇ।

ਅੰਮ੍ਰਿਤਸਰ ਦੇ ਉਤਰ ਵਲ ਰੇਲਵੇ ਲਾਈਨ ਤੋਂ ਪਾਰ ਵਿਕਟੋਰੀਆ ਜੁਬਲੀ ਹਸਪਤਾਲ ਹੈ—ਵਡਾ ਹਸਪਤਾਲ ਉਸ ਦੀ ਇਕ ਨੁਕਰ ਪੂਰਬ-ਉਤਰ ਵਲ ਦੀ ਰਾਮ ਬਾਗ ਦੀ ਪੁਰਾਣੀ ਡਿਉੜੀ ਦੇ ਨਾਲ ਹੈ . ਉਸ ਨੁਕਰ ਵਿਚ ਅਜ ਤੋਂ ਸੋ ਸਾਲ ਪਹਿਲਾਂ ਵਡਾ ਬਹੜ ਸੀ—ਜਿਹੜਾ ਹੌਲੀ ਹੌਲੀ ਸੁਕ ਗਿਆ, ਪਰ ਉਸ ਦਾ ਮੂਲ ਮੁਢ ਹੈ...ਉਸ ਮੁੱਢ ਦੇ ਨਾਲ ਝੰਡਾ ਲਗਾ ਨਜ਼ਰ ਆਉਂਦਾ ਹੈ। ਉਹ ਸ਼ਹੀਦਾਂ ਦਾ ਬੋਹੜ ਹੈ। ਉਸ ਅਸਥਾਨ



Sri Satguru Jagjit Singh Ji Elibrary NamdhariElibrary@gmail.com

ਤੇ ਕੁਝ ਸਾਲਾਂ ਤੋਂ ਨਾਮਧਾਰੀ ਸੰਗਤ ਵਲੋਂ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ੧੫ ਸਤੰਬਰ ਨੂੰ ਮੇਲਾ ਕੀਤਾ ਜਾਂਦਾ ਹੈ। ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ ਜਾਂਦੀ ਹੈ।

ਅਜ ਤੋਂ ਸੌ ਸਾਲ ਪਹਿਲਾਂ ਰੇਲ ਦੀ ਲਾਇਨ ਤੋਂ ਰਾਮਬਾਗ ਦੀ ਡਿਉੜੀ ਤੇ ਦੀਵਾਰ ਤੱਕ ਖੁਲ੍ਹਾ ਮੈਦਾਨ ਹੁੰਦਾ ਸੀ। ਬੋਹੜ... ਟਾਹਲੀਆਂ ਸਨ ਤੇ ਕੁਝ ਖੇਤ ਬਣੇ ਹੋਏ ਸੀ। ਹਰੀ ਭਰੀ ਥਾਂ ਸੀ ਤੇ ਰਾਮਬਾਗ ਗੇਟ ਤੋਂ ਰਾਮ ਬਾਗ ਤਕ ਖੁਲ੍ਹੀ ਸਿਧੀ ਸੜਕ ਜਾਂਦੀ ਸੀ—ਜੋ ਹੁਣ ਵੀ ਹੈ।

੧੫ ਸਤੰਬਰ ੧੮੭੧ ਨੂੰ ਨਿਰਭੈ, ਵਤਨ ਤੇ ਧਰਮ ਦੇ ਪ੍ਰੇਮੀਆਂ ਨੇ ਪ੍ਰਾਪਤ ਕੀਤੀ ਸਿਖਿਆ ਦੀ ਪ੍ਰਦਰਸ਼ਨੀ ਉਹਨਾਂ ਹਜ਼ਾਰਾਂ ਇਸਤ੍ਰੀ-ਪੁਰਖਾਂ ਦੀਆਂ ਅੱਖਾਂ ਅਗੇ ਕੀਤੀ ਜਿਹੜੇ ਮੌਤ ਤੋਂ ਡਰਦੇ ਹੋਏ ਫਰੰਗੀ ਦੀ ਗੁਲਾਮੀ ਨੂੰ ਪ੍ਰਵਾਨ ਕਰਕੇ ਆਪਣਾ ਧਰਮ ਤੇ ਈਮਾਨ ਵੀ ਗੁਆ ਰਹੇ ਸਨ। ਆਪਣੀ ਸਭਿਅਤਾ ਤੇ ਬੋਲੀ ਨੂੰ ਛਡ ਰਹੇ ਸਨ. ਸਿਰਫ ਮੌਤ ਤੋਂ ਡਰਦੇ ਹੋਏ।

ਬੋਹੜ ਦੇ ਟਾਹਣਾਂ ਆਸਰੇ ਫਾਂਸੀ ਦੀ ਪੌੜੀ ਬੰਨ੍ਹੀ ਗਈ। ਰਸੇ ਰਖੇ ਗਏ ਤੇ ਰਵਾਜ ਅਨੁਸਾਰ ਡਾਕਟਰ ਤੇ ਜਜ ਨੇ ਪੁਛਿਆ— 'ਕਿਸੇ ਨੂੰ ਮਿਲਣਾ, ਕੁਝ ਖਾਣਾ ?'

'ਅਸਾਂ ਜਿਸ ਨੂੰ ਮਿਲਣਾ ਸੀ ਮਿਲ ਆਏ—ਅਸਾਂ ਦੇ ਅੰਗ ਸੰਗ ਹੈ, ਸਤਿਗੁਰੂ ਰਾਮ ਸਿੰਘ ਜੀ, ਸਬੰਧੀ ਅਸਾਂ ਦਾ ਧਰਮ ਹੈ ਤੇ ਨਾਮ ਰਸ ਖਾਂਦੇ ਪੀਂਦੇ ਹਾਂ।' ਇਹ ਉਤਰ ਫਰੰਗੀ ਨੂੰ ਦਿਤਾ, 'ਅਸਾਂ ਨੂੰ ਮੌਤ ਦਾ ਭੈ ਨਹੀਂ। ਖੁਸ਼ੀ ਹੈ, ਅਸੀਂ ਦਸ ਦਿੰਦੇ ਹਾਂ ਜਿਸ ਸਵਰਾਜ ਦੀ ਸ਼ਮ੍ਹਾਂ ਦੇ ਅਸੀਂ ਪਰਵਾਨੇ ਹਾਂ, ਉਹ ਅਮਰ ਜੁਗਾਂ ਤਕ ਬਲਦੀ ਰਹੇਗੀ। ਸ਼ਮ੍ਹਾਂ ਨੂੰ ਬੁਝਾਉਣ ਵਾਲੇ ਆਪ ਬੁਝ ਜਾਣਗੇ...ਅਸੀਂ ਜਨਮ ਲੈ ਲੈ ਕੇ ਪਿਆਰ ਨਿਭਾਉਂਦੇ ਰਹਾਂਗੇ। ਅਜ ਦੀ ਮੌਤ ਕਲ ਦਾ ਜਨਮ ਹੈ, ਨਵਾਂ ਜਨਮ—ਨਵਾਂ ਜੀਵਨ।'



Sri Satguru Jagjit Singh Ji Elibrary NamdhariElibrary@gmail.com

ਕਿਸੇ ਸਰਕਾਰੀ ਕਰਮਚਾਰੀ ਨੂੰ ਕੋਈ ਉਤਰ ਨਾ ਔੜਿਆ, ਉਹ ਮੋਨ ਹੋ ਗਏ। ਭਾਈ ਬੀਹਲਾ ਸਿੰਘ ਨੇ ਅਰਦਾਸ ਕੀਤੀ ਤੇ ਅਗੇ ਵਧਕੇ ਸਾਰਿਆਂ ਨੇ ਮੂੰਹ ਕਜ ਟੋਪੀਆਂ ਪਾਉਣ ਤੋਂ ਬਿਨਾਂ ਫਾਂਸੀ ਦੇ ਰਸੇ ਆਪ ਗਲੀਂ ਪਾਏ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਆਪ ਹੀ ਹਲਾਰਾ ਮਾਰਿਆ। ਹੇਠੋਂ ਫਟੀਆਂ ਕਢ ਦਿਤੀਆਂ ਤੇ ਲਟਕ ਗਏ...ਸ਼ਹੀਦ ਹੋ ਗਏ। ਅੰਮ੍ਰਿਤਸਰ—ਗੁਰੂ ਕੀ ਨਗਰੀ ਦੀ ਪਵਿਤਰਤਾ ਵਾਸਤੇ ਆਪਾ ਵਾਰ ਗਏ। ਧਰਮ ਤੇ ਦੇਸ਼ ਸੁਤੰਤਰ ਕਰਾਉਣ ਲਈ ਇਕ ਅਮਰ ਕੂਕ (ਲਲਕਾਰ) ਦੇ ਗਏ।



Sri Satguru Jagjit Singh Ji Elibrary NamdhariElibrary@gmail.com

# ਪੰਙੀ

## ਸ਼ਹੀਦੀ ਕਾਂਡ

੨੬ ਨਵੰਬਰ ੧੮੭੧ ਦਾ ਦਿਨ ਸੀ। ਇਹ ਦਿਨ ਸਿੱਖ ਇਤਿਹਾਸ ਵਿਚ ਕਈ ਵਾਰ ਆਇਆ ਤੇ ਉਜਲ ਹੋਇਆ। ਗੁਰਸਿਖੀ ਦਾ ਇਮਤਿਹਾਨ ਹੁੰਦਾ ਰਿਹਾ। ਅਨਿਆਏ ਕਰਨ ਵਾਲੇ ਹਾਕਮ 'ਰਾਜ ਨੂੰ ਖਤਰਾ' ਦੇ ਨਾਹਰੇ ਹੇਠ ਧਰਮੀ ਪੁਰਖਾਂ ਨੂੰ ਸ਼ਹੀਦ ਕਰਦੇ ਰਹੇ।

ਉਸ ਦਿਨ ਲੁਧਿਆਣਾ ਜੇਹਲ ਦੇ ਬਾਹਰ ਲੋਕਾਂ ਦੇ ਦੇਖਦਿਆਂ, ਪੁਲੀਸ ਤੇ ਫੌਜ ਦੇ ਜਵਾਨਾਂ ਦੀ ਹਾਜ਼ਰੀ ਵਿਚ ਫਾਂਸੀ ਦੇ ਤਖ਼ਤੇ ਉਤੇ ਬਾਬਾ ਗਿਆਨ ਸਿੰਘ ਉਰਫ ਰਤਨ ਸਿੰਘ ਪਿੰਡ ਨਾਈ ਵਾਲਾ ਨੂੰ ਫਾਂਸੀ ਦਿੱਤਾ ਜਾਣਾ ਸੀ। ਲੋਕ ਸ਼ਹੀਦੀ ਤਮਾਸ਼ਾ ਦੇਖਣ ਆਏ ਸਨ। 'ਦੋ ਕੂਕਿਆਂ ਨੂੰ ਫਾਂਸੀ ਦਿੱਤੀ ਜਾਏਗੀ।' ਸ਼ਹਿਰ ਵਿਚ ਚਾਰ ਦਿਨ ਪਹਿਲਾਂ ਹੀ ਚਰਚਾ ਹੋ ਚੁੱਕੀ ਸੀ।

ਅੰਮ੍ਰਿਤਸਰ ਤੇ ਰਾਏ ਕੋਟ ਵਿਚ ਕੂਕਿਆਂ (ਨਾਮਧਾਰੀਆਂ) ਨੂੰ ਫਾਂਸੀ ਦੇ ਉਤੇ ਖਲਿਆਰਿਆ ਗਿਆ ਸੀ ਤੇ ਉਹ ਸ਼ਹੀਦ ਹੋ ਚੁਕੇ ਸਨ। ਹੱਸਦੇ ਹੋਏ ਸਤਿਗੁਰੂ ਜੀ ਦੇ ਗੁਣ ਗਾਉਂਦੇ ਹੋਇਆਂ



Sri Satguru Jagjit Singh Ji Elibrary NamdhariElibrary@gmail.com

ਨੇ ਧਰਮ ਦੀ ਰਖਿਆ ਵਾਸਤੇ ਸ਼ਹੀਦੀ ਜਾਮ ਪੀਤਾ ਸੀ। ਲੁਧਿ-ਆਣੇ ਦੀ ਜਨਤਾ ਨੇ ਸੁਣਿਆ ਸੀ, ਪਰ ਅੱਖੀਂ ਨਹੀਂ ਸੀ ਕੁਝ ਦੇਖਿਆ। ਉਹ ਦੇਖਣ ਆਏ।

'ਓ ਬਿਲੇ ਫਰੰਗੀ!' ਬਾਬਾ ਗਿਆਨ ਸਿੰਘ ਨੇ ਫਾਂਸੀ ਦੇ ਤਖਤੇ ਉਤੇ ਖਲੋਕੇ ਅੰਗਰੇਜ਼ ਹਾਕਮ ਨੂੰ ਸੰਬੋਧਨ ਕੀਤਾ। ਡਾਕਟਰ ਮੈਜੇਸਟਰੇਟ ਤੇ ਡਿਪਟੀ ਕਮਿਸ਼ਨਰ ਕਾਵਨ ਖਲੋਤੇ ਸਨ। 'ਰਤਾ ਮੇਰੀ ਅੱਖ ਨਾਲ ਅੱਖ ਮਿਲਾ ਕੇ ਸੁਣੋ।.. ਝੂਠੇ, ਲਾਲਚੀ ਤੇ ਤੁਸਾਂ ਦੇ ਜੂਠੇ ਟੁਕੜਿਆਂ ਤੇ ਪਲਨ ਵਾਲਿਆਂ ਦੇ ਆਖੇ ਅਸਾਂ ਨੂੰ ਸਜ਼ਾਏ ਮੌਤ ਦਿੱਤੀ ਹੈ। ਅਸੀਂ ਸ਼ਹੀਦ ਹੋਵਾਂਗੇ ਤੇ ਮੁੜ ਕਿਸੇ ਮਾਂ ਦੇ ਪੇਟ ਵਿਚ ਦਸ ਮਹੀਨੇ ਰਹਿਕੇ ਜਨਮ ਲਵਾਂਗੇ ਤੇ ਜਵਾਨ ਹੋਕੇ ਤੇਰੇ ਨਾਲ ਨਜਿੱਠਾਂਗੇ। ਤੇਰੇ ਰਾਜ ਦਾ ਅੰਤ ਹੋਏਗਾ, ਸਵਰਾਜ ਆਏਗਾ, ਬੁਧੀ-ਭ੍ਰਿਸ਼ਟ ਬਿਲੇ...ਤੇਰਾ ਅਨਿਆਏ ਤੈਨੂੰ ਲੈ ਡੁਬੇਗਾ। ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਜੋ ਸਵਰਾਜ ਦੀ ਸ਼ਮ੍ਹਾਂ ਬਾਲੀ ਹੈ—ਉਹ ਅਗਿਆਨਤਾ, ਕਾਇਰਤਾ ਗਦਾਰੀ, ਲਾਲਚ ਤੇ ਹਉਮੈ ਦੇ ਹਨੇਰੇ ਨੂੰ ਦੂਰ ਕਰੇਗੀ...ਅਸਾਂ ਦੀ ਚਰਬੀ ਨਾਲ ਅਮਰ ਬਲਦੀ ਰਹੇਗੀ। ਤਰੇ ਜ਼ੁਲਮ ਤੇ ਅਨਿਆਏ ਦਾ ਤੂਫਾਨ ਇਸ ਨੂੰ ਨਹੀਂ ਬੁਝਾ ਸਕੇਗਾ। ਇਹੋ ਰਤਨ ਸਿੰਘ ਮਾਰਨ ਨਾਲ ਲਹਿਰ ਨਹੀਂ ਖਤਮ ਹੋਏਗੀ—ਸਾਰਾ ਪੰਜਾਬ ਜਾਗ ਉਠਿਆ ਹੈ।'

ਬਿਲਿਆ (ਅੰਗਰੇਜ਼ਾਂ) ਦੇ ਕੋਲ ਖਲੋਤਾ ਇੰਨਸਪੈਕਟਰ ਨਰਾਇਣ ਸਿੰਘ ਗਿਆਨ ਸਿੰਘ ਦੇ ਸਚੇ ਬਚਨ ਸੁਣਕੇ ਨਾਲੇ ਕੰਬੀ ਗਿਆ ਨੇ ਨਾਲੇ ਬਿਲਿਆਂ ਨੂੰ ਸਮਝਾਈ ਗਿਆ।

'ਤੁਸਾਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਬਸੀਆਂ ਦੀ ਕੋਠੀ ਬੁਲਾਇਆ। ਉਹਨਾਂ ਦੇ ਸਚੇ ਬਿਆਨ ਤੇ ਸ਼ਕ ਕੀਤਾ। ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਨੂੰ ਪਤਾ ਹੋਣਾ ਚਾਹੀਦਾ ਹੈ...ਗੁਰੂ ਘਰੋਂ ਰਾਜ ਮਿਲਿਆ ਸੀ ਗੁਰੂ ਤੋਂ ਬੇਮੁੱਖ ਹੋਇਆਂ ਰਾਜ ਚਲਿਆ ਜਾਏਗਾ...।'



Sri Satguru Jagjit Singh Ji Elibrary NamdhariElibrary@gmail.com

ਸਚੇ ਬਚਨ ਕਰਨ ਪਿਛੋਂ ਬਾਬਾ ਗਿਆਨ ਸਿੰਘ ਤੇ ਰਤਨ ਸਿੰਘ ਨੇ ਫਾਂਸੀ ਦੇ ਰਸੇ ਨੂੰ ਆਪੇ ਗਲਾਂ ਵਿਚ ਪਾਇਆ। 'ਸਤਿ ਸ੍ਰੀ ਅਕਾਲ' ਬੁਲਾ ਕੇ ਆਪ ਹੀ ਝੂਟਾ ਲੈ ਲਿਆ। ਜਨਮ ਮਰਨ ਸਵਾਰ ਲਿਆ, ਸਚੇ ਪਰਵਾਨੇ ਬਣੇ ਸਵਰਾਜ ਦੀ ਸ਼ਮ੍ਹਾਂ ਤੋਂ ਸ਼ਹੀਦ ਹੋਕੇ ਪਿਆਰ ਪਾਲ ਗਏ।

ਬਾਬਾ ਗਿਆਨ ਸਿੰਘ ਤੇ ਰਤਨ ਸਿੰਘ ਨੂੰ ਸਜ਼ਾ ਰਾਏ ਕੋਟ ਦੇ ਦੂਸਰੇ ਬੁਚੜ-ਮਾਰ ਮਕਦਮੇ ਦੇ ਸਬੰਧ ਵਿਚ ਹੋਈ ਸੀ ਤੇ ਦੋਵੇਂ ਹੀ ਨਿਰਦੋਸ਼ ਸਨ। ਝੂਠੀਆਂ ਗਵਾਹੀਆਂ ਨਾਲ ਹੀ ਮਕਦਮਾ ਤਿਆਰ ਹੋਇਆ ਸੀ।

ਬੁਚੜ-ਮਾਰ ਮੁਹਿੰਮ ਅਸਲ ਵਿਚ ਧਾਰਮਿਕ ਵਲਵਲੇ ਨਾਲ ਫਰੰਗੀ ਸਰਕਾਰ ਵਿਰੁਧ ਹਿਲਜੁਲ ਸੀ--ਜਿਸ ਨੇ ਇਕ ਰਾਜਸੀ ਸੰਘਰਸ਼ ਦਾ ਰੂਪ ਧਾਰਨ ਕਰਨਾ ਸੀ। ਅੰਮ੍ਰਿਤਸਰ ਦੀ ਘਟਨਾ ਦੇ ਨਾਲ ਹੀ ਦੋ ਵਾਰ ਰਾਏਕੋਟ ਘਟਨਾਵਾਂ ਵਾਪਰ ਗਈਆਂ—ਜੋ ਵਾਪਰਨੀਆਂ ਜ਼ਰੂਰੀ ਸਨ। ਅੰਮ੍ਰਿਤਸਰ ਗੁਰੂ ਕੀ ਨਗਰੀ ਵਿਚ ਬੁਚੜ ਖਾਨਾ ਅੰਗਰੇਜ਼ਾਂ ਦੀ ਜਾਣ-ਬੁਝ ਕੇ ਕੀਤੀ ਗਲਤੀ ਦਾ ਨਤੀਜਾ ਸੀ, ਕਿਉਂਕਿ ਮੁਸਲਮਾਨਾਂ ਦੀ ਆੜ ਲੈਕੇ ਅੰਗਰੇਜ਼ ਖਾਲਸੇ ਦੀ ਅਣਖ ਦਬਾਉਣਾ ਚਾਹੁੰਦੇ ਸਨ। ਰਾਏ ਕੋਟ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸਕ ਯਾਦਗਾਰ ਗੁਰ-ਦੁਆਰਾ ਹੈ। ਉਸ ਦੇ ਕੋਲ ਹੀ ਅੰਗਰੇਜ਼ਾਂ ਦੇ ਇਕ ਪੁਰਜੇ ਮਿਸਟਰ ਰਿਕਟਸ ਨੇ ੧੮੫੬ ਵਿਚ ਬੁਚੜ ਖਾਨਾ ਬਣਨ ਦੀ ਆਗਿਆ ਦਿਤੀ ਸੀ। ਰਾਏ ਕੋਟ ਦੇ ਚੌਗਿਰਦੇ ਦੇ ਬੇਅੰਤ ਸਿਖ ਨਾਮਧਾਰੀਏ ਬਣ ਚੁੱਕੇ ਸਨ ਤੇ ਗਊ-ਹੱਤਿਆ ਨੂੰ ਬੁਰਾ ਅਨਭਵ ਕਰਦੇ ਸਨ। ਇਕ ਦਿਨ ਕੁਝ ਨਾਮਧਾਰੀ ਗੁਰਦੁਆਰੇ ਗਏ ਤਾਂ ਸੇਵਾਦਾਰ ਨੇ ਲਹੂ ਰੰਗੇ ਅਥਰੂਆਂ ਨਾਲ ਬੇਨਤੀ ਕੀਤੀ ਅਤੇ ਦਿਖਾਇਆ ਕਿ ਕਿਵੇਂ ਇਲਾਂ, ਗਿਲਜਾਂ, ਕਾਂ ਕੁੱਤੇ ਗਊ-ਹੱਡੀਆਂ ਲਿਆ ਕੇ ਗੁਰਦੁਆਰੇ ਉਤੇ ਸੁਟਦੇ ਸਨ।...ਸਿੰਘਾਂ ਨੂੰ ਜੋਸ਼ ਆ



Sri Satguru Jagjit Singh Ji Elibrary NamdhariElibrary@gmail.com

ਗਿਆ, ਸਤਿਗੁਰੂ ਰਾਮ ਸਿੰਘ ਜੀ ਦੇ ਉਪਦੇਸ਼ ਨੇ ਉਬਾਲ ਖਾਧਾ ਤੇ ਸਲਾਹ ਕਰਕੇ ਭਾਈ ਭਗਵਾਨ ਸਿੰਘ, ਲਛਮਨ ਸਿੰਘ ਤੇ ਬੀਰ ਸਿੰਘ, ਗੁਲਾਬ ਸਿੰਘ (ਅੰਮ੍ਰਿਤਸਰੀਏ) ਭਾਈ ਦਲ ਸਿੰਘ ਛੀਨੀ ਵਾਲੀਆ ਤੇ ਪਿਥੋਕੀ ਵਾਲੇ ਦਾ ਭਾਈ ਮਸਤਾਨ ਸਿੰਘ, ਗੁਰਮੁਖ ਸਿੰਘ ਤ ਮੰਗਲ ਸਿੰਘ ਨੇ ਮਿਲਕੇ ਬੁਚੜਖਾਨੇ ਉਤੇ ਹਮਲਾ ਕੀਤਾ। ਜਿਸ ਅਸਲ ਬੁੱਚੜ ਰਾਂਝੇ ਨੂੰ ਮਾਰਨਾ ਸੀ, ਪਰ ਉਹ ਬਾਹਰ ਸੀ। ਤਿੰਨ ਮਰੇ ਤੇ ਲਗ ਪਗ ਤੇਰਾਂ ਫਟੜ ਹੋਏ।

ਭਾਈ ਦਲ ਸਿੰਘ ਰਾਹੀਂ ਕੇਸ ਨੰਗਾ ਹੋ ਗਿਆ, ਦਲ ਸਿੰਘ ਵਾਇਦਾ ਮੁਆਫ ਗਵਾਹ ਬਣ ਗਿਆ। ੨੭ ਜੁਲਾਈ ਨੂੰ ਮਸਤਾਨ ਸਿੰਘ ਤੇ ਮੰਗਲ ਸਿੰਘ ਤਿੰਨਾਂ ਨੂੰ ਫਾਂਸੀ ਦੀ ਸਜ਼ਾ ਮਿਲੀ ਤੇ ਸ਼ਹੀਦ ਹੋ ਗਏ। ਇਹ ਮਕਦਮਾ ਬਸੀਆਂ ਦੀ ਕੋਠੀ ਹੋਇਆ। ਸਤਿਗੁਰੂ ਜੀ ਨੂੰ ਵੀ ਭੈਣੀ ਤੋਂ ਬੁਲਾਇਆ ਗਿਆ ਸੀ। ਮਹਾਰਾਜਾ ਪਟਿਆਲਾ ਤੇ ਰਾਜਾ ਹੀਰਾ ਸਿੰਘ ਨਾਭਾ ਨੇ ਇਸ ਮਕਦਮੇ ਵਿਚ ਸਰਕਾਰ ਦੀ ਮਦਦ ਕੀਤੀ ਸੀ। ਏਸ ਮਕਦਮੇ ਨਾਲ ਝੂਠ-ਮੂਠ ਜੋੜਕੇ ਗਿਆਨੀ ਸਿੰਘ (ਰਤਨ ਸਿੰਘ) ਅਤੇ ਰਤਨ ਸਿੰਘ ਨਾਈ ਵਾਲਾ ਨੂੰ ਫਾਂਸੀ ਦਿੱਤੀ ਗਈ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਸਵਰਾਜ ਪ੍ਰਾਪਤੀ ਵਾਸਤੇ ਜੋ ਘੁਲਾਟੀਏ ਪੈਦਾ ਕਰਨ ਦਾ ਨਿਸ਼ਾਨਾ ਬਣਾਇਆ ਸੀ ਉਹ ਲਗ-ਪਗ ਤੇਰਾਂ ਸਾਲ ਵਿਚ ਪੂਰਾ ਹੋਇਆ ਪ੍ਰਤੀਤ ਹੋਇਆ। ਸਾਰੇ ਪੰਜਾਬ ਵਿਚ ਕੂਕਿਆਂ ਤੇ ਸਤਿਗੁਰਾਂ ਦੀ ਚਰਚਾ ਹੋਣ ਲਗ ਪਈ। ਉਧਰ ਸਰਕਾਰ ਦੀ ਕੂਟਲ ਨੀਤੀ ਦੇ ਕਾਰਣ ਦੁਸ਼ਮਨ ਵੀ ਬਹੁਤ ਉਠ ਖਲੋਤੇ।

੧੬੬੭ ਤੋਂ ੧੯੫੭ ਤਕ ਅੰਗਰੇਜ਼ੀ ਸਰਕਾਰ ਵਿਰੁਧ ਕਈਆਂ ਨੇ ਘੋਲ ਕਰਨ ਦਾ ਜਤਨ ਕੀਤਾ, ਪਰ ਉਹ ਸਫਲ ਨਾ ਹੋਏ ਕਿਉਂਕਿ ਸਭ ਦਾ ਨਿਝੀ ਮੁਫਾਦ (ਲਾਭ) ਦਾ ਉਦੇਸ਼ ਸੀ। ਭਾਰਤ ਵਿਚ ਲੋਕ ਰਾਜ (ਸਵਰਾਜ) ਕਾਇਮ ਕਰਨ ਦਾ ਉਦੇਸ਼



Sri Satguru Jagjit Singh Ji Elibrary NamdhariElibrary@gmail.com

ਪਹਿਲੀ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਬਣਾਇਆ। ਐਸਾ ਬੀਜ ਬੀਜਿਆ, ਜੋ ਅਮਰ ਰਿਹਾ, ਜਿਸ ਦਾ ਫਲ ਸਰੂਪ ਅਜ ਭਾਰਤ ਵਿਚ ਗਨਰਾਜ ਕਾਇਮ ਹੈ।

ਬਾਬਾ ਗਿਆਨ ਸਿੰਘ ਤੇ ਰਤਨ ਸਿੰਘ ਨਾਈ ਵਾਲਾ ਨੂੰ ਨਿਰਦੋਸ਼ ਫਾਂਸੀ ਦੇਣ ਕਾਰਣ ਸਾਰੇ ਕੂਕਿਆਂ ਵਿਚ ਗੁੱਸੇ ਦੀ ਜਵਾਲਾ ਭੜਕਣ ਲਗ ਪਈ। ਹਰ ਇਕ ਕੂਕਾ ਗੋਰੇ ਤ ਸਰਕਾਰੀਏ ਬੰਦੇ ਨੂੰ ਲਾਲ ਅਖ ਨਾਲ ਦੇਖਣ ਲਗ ਪਿਆ ਤੇ ਸਰਕਾਰ ਨੇ ਖਤਰੇ ਦੀ ਲਾਲ ਝੰਡੀ ਸਰਕਾਰੀ ਬੰਦਿਆਂ ਨੂੰ ਦੇ ਦਿਤੀ। ਰਾਜ, ਮਹੰਤ ਮੌਲਵੀ, ਪੰਡਤ, ਜਗੀਰਦਾਰ ਤੇ ਅਮੀਰ ਸਾਰੇ ਹੀ ਵਖ ਵਖ ਅਫਵਾਹੀ ਉਡਾਉਣ ਲਗ ਪਏ। ਖੰਭਾਂ ਦੀਆਂ ਡਾਰਾਂ ਬਣਨ ਲਗੀਆਂ ਤੇ ਕਿਵੇਂ ਨਾ ਕਿਵੇਂ ਕਾਨੂੰਨ ਆਸਰੇ ਸਤਿਗੁਰੂ ਜੀ ਨੂੰ ਸਰਕਾਰ ਹੱਥ ਪਾਏ, ਰਾਹ ਲਭੇ ਜਾਣ ਲਗੇ।

'ਮੁਕਤਸਰ ਦੀ ਮਾਘੀ ਦੇ ਪੁਰਬ ਉਤੇ 'ਆਪ ਆਪਣੇ ਸੇਵਕਾਂ ਤੇ ਸੰਗਤ ਨਾਲ ਨਹੀਂ ਜਾ ਸਕਦੇ। ਹਾਲਾਤ ਦੇ ਵਿਗੜਨ ਦਾ ਖਤਰਾ ਹੈ।'

ਲਾਹੌਰ ਸਰਕਾਰ ਦੇ ਹੁਕਮ ਆਸਰੇ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਭੈਣੀ ਸਾਹਿਬ ਸਤਿਗੁਰੂ ਜੀ ਨੂੰ ਸਨੇਹਾ ਭੇਜਿਆ। 'ਭੈਣੀ ਸਾਹਿਬ) ਵਿਚ ਹੀ( ਰਹੋ।'

ਸਤਿਗੁਰੂ ਜੀ ਦੇ ਆਪਣੇ ਕਾਇਮ ਕੀਤੇ ਡਾਕ ਦੇ ਵਸੀਲੇ ਰਾਹੀਂ, ਸਾਰੇ ਸੰਤ ਖਾਲਸੇ ਨੂੰ ਖਬਰਾਂ ਭੇਜ ਦਿਤੀਆਂ ਕਿ ਮੁਕਤਸਰ ਨਹੀਂ ਜਾਣਾ। ਮਾਘੀ ਦਾ ਮੇਲਾ (ਹੋਲਾ) ਭੈਣੀ ਸਾਹਿਬ ਹੀ ਹੋਏਗਾ। ਸਮਾਂ ਭਿਆਨਕ ਸਿਰ ਉਤੇ ਹੈ।

ਬਹੁਤੇ ਸਤਿਗੁਰੂ-ਪਿਆਰ ਤੇ ਸਵਰਾਜ ਦੀਵਾਨੇ ਘਰਾਂ ਦੇ ਸਾਰੇ ਲਾਂਜੇ ਛਡਕੇ ਭੈਣੀ ਸਾਹਿਬ ਵਲ ਚਲ ਪਏ। 'ਕੀ ਪਤਾ ਕੀ ਭਾਣੇ ਵਰਤਨ.. ਅਸੀਂ ਚਲੇ ਹਾਂ।' ਧੀਆਂ-ਪੁਤਰਾਂ ਨੂੰ ਪਿਆਰ ਦੇ ਦਿੱਤੇ। 'ਜ਼ਰੇ-ਮਰੇ ਸਿਧ ਪਾਈਏ' ਵਾਲੀ ਵਸਥਾ ਕਾਇਮ



Sri Satguru Jagjit Singh Ji Elibrary NamdhariElibrary@gmail.com

ਕਰ ਲਈ।

'ਬਾਪੂ ਮੈਂ ਭੈਣੀ ਸਾਹਿਬ ਚਲਿਆ ਹਾਂ।' ਨੈਣਾ ਸਿੰਘ ਨੇ ਆਪ ਬਾਪ ਅਰੂੜ ਸਿੰਘ ਨੂੰ ਆਖਿਆ।

'ਜਾਹ ਪੁੱਤਰ.. ਤੇਰੇ ਏਥੇ ਹੋਣ ਦਾ ਕੀ ਸੁਖ ਰੋਜ ਪੁਲੀਸ ਵਾਲੇ ਘੇਰੀ ਫਿਰਦੇ ਹਨ। 'ਨੈਨੀ ਦਾ ਵਿਆਹ ਤੇਰੀ ਮਰਜੀ ਨਾਲ ਹੋ ਗਿਆ.. ਇਹ ਭਲਾ ਹੋਇਆ...ਹੁਣ ਤੇਰੇ ਦੋਵੇਂ ਮੁੰਡੇ ਤੇ ਇਕ ਕੁੜੀ...' ਰੂੜ ਸਿੰਘ ਨੇ ਉਤਰ ਦਿੱਤਾ ਤੇ ਲੰਮਾ ਸਾਹ ਲੈਕੇ ਨੈਣਾ ਸਿੰਘ ਵਲ ਦੇਖਿਆ।

'ਕਰਤਾਰ ਜੋ ਲਿਖਿਆ ਹੈ, ਸੋ ਹੁੰਦਾ ਹੈ ...ਸੇਵਾ ਕਰਨੀ ਹੈ।'

'ਕਰ ਸੇਵਾ ਪੁੱਤਰ ! ਜੀਅ ਦੀ ਗਲ ਹੈ।'

'ਜੀਆਂ ਨੂੰ ਪਾਲਣ ਵਾਲਾ ਕਰਤਾਰ ਹੈ—ਸਤਿਗੁਰੂ ਜੀ ਕ੍ਰਿਪਾ ਕਰਨਗੇ।'

'ਕਰਤਾਰ . ਸਤਿਗੁਰੂ...ਅਗੇ ਤੇਰੇ ਸਤਿਗਰੂ ਨੇ.. ।'

'ਬਾਪੂ ! ਏਥੇ ਹੀ ਰੁਕ ਜਾ...ਅੱਗੇ ਨਾ ਬੋਲੀਂ...ਸਤਿਗੁਰੂ ਜੀ ਜਾਗਦੇ ਹਨ . ਹਵਾ ਰੂਪ ਆਪਣੇ ਸਿੱਖਾਂ ਦੇ ਅੰਗ ਸੰਗ ਹਨ ਜ਼ਬਾਨੋਂ ਕੋਈ ਕੁਬੋਲ ਨਾ ਬੋਲੀਂ।. ਕਈਆਂ ਸਾਲਾਂ ਤੋਂ ਕਈ ਚਮਤਕਾਰੇ ਦੇਖੇ...ਪਰ ਅਜੇ ਨਾ ਸਮਝੇ। ਜਿਸ ਡਰ ਬਦਲੇ ਮੇਰੇ ਨਾਲ ਨਰਾਜ਼ ਸੀ, ਉਹ ਵੀ ਸਤਿਗੁਰਾਂ ਨੇ ਟਾਲ ਦਿੱਤਾ। ਨੈਨੀ ਹਾਣ ਪ੍ਰਵਾਨ ਨਾਲ ਵਿਆਹੀ ਗਈ ਸੁੱਖੀ ਹੈ। ਸਤਿਗੁਰੂ ਮਹਾਰਾਜ ਜੀ ਨੇ ਕ੍ਰਿਪਾ ਕੀਤੀ, ਅਜ ਉਸ ਦੇ ਕੁਛੜ ਸੁੰਦਰ ਮੁੰਡਾ ਹੈ...ਬਾਪੂ ਸਤਿਗੁਰੂ ਜੀ ਨਾਲ ਈਰਖਾ ਕਰਕੇ ਕੋਈ ਨਹੀਂ ਬਚਦਾ . ਉਹੋ ਭੇੜਾ ਸਿੰਘ...ਬੇਲਾ ਸਿੰਘ ਦੇਖਲਾ ਮੰਦੀ ਦਸ਼ਾ ਤੋਂ ਮੁੜ ਬੰਦੇ ਬਣ ਗਏ...! ਤੁਸਾਂ ਦਾ ਭਰਾ (ਅਤਰਾ) ਜ਼ਮੀਨ ਦੇ ਚਾਰ ਸਿਆੜ ਬਚਾਉਣ ਵਾਸਤੇ ਗੁਰਸਿਖੀ ਤੋਂ ਕਿੰਨਾ ਦੂਰ ਚਲਿਆ ਗਿਆ ਸੀ। ਮੇਰਾ ਵੀ ਕਛਹਿਰਾ ਲਹਾਉਂਦਾ ਸੀ ਪਰ ਜਿਸ ਦਿਨ



Sri Satguru Jagjit Singh Ji Elibrary NamdhariElibrary@gmail.com

ਥਾਨੇਦਾਰ ਗੁਲ ਖਾਂ ਨੇ ਕੁਟਿਆ.. ਕੋਈ ਲਿਹਾਜ ਨਾ ਕੀਤਾ... ਹੁਣ ਆਪ ਵੀ ਕਛਹਿਰਾ ਪਾ ਬੈਠਾ...ਰਾਤ ਦਿਨੇ ਸਤਿਗੁਰੂ ਮਹਾਂਰਾਜ ਨੂੰ ਯਾਦ ਕਰਦਾ ਹੈ।'

ਅਰੂੜ ਸਿੰਘ ਸੁਣਦਾ ਗਿਆ। ਉਸ ਨੂੰ ਕੋਈ ਜਵਾਬ ਨਾ ਆਉੜਿਆ, ਉਹ ਚੁੱਪ ਖਲੋਤਾ ਰਿਹਾ। ਉਸ ਦੇ ਸਾਹਮਣੇ ੧੩ ਸਾਲ ਦਾ ਸਮਾਂ ਸੀ, ਉਸ ਸਮੇਂ ਵਿਚ ਕਿੰਨੇ ਉਤਰਾ-ਚੜ੍ਹਾ ਆਏ.. ? ਉਸ ਦੀਆਂ ਅਖਾਂ ਅਗੋਂ ਦੀ ਲੰਘੇ। ਕਿੰਨੇ ਪੁਲਸ ਵਾਲੇ ਆਏ, ਪਰ ਠੱਠੇ ਨਗਰ ਦਾ ਕੁਝ ਨਾ ਵਿਗਾੜ ਸਕੇ। ਫਤਹ ਵਾਲ ਦੇ ਸੂਬੇ ਬਾਬਾ ਭਗਵਾਨ ਸਿੰਘ ਨੂੰ ਪੁਲੀਸ ਨੇ ਕਿੰਨਾ ਤੰਗ ਕਰਨਾ ਚਾਹਿਆ। ਪਰ ਉਹ ਅਡੋਲ ਰਿਹਾ। ਮਾਨਾ ਡਾਕੂ ਆਪਣੇ ਸਾਥੀਆਂ ਸਮੇਤ ਡਾਕੇ ਮਾਰਨੇ ਛਡਕੇ ਇਕ ਨਾਮਧਾਰੀ ਸੰਤ ਬਣ ਗਿਆ। ਉਸ ਨੂੰ ਪ੍ਰੇਰਨਾ ਕੀਤੀ ਸੀ. ਬਾਬਾ ਭਗਵਾਨ ਸਿੰਘ ਫਤਹ ਵਾਲ ਨੇ। ਸਬਬ ਨਾਲ ਮੇਲ ਹੋ ਗਿਆ ਸੀ। ਖੜਗ ਸਿੰਘ ਕਕੜ ਦਾ ਪੁਲੀਸ ਨੇ ਫੜਨ ਵਾਸਤੇ ਪਿਛਾ ਕੀਤਾ। ਉਸ ਨੇ ਦਰਿਆ ਰਾਵੀ ਵਿਚ ਛਾਲ ਮਾਰੀ। ਉਹ ਪਾਰ ਹੋ ਗਿਆ ਪਰ ਪਿਛਾ ਕਰਨ ਵਾਲੇ ਸਿਪਾਹੀ ਗੋਤੇ ਖਾ ਕੇ ਡੁਬ ਗਏ।

'ਅਛਾ ਜਾਹ! ਜਿੱਦ ਤੇਰੀ ਪੱਕੀ ਹੈ, ਤੇਰੇ ਬਚਿਆਂ ਦਾ ਮੈਂ ਖਿਆਲ ਰਖਾਂਗਾ। ਹੁਣ ਜਵਾਨ ਹੋ ਗਏ ਹਨ।' ਅਰੂੜ ਸਿੰਘ ਨੈਨਾ ਸਿੰਘ ਨੂੰ ਆਖਿਆ। ਚੁਪ ਦਾ ਜਾਦੂ ਟੁਟ ਗਿਆ।

'ਜੇ ਮੈਂ ਨਾ ਮੁੜਿਆ ਤਾਂ ਸਮਝ ਲੈਣਾ ਗੁਰੂ ਲੇਖੇ ਲੱਗ ਗਿਆ.. ਜੋ ਖਬਰਾਂ ਮਿਲ ਰਹੀਆਂ ਹਨ ਉਹ ਚੰਗੀਆਂ ਨਹੀਂ। ਘਲੂਘਾਰੇ ਹੋਣ ਵਾਲੇ ਹਨ। ਸ਼ਹੀਦੀਆਂ ਦਾ ਸਮਾਂ ਆ ਗਿਆ ਫਰੰਗੀ ਸਰਕਾਰ ਦੀ ਪੁਲੀਸ ਤੇ ਫੌਜ ਭੈਣੀ ਸਾਹਿਬ ਦੇ ਰਸਤੇ ਰੋਕਣ ਲਈ ਜਤਨ ਕਰ ਰਹੀ ਹੈ।

ਰੂੜ ਸਿੰਘ ਨੇ ਨੈਨਾ ਸਿੰਘ ਨੂੰ ਤੋਰਿਆ। ਨੈਨਾ ਸਿੰਘ ਘੋੜੀ ਉਤੇ ਸਵਾਰ ਸੀ; ਜਦੋਂ ਘੋੜੀ ਤੁਰ ਪਈ, ਅਰੂੜ ਸਿੰਘ ਉਸ ਵਲ



Sri Satguru Jagjit Singh Ji Elibrary NamdhariElibrary@gmail.com



ਸ: ਅਤਰ ਸਿੰਘ ਜੀ ਲੌਟਾ, ਜਿਨ੍ਹਾਂ ਨੇ ਨਾਮਧਾਰੀ ਲਹਿਰ ਵਿਚ ਸਰਗਰਮ ਹਿੱਸਾ ਲਿਆ ਸੀ। ਆਪ ਦੇ ਪੁੱਤਰ ਚੌਧਰੀ ਦਸੌਂਧਾ ਸਿੰਘ ਤੇ ਸੰਤ ਸਿੰਘ ਸਨ। ਦਸੌਂਧਾ ਸਿੰਘ ਜੀ ਦੇ ਇਕਲੌਤੇ ਸਪੁੱਤਰ ਜਥੇਦਾਰ ਬਿਸ਼ਨ ਸਿੰਘ ਜੀ ਲੌਟਾ (ਸ਼ਾਲੀਮਾਰ, ਕਲਕਤਾ) ਗੁਰੂ ਘਰ ਦੇ ਸਚੇ-ਸੁਚੇ ਸੇਵਕ ਤੇ ਪ੍ਰੇਮੀ ਹਨ ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:..................
ਅਲਮਾਰੀ ..................
ਸ੍ਰੀ ਭੈਣੀ ਸਾਹਿਬ

ਦੇਖਦਾ ਰਿਹਾ। ਉਸ ਦੀਆਂ ਅੱਖਾਂ ਸਜਲ ਹੋ ਗਈਆਂ। ਉਸ ਨੇ ਨੈਣਾ ਸਿੰਘ ਨੂੰ ਵਾਜ਼ ਮਾਰਨੀ ਦੀ ਇਛਾ ਕੀਤੀ, ਪਰ ਉਸ ਦੀ ਜ਼ਬਾਨ ਨਾ ਹਿਲੀ। ਖੂਹ ਦੇ ਬੋਹੜ ਹੇਠ ਖਲੋਤਾ ਜਾਂਦੇ ਨੈਣਾ ਸਿੰਘ ਉਨਾ ਚਿਰ ਦੇਖਦਾ ਰਿਹਾ, ਜਿੰਨਾ ਚਿਰ ਘੋੜੀ ਅੱਖਾਂ ਤੋਂ ਉਹਲੇ ਨਹੀਂ ਹੋ ਗਈ।

ਨੈਣਾ ਸਿੰਘ ਅੰਮ੍ਰਿਤਸਰ ਸ਼ਹਿਰ ਪੁੱਜਾ। ਉਹ ਸਿੱਧਾ ਅਤਰ ਸਿੰਘ ਲੋਟਾ ਦੇ ਘਰ ਗਿਆ।

ਅਤਰ ਸਿੰਘ ਲੋਟਾ ਮੰਜੇ ਉਤੇ ਲੇਟਿਆ ਬੀਮਾਰ ਸੀ। ਅੰਮ੍ਰਿਤਸਰ ਬੁੱਚੜ ਕਤਲ ਕਾਂਡ ਦੇ ਸਬੰਧ ਵਿਚ ਸਪੈਸ਼ਲ ਪੁਲੀਸ ਸਟਾਫ਼ ਵਿਚ ਜੋ ਉਸ ਨੂੰ ਅਸਹਿ ਤਸੀਹੇ ਦਿੱਤੇ ਗਏ ਸਨ। ਉਹਨਾਂ ਕਾਰਨ ਸਰੀਰ ਰੋਗੀ ਹੋ ਗਿਆ ਸੀ। ਸਰੀਰ ਦੀਆਂ ਪੀੜਾਂ ਦੂਰ ਨਹੀਂ ਸਨ ਹੁੰਦੀਆਂ। ਦਿਮਾਗ ਉੱਤੇ ਬੁਰਾ ਅਸਰ ਪਿਆ ਸੀ।

ਨੈਣਾ ਸਿੰਘ ਨੇ ਜਾ ਗੁਰ ਫਤਹ ਬੁਲਾਈ। ਕੋਲ ਬੈਠ ਕੇ ਸੁਖ ਸਾਂਦ ਪੁੱਛੀ ਤੇ ਆਖਿਆ, 'ਮਾਘੀ ਦੇ ਪੁਰਬ ਤੇ ਭੈਣੀ ਚਲਿਆ ਹਾਂ। ਮੁਕਤਸਰ ਜਾਣ ਦੀ ਫਰੰਗੀ ਬਿਲਿਆਂ ਆਗਿਆ ਨਹੀਂ ਦਿੱਤੀ।'

'ਬੀਰ ਸਿੰਘ ਕੋਲ ਆਇਆ ਸੀ—ਉਸ ਨੇ ਦਸਿਆ, ਮਾਲਵੇ ਵਿਚ ਕਈ ਸਾਕੇ ਹੋ ਗਏ ਹਨ। ਸੰਤਾਂ ਨੂੰ ਫਾਂਸੀ ਲਟਕਾਇਆ ਗਿਆ।' ਅਤਰ ਸਿੰਘ ਲੋਟਾ ਨੇ ਉਤਰ ਦਿੱਤਾ।

'ਐਸਾ ਸੁਣਿਆ ਹੈ।'

'ਹੋਰ ਵੀ ਸਾਕੇ ਹੋਣਗੇ?'

'ਹੋ ਸਕਦਾ ਹੈ। ਫੌਜਾਂ ਤਿਆਰ ਹਨ, ਬਿੱਲੇ ਦਾ ਖਾਤਮਾ ਕਰਨ ਵਾਸਤੇ। ਬਸ ਸ਼ਹੀਦੀਆਂ ਦਾ ਸਮਾਂ ਆ ਪੁੱਜਾ। ਸਤਿਗੁਰੂ ਜੀ ਦੇ ਬਚਨ ਸਤ ਹੋ ਰਹੇ ਹਨ।'

'ਕੀ ਕਰਾਂ! ਤੁਰਿਆ ਨਹੀਂ ਜਾਂਦਾ। ਚਿਤ ਵਿਚ ਤਾਂ ਉਬਾਲ ਹੈ ਕਿ ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਦਾ



Sri Satguru Jagjit Singh Ji Elibrary NamdhariElibrary@gmail.com

ਹੋਇਆ ਸ਼ਹੀਦ ਹੋਵਾਂ। ਅਛਾ......ਮੇਰੀ ਵਲੋਂ ਪੰਜ ਦਮੜੇ ਲੈ ਜਾਉ..... ਮੱਥਾ ਟੇਕਣਾ। ਅਰਦਾਸ ਕਰਾਉਣੀ......ਸਤਿਗੁਰੂ ਜੀ ਕ੍ਰਿਪਾ ਕਰਨ।'

ਬਹੁਤਾ ਚਿਰ ਰੁਕਣ ਦਾ ਸਮਾਂ ਨਹੀਂ ਸੀ। ਥੋੜਾ ਚਿਰ ਬੈਠਕੇ ਨੈਨਾ ਸਿੰਘ ਨੇ ਅਤਰ ਸਿੰਘ ਨੂੰ ਫਤਿਹ ਬੁਲਾਈ ਤੇ ਮਿਆਨੀ ਦੇ ਪਤਨ ਵਲ ਚਲ ਪਿਆ।

ਦਰਿਆ ਬਿਆਸਾ ਪਾਰ ਕਰਨ ਵਾਸਤੇ ਅੰਮ੍ਰਿਤਸਰੀਆਂ ਨੂੰ ਤਿੰਨ ਪਤਨ ਪੈਂਦੇ ਸਨ। ਸ੍ਰੀ ਹਰਿ ਗੋਬਿੰਦ ਪੁਰ, ਢਿਲਵਾਂ ਤੇ ਮਿਆਨੀ। ਭਾਈ ਨੈਨਾ ਸਿੰਘ ਮਿਆਨੀ ਵਲ ਗਿਆ। ਪਤਨ ਤੋਂ ਕੋਈ ਦੋ ਮੀਲ ਦੂਰ ਸੀ ਕਿ ਇਕ ਸੰਤ ਮਿਲਿਆ। ਜਿਸ ਦੀ ਉਮਰ ਵਡੇਰੀ ਸੀ, ਸਿਰ ਦੇ ਵਾਲ ਦੁੱਧ ਚਿੱਟੇ ਪਿਛੇ ਸੁਟੇ ਸਨ। ਕਾਲੀ ਕਮਲੀ ਦੀ ਬੁਕਲ ਮਾਰੀ ਸੀ। ਹੱਥ ਵਿਚ ਪਿਤਲ ਦਾ ਕਰਮੰਡਲ ਸੀ।

'ਰੁਕ ਜਾ!' ਉਸ ਨੇ ਹੱਥ ਦਾ ਇਸ਼ਾਰਾ ਕਰਕੇ ਨੈਨਾ ਸਿੰਘ ਨੂੰ ਸੰਬੋਧਨ ਕੀਤਾ।

ਨੈਨਾ ਸਿੰਘ ਰੁਕ ਗਿਆ। ਮਹਾਂ ਪੁਰਖ ਸਮਝਕੇ ਘੋੜੀ ਤੋਂ ਉਤਰ ਬੈਠਾ। ਉਸ ਨੂੰ ਨਿਮਸ਼ਕਾਰ ਕੀਤੀ ਤੇ ਆਖਿਆ, 'ਹੁਕਮ ਮਹਾਰਾਜ ਜੀ!'

'ਗੁਰਮੁਖਾ...ਵੇਖਣ ਨੂੰ ਤੂੰ ਕੂਕਾ ਪ੍ਰਤੀਤ ਹੁੰਦਾ ਹੈਂ?' ਮਹਾਂ ਪੁਰਖ ਨੇ ਆਖਿਆ।

'ਜੀ...ਮਹਾਰਾਜ ਜੀ!'

'ਕੀ ਦਰਿਆ ਪਾਰ ਕਰਨਾ ਹੈ?'

'ਹਾਂ ਜੀ!'

'ਭੈਣੀ ਜਾਣਾ ਈ?'

'ਹਾਂ ਮਹਾਰਾਜ...ਭੈਣੀ ਸਾਹਿਬ...ਸਤਿਗੁਰੂ ਜੀ ਦੇ ਦਰਸ਼ਨ ਕਰਨ...ਮਾਘੀ ਦਾ ਪੁਰਬ ਹੈ ਨਾ?



Sri Satguru Jagjit Singh Ji Elibrary NamdhariElibrary@gmail.com

'ਹਾਂ...ਮਾਘੀ ਦਾ ਮੇਲਾ ਹੈ।'

'ਗਲ ਸੁਣ ਸਰਕਾਰ ਦੀ ਪੁਲਸ ਸਾਰੇ ਪਤਨਾਂ ਉਤੇ ਬੈਠੀ ਹੈ.. ਉਹ ਕਿਸੇ ਕੂਕੇ ਨੂੰ ਅਗੇ ਨਹੀਂ ਜਾਣ ਦਿੰਦੀ। ਅਬਲ ਤਾਂ ਨਾ ਜਾਹ......ਜੇ ਜਾਣਾ ਹੈ ਤਾਂ ਦਰਿਆ ਵਿਚੋਂ ਦੀ ਲੰਘਣਾ ਪਵੇਗਾ।'

'ਆਪ ਨੇ ਬਹੁਤ ਕ੍ਰਿਪਾ ਕੀਤੀ......ਪਰ ਆਪ ਨੂੰ ਕਿਵੇਂ ਪਤਾ ?'

'ਗੁਰਮੁਖਾ ਜਗ ਬੀਤੀ ਦੀ ਹੋਰ ਗਲ ਹੈ, ਹੱਡ ਬੀਤੀ ਨਾਲ ਕੋਈ ਭਲੇਖਾ ਨਹੀਂ ਪੈਂਦਾ। . ਮੈਨੂੰ ਚਾਰ ਘੜੀਆਂ ਪਤਨ ਤੇ ਰੋਕ ਰਖਿਆ।'

'ਆਪ ਨੂੰ ਕਿਉਂ ਰੋਕਿਆ।'

'ਸਾਵਣ ਦੇ ਅੰਨ੍ਹਿਆਂ ਨੂੰ ਸਦਾ ਹਰਿਆਵਲ ਦਿਸਦੀ ਹੈ। ਅਸਾਂ ਦਾ ਡੇਰਾ ਮਾਲਵੇ ਵਿਚ ਹੈ। . ਦਾਖੇ ਤੋਂ ਆ ਰਹੇ ਹਾਂ। ਗੁਰੂ ਕੀ ਨਗਰੀ ਵਿਚ ਮਾਘੀ ਦਾ ਇਸ਼ਨਾਨ ਕਰਨਾ ਹੈ...ਨਾਲੇ ਸੰਤਾਂ ਆਤਮਾਵਾਂ ਦੇ ਦਰਸ਼ਨ ਕਰਨੇ ਹਨ।...ਪੁਲੀਸ ਵਾਲੇ ਹਰ ਇਕ ਨੂੰ ਧਿਆਨ ਨਾਲ ਦੇਖ ਰਹੇ ਹਨ ..ਉਹਨਾਂ ਦਾ ਖਿਆਲ ਹੈ ਕਿ ਸ਼ਾਇਦ ਕੂਕੇ ਹੋਰ ਭੇਖ ਬਦਲਕੇ ਤੁਰਨ ਫਿਰਨ ਲਗ ਪਏ ਹਨ। ਰਾਏ ਕੋਟ ਬੁਚੜਾਂ ਦੇ ਕਤਲ ਦੀ ਵਾਰਦਾਤ ਹੋਈ। ਕੁਝ ਕੂਕੇ ਪੁਲੀਸ ਦੇ ਹੱਕ ਨਹੀਂ ਆਏ, ਉਹਨਾਂ ਨੂੰ ਲਭ ਰਹੇ ਹਨ।... ਮੈਨੂੰ ਬਹੁਤ ਕੁਝ ਪੁਛਿਆ ਅੰਤ ਆਗਿਆ ਦਿਤੀ ਦਰਿਆ ਪਾਰ ਕਰਨ ਦੀ। ਕੂਕਿਆਂ ਨੂੰ ਰੋਕ ਰਹੇ ਈ ਭੈਣੀ ਜਾਣ ਤੋਂ। ਇਕਠੇ ਹੋਕੇ ਕੂਕੇ ਕੋਈ ਵਡੀ ਵਾਰਦਾਤ ਨਾ ਕਰਨ.. ਅੱਠ-ਦਸ ਕੂਕੇ ਬਿਠਾਏ ਹਨ ..ਅੱਛਾ ਜਾਹ . ਸੋਚ ਲਾ ਤੇਰਾ ਗੁਰੂ ਰਾਖਾ।' ਇਹ ਆਖਕੇ ਮਹਾਂ ਪੁਰਖ ਆਪਣੇ ਰਾਹ ਤੁਰ ਪਿਆ।

ਭਾਈ ਨੈਨਾ ਸਿੰਘ ਮੁੜ ਘੋੜੀ ਉਤੇ ਸਵਾਰ ਹੋਇਆ। ਉਸ ਦੇ ਸਾਹਮਣੇ ਦਰਿਆ ਬਿਆਸਾ ਦਾ ਬੇਲਾ ਸੀ। ਸਿਆਲ ਦੀ



Sri Satguru Jagjit Singh Ji Elibrary NamdhariElibrary@gmail.com

ਰੁਤ...ਪੋਹ ਦੇ ਅੰਤਲੇ ਦਿਨ, ਜਦੋਂ ਕਾਨਿਆਂ ਦਾ ਬੇਲਾ ਪੱਕਾ ਹੁੰਦਾ ਹੈ। 'ਪੱਗ ਡੰਡੀ ਛਡਣੀ ਪਏਗੀ।' ਉਸ ਨੂੰ ਫੁਰਨਾ ਫੁਰਿਆ, 'ਗੋਇੰਦਵਾਲ ਦੇ ਪਤਨ ਉਤੇ ਵੀ ਤਾਂ ਪਹਿਰਾ ਹੋਏਗਾ।.. ਕੀ ਭਰੋਸਾ ਫਰੰਗੀ ਦੇ ਬੰਦਿਆਂ ਦਾ ਐਵੇਂ ਬਿਠਾ ਛਡਣ.. ਸਤਿਗੁਰੂ ਜੀ ਦੇ ਦਰਸ਼ਨ ਵੀ ਨਾ ਕਰਨ ਦੇਣ।'

ਇਉਂ ਸੋਚਕੇ ਘੋੜੀ ਨੂੰ ਰੋਕਿਆ। ਘੋੜੀ ਨੂੰ ਰੋਕ ਕੇ ਅੱਗੇ ਪਿਛੇ ਤਕਿਆ, ਦਰਿਆ ਵਲੋਂ ਆਉਂਦਾ ਤਾਂ ਕੋਈ ਨਜ਼ਰ ਨਾ ਪਿਆ, ਪਰ ਪਿਛੇ ਆਉਂਦੇ ਦੋ ਸਵਾਰ ਘੋੜੀਆਂ ਤੇ ਨਜ਼ਰੀਂ ਪਏ। ਪੰਜ ਸਤ ਸਰੀਰ ਪੈਦਲ ਆ ਰਹੇ ਸਨ।

ਰਸਤੇ ਦੇ ਪਾਸੇ ਦੋ ਟਾਹਲੀਆਂ ਸਨ। ਜਿਨ੍ਹਾਂ ਦਾ ਪਸਾਰ ਚੋਖਾ ਸੀ। ਉਧਰ ਘੋੜੀ ਕੀਤੀ ਤੇ ਘੋੜੀ ਤੋਂ ਉਤਰ ਬੈਠੇ।

ਪਿਛੋਂ ਆਉਣ ਵਾਲੇ ਬਰਾਬਰ ਤੇ ਆਏ ਤਾਂ ਉਹ ਆਮ ਯਾਤਰੂ ਸਨ, ਜਿਹੜੇ ਕਿਸੇ ਨਗਰ ਕਿਸੇ ਨਿਜੀ ਕੰਮ ਜਾ ਰਹੇ ਸਨ। ਉਹਨਾਂ ਨੇ ਕੋਈ ਧਿਆਨ ਨਾ ਦਿੱਤਾ। ਉਹ ਅਗੇ ਲੰਘ ਗਏ।

'ਸਤਿਗੁਰੂ ਤੇਰੀ ਓਟ!' ਆਖਕੇ ਨੈਨਾ ਸਿੰਘ ਨੇ ਵਡਾ ਫੈਸਲਾ ਕੀਤਾ। 'ਦਰਿਆ ਤਰਕੇ ਪਾਰ ਕਰਨਾ ਹੋਏਗਾ। ਘੋੜੀ ਵੀ ਤਕੜੀ ਹੈ.. ਪਾਣੀ ਵੀ ਨਿਰੀ ਬਰਫ।'

ਇਹ ਫੈਸਲਾ ਕਰਕੇ ਉਹ ਮੁੜ ਘੋੜੀ ਉਤੇ ਸਵਾਰ ਹੋਇਆ ਤੇ ਘੋੜੀ ਬੇਲਾ ਚੀਰਦੀ ਤੇ ਰੇਤ ਉਤੇ ਆਪਣੇ ਸੁੰਬਾਂ ਦੀ ਮੋਹਰ ਲਾਉਂਦੀ ਹੋਈ ਪਤਨ ਤੋਂ ਮੀਲ ਹੱਟਕੇ ਦਰਿਆ ਬਿਆਸਾ ਦੇ ਕਿਨਾਰੇ ਪੁੱਜ ਗਈ। 'ਬੱਕੀ ਤੇ ਹਜ਼ਰਤ ਅਲੀ ਦੀ ਦੁਲਦੁਲ ਦੀਏ ਭੈਣੇ...ਅਜ ਪ੍ਰੀਖਿਆ ਦੀ ਘੜੀ ਹੈ, ਕਰ ਪਾਰ ਬਿਆਸ ਨੂੰ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਾ।'

ਘੋੜੀ ਨੂੰ ਥਾਪੀ ਦਿੱਤੀ ਤੇ ਪਾਣੀ ਵਿਚ ਤੋਰਨਾ ਸ਼ੁਰੂ ਕੀਤਾ। ਕੋਈ ਦਸ ਕੁ ਕਦਮ ਅੱਗੇ ਜਾ ਕੇ ਪਾਣੀ ਡੂੰਘਾ ਤੇ ਰੋਹੜੂ ਆਇਆ, ਪਰ ਘੋੜੀ ਨੇ ਕੋਈ ਪਰਵਾਹ ਨਾ ਕੀਤੀ। ਪਾਣੀ ਉਸ



Sri Satguru Jagjit Singh Ji Elibrary NamdhariElibrary@gmail.com

ਦੇ ਪੇਟ ਤਕ ਆ ਗਿਆ ਤਾਂ ਘੋੜੀ ਨੇ ਪੈਰ ਚੁੱਕ ਲਏ। ਉਹ ਤੇਰਨ ਲੱਗ ਪਈ. ਨੈਨਾ ਸਿੰਘ ਦੇ ਭਾਰ ਦੀ ਪਰਵਾਹ ਨਾ ਕੀਤੀ। ਸਿਆਲ ਦੇ ਦਿਨ ਹੋਣ ਕਰਕੇ ਦੁਰਿਆ ਦੀ ਡੂੰਘੀ ਜਲਧਾਰਾ ਦੋ ਥਾਂ ਸੀ। ਵਿਚਾਲੇ ਬਰੇਤਾ ਸੀ, ਘੋੜੀ ਵਿਚਲੇ ਬਰੇਤੇ ਉਤੇ ਪੁੱਜ ਗਈ। ਰਤਾ ਕੁ ਸਾਹ ਲੈਕੇ ਘੋੜੀ ਨੇ ਦੂਸਰੀ ਜਲਧਾਰਾ ਵੀ ਪਾਰ ਕੀਤੀ ਤੇ ਅਗਲੇ ਕਿਨਾਰੇ ਜਾ ਲੱਗੀ। ਘੋੜੀ ਉਤੇ ਸਵਾਰ ਨੈਨਾ ਸਿੰਘ ਮੂਲ ਮੰਤ੍ਰ ਦਾ ਪਾਠ ਕਰੀ ਗਿਆ।

ਸਾਰੀ ਰਾਹ ਤੋਂ ਕੋਈ ਅਧ ਮੀਲ ਦੂਰ ਡਾਂਡੇ ਮੀਂਡੇ ਹੀ ਨੈਨਾ ਸਿੰਘ ਤੁਰਨ ਲਗਾ। ਸਤਿਗੁਰੂ ਜੀ ਵਲੋਂ ਵੀ ਹੁਕਮ ਸੀ ਕਿ ਕੋਈ ਨਾਮਧਾਰੀਆ ਸ਼ਾਹੀ ਰਾਹ ਉਤੇ ਨਾ ਤੁਰੇ।

ਕੁਰਾਹੇ ਤੁਰਦਾ ਹੋਇਆ ਨੈਨਾ ਸਿੰਘ ਨਕੋਦਰ ਲੰਘ ਕੇ ਨੂਰ ਮਹਿਲ ਦੀ ਸਰਾਂ ਕੋਲ ਚਲਿਆ ਗਿਆ। ਕੋਈ ਖਾਸ ਘਟਨਾ ਨਾ ਵਾਪਰੀ। ਪਰ ਜਦੋਂ ਫਲੌਰ ਤੋਂ ਕੋਈ ਦੋ ਮੀਲ ਉਰੇ ਸੀ ਕਿ ਕਿਸੇ ਪਿੰਡੋਂ ਆਉਂਦੇ ਤਿੰਨ ਪੁਲਸੀਆਂ ਨੇ ਉਸ ਨੂੰ ਰੋਕਣ ਦਾ ਜਤਨ ਕੀਤਾ, 'ਕੌਣ ਹੈਂ ?.. ਕਿਥੇ ਜਾਣਾ ਈ ?' ਪੁੱਛਿਆ ਹੀ ਸੀ ਕਿ ਨੈਨਾ ਸਿੰਘ ਤਾੜ ਗਿਆ ਤੇ ਘੋੜੀ ਨੂੰ ਅੱਡੀ ਲਾ ਕੇ ਨਸਾ ਦਿੱਤਾ। ਉਹਨਾਂ ਕੋਲ ਘੋੜੀ ਕੋਈ ਨਹੀਂ ਸੀ। ਉਹ ਪੈਦਲ ਸਨ, ਉਸ ਨੂੰ ਫੜਨ ਦਾ ਜਤਨ ਕਰਨਾ ਅਸੰਭਵ ਸੀ।

ਪ੍ਰੇਮ ਤੇ ਪ੍ਰੇਮੀਆਂ ਦੀ ਸੱਚ ਤੇ ਅਸਲ ਰੂਪੀ ਅਵਸਥਾ ਨੂੰ ਪੰਜਾਬ ਦੇ ਕਵੀ ਹਾਸ਼ਮ ਸ਼ਾਹ ਨੇ ਕਿਹਾ ਹੈ—

ਹਾਸ਼ਮ ਇਸ਼ਕ ਸੁਖਾਲਾ ਨਾਂਹੀ,
ਮਰਕੇ ਆਸ਼ਕ ਥੀਂਦੇ।
ਹਰਦਮ ਜਾਨ ਜਿਗਰ ਦਾ ਲਹੂ,
ਚੁਲੀਆਂ ਭਰ ਭਰ ਪੀਂਦੇ।

ਠੀਕ ਏਹੋ ਮਾਨਸਿਕ ਅਵਸਥਾ ਸਾਰੇ ਨਾਮਧਾਰੀਆਂ ਦੀ



Sri Satguru Jagjit Singh Ji Elibrary NamdhariElibrary@gmail.com

ਹੋ ਚੁੱਕੀ ਸੀ। ਪਹਿਲਾਂ ਉਹ ਕੂਕੇ ਸਨ ਤੇ ਕੂਕਿਆਂ ਤੋਂ ਨਾਮਧਾਰੀ ਬਣ ਗਏ ਤੇ 'ਬਿਨ ਅਮਲਾਂ ਤੋਂ ਖੀਵੇ ਰਹਿਣ ਲਗੇ।' ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ, ਧਰਮ, ਗਊ ਗਰੀਬ ਅਤੇ ਵਤਨ ਵਿਚ ਸਵਰਾਜ ਲਿਆਉਣ ਵਾਸਤੇ ਤਨ, ਮਨ ਤੇ ਧਨ ਵਾਰਨ ਉਤੇ ਤੁਲ ਗਏ ਸਨ। ਨੈਨਾ ਸਿੰਘ ਐਸੇ ਨਾਮਧਾਰੀਆਂ ਵਿਚੋਂ ਇਕ ਸੀ। ਪੁਲੀਸ ਨਾਲ ਕਈ ਵਾਰ ਲੁਕਣ-ਮੀਚੀ ਖੇਡੀ ਸੀ। ਦੋਂਹ ਦਰਿਆਵਾਂ ਨੂੰ ਬਿਨਾਂ ਬੇੜੀ ਤੋਂ ਪਾਰ ਕਰਕੇ, ਘੋੜੀ ਦੀ ਦਲੇਰੀ, ਬਹਾਦਰੀ ਦੀ ਦਾਦ ਦਿੰਦਾ ਅਤੇ ਸਤਿਗੁਰੂ ਜੀ ਦੀ ਤਸਵੀਰ ਅੱਖਾਂ ਵਿਚ ਲਟਕਾਈ ਉਹ ਸਾਰੇ ਖਤਰਿਆਂ ਵਿਚੋਂ ਦੀ ਲੰਘਕੇ ਲੁਧਿਆਣੇ ਪਹੁੰਚ ਗਿਆ। ਬੁਢੇ ਦਰਿਆ ਤੋਂ ਪਰਿਓਂ ਹੀ ਉਤਰ ਦਿਸ਼ਾ ਵਲ ਨੂੰ ਤੁਰਿਆ ਤੇ ਜੰਗਲ, ਬੇਲੇ ਖੇਤਾਂ ਵਿਚੋਂ ਦੀ ਹੁੰਦਾ ਹੋਇਆ ਜਦੋਂ ਭੈਣੀ ਸਾਹਿਬ ਦੇ ਨੇੜੇ ਪੁੱਜਿਆ ਤਾਂ ਘੋੜੀ ਇਕ ਦਮ ਤੇਜ਼ ਨਸਾ ਲਈ। ਪਰ ਪਿੰਡ ਦੀ ਲਾਲ ਲਕੀਰ ਕੋਲ ਜਾ ਕੇ ਇਕ ਦਮ ਘੋੜੀ ਰੋਕੀ। ਘੋੜੀ ਉਤੋਂ ਉਤਰਕੇ ਜੁੱਤੀ ਲਾਹਕੇ ਘੋੜੀ ਦੀ ਖੁਰਜੀ ਵਿਚ ਟੰਗੀ ਤੇ ਨੰਗੀ ਪੈਰੀਂ ਚਲ ਪਿਆ।

ਪਹਿਲਾਂ ਹਵੇਲੀ ਵਲ ਗਿਆ। ਘੋੜੀ ਬੰਨ੍ਹੀ, ਕਾਠੀ ਤੇ ਲੀੜੇ ਇਕ ਪਾਸੇ ਰਖਕੇ ਖੂਹੀ ਤੋਂ ਹੱਥ ਮੂੰਹ ਧੋਕੇ ਸਭ ਤੋਂ ਪਹਿਲਾਂ ਸਤਿਗੁਰੂ ਮਹਾਰਾਜ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ ਮੱਥਾ ਟੇਕਿਆ, ਦਰਸ਼ਨ ਕਰਕੇ ਨਿਹਾਲ ਹੋਇਆ।

ਮਾਘੀ ਦੇ ਹੋਲੇ ਉਤੇ ਸ੍ਰੀ ਅਨੰਦਪੁਰ ਤੇ ਅੰਮ੍ਰਿਤਸਰ ਦੇ ਹੋਲਿਆਂ ਵਰਗੀ ਭਾਰੀ ਰੌਣਕ ਦੀ ਆਸ ਸੀ, ਪਰ ਬਹੁਤ ਘੱਟ ਰੌਣਕ ਸੀ। ਮਾਘੀ ਦੇ ਤਿਉਹਾਰ ਵਿਚ ਪੰਜ ਦਿਨ ਰਹਿ ਗਏ ਸਨ। ਸ਼ਬਦ ਚੌਂਕੀ ਹੁੰਦੀ ਸੀ, ਸਤਿਗੁਰੂ ਜੀ ਉਪਦੇਸ਼ ਵੀ ਕਰਦੇ ਸਨ। ਨਾਮ ਸਿਮਰਨ ਦਾ ਦਰਬਾਰ ਲਗਦਾ ਸੀ, ਪਰ ਖੇੜਾ ਨਹੀਂ ਸੀ—ਉਦਾਸੀ ਸੀ। ਸਤਿਗੁਰੂ ਜੀ ਗੰਭੀਰ ਅਵਸਥਾ ਵਿਚ ਸਨ। ਜਿਹੜਾ ਵੀ ਬਚਨ ਕਰਦੇ ਸਨ, ਉਸ ਦਾ ਅੰਤ੍ਰੀਵ ਭਾਵ



Sri Satguru Jagjit Singh Ji Elibrary NamdhariElibrary@gmail.com

ਬਹੁਤ ਡੂੰਘਾ ਹੁੰਦਾ ਸੀ। ਅੰਮ੍ਰਿਤਸਰ ਤੇ ਰਾਏ ਕੋਟ ਦੇ ਸ਼ਹੀਦਾਂ ਨਮਿਤ ਅਖੰਡ ਪਾਠ ਰਖੇ ਸਨ। ਉਨ੍ਹਾਂ ਦੇ ਭੋਗ ਪੈ ਰਹੇ ਸਨ।

ਸ੍ਰੀ ਭੈਣੀ ਸਾਹਿਬ ਵਿਚ ੬੦ ਕੁ ਸ਼ਰਧਾਲੂ ਤੇ ਸੇਵਕ ਇਸਤ੍ਰੀ-ਪੁਰਖ ਸਦਾ ਰਹਿੰਦੇ ਸਨ। ਸਤਿਗੁਰੂ ਜੀ ਦੇ ੪੦ ਘੋੜੇ-ਘੋੜੀਆਂ, ਗਊਆਂ ਦੀ ਸੇਵਾ ਹੁੰਦੀ ਸੀ। ਰੌਣਕ ਰਹਿੰਦੀ ਸੀ, ਨੈਨਾ ਸਿੰਘ ਵਰਗੇ ਦੂਰ ਦੇ ਸਿਖ ਤਾਂ ੯ ਜਨਵਰੀ ਤੋਂ ਪਹਿਲਾਂ ਪਹੁੰਚ ਗਏ ਸਨ, ਪਰ ਆਮ ਸੰਗਤ ੧੦ ਤੋਂ ੧੨ ਸ਼ਾਮ ਤਕ ਆਈ ਤੇ ਇਕ ਹਜ਼ਾਰ ਦੇ ਨੇੜੇ ਤੇੜੇ ਭੀੜ ਹੋ ਗਈ। ਬਹੁ ਗਿਣਤੀ ਮਸਤਾਨਿਆਂ ਦੀ ਸੀ। ਉਹ ਮਸਤਾਨੇ ਮੋਹ ਮਾਇਆ, ਘਰ ਘਾਟ ਦਾ ਤਿਆਗ ਕਰਕੇ ਸ਼ਹੀਦੀ ਦਮਾਲੇ ਸਿਰ ਬੰਨ੍ਹਕੇ ਆਏ ਸਨ। ਬਹੁਤਿਆਂ ਨੂੰ ਗੁਸਾ ਸੀ ਕਿ ਬਾਬਾ ਗਿਆਨੀ ਸਿੰਘ (ਰਤਨ ਸਿੰਘ) ਤੇ ਰਤਨ ਸਿੰਘ ਨਾਈ ਵਾਲਾ ਨੂੰ ਨਿਰਦੋਸ਼ ਫਾਂਸੀ ਕਿਉਂ ਦਿੱਤਾ ਗਿਆ ਸੀ। ਕਈ ਮਸਤਾਨੇ ਗਾਉਂਦੇ ਫਿਰਦੇ ਸਨ—

ਮਿਲੇ ਆਗਿਆ ਸਭ ਨੂੰ ਸੋਧ ਦਈਏ,
ਸਾਡਾ ਬੂਚੜਾਂ ਚਿਤ ਸਤਾਇਆ ਈ।
ਜ਼ਾਲਮ ਹੋਇਆ ਫਰੰਗੀ ਤੇ ਆਪ ਹੁਦਰਾ,
ਉਸ ਬੂਚੜਾਂ ਸਿਰੇ ਚੜ੍ਹਾਇਆ ਈ।
ਮਲੇਰ ਕੋਟਲੇ ਦੇ ਬੂਚੜ ਭੂਏ ਚੜ੍ਹ ਗਏ,
ਉਹਨਾਂ ਆਪਣਾ ਆਪ ਭੁਲਾਇਆ ਈ।
ਬੂਚੜ ਸੋਧਨ ਤੇ ਧਰਮ ਸੁਰੱਖਿਆ ਲਈ,
ਮਨ ਖੰਡਾ ਖੜਕਾਉਣ ਤੇ ਆਇਆ ਈ।

ਸਤਿਗੁਰੂ ਜੀ ਨਾਮਰਸੀਏ ਮਸਤਾਨਿਆਂ ਨੂੰ ਬਹੁਤ ਪਿਆਰਦੇ ਸਨ। ਆਪ ਸਮਝਦੇ ਸਨ ਕਿ ਉਹਨਾਂ ਦਾ ਮਿਸ਼ਨ ਸਫਲ ਹੋ ਗਿਆ। ਹਜ਼ਾਰਾਂ ਦਾ ਜੀਵਨ ਬਦਲ ਗਿਆ ਕੁਮਾਰਗ ਤੁਰਨ ਵਾਲੇ ਜੀਵਨ ਦੇ ਸਿਧੇ ਮਾਰਗ ਤੁਰ ਪਏ ਸਨ। ਅਕਾਲ



Sri Satguru Jagjit Singh Ji Elibrary NamdhariElibrary@gmail.com

ਪੁਰਖ ਦੇ ਹੁਕਮ ਨਾਲ ਜੋ ਤਬਦੀਲੀ ਲਿਆਉਣੀ ਸੀ, ਉਸ਼ ਵਾਸਤੇ ਘੋਲ ਕਰਨ ਲਈ ਸਾਧਨ ਪੂਰਨ ਹੋਏ ਪ੍ਰਤੀਤ ਹੋ ਰਹੇ ਸਨ। ਜਦੋਂ ਲੋਹੜੀ ਵਾਲੇ ਦਿਨ ਮਸਤਾਨਿਆਂ ਦੀ ਜੀਵਨ ਅਵਸ੍ਥਾ ਬਦਲੀ ਦੇਖੀ ਤਾਂ ਆਪ ਕੁਝ ਗੰਭੀਰ ਹੋਏ। ਮਨ ਵਿਚ ਉਲੀਕੀ ਸ੍ਵਰਾਜ ਪ੍ਰਾਪਤੀ ਦੀ ਯੋਜਨਾ ਤੇ ਮੁੜ ਵਿਚਾਰ ਕੀਤੀ ਤਾਂ ਆਪ ਦੇ ਪਵਿਤਰ ਬੁਲ੍ਹਾਂ ਤੋਂ ਇਹ ਦੋ ਸ਼ਬਦ ਨਿਕਲੇ, 'ਅਜੇ ਵੇਲਾ ਨਹੀਂ।'

ਸੰਸਾਰ ਦੀਆਂ ਵਿਸ਼ਵ ਤੇ ਨਿੱਜੀ ਜੰਗਾਂ ਦਾ ਸ਼ੁਰੂ ਸਦਾ ਮਾਮੂਲੀ ਘਟਨਾਵਾਂ ਤੋਂ ਹੁੰਦਾ ਰਿਹਾ। ਅੰਮ੍ਰਿਤਸਰ ਤੇ ਰਾਏ ਕੋਟ ਦੇ ਬੁਚੜਾਂ ਨੂੰ ਸੋਧਨ ਦੀਆਂ ਘਟਨਾਵਾਂ ਭਾਵੇਂ ਮਾਮੂਲੀ ਸਨ, ਪਰ ਉਹਨਾਂ ਦਾ ਵਾਪਰਨਾ ਵਡੀਆਂ ਹੋਣ ਵਾਲੀਆਂ ਘਟਨਾਵਾਂ ਦੀਆਂ ਸੂਚਕ ਸਨ। ਫਰੰਗੀ ਬਹਾਨੇ ਟੋਲਦਾ ਸੀ, ਕਿਵੇਂ ਸਤਿਗੁਰੂ ਜੀ ਨੂੰ ਕਿਲ੍ਹੇ ਵਿਚ ਨਜ਼ਰ ਬੰਦ ਕਰੇ.. ਸਤਿਗੁਰੂ ਜੀ ਵੀ ਅਨਭਵ ਕਰਦੇ ਸਨ ਤੇ ਆਤਮਿਕ ਬ੍ਰਹਮ ਸ਼ਕਤੀ ਨਾਲ ਭਵਿਖਤ ਦੀ ਜਾਣਕਾਰੀ ਰਖਦੇ ਸਨ।

ਸ: ਹੀਰਾ ਸਿੰਘ ਤੇ ਬਾਬਾ ਬਿਸ਼ਨ ਸਿੰਘ ਕਾਬਲ ਵਾਲਾ ਤਾਂ ਸ਼ਹੀਦੀ ਜਥਾ ਬਣਾ ਕੇ ਹੀ ਭੈਣੀ ਸਾਹਿਬ ਪੁੱਜੇ ਸਨ। ਉਹਨਾਂ ਦੇ ਨਾਲ ਮਸਤਾਨੇ ਤੇ ਉਹਨਾਂ ਦੇ ਰਿਸ਼ਤੇਦਾਰ ਵੀ ਸਨ। ਮਸਤਾਨਿਆਂ ਦਾ ਸ਼ਹੀਦੀ ਨਾਹਰਾ ਜ਼ੋਰ ਫੜਦਾ ਗਿਆ। ਉਸ ਵੇਲੇ ਇਕ ਹੋਰ ਵੀ ਸੂਚਨਾ ਮਿਲੀ। ਪਿੰਡ ਫਰਵਾਹੀ ਰਿਆਸਤ ਪਟਿਆਲਾ ਦੇ ਗੁਰਮੁਖ ਸਿੰਘ ਨੰਬਰਦਾਰ ਨੇ ਬਾਬਾ ਬਿਸ਼ਨ ਸਿੰਘ ਨੂੰ ਦਸਿਆ, 'ਜੀਵਨ ਦਾ ਕੋਈ ਹਜ ਨਹੀਂ ਰਿਹਾ। ਮਰਨਾ ਹੀ ਚੰਗਾ ਹੈ।'

'ਕਿਉਂ ਭਾਈ ?' ਬਾਬਾ ਬਿਸ਼ਨ ਸਿੰਘ ਨੇ ਪੁਛਿਆ ਸੀ।

'ਗਲ ਮਾਮੂਲੀ ਸੀ—ਮਕਦਮਾ ਸੀ, ਮੈਂ ਸ਼ਕਾਇਤ ਵਜੋਂ ਗਿਲਾ ਕੀਤਾ ਕਾਜੀ (ਜਜ) ਅਗੇ ਆਖਿਆ ਕਿ ਥਾਂ ਥਾਂ ਗਊ-



Sri Satguru Jagjit Singh Ji Elibrary NamdhariElibrary@gmail.com

ਹਤਿਆ ਨਾਲ ਹਿੰਦੂ ਸਿਖਾਂ ਵਿਚ ਘਿਰਨਾ ਉਤਪਨ ਹੋ ਰਹੀ ਹੈ ਇਸ ਨੂੰ ਰੋਕਿਆ ਜਾਏ, ਧਰਮ ਦਾ ਸਵਾਲ ਹੈ।'

'ਇਹ ਸੁਣਕੇ ਕਾਜ਼ੀ ਉਲਟਾ ਗਰਮ ਹੋ ਗਿਆ। ਉਸ ਨੇ ਆਖਿਆ, 'ਜੇ ਇਹ ਗਲ ਹੈ ਤਾਂ ਤੇਰਾ ਧਰਮ ਮੈਂ ਪੱਕਾ ਕਰਦਾ ਹਾਂ।' ਦੁਸ਼ਟ ਨੇ ਹੁਕਮ ਦਿੱਤਾ। ਮੈਨੂੰ ਸਿਪਾਹੀਆਂ ਨੇ ਫੜੀ ਰਖਿਆ ਤੇ ਮੇਰੇ ਸਾਹਮਣੇ ਸੁੰਦਰ ਵਗਨ ਵਾਲੇ ਜਵਾਨ ਬੈਲ ਨੂੰ ਮਾਰਿਆ, ਉਸ ਦੀ ਖਲ ਲਾਹੀ...ਮੈਂ ਇਹ ਕਹਿਰ ਦੇਖ ਨਾ ਸਕਿਆ ਮੇਰੀਆਂ ਅਖਾਂ ਅਗੇ ਹਨੇਰਾ ਛਾ ਗਿਆ।.. ਮੇਰੀ ਦੁਹਾਈ ਆਪ ਅੱਗੇ ਹੈ...ਮੈਂ ਪਾਪੀ ਹਾਂ ਮੇਰੇ ਹੁੰਦਿਆਂ ਬੈਲ ਨੂੰ ਮਾਰਿਆ ਗਿਆ। ਉਸ ਬੈਲ ਦੀ ਆਤਮਾ ਮੈਨੂੰ ਬੇਚੈਨ ਕਰ ਰਹੀ ਹੈ।'

ਗੁਰਮੁਖ ਸਿੰਘ ਨੰਬਰਦਾਰ ਦੀ ਇਹ ਦੁਹਾਈ ਸਮਝੋ ਗਰਮ ਹੋਏ ਲੋਹੇ ਉਤੇ ਸਟ ਸੀ। ਤੇਲ ਉਤੇ ਅਗ ਦੀ ਚੰਗਿਆੜੀ ਸੀ। ਮਸਤਾਨੇ ਤਾਂ ਨਾਹਰੇ ਲਾਉਣ ਲਗ ਪਏ ਸਨ, 'ਚਲੋ ਮਲੇਰ ਕੋਟਲੇ...ਆਉ ਜਿਨ੍ਹਾਂ ਸ਼ਹੀਦ ਹੋਣਾ ਹੈ!'

ਆਖਦੇ ਹਨ...ਬੀਬੀ ਇੰਦਰ ਕੌਰ ਹੰਡਿਆਏ ਵਾਲੀ ਮਸਤਾਨੀ ਨੇ ਕੋਠੇ ਦੀ ਛਤ ਉਤੇ ਖਲੋਕੇ ਆਪਣੇ ਸਿਰ ਦੇ ਲੀੜੇ ਦਾ ਪਲਾ ਫੇਰਿਆ। 'ਸ਼ਹੀਦੋ! ਸੁਣੋ! ਧਰਮ ਦਾ ਜਹਾਜ਼ ਤਿਆਰ ਹੈ...ਜਿਨ੍ਹਾਂ ਜੀਵਨ ਸਫਲ ਕਰਨਾ ਹੈ. ਆਉ ਚੜ੍ਹੋ। ਗਊ ਗਰੀਬ ਦੀ ਰਖਿਆ ਹਿਤ ਸ਼ਹੀਦੀ ਪਾ ਕੇ ਜੀਵਨ ਸਫਲ ਕਰੋ। ਆਉ...ਆਉ!!

ਬੀਬੀ ਇੰਦਰ ਕੌਰ ਦਾ ਸੱਦਾ ਸੁਣਕੇ ਮਸਤਾਨੇ ਇੱਕਠੇ ਹੋ ਗਏ। ਠੱਠੇ ਦਾ ਨੈਣਾ ਸਿੰਘ ਵੀ ਮਸਤਾਨਿਆਂ ਦੀ ਕਤਾਰ ਵਿਚ ਖਲੋ ਗਿਆ। 'ਮਾਰੋ ਮਲੇਰ ਕੋਟਲਾ!...ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਨਾਹਰਿਆਂ ਨਾਲ ਸਾਰਾ ਵਾਤਾਵਰਣ ਗੂੰਜਣ



Sri Satguru Jagjit Singh Ji Elibrary NamdhariElibrary@gmail.com

ਲੱਗਾ।...ਪਸ਼ੂ ਤੇ ਪੰਛੀ ਵੀ ਕੰਨ ਕਰਕੇ ਸੁਣਨ ਲਗੇ। 'ਇਕ ਅਮੁਕ ਜੰਗ ਦਾ ਨਾਹਰਾ ਸੀ।'

੧੨ ਜਨਵਰੀ ਨੂੰ ਮਾਘੀ ਸੀ। ਮਰਯਾਦਾ ਅਨੁਸਾਰ ਅੰਮ੍ਰਿਤ ਵੇਲੇ 'ਰਾਮਸਰ' ਵਿਚ ਸੰਗਤ ਨੇ ਇਸ਼ਨਾਨ ਕੀਤਾ ਤੇ ਨਾਮ-ਸਿਮਰਨ, ਗੁਰਬਾਣੀ ਕੀਰਤਨ ਅਤੇ ਸਤਿਗੁਰੂ ਜੀ ਦਾ ਉਪਦੇਸ਼ ਸੁਣਨ ਵਿਚ ਅੱਧ ਦਿਨ ਬਤੀਤ ਕੀਤਾ। ਸਮਾ ਪ੍ਰਮਾਤਮਾਂ ਲੇਖੇ ਲਾਇਆ, ਜਨਮ ਸਫਲ ਕੀਤਾ।

ਮਾਘੀ ਦੇ ਦਿਨ ਕੁਦਰਤੀ ਮੌਸਮ ਖਰਾਬ ਸੀ। ਤੇਜ਼ ਠੰਡੀ ਹਵਾ ਸੀ ਤੇ ਅਕਾਸ਼ ਉਤੇ ਬਦਲ ਸੀ। ਕਦੀ ਕਿਣ-ਮਿਣ ਹੋ ਜਾਂਦੀ ਤੇ ਕਦੀ ਰੁਕ ਜਾਂਦੀ। ਕੁਦਰਤੀ ਮੌਸਮ ਦੇ ਨਾਲ ਰਾਜਸੀ ਤੇ ਮਾਨਸਿਕ ਵਾਤਾਵਰਨ ਵਿਚ ਵੀ ਹਲਚਲ ਸੀ। ਪੁਲੀਸ ਬਹੁ ਗਿਣਤੀ ਵਿਚ ਆਈ ਸੀ। ਜਾਸੂਸਾਂ ਨੇ ਸਚੀਆਂ ਝੂਠੀਆਂ ਖਬਰਾਂ ਉਪਰਲੇ ਅਫਸਰਾਂ ਨੂੰ ਦਿਤੀਆਂ ਸਨ।

ਹੀਰਾ ਸਿੰਘ ਤੇ ਲਹਿਣਾ ਸਿੰਘ ਸਕਰੌਦੀ (ਪਟਿਆਲਾ) ਵਾਲਿਆਂ ਨੇ ਗੁਰਮੁਖ ਸਿੰਘ ਨੰਬਰਦਾਰ ਦੀ ਦਰਦ-ਭਰੀ ਕਥਾ ਸੁਣਕੇ ਅੰਨ ਦਾ ਤਿਆਗ ਕਰ ਦਿੱਤਾ ਸੀ। ਘਰ ਪ੍ਰਤੱਗਿਆ ਕੀਤੀ ਸੀ, 'ਮਲੇਰ ਕੋਟਲੇ ਦੇ ਬੁਚੜ ਮਾਰਕੇ ਹੀ ਅੰਨ ਮੂੰਹ ਲਾਵਾਂਗਾ, ਜਾਂ ਸ਼ਹੀਦ ਹਵਾਂਗਾ।' ਉਸ ਨੇ ਸ਼ਹੀਦੀ ਜਥਾ ਤਿਆਰ ਕੀਤਾ ਸੀ। ਉਹਨਾਂ ਦੇ ਪਲਾ ਫੇਰਨ ਨਾਲ ਅਨੇਕਾਂ ਮਸਤਾਨੇ ਨਾਮਧਾਰੀਏ ਜੋਸ਼ ਵਿਚ ਆ ਗਏ ਸਨ ਤੇ ਧਰਮ ਯੁਧ ਕਰਨ ਵਾਸਤੇ ਨਚ ਉਠੇ ਸਨ। 'ਰੰਗ ਲਗੇਗਾ...ਚਲੋ ਮਲੇਰ ਕੋਟਲੇ... ਮਾਰੋ ਮਲੇਰ ਕੋਟਲਾ' ਦੇ ਨਾਹਰਿਆਂ ਨਾਲ ਸਾਰਾ ਵਾਤਾਵਰਨ ਇਉਂ ਹੀ ਗੂੰਜ ਰਿਹਾ ਸੀ, ਜਿਵੇਂ ਆਕਾਸ਼ ਵਿਚ ਬਦਲ ਗਰਜਦਾ ਸੀ।



Sri Satguru Jagjit Singh Ji Elibrary NamdhariElibrary@gmail.com

'ਦੰਗਾ ਫਸਾਦ ਕਰਨਾ ਠੀਕ ਨਹੀਂ । ਇਕ ਸਾਲ ਉਡੀਕੋ ਤੁਸਾਂ ਦੀਆਂ ਸਾਰੀਆਂ ਆਸਾ ਪੂਰਨ ਹੋ ਜਾਣਗੀਆਂ। ਹੁਣ ਘਰੀਂ ਜਾਉ, ਦੰਗਾ ਫਸਾਦ ਕਰਨ ਦਾ ਅਜੇ ਸਮਾਂ ਨਹੀਂ ।' ਸਤਿਗੁਰ ਜੀ ਨੇ ਹੀਰਾ ਸਿੰਘ ਨੂੰ ਠੰਡਿਆਂ ਕਰਨ ਦਾ ਜਤਨ ਕੀਤਾ। 'ਤੁਸਾਂ ਪ੍ਰਸ਼ਾਦ ਨਹੀਂ ਛਕਿਆ ।'

'ਆਪ ਨੇ ਛਕਾਇਆ ਨਹੀਂ ।' ਹੀਰਾ ਸਿੰਘ ਨੇ ਉਤਰ ਦਿੱਤਾ ।

'ਆਉ ਛਕੋ...।' ਸਤਿਗੁਰੂ ਜੀ ਦਾ ਬਚਨ ਸੀ। ਉਹਨਾਂ ਨੇ ਬਾਬਾ ਲੱਖਾ ਸਿੰਘ ਨੂੰ ਹੁਕਮ ਕੀਤਾ, 'ਇਹਨਾਂ ਨੂੰ ਪ੍ਰਸ਼ਾਦ ਛਕਾਉ। ਇਹ ਇਹਨਾਂ ਦਾ ਅੰਤਮ ਪ੍ਰਸ਼ਾਦ ਹੈ...ਭਾਣੇ ਵਰਤਨੇ ਹਨ।'

ਸਤਿਗੁਰੂ ਜੀ ਦੇ ਹੁਕਮ ਨਾਲ ਹੀਰਾ ਸਿੰਘ ਤੇ ਉਹਨਾਂ ਦੇ ੧੩ ਸਾਥੀਆਂ ਨੂੰ ਪ੍ਰਸ਼ਾਦ ਛਕਾਇਆ ਗਿਆ।

ਹੀਰਾ ਸਿੰਘ ਨੇ ਅਕਾਲ ਬੁੰਗੇ ਵਿਚੋਂ ਬਾਹਰ ਨਿਕਲਕੇ ਆਪਣੀ ਤਲਵਾਰ ਲਕੀਰ ਖਿਚੀ ਤੇ ਆਖਿਆ—'ਜਿਨ੍ਹਾਂ ਨੇ ਧਰਮ ਤੇ ਗਊ ਰਖਿਆ ਵਾਸਤੇ ਸ਼ਹੀਦੀ ਪ੍ਰਾਪਤ ਕਰਨੀ ਹੈ—ਉਹ ਲਕੀਰ ਟਪਣ।' ਨਾਲ ਹੀ ਅਵਾਜ਼ਾ ਆਇਆ, 'ਧਰਮ ਦਾ ਬੇੜਾ ਤਿਆਰ ਹੈ। ਆਉ ਜਿਸ ਨੇ ਬੈਠਣਾ ਹੈ।'

ਸਵਾ ਸੌ ਦੇ ਲਗ ਪਗ ਮਸਤਾਨੇ ਲਕੀਰ ਟਪਕੇ 'ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਉਣ ਲਗ ਪਏ। ਘਰਾਂ ਨੂੰ ਜਾਣ ਦੀ ਥਾ ਮਾਘੀ ਤੋਂ ਅਗਲੇ ਦਿਨ ਸ਼ਹੀਦੀ ਜੱਥਾ ਬਣਕੇ ਮਲੇਰ ਕੋਟਲਾਂ ਸੋਧਨ ਚਲ ਪਏ।

੧੩ ਜਨਵਰੀ ਨੂੰ ਮਸਤਾਨਿਆਂ ਦਾ ਸ਼ਹੀਦੀ ਜਥਾ ਮਲੇਰ ਕੋਟਲੇ ਵਲ ਤੁਰ ਪਿਆ। "ਪਹਿਲਾਂ ਮਰਨ ਕਬੂਲ ਕਰ, ਜੀਵਨ



Sri Satguru Jagjit Singh Ji Elibrary NamdhariElibrary@gmail.com

ਦੀ ਛਡ ਆਸ'' ਦਾ ਨਿਸ਼ਾਨਾ ਸੀ। ਵਾਧੂ ਲੀੜੇ ਤੇ ਰਜਾਈਆਂ ਤਲਾਈਆਂ ਸਭ ਅਗਨ ਭੇਟ ਕੀਤੀਆਂ। ਕਹਿਰ ਦੀ ਸੀਤ ਦੀ ਪਰਵਾਹ ਨਾ ਕੀਤੀ। ਧਰਮ ਦਾ ਪ੍ਰੇਮ ਜੋਸ਼ ਹਿਰਦੇ ਵਿਚ ਲਾਵਾ ਸੀ। ਉਸ ਕਾਰਣ ਤਨ ਨੂੰ ਬਾਹਰਲੀ ਠੰਡ ਨਹੀਂ ਸੀ ਚੁੰਬਦੀ। ਰੀਠਿਆਂ ਦੀ ਦੇਗ ਛਕੀ ਸੀ। ਸ਼ਹੀਦੀ ਦਾ ਚਾ ਸੀ। ਲੜਨ ਵਾਸਤੇ ਹਥਿਆਰ ਕੋਲ ਨਹੀਂ ਸਨ।

ਫਰੰਗੀ ਦੀ ਪੁਲੀਸ ਦੇ ਇੰਨਸਪੈਕਟਰ ਤੇ ਸਿਪਾਹੀ ਹਾਜ਼ਰ ਸਨ। ਪਿਛੇ ਤੁਰੇ ਸੀ। ਸਤਿਗੁਰੂ ਜੀ ਨੇ ਵੀ ਡਿਪਟੀ ਕਮਿਸ਼ਨਰ ਵਲ ਆਪਣਾ ਹਲਕਾਰਾ ਭੇਜਿਆ ਸੀ ਕਿ ਮਸਤਾਨਿਆਂ ਨੂੰ ਰੋਕਿਆ ਜਾਏ। ਪਰ ਪੁਲੀਸ ਨੇ ਨਹੀਂ ਰੋਕਿਆ।

ਜਥੇ ਦੇ ਤੁਰ ਜਾਣ ਤੇ ਭੈਣੀ ਸਾਹਿਬ ਦਾ ਸਾਰਾ ਵਾਤਾਵਰਨ ਸ਼ਾਂਤ ਤੇ ਗੰਭੀਰ ਹੋ ਗਿਆ। ਸਾਰੇ ਭਜਨ ਕਰੋ ...ਭਜਨ ਹੀ ਇਕ ਆਸਰਾ ਹੈ। ਭਾਣੇ ਵਰਤਨੇ ਹਨ।' ਸਤਿਗੁਰੂ ਜੀ ਨੇ ਬਚਨ ਕੀਤਾ ਤੇ ਪਦਮਾ ਸਨ ਇਕਾਂਤ ਵਿਚ ਬਰਾਜ ਕੇ ਆਪਣੇ ਪਿਆਰੇ ਮਸਤਾਨੇ ਸ਼ਹੀਦ ਸਿਖਾਂ ਦੇ ਪਿਛੇ ਧਿਆਨ ਕਰਕੇ ਗਏ। ਉਹਨਾਂ ਦੇ ਧਰਮ ਤੇ ਸਿਦਕ ਦੀ ਰਖਿਆ ਕਰਨ ਲਗੇ।

ਬਾਬਾ ਲੱਖਾ ਸਿੰਘ ਨੂੰ ਸਨੇਹਾ ਦੇ ਕੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਵਲ ਭੇਜਿਆ ਸੀ, ''ਮਸਤਾਨੇ ਮਲੋ ਮਲੀ ਤੁਰ ਗਏ ਹਨ। ਮਲੇਰ ਕੋਟਲੇ ਜਾਣਗੇ। ਸ਼ਾਇਦ ਕੋਈ ਵਰਦਾਤ ਕਰਨ।''

੧੩ ਜਨਵਰੀ ਨੂੰ ਲੁਧਿਆਣੇ ਵਲ ਗਿਆ, ਬਾਬਾ ਲੱਖਾ ਸਿੰਘ ਵਾਪਸ ਨਾ ਮੁੜਿਆ, ੧੫ ਤਰੀਖ ਹੋ ਗਈ। ਸਤਿਗੁਰੂ ਜੀ ਨੇ ਸਾਹਿਬ ਸਿੰਘ ਨੂੰ ਪੁਛਿਆ, ਲੱਖਾ ਸਿੰਘ ਗਿਆ ਨਹੀਂ ਮੁੜਿਆ।

'ਬਿੱਲਿਆਂ ਨੇ ਰੋਕ ਲਿਆ ਹੋਏਗਾ ਮਹਾਰਾਜ ਜੀ! ਸੂਬੇ



Sri Satguru Jagjit Singh Ji Elibrary NamdhariElibrary@gmail.com

ਸਾਹਿਬ ਸਿੰਘ ਨੇ ਉੱਤਰ ਦਿਤਾ।'

'ਐਸਾ ਹੋ ਸਕਦਾ ਹੈ, ਫਰੰਗੀ ਦਾ ਰਾਜਸੀ ਈਮਾਨ ਕੋਈ ਨਹੀਂ।' ਕੋਲ ਬੈਠੇ ਹੁਕਮਾ ਸਿੰਘ ਨੇ ਆਖਿਆ।

੧੫ ਜਨਵਰੀ ਦਾ ਦਿਨ ਬੀਤ ਗਿਆ। ਰਾਤ ਬੀਤੀ, ਮਲੋਦ ਵਿਚ ਹੋਈ ਘਟਨਾ ਦੀ ਖਬਰ ਪਹੁੰਚੀ...ਪਰ ਬਹੁਤ ਵਧਾ ਚੜ੍ਹਾ ਕੇ। ਸੁਣਕੇ ਸਤਿਗੁਰੂ ਜੀ ਗੰਭੀਰ ਰਹੇ।

੧੬ ਜਨਵਰੀ ਨੂੰ ਸਵੇਰੇ ਹੀ ਇਕ ਥਾਨੇਦਾਰ ਆਇਆ। ਉਸ ਨੇ ਸੂਬੇ ਸਾਹਿਬ ਸਿੰਘ ਨੂੰ ਸਨੇਹਾ ਦਿੱਤਾ।' ਸਤਿਗੁਰੂ ਰਾਮ ਸਿੰਘ ਜੀ ਨੂੰ ਡਿਪਟੀ ਕਮਿਸ਼ਨਰ ਨੇ ਮਲੋਦ ਯਾਦ ਕੀਤਾ ਹੈ।'

ਜਾਣੀ-ਜਾਣ ਸਤਿਗੁਰੂ ਜੀ ਨੂੰ ਜਦੋਂ ਸਨੇਹਾ ਦਸਿਆ ਗਿਆ ਤਾਂ ਉਹਨਾਂ ਨੇ ਉਸੇ ਵੇਲੇ ਤਿਆਰੀ ਕੀਤੀ। ਆਪਣੇ ਨਾਲ ਪੰਜ ਸੂਬੇ ਤਿਆਰ ਕੀਤੇ, ਬਾਬਾ ਸਾਹਿਬ ਸਿੰਘ, ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਖਜ਼ਾਨ ਸਿੰਘ ਤੇ ਬਾਬਾ ਜੋਗਾ ਸਿੰਘ।

ਸਤਿਗੁਰੂ ਜੀ ਲਾਲ ਘੋੜੀ ਪਰ ਸਵਾਰ ਹੋਏ। ਨਾਲ ਇਕ ਗੜਬਹਿਲੀ ਸੀ, ਜਿਸ ਦੇ ਬੈਲ ਬੜੇ ਤਕੜੇ ਤੇ ਤੇਜ਼ ਚਾਲ ਵਾਲੇ ਸਨ। ਸੂਬਿਆਂ ਕੋਲ ਵੀ ਘੋੜੇ ਸਨ। ਭੈਣੀ ਸਾਹਿਬ ਤੋਂ ਚਲਕੇ ਸਤਿਗੁਰੂ ਜੀ ਸੂਬਿਆਂ ਸਮੇਤ ਦੁਪਹਿਰ ਨੂੰ ਮਲੋਦ ਪਹੁੰਚ ਗਏ।

ਉਸੇ ਵੇਲੇ ਡਿਪਟੀ ਕਮਿਸ਼ਨਰ ਕਾਵਨ ਗੁਸੇ ਵਿਚ ਸੀ ਤੇ ਮਲੇਰ-ਕੋਟਲੇ ਜਾਣ ਨੂੰ ਤਿਆਰ ਸੀ। ਉਹ ਗੁੱਸੇ ਤੇ ਹੈਂਕੜੀ ਲਹਿਜੇ ਵਿਚ ਸਤਿਗੁਰੂ ਜੀ ਨੂੰ ਸੰਬੋਧਨ ਕਰਕੇ ਬੋਲਿਆ, 'ਇਹ ਕੁਝ ਕੀਤਾ ਹੈ...।'

ਮਲੋਦ ਦਾ ਹਾਲ ਸੁਣ ਦੇਖ ਸਤਿਗੁਰੂ ਜੀ ਗੰਭੀਰ ਰਹੇ।



Sri Satguru Jagjit Singh Ji Elibrary NamdhariElibrary@gmail.com

ਕਾਵਨ ਨੇ ਆਖਿਆ, 'ਮੈਂ ਮਲੇਰ ਕੋਟਲੇ ਜਾ ਰਿਹਾ ਹਾਂ.. ਤੁਸਾਂ ਨੂੰ ਲੁਧਿਆਨੇ ਸਦਿਆ ਜਾਏਗਾ, ਹੁਣ ਜਾਉ।'

ਕਾਵਨ ਦਾ ਖੁਸ਼ਲ ਵਿਵਹਾਰ ਸਤਿਗੁਰੂ ਜੀ ਤੇ ਸੂਬਿਆਂ ਨੂੰ ਬਹੁਤ ਬੁਰਾ ਲਗਾ, ਪਰ ਉਸ ਵੇਲੇ ਚੁੱਪ ਰਹਿਣ ਦਾ ਵੇਲਾ ਸੀ।

ਮਲੌਦ ਵਿਚ ਵਾਪਰੀ ਘਟਨਾ ਬਾਰੇ ਸਤਿਗੁਰੂ ਜੀ ਨੂੰ ਜਾਣਕਾਰੀ ਮਿਲੀ ਕਿ ਮਲੌਦ ਦੇ ਸ: ਬਦਨ ਸਿੰਘ ਪਾਸੋਂ ਹੀਰਾ ਸਿੰਘ ਨੇ ਹਥਿਆਰ ਪ੍ਰਾਪਤ ਕਰਨ ਦੀ ਸਲਾਹ ਕੀਤੀ। ਭੈਣੀ ਸਾਹਿਬ ਤੋਂ ਚਲਕੇ ਰੱਬੋਂ ਪੜਾ ਕੀਤਾ ਤੇ ਰਾਤ ਵੀ ਉਥੇ ਕਟੀ। ਅਗਲੇ ਦਿਨ ਸ: ਬਦਨ ਸਿੰਘ ਕੋਲ ਪੁੱਜੇ। ਉਸ ਨੇ ਹਥਿਆਰ ਦੇਣ ਤੋਂ ਨਾਂਹ ਕਰ ਦਿਤੀ। ਗਲੀਂ ਗਲੀਂ ਝਗੜਾ ਹੋ ਗਿਆ। ਲੜਾਈ ਹੋਈ, ਦੋ ਮਸਤਾਨੇ ਸ਼ਹੀਦ ਹੋਏ। ਬਦਨ ਸਿੰਘ ਤੇ ਉਸ ਦਾ ਪੁਤਰ ਜ਼ਖਮੀ ਹੋਏ। ਤਿੰਨ ਚਾਰ ਬੰਦੇ ਬਦਨ ਸਿੰਘ ਦੇ ਮਰੇ- ਕੋਈ ਹਥਿਆਰ ਪ੍ਰਾਪਤ ਨਾ ਹੋਏ। ਇਹ ਘਟਨਾ ੧੪ ਜਨਵਰੀ ਨੂੰ ਵਾਪਰੀ।

ਮਲੌਦ ਤੋਂ ਚਲਕੇ ਸਤਿਗੁਰੂ ਜੀ ਸਿਆੜ ਰੁਕੇ। ਉਥੇ ਹੀ ਆਪ ਨੂੰ ਨਾਮਧਾਰੀ ਸਾਵਨ ਸਿੰਘ ਪਿੰਡ ਵਿੱਖੀ ਵਾਲੇ ਨੇ ਮਲੇਰ ਕੋਟਲੇ ਦੀ ਸਾਰੀ ਕਥਾ ਸੁਣਾਈ। ਜਿਸ ਦਾ ਸੰਖੇਪ ਇਹ ਸੀ—

ਮਲੇਰ ਕੋਟਲਾ ਮੁਸਲਮਾਨੀ ਰਿਆਸਤ ਸੀ । ਨਵਾਬ ਦੇ ਲਾ-ਪਰਵਾਹ ਹੋਣ ਕਰਕੇ ਰਿਆਸਤ ਦੇ ਅਹਿਲਕਾਰ, ਦਰਬਾਰੀ ਤੇ ਕੋਤਵਾਲ ਆਪਾ ਭੁਲ ਚੁਕੇ ਸਨ। ਸਿਖਾਂ ਨੂੰ ਚੜ੍ਹਾਉਂਦੇ ਤੇ ਸਿਖਾਂ ਨਾਲ ਦੁਸ਼ਮਨੀ ਕਰਦੇ ਸਨ। ਗਊ, ਬੈਲ ਹੱਤਿਆ ਮਲੇਰ ਕੋਟਲੇ ਵਿਚ ਵਧ ਗਈ ਸੀ। ਨਾਮਧਾਰੀ ਬੀਰ ਇਹ ਸਹਿਨ ਨਾ ਕਰ ਸਕੇ। ਗੁਰਮੁਖ ਸਿੰਘ ਦੇ ਆਖਣ ਤੇ ਹੀਰਾ ਸਿੰਘ ਨੂੰ ਜੋਸ਼ ਆ ਗਿਆ। ਮਲੇਰ ਕੋਟਲੇ ਨੂੰ ਸੋਧਣ ਤੁਰ ਪਏ।



Sri Satguru Jagjit Singh Ji Elibrary NamdhariElibrary@gmail.com

ਮਲੌਦ ਤੋਂ ਚਲਕੇ ਸਵੇਰੇ ਸਤ ਵਜੇ, ਜਦੋਂ ਮੂੰਹ-ਹਨੇਰਾ ਸੀ ਤੇ ਸ਼ਹਿਰ ਦੇ ਲੋਕ ਅਜੇ ਚੰਗੀ ਤਰ੍ਹਾਂ ਸੁਤੇ ਨਹੀਂ ਸਨ ਉਠੇ ਬਾਹਰਲੀ ਕੰਧ ਦਾ ਹਿੱਸਾ ਟੁਟਾ ਦੇਖਕੇ, ਉਥੋਂ ਦੀ ਅੰਦਰ ਚਲੇ ਗਏ ਤੇ ਵਡਾ ਦਰਵਾਜ਼ਾ ਖੋਲ੍ਹ ਦਿਤਾ। ਉਧਰ ਬੁਚੜ ਖਾਨਾ ਤੇ ਕੋਤਵਾਲੀ ਸੀ। ਚਿੜੀ ਮਾਰਾਂ ਦੇ ਮਹਲੇ ਜਾ ਜੈਕਾਰੇ ਬੁਲਾਏ। ਜੈਕਾਰੇ ਬੁਲਾਉਂਦੇ ਹੋਏ ਕੋਤਵਾਲੀ ਦੇ ਸਾਹਮਣੇ ਗਏ ਤਾਂ ਕਤਵਾਲ ਅਹਿਮਦ ਖਾਂ ਬੰਦੇ ਲੈ ਕੇ ਟਾਕਰੇ ਤੇ ਆਇਆ। ਇਕ ਘੰਟੇ ਦੀ ਲੜਾਈ ਵਿਚ ਉਹ ਮਾਰਿਆ ਗਿਆ। ਉਸ ਦੇ ਨਾਲ ਕਈ ਹੋਰ ਸਿਪਾਹੀ ਮਾਰੇ ਗਏ।

ਕੋਤਵਾਲ ਮਾਰਿਆ ਗਿਆ, ਜਥੇ ਨੇ ਕੋਤਵਾਲੀ ਵਿਚੋਂ ਹਥਿਆਰ ਲੈਣੇ ਸੀ, ਉਹ ਨਾ ਮਿਲੇ, ਪਰ ਲੜਾਈ ਦਾ ਰੌਲਾ ਪੈਣ ਤੇ ਸਾਰੇ ਸ਼ਹਿਰ ਵਿਚ ਤੂਫਾਨੀ ਹਲਚਲ ਮਚ ਗਈ। ਜਥਾ ਲੜਦਾ ਭਿੜਦਾ ਸ਼ਹਿਰੋਂ ਬਾਹਰ ਹੋਣ ਦਾ ਜਤਨ ਕਰਨ ਲਗਾ ਕਿਉਂਕਿ ਹਥਿਆਰ ਨਾ ਮਿਲੇ। ਕੁਝ ਸਿੰਘ ਸ਼ਹੀਦ ਹੋ ਗਏ। ਗੁਰਮੁਖ ਸਿੰਘ ਵੀ ਸ਼ਹੀਦੀ ਪਾ ਗਿਆ। ਨੈਨਾ ਸਿੰਘ ਠੱਠਾ ਵੀ ਤਲਵਾਰ ਚਲਾਉਂਦਾ ਹੋਇਆ ਜੀਵਨ ਸਫਲ ਕਰ ਗਿਆ। ਕਈਆਂ ਜ਼ਖਮੀਆਂ ਨੂੰ ਚੁਕ ਲਿਆ ਤੇ ਕੇਲੋਂਵਾਲੇ ਦਰਵਾਜ਼ੇ ਰਾਹੀਂ ਜਥਾ ਬਾਹਰ ਨੂੰ ਚਲ ਪਿਆ। ਜਥੇ ਦੇ ਸਾਰੇ ਮਸਤਾਨੇ ਚੜ੍ਹਦੀ ਕਲਾ ਵਿਚ ਸਨ। ਜੈਕਾਰੇ ਬੁਲਾਉਂਦੇ ਤੇ ਸ਼ਬਦ ਪੜ੍ਹਦੇ ਹੋਏ ਜਾਣ ਲਗੇ। ਨਗਰ 'ਰੜ' ਜਾ ਕੇ ਰੁਕਣ ਦਾ ਫੈਸਲਾ ਕੀਤਾ ਸੀ।

ਦਿਨ ਚੜ੍ਹ ਗਿਆ ਸੀ। ਮੁਲਖਈਆ ਜਾਗ ਪਿਆ। ਮਲੇਰ ਕੋਟਲਾ ਦੇ ਹੋਰ ਅਫਸਰ ਵੀ ਬੰਦੇ ਲੈ ਕੇ ਪਿਛਾ ਕਰਨ ਆ ਗਏ। ਕਾਜ਼ੀ ਖੁਦਾ ਬਖਸ਼, ਰਿਸਾਲਦਾਰ ਧਰਮਸਤ ਖਾਂ ਤੇ ਸਮੰਦ ਖਾਂ। ਸ: ਹੀਰਾ ਸਿੰਘ ਦੀ ਬਾਂਹ ਉਤੇ ਭਾਵੇਂ ਜ਼ਖਮ ਹੋ ਗਿਆ ਸੀ ਫਿਰ ਵੀ ਉਹ ਦਲੇਰੀ ਵਿਚ ਸਨ। ਉਹਨਾਂ ਨੇ ਸਮੁੰਦ ਖਾਂ ਨਾਲ ਸਿਧੀ



Sri Satguru Jagjit Singh Ji Elibrary NamdhariElibrary@gmail.com

[illegible] ਸਿਰ ਵਢ ਦਿਤਾ। ਸਿਰ ਮਿਟੀ ਵਿਚ [illegible] ਤੋਂ [illegible] ਉਲਰ ਗਿਆ। ਬਾਕੀ ਦੇ [illegible]

'ਰੜ' ਪਿੰਡ ਦੀ ਜੂਹ ਵਿਚ ਉਚਾ ਟਿਲਾ ਆਇਆ। ਉਸ ਟਿਲੇ ਤੇ ਪੁੱਜਕੇ ਹੀਰਾ ਸਿੰਘ ਨੇ ਜਥੇ ਨੂੰ ਸੰਬੋਧਨ ਕੀਤਾ, "ਸਤਿਗੁਰੂ [illegible] ਸ਼ੁਰੂ ਕਰਨ ਦਾ ਹੁਕਮ ਦਿਤਾ ਸੀ। ਸੋ ਕਰ ਦਿਤਾ। ਅਗੇ [illegible] ਨਹੀਂ ਉਠਾਇਆ ਜਾਏਗਾ ਜਿਨ੍ਹਾਂ ਨੂੰ ਜਾਨ ਪਿਆਰੀ ਹੈ ਉਹ ਅਜੇ ਵੀ ਖਿਸਕ ਸਕਦੇ ਹਨ। ਰਿਆਸਤਾਂ ਦੀ ਜੋ [illegible] ਆਏਗੀ...ਜੋ ਭਾਣਾ ਵਰਤਨਾ ਹੈ, ਸੋ ਵਰਤ ਜਾਏਗਾ।

ਪਰ ਦੋਹਾਂ ਬੀਬੀਆਂ ਸਮੇਤ ਜਥੇ ਦੇ ਬਚੇ ੭੦ 69 ਸ਼ਹੀਦੀ ਮਸਤਾਨੇ ਉਥੇ ਬੈਠ ਗਏ। ਜਨਵਰੀ ਦਾ ਮਹੀਨਾ, ਕਹਿਰ ਦੀ ਸੀਤ, ਉਪਰ ਲੀੜੇ ਮਾਮੂਲੀ ਤੇ ਮਲੋਦ ਦੇ ਹਮਲੇ ਦੇ ਸਮੇਂ ਤੋਂ ਨਾ ਅਰਾਮ ਕੀਤਾ ਸੀ ਤੇ ਨਾ ਕੁਝ ਖਾਧਾ ਪੀਤਾ ਸੀ। ਪਰ ਕਰਤਾਰ ਨੇ ਐਸੀ ਖੇਡ ਵਰਤਾਈ ਕਿ ਨਾ ਉਹਨਾਂ ਨੂੰ ਠੰਡ ਅਨਭਵ ਹੋਈ ਤੇ ਨਾ ਉਹਨਾਂ ਨੂੰ ਭੁਖ ਤਰੇਹ ਨੇ ਸਤਾਇਆ। ਬਸ ਸ਼ਹੀਦੀ ਪਾਉਣ ਦਾ ਉਮਾਹ ਹਿਰਦਿਆਂ ਵਿਚ ਠਾਠਾਂ ਮਾਰਦਾ ਸੀ। ਸਭ ਦਾ ਧਿਆਨ ਸਤਿਗੁਰ ਰਾਮ ਸਿੰਘ ਜੀ ਵਲ ਸੀ। ਜਿਵੇਂ ਉਹਨਾਂ ਦੇ ਦਰਬਾਰ ਵਿਚ ਹੀ ਬਰਾਜਮਾਨ ਸਨ। ਭਗਤੀ, ਸੇਵਾ ਤੇ ਕੁਰਬਾਨੀ ਦੇ ਅਮਲਾਂ ਨਾਲ ਨੇਤਰ ਰੰਗੇ ਲਾਲ ਸਨ।

ਰੜ ਤੋਂ ਜਥਾ ਸ਼ੇਰ ਪੁਰ ਪੁੱਜਾ ਤੇ ਸ਼ੇਰ ਪੁਰ ਤੋਂ ਜਥੇ ਨੇ ਆਪਣੇ ਆਪ ਨੂੰ ਅਮਰ ਗੜ੍ਹ (ਪਟਿਆਲਾ) ਦੇ ਨਾਜ਼ਮ ਹਵਾਲੇ ਕਰ ਦਿੱਤਾ। ਉਸ ਨੇ ਅਮਰ ਗੜ੍ਹ ਕਿਲ੍ਹੇ ਵਿਚ ਸਭ ਨੂੰ ਰਖ ਲਿਆ ਤੇ ਜਥੇ ਵਿਚੋਂ 30 ਮਸਤਾਨੇ ਜ਼ਖਮੀ ਸਨ। ਜ਼ਖਮਾਂ ਵਿਚੋਂ ਲਹੂ ਵਗਦਾ ਸੀ। ਆਪ ਹੀ ਬਸਤਰ ਪਾੜਕੇ ਪੱਟੀਆਂ ਬੰਨ੍ਹੀਆਂ ਸਨ,

Sri Satguru Jagjit Singh Ji Elibrary NamdhariElibrary@gmail.com

ਪਰ ਲਹੂ ਵਗੀ ਜਾਂਦਾ ਸੀ।

ਦੂਸਰੇ ਪਾਸੇ ਲੁਧਿਆਣੇ ਦਾ ਬੇਈਮਾਨ, ਅਨਿਆਈ ਤੇ ਕੁਟਲ ਨੀਤੀ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਮਲੋਦ ਦੀ ਘਟਨਾ ਦੇ ਇਕ ਦਿਨ ਮਲੌਦ ਪੁੱਜਿਆ ਤੇ ਉਥੋਂ ਮਲੇਰ ਕੋਟਲੇ ਆਇਆ। ਪਤਾ ਉਸ ਨੂੰ ੧੩ ਜਨਵਰੀ ਦਾ ਸੀ ਕਿ ਮਸਤਾਨਿਆਂ ਨੇ ਚੜ੍ਹਾਈ ਕੀਤੀ ਸੀ, ਉਹ ਰੋਕ ਸਕਦਾ ਸੀ, ਪਰ ਉਸਨੇ ਰੋਕਿਆ ਨਾ। ਉਹ ਬਹਾਨਾ ਲਭਦਾ ਸੀ, ਕਿ ਕਿਵੇਂ ਨਾਮਧਾਰੀ ਲਹਿਰ ਨੂੰ ਜ਼ੁਲਮ-ਤਸ਼ਦਦ ਨਾਲ ਰੋਕ ਕੇ ਇਨਾਮ ਪ੍ਰਾਪਤ ਕਰੇ।

੧੬ ਜਨਵਰੀ ਨੂੰ ਡਿਪਟੀ ਕਮਿਸ਼ਨਰ, ਪੁਲਸ ਕਪਤਾਨ ਤੇ ਬਹੁਤ ਸਾਰੇ ਹੋਰ ਕਰਮਚਾਰੀ ਮਲੋਦੋਂ ਮਲੇਰ ਕੋਟਲੇ ਵਲ ਤੁਰੇ। ਰਾਹ ਵਿਚ ਉਹਨਾਂ ਨੂੰ ਪ੍ਰਿਆਲੇ ਦਾ ਨਾਇਬ ਨਾਜ਼ਮ ਨਿਆਜ਼ ਪਟਿਆਲ ਅਲੀ ਮਿਲਿਆ। ਉਸ ਨੇ ਆਖਿਆ, 'ਜਨਾਬ! ਸਾਰੇ ਕੂਕੇ ਮਸਤਾਨੇ, ਜਿਨ੍ਹਾਂ ਮਲੇਰ ਕੋਟਲੇ ਉਤੇ ਹਮਲਾ ਕੀਤਾ ਸੀ, ਮੈਂ ਗ੍ਰਿਫਤਾਰ ਕਰਕੇ ਅਮਰ ਗੜ੍ਹ ਕਿਲ੍ਹੇ ਵਿਚ ਬੰਦ ਕਰ ਰਖੇ ਹਨ।'

'ਸ਼ਾਬਾਸ਼ ..ਤੁਮ ਕੋ ਇਨਾਮ ਮਿਲੇਗਾ...।' ਕਾਵਨ ਨੇ ਅਗੋਂ ਉਤਰ ਦਿੱਤਾ। ਉਸ ਨੂੰ ਖੁਸ਼ੀ ਹੋਈ ਕਿ ਉਸ ਨੂੰ ਮਸਤਾਨੇ ਲਭਣ ਨਾ ਪਏ।

ਕਾਵਨ ਅੱਧ ਖੜ ਉਮਰ ਦਾ ਸੀ। ਉਸ ਦੇ ਸਿਰ ਦੇ ਵਾਲ ਕੱਕੇ ਸਨ ਤੇ ਦਾਹੜੀ ਲੰਮੀ ਸੀ, ਉਹ ਪੂਰਨ ਬਗਲਾ ਭਗਤ ਸੀ। ਜ਼ਬਾਨ ਮਿੱਠੀ, ਸ਼ਕਲ ਮੋਮਨਾ ਵਾਲੀ, ਪਰ ਦਿਲ ਦਾ ਕਰਖਤ, ਬੇਈਮਾਨ ਸੀ। ਉਹ ਬੇਪਰਵਾਹ ਤੇ ਹੰਕਾਰੀ ਸੀ।

ਕਾਵਨ ਦੀ ਦਸ਼ਾ ਪਾਗਲਾਂ ਵਰਗੀ ਹੋ ਗਈ ਸੀ। ਉਹ ਮਨ ਵਿਚ ਵਿਚਾਰ ਕਰਦਾ ਆਇਆ ਸੀ ਕਿ ਮਸਤਾਨੇ ਮਲੇਰ ਕੋਟਲੇ ਪੁੱਜੇ ਹੋਣਗੇ। ਪਰ ਜਦੋਂ ਮਲੇਰ ਕੋਟਲੇ ਪੁੱਜਣ ਤੇ ਪਤਾ



Sri Satguru Jagjit Singh Ji Elibrary NamdhariElibrary@gmail.com

ਲਗਾ ਕੇ ਸ਼ੇਰ ਪੁਰ (ਅਮਰ ਗੜ੍ਹ ਦੇ ਕਿਲ੍ਹੇ) ਤੋਂ ਮਸਤਾਨੇ ਨਹੀਂ ਲਿਆਂਦੇ ਗਏ ਤਾਂ ਗਰਮ ਹੋ ਗਿਆ। ਉਸ ਨੇ ੧੨ ਵਜੇ ਪੁਲਸ ਕਪਤਾਨ ਨੂੰ ਭੇਜਿਆ ਗਿਆ। ਉਸ ਨੂੰ ਜਥਾ ਰਾਹ ਵਿਚ ਮਿਲਿਆ। ਸਾਰਾ ਜਥਾ ਗੱਡਿਆਂ ਉਤੇ ਬਿਠਾਇਆ ਸੀ ਹੱਥ ਬੰਨ੍ਹੇ ਸਨ, ਸੜਕ ਖਰਾਬ ਹੋਣ ਕਰਕੇ ਗੱਡ ਡੋਲਦੇ ਤੇ ਬੈਲ ਡਿਗ ਡਿਗ ਪੈਂਦੇ ਸਨ। ਪਰ ਉਹਨਾਂ ਨੂੰ ਤੋਰਨ ਵਾਲੇ ਉਹਨਾਂ ਨੂੰ ਕੁਟੀ ਮਾਰੀ ਜਾਂਦੇ ਸਨ। ਮਸਤਾਨੇ ਚੜ੍ਹਦੀ ਕਲਾ ਵਿਚ ਸਨ। ਜ਼ਖਮੀਆਂ ਨੂੰ ਜ਼ਖਮਾਂ ਦੀ ਪਰਵਾਹ ਨਹੀਂ ਸੀ, ਜਿਵੇਂ ਤਨ ਦੇ ਜ਼ਖਮ ਪੀੜ ਨਹੀਂ ਸਨ ਕਰਦੇ। ਭੁੱਖ ਤੇ ਤਰੇਹ ਚੇਤੇ ਨਹੀਂ ਸੀ, ਸਤਿਗੁਰੂ ਜੀ ਦਾ ਜਸ ਕਰਦੇ, ਗੁਰਬਾਣੀ ਦ ਸ਼ਬਦ ਪੜ੍ਹਦੇ ਜਾਂ ਫੌਜੀਆਂ ਨੂੰ ਉਚੀ ਉਚੀ ਆਖਦੇ ਆ ਰਹੇ ਸਨ, 'ਇਹ ਫਰੰਗੀ ਸਰਕਾਰ ਨਹੀਂ ਮੰਨਣੀ, ਬੁਚੜ ਨਹੀਂ ਰਹਿਣ ਦੇਣੇਂ. ਦੇਸ ਸੁਤੰਤਰ ਕਰਾਉਣਾ ਹੈ ਸੰਵਰਾਜ ਲਿਆਉਣਾ ਹੈ...।' ਉਹਨਾਂ ਨੂੰ ਮੌਤ ਦਾ ਰਤਾ ਭੈ ਨਹੀਂ ਸੀ।

ਜ਼ਿੰਦਾ ਸ਼ਹੀਦ ਮਸਤਾਨੇ ਜਮਾਲ ਪੁਰ ਦੀ ਰੋੜ ਵਿਚ ਪੁੱਜੇ। ਉਸ ਵੇਲੇ ਨਾਭਾ ਤੇ ਜੀਂਦ ਦੇ ਫੌਜੀ ਜਵਾਨ ਪੁੱਜ ਚੁਕੇ ਸਨ। ਕਾਵਨ ਦੇ ਨਾਲ ਦੋ ਵੀ ਬੰਦੇ ਹਾਜ਼ਰ ਸਨ। 'ਕੋਈ ਮਕਦਮਾ ਨਹੀਂ ਹੋਏਗਾ ਕਿਸੇ ਅਦਾਲਤ ਵਿਚ ਮੇਰਾ ਹੁਕਮ ਕਾਨੂੰਨ ਤੇ ਮੇਰਾ ਹੁਕਮ ਫੈਸਲਾ। ਇਹਨਾਂ ਨੇ ਬ੍ਰਤਾਨਵੀਂ ਸਰਕਾਰ ਤੇ ਮਲਕਾ ਵਿਕਟੋਰੀਆ ਵਿਰੁਧ ਜੰਗ ਕਰਨ ਦਾ ਜਤਨ ਕੀਤਾ ਹੈ...ਬਾਗੀ ਹਨ—ਸਜਾਏ ਮੌਤ। ਉਹ ਵੀ ਤੋਪਾਂ ਨਾਲ ਉਡਾਉਣ ਦਾ ਹੁਕਮ ਦਿੰਦਾ ਹਾਂ, ਹੁਣੇ।'

ਉਸੇ ਵੇਲੇ ਤੋਪਾਂ ਬੀੜੀਆਂ ਗਈਆਂ। ਗਾਰਦ ਨੂੰ ਹੁਕਮ ਹੋਇਆ, 'ਕੂਕਿਆਂ ਮਸਤਾਨਿਆਂ ਨੂੰ ਬੰਨ੍ਹ ਕੇ ਅਗੇ ਖਲਿਆਰੋ।'

ਇਹ ਸੁਣਕੇ ਹੀਰਾ ਸਿੰਘ ਨੇ ਨਿਰਭੈਤਾ ਨਾਲ ਆਖਿਆ,



Sri Satguru Jagjit Singh Ji Elibrary NamdhariElibrary@gmail.com

'ਕੂਕੇ ਚੋਰ ਨਹੀਂ । ਸਤਿਗੁਰੂ ਰਾਮ ਸਿੰਘ ਜੀ ਦੀ ਸੰਤ ਖਾਲਸਾ ਫੌਜ ਹੈ । ਜੋ ਗਊ-ਗਰੀਬ ਵਾਸਤੇ ਮੈਦਾਨ ਵਿਚ ਆਉਂਦੀ ਹੈ ਤਾਂ ਕਾਇਰਾਂ-ਡਰਾਕਲਾਂ ਵਾਂਗ ਮੌਤ ਕੋਲੋਂ ਡਰਕੇ ਨਸਣਾ-ਭਜਣਾ ਨਹੀਂ ਜਾਂਣਦੀ । ਬਿੱਲੇ ਕਾਵਨ.. ਜੇ ਨਸਣਾ ਹੁੰਦਾ ਤਾਂ 'ਰੜ' ਤੋਂ ਨਸ ਸਕਦੇ ਸਨ ਕੌਣ ਗ੍ਰਿਫਤਾਰ ਕਰਨ ਵਾਲਾ ਸੀ ? ਬੀੜੋ ਤੋਪਾਂ.. ਸਾਰੇ ਹੱਸਦੇ ਹੋਏ, ਜੈਕਾਰੇ ਬੁਲਾਉਂਦੇ ਹੋਏ ਤੋਪਾਂ ਅਗੇ ਖਲੋਣਗੇ । ਇਹਨਾਂ ਦੇ ਸਰੀਰ ਦੇ ਜਿੰਨੇ ਟੁਕੜੇ ਹੋਣਗੇ, ਉਨੇ ਹੀ ਨਵੇਂ ਸਵਰਾਜ ਦੀ ਸ਼ਮ੍ਹਾਂ ਦੇ ਨਵੇਂ ਪ੍ਰਵਾਨੇ ਜਨਮ ਲੈਣਗੇ.. ਸੰਤ ਖਾਲਸੇ ਦਾ ਕਦੀ ਅੰਤ ਨਹੀਂ ਹੋਏਗਾ । ਇਸ ਦਾ ਅੰਤ ਕਰਨ ਵਾਲਿਆਂ ਦਾ ਅੰਤ ਜ਼ਰੂਰ ਹੋਏਗਾ......ਲੈ ਮੈਂ ਪਹਿਲਾਂ ਅਗੇ ਹੁੰਦਾ ਹਾਂ ।'

ਇਹ ਆਖਕੇ ਸਤਿਗੁਰੂ ਜੀ ਦਾ ਸੂਰਬੀਰ ਨਿਧੜਕ ਤੇ ਸੱਚਾ ਸਿੱਖ, ਸੁਤੰਤਰਤਾ ਦਾ ਘੋਲਾਟੀਆ ਖੁਸ਼ੀ ਨਾਲ ਛਾਲ ਮਾਰਕੇ ਅਗੇ ਹੋਇਆ । ਉਸ ਦੇ ਨਾਲ ਉਹਨਾਂ ਦਾ ਭ੍ਰਾਈ ਲਹਿਣਾ ਸਿੰਘ ਤੇ ਹੋਰ ਮੁਖੀ ਮਸਤਾਨੇ ਅਗੇ ਹੋਏ । ਰਸਾਲੇ ਦੇ ਫੌਜੀ, ਪੁਲਸ ਵਾਲੇ, ਅਤੇ ਮਲੇਰ ਕੋਟਲੇ ਦੇ ਲੋਕ ਦੇਖਦੇ ਹੈਰਾਨ ਹੋਏ ਤੇ ਕਈ ਕਾਇਰ ਦਿਲ ਨਜ਼ਾਰਾ ਦੇਖਕੇ ਹੀ ਭੈ ਭੀਤ ਹੋ ਕੰਬਣ ਲਗ ਪਏ ।

ਤੋਪਾਂ ਨੂੰ ਪਲੀਤੇ ਲਾਏ ਗਏ । ਤੋਪਾਂ ਚਲੀਆਂ, ਅਕਾਸ਼ ਕੰਬਾਊ ਧਮਾਕਾ ਹੋਇਆ । ਸ: ਹੀਰਾ ਸਿੰਘ ਦਾ ਧੜ ਉਡਿਆ— ਅੰਗ ਅੰਗ ਹੋਇਆ ਤੇ ਸੀਸ ਦਸਤਾਰ ਸਮੇਤ ਹੀ ਆਕਾਸ਼ ਵਿਚ ਉਡਕੇ ਮੁੜ ਧਰਤੀ ਉਤੇ ਡਿਗਾ । ਬਾਕੀ ਦੇ ਸਾਥੀ ਵੀ ਉਡ ਗਏ । ਅੰਗ ਅੰਗ ਪੁਲਾੜ ਵਿਚ ਇਉਂ ਨਜ਼ਰ ਆਇਆ, ਜਿਵੇਂ ਅਸਤ-ਬਾਜ਼ੀ ਦੀਆਂ ਫੁਲਝੜੀਆਂ ਰਾਤ ਦੇ ਸਮੇਂ ਨਜ਼ਰ ਆਉਂਦੀਆਂ ਹਨ ।

੪੯ ਮਸਤਾਨੇ ਤੋਪਾਂ ਨਾਲ ਉਡਾਏ ਗਏ । ਦੋ ਬੀਬੀਆਂ ਤੇ



Sri Satguru Jagjit Singh Ji Elibrary NamdhariElibrary@gmail.com

੧੬ ਮਸਤਾਨੇ ਰਖ ਲਏ। ਬੀਬੀਆਂ ਇੰਦਰ ਕੌਰ ਤੇ ਖੇਮ ਕੌਰ ਨੂੰ ਤਾਂ ਆਜ਼ਾਦ ਕਰ ਦਿੱਤਾ ਤੇ ੧੬ ਨੂੰ ਮਲਦ ਸਜ਼ਾਏ ਮਤ ਦੇਣੀ ਸੀ। ਮਸਤਾਨੇ ਬਹਾਦਰਾਂ ਨੇ ਇਕ ਦੋ ਕੌਤਕ ਵੀ ਅਨੋਖ ਕੀਤੇ, ਇਕ ਸਿੰਘ ਕਦ ਦਾ ਮਧਰਾ ਸੀ। ਉਹ ਤੋਪ ਦੀ ਉਚਾਈ ਤੋਂ ਨੀਵਾਂ ਸੀ, ਕਾਵਨ ਦਾ ਵਿਚਾਰ ਹੋਇਆ ਉਸ ਨੂੰ ਪਾਸੇ ਕਰਨ ਦਾ। ਪਰ ਸਿੰਘ ਨੂੰ ਸ਼ਹੀਦੀ ਦਾ ਚਾਅ ਸੀ। ਉਹ ਨਾਮ-ਰਸ ਤੇ ਸ਼ੁਭ ਕਰਮ ਦੇ ਨਸ਼ੇ ਨਾਲ ਰੰਗਿਆ ਸੀ, ਉਸ ਨੇ ਢੀਮਾਂ ਇਕੱਠੀਆਂ ਕਰਕੇ ਪੈਰਾਂ ਹੇਠ ਰਖ ਲਈਆਂ ਤੇ ਤੋਪ ਅਗੇ ਉਡਕੇ ਸ਼ਹੀਦੀ ਪਾ ਗਿਆ।

ਬਾਬਾ ਬਿਸ਼ਨ ਸਿੰਘ ਨੂੰ ਐਨਾ ਜੋਸ਼ ਤੇ ਕਹਿਰ ਆਇਆ ਡਿਪਟੀ ਕਮਿਸ਼ਨਰ ਕਾਵਨ ਉਤੇ ਕਿ ਉਹ ਜ਼ੋਰ ਨਾਲ ਨਠਕੇ ਮਿਸਟਰ ਕਾਵਨ ਦੇ ਗਲ ਜਾ ਪਿਆ ਉਸ ਦਾ ਗਲ ਘੁਟਕੇ ਉਸ ਨੂੰ ਮਾਰ ਦੇਣਾ ਚਾਹੁੰਦਾ ਸੀ ਕਿ ਕਾਵਨ ਦੇ ਅੰਗ-ਰਖਕਾਂ ਨੇ ਤਲਵਾਰਾਂ ਮਾਰਕੇ ਬਾਬਾ ਬਿਸ਼ਨ ਸਿੰਘ ਨੂੰ ਸ਼ਹੀਦ ਕਰ ਦਿੱਤਾ।

ਡਿਪਟੀ ਕਮਿਸ਼ਨਰ ਕਾਵਨ ਨੂੰ ਕਮਿਸ਼ਨਰ ਅੰਬਾਲਾ ਮਿਸਟਰ ਫੋਰਸਾਈਥ ਦੀ ਚਿੱਠੀ ਉਸ ਵੇਲੇ ਮਿਲੀ ਸੀ, ਜਦੋਂ ਤੋਪਾਂ ਨੂੰ ਅੱਗ ਨਹੀਂ ਸੀ ਦਿਤੀ ਗਈ। ਪਰ ਕਾਵਨ ਨੇ ਕੋਈ ਪਰਵਾਹ ਨਾ ਕੀਤੀ। ਉਸ ਨੇ ਚਿੱਠੀ ਮਰੋੜਕੇ ਜੇਬ ਵਿਚ ਪਾ ਲਈ ਸੀ। ਚਿਠੀ ਵਿਚ ਲਿਖਿਆ ਸੀ ਕਿ ਮੇਰੇ ਆਉਣ ਤਕ ਕਿਸੇ ਨੂੰ ਸਜ਼ਾ ਨਾ ਦਿਤੀ ਜਾਏ ਸਾਰੇ ਦੋਸ਼ੀਆਂ ਉਤੇ ਮਕਦਮਾ ਚਲਾਇਆ ਜਾਏਗਾ।

ਕਾਵਨ ਨੇ ੧੬ ਨਾਮਧਾਰੀਆਂ ਨੂੰ ਰਖ ਲਿਆ। ਫੋਰ-ਸਾਈਥ ਦੇ ਆਉਣ ਪਰ ਉਹਨਾਂ ੧੬ ਉਤੇ ਦਿਖਾਵੇ ਦਾ ਦੇਸ ਮਿੰਟੀ ਮਕਦਮਾ ਚਲਾਕੇ, ਉਹਨਾਂ ਨੂੰ ਫਾਂਸੀ ਲਾ ਦਿੱਤਾ ਗਿਆ। ਲਾਟ ਪੰਜਾਬ ਨੂੰ ਤਾਰ ਦਿੱਤੀ ਕਿ ਲਗ ਪਗ ਸੌ ਮਸਤਾਨੇ ਕੂਕਿਆਂ



Sri Satguru Jagjit Singh Ji Elibrary NamdhariElibrary@gmail.com

.ਨੂੰ ਸਜ਼ਾਏ ਮੌਤ ਦੇਕੇ ਬਗ਼ਾਵਤ ਦੇ ਉਠ ਰਹੇ ਲਾਵੇ ਨੂੰ ਨੱਪ ਦਿੱਤਾ ਹੈ।

ਸਤਿਗੁਰੂ ਜੀ ਮਿਆੜ ਤੋਂ ਚਲਕੇ ਵਾਪਸ ਭੈਣੀ ਸਾਹਿਬ ਆ ਗਏ। ਆਪ ਸ਼ਾਮ ਨੂੰ ਭੈਣੀ ਸਾਹਿਬ ਪੁੱਜੇ। ਭੈਣੀ ਸਾਹਿਬ ਵਿਚ ਰਹਿੰਦੇ ਸੰਤ ਜਨਾਂ ਨੇ ਖੁਸ਼ੀ ਮਨਾਈ। ਸਤਿਗੁਰੂ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਜੀ ਨੂੰ ਬੇਅੰਤ ਖੁਸ਼ੀ ਹੋਈ।

ਫਰੰਗੀ ਦੀ ਨੀਤ ਸ਼ਕੀ। ਪਿਛੋਂ ਤੁਸਾਂ ਨੇ ਹੌਂਸਲੇ ਨਾਲ ਰਹਿਣਾ।' ਕਰਤਾਰ ਦਾ ਭਾਣਾ ਮੰਨਣਾ, ਸਤਿਗੁਰੂ ਜੀ ਨੇ ਸਾਰਿਆਂ ਨੂੰ ਸੰਬੋਧਨ ਕੀਤਾ।

ਉਧਰ ਫਰੰਗੀ ਲਾਟ ਪੰਜਾਬ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਮੁੱਖੀ ਸੂਬਿਆਂ—ਬਾਬਾ ਸਾਹਿਬ ਸਿੰਘ, ਬਾਬਾ ਰੂੜ ਸਿੰਘ, ਬਾਬਾ ਲਖਾ ਸਿੰਘ, ਬਾਬਾ ਕਾਹਨ ਸਿੰਘ. ਬਾਬਾ ਬ੍ਰਹਮਾ ਸਿੰਘ, ਬਾਬਾ ਜਵਾਹਰ ਸਿੰਘ, ਬਾਬਾ ਹੁਕਮ ਸਿੰਘ ਤੇ ਬਾਬਾ ਮਲੂਕ ਸਿੰਘ ਦੀ ਗ੍ਰਿਫਤਾਰੀ ਦਾ ਹੁਕਮ ਲਿਖਕੇ ਭੇਜ ਦਿਤਾ। ਅੰਮ੍ਰਿਤਸਰ, ਰਾਏ ਕੋਟ, ਮਲੌਦ ਤੇ ਮਲੇਰ ਕੋਟਲੇ ਦੀਆਂ ਘਟਨਾਵਾਂ ਦੀ ਜ਼ੁਮੇਂਵਾਰੀ ਸਤਿਗੁਰੂ ਜੀ ਪਰ ਸੁਟੀ ਤੇ ਕੈਦ ਕਰਨ ਦਾ ਬਹਾਨਾ ਉਹਨਾਂ ਨੂੰ ਮਿਲ ਗਿਆ।

ਉਸ ਹੁਕਮ ਦੇ ਨਾਲ ਹੀ ਲਿਖਿਆ ਸੀ, ਗ੍ਰਿਫਤਾਰ ਕਰਨ ਪਿਛੋਂ ਸਭ ਨੂੰ ਅਲਾਹਬਾਦ ਕਿਲ੍ਹੇ ਵਿਚ ਪਹੁੰਚ ਦੇਣਾ ਸੀ। ਇਉਂ ਹੁਕਮ ਤੇ ਹੁਕਮ ਲਿਖਿਆ ਗਿਆ। ਸਾਰੀ ਪੁਲੀਸ ਤੇ ਫੌਜ ਨੂੰ ਤਿਆਰੀ ਦਾ ਹੁਕਮ ਦੇ ਕੇ ਬੇ-ਚੈਨੀ ਪੈਦਾ ਕੀਤੀ ਗਈ ਸੀ। ਇਕ ਭੁਚਾਲ ਆਇਆ ਸੀ। ਪਰ ਸਤਿਗੁਰੂ ਜੀ ਤੇ ਉਹਨਾਂ ਦੇ ਦਰਬਾਰ ਵਿਚ ਰਹਿਣ ਵਾਲੇ ਸਾਰੇ ਸੂਬੇ. ਸੰਤ ਅਤੇ ਸੇਵਕ ਸੇਵਕਾਵਾਂ ਸ਼ਾਂਤ ਚਿਤ ਨਾਮ ਸਿਮਰਨ ਕਰਨ ਵਿਚ ਰੁਝੇ ਸਨ।

ਸਤਿਗੁਰੂ ਜੀ ਦੀ ਗ੍ਰਿਫਤਾਰੀ ਵਾਸਤੇ ਕਰਨਲ ਬੇਲੀ ਨੇ



Sri Satguru Jagjit Singh Ji Elibrary NamdhariElibrary@gmail.com

ਲੁਧਿਆਣੇ ਤੋਂ ਚੜ੍ਹਾਈ ਕੀਤੀ। ਉਸ ਨੇ ੧੨ ਨੰਬਰ ਰਸਾਲੇ ਦੇ ੨੫ ਜਵਾਨ ਨਾਲ ਲੇ ਤੇ ਲੈਫਟੀਨੈਂਟ ਗ੍ਰੀਨ ਵੀ। ਉਹ ਦਬਾ ਦਬ ਮਲੌਦ ਪੁੱਜਾ। ਉਥੇ ਪੁੱਜਣ ਤੇ ਉਸ ਨੂੰ ਪਤਾ ਲਗਾ ਕੇ ਸਤਿਗੁਰੂ ਰਾਮ ਸਿੰਘ ਜੀ ਤਾਂ ਵਾਪਸ ਭੈਣੀ ਸਾਹਿਬ ਪੁੱਜ ਗਏ ਸਨ ਤਾਂ ਉਹ ਬਹੁਤ ਤਲ-ਮਲਾਇਆ। ਉਸ ਨੇ ਸ਼ਕ ਕੀਤਾ ਕਿ ਸ਼ਾਇਦ ਸਤਿਗੁਰੂ ਜੀ ਸਾਖੀਆਂ ਸਮੇਤ ਅੱਗੇ ਪਿਛੇ ਹੋ ਗਏ ਸਨ। ਉਹ ਉਥੋਂ ਸਾਹਨੇ ਵਾਲ ਪੁਲੀਸ ਸਟੇਸ਼ਨ ਅਪੜਿਆ।

'ਆਪ ਏਥੇ ਹੀ ਰੁਕੀਏ, ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਨ ਵਾਸਤੇ ਡਿਪਟੀ ਇਨਸਪੈਕਟਰ ਸ਼ਾਹਵਲੀ ਖਾਂ ਤੇ ਗਲਾਬ ਸਿੰਘ ਭੈਣੀ ਸਾਹਿਬ ਅਪੜ ਗਏ ਹਨ।' ਕਰਨਲ ਬੇਲੀ ਨੂੰ ਥਾਨੇ ਦੇ ਐਸ. ਐਚ. ਓ. ਨੇ ਆਖਿਆ ਤੇ ਉਹਨਾਂ ਨੂੰ ਥਾਨੇ ਵਿਚ ਬਿਠਾਇਆ। ਕਰਨਲ ਬੇਲੀ ਰੁਕ ਤਾਂ ਗਿਆ, ਪਰ ਉਸ ਦੀ ਬੇਚੇਨ ਰੂਹ ਭੈਣੀ ਸਾਹਿਬ ਵਲ ਹੀ ਉਡਕੇ ਗਈ ਰਹੀ। ਉਹ ਦੇਸ਼ੀ ਅਫਸਰਾਂ ਤੇ ਸ਼ਕ ਹੀ ਕਰਦਾ ਰਿਹਾ।

ਉਧਰ ਸਤਿਗੁਰੂ ਜੀ ਨੇ ਭੈਣੀ ਸਾਹਿਬ ਪਹੁੰਚਦਿਆਂ ਹੁਕਮ ਦਿੱਤਾ ਸੀ, 'ਸਾਰੇ ਆਪੋ ਆਪਣੇ ਘਰਾਂ ਨੂੰ ਚਲੇ ਜਾਣ। ਜੋ ਰਹੇਗਾ ਕਸ਼ਟ ਉਠਾਏਗਾ।' ਪਰ ਕੋਈ ਨਾ ਕਸ਼ਟਾਂ ਤੋਂ ਡਰਦਾ ਸੀ ਤੇ ਨਾ ਮੌਤ ਤੋਂ 'ਮਰਾਂ ਤਾਂ ਹਰ ਕੇ ਦੁਆਰ' ਦਾ ਵੀਚਾਰ ਮਨ ਵਿਚ ਸੀ। ਸਤਿਗੁਰੂ ਜੀ ਨਾਲ ਪਿਆਰ ਸੀ—ਅਟੁਟ ਪਿਆਰ। ਤਨ ਮਨ ਤੇ ਧਨ ਸੌਂਪ ਕੇ ਭੈਣੀ ਸਾਹਿਬ ਆਏ ਸਨ।

'ਆਪ ਨੂੰ ਲੁਧਿਆਣੇ ਬੁਲਾਇਆ ਗਿਆ ਹੈ। ਆਪਣੇ ਸੂਬਿਆਂ ਤੇ ਨਿਜੀ ਸੇਵਕਾਂ ਸਮੇਤ ਚਲੋ। ਏਸੇ ਵੇਲੇ, ਦੇਰ ਕਰਨ ਦਾ ਹੁਕਮ ਨਹੀਂ—।'

ਡਿਪਟੀ ਇਨਸਪੈਕਟਰ ਗੁਲਾਬ ਸਿੰਘ ਨੇ ਰਾਮਦਾਸ ਪੁਰਾ ਕੋਲ ਜਾ ਕੇ ਸਤਿਗੁਰੂ ਜੀ ਨੂੰ ਆਖਿਆ। ਉਸ ਨਾਲ ਚਾਰ ਘੋੜ



Sri Satguru Jagjit Singh Ji Elibrary NamdhariElibrary@gmail.com

ਸਵਾਰ ਸਨ।

'ਚਲੋ ! ਅਸਾਂ ਨੂੰ ਏਹੋ ਆਸ ਸੀ ਕਿ ਫਰੰਗੀ ਬਲਾਏਗਾ। ਸਤਿਗੁਰੂ ਜੀ ਬਚਨ ਕੀਤਾ। ਬਾਬਾ ਸਾਹਿਬ ਸਿੰਘ ਨੂੰ ਸੰਬੋਧਨ ਕਰਕੇ ਆਖਿਆ, 'ਸਾਰੇ ਤਿਆਰੀ ਕਰੋ।'

ਉਸ ਵੇਲੇ ਗੱਡਾ ਤਿਆਰ ਕਰਵਾਇਆ। ਸੇਵਕਾਂ ਨੇ ਗੱਡੇ ਵਿਚ ਆਸਨ ਵਿਛਾਇਆ। ਪਾਸੀਂ ਕਪੜਾ ਲਾਇਆ, ਕਹਿਰ ਦੀ ਠੰਡ ਸੀ ਤੇ ਰਾਤ ਦਾ ਸਮਾਂ। ਉਹੋ ਹੀ ਦਿਨ ਜਦੋਂ ਸਤਿਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਦਾ ਕਿਲ੍ਹਾ ਛਡਣਾ ਪਿਆ ਸੀ। ਸ਼ਹੀਦਾਂ ਦਾ ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਸੀ।

ਸਤਿਗੁਰੂ ਜੀ ਨੇ ਉੱਨ ਦੀ ਦਸਤਾਰ ਸਿਰ ਬੰਨ੍ਹੀ ਅਤੇ ਕਾਲੀ ਕਮਲੀ ਉਪਰ ਲਈ। ਅਰਦਾਸ ਕਰਨ ਪਿਛੋਂ ਗੱਡੇ ਵਿਚ ਨਾਨੂ ਸਿੰਘ ਬਾਬਾ ਜਵਾਹਰ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਗੁਰਦਿੱਤ ਸਿੰਘ।

ਗੱਡਾ ਤੁਰਿਆ। ਗਡੇ ਦੇ ਪਿਛੇ ਨਾਮਧਾਰੀ ਸੰਗਤ ਤੁਰ ਪਈ। ਸਾਹਿਬ ਦੇ ਨੈਨ ਸਜਲ ਸਨ। ਵਿਛੋੜਾ ਅਨਭਵ ਕਰਨ ਲਗ ਪਏ ਸੀ · ਖਰਾਸ ਦੇ ਕੋਲ ਪੁੱਜਕੇ ਸਤਿਗੁਰੂ ਜੀ ਨੇ ਹੁਕਮ ਕੀਤਾ। 'ਏਥੇ ਸਾਰੇ ਰੁਕ ਜਾਣ ਅਗੇ ਕੋਈ ਨਾ ਆਏ ਸਵਾ ਗਿਆਰਾਂ ਰੁਪੇ ਦਾ ਕੜਾਹ ਪ੍ਰਸ਼ਾਦ ਕਰਾ ਕੇ ਵੰਡ ਦੇਣਾ ਤੇ ਆਪੋ ਆਪਣੇ ਘਰਾਂ ਨੂੰ ਚਲੇ ਜਾਣ। ਰਾਤ ਸੌਣਾ ਨਹੀਂ ਬਾਣੀ ਦਾ ਪਾਠ ਕਰਨਾ...ਮਾਲਾ ਫੇਰਨੀ ਭਜਨ ਕਰਨਾ।'

ਸੰਗਤ ਨੂੰ ਇਹ ਹੁਕਮ ਦੇਕੇ ਗੱਡਾ ਤੋਰਿਆ। ਹੁਕਮ ਦੀ ਬਧੀ ਸੰਗਤ ਰੁਕ ਗਈ, ਪਰ ਸਾਰਿਆਂ ਦੇ ਮਨ ਪੰਖੇਰੂ ਸਤਿਗੁਰਾਂ ਦੇ ਨਾਲ ਚਲਣ ਲਗੇ।

'ਸਤਿਗੁਰੂ ਜੀ ! ਆਪ ਜਾ ਰਹੇ ਹੋ...ਆਪ !' ਠੱਠੇ ਦੀ



Sri Satguru Jagjit Singh Ji Elibrary NamdhariElibrary@gmail.com

ਮਸਤਾਨੀ ਸੰਤਨੀ ਸੁੱਖੀ ਨੇ ਲੰਮਾ ਸਾਹ ਲੈਕੇ ਸਤਿਗੁਰੂ ਜੀ ਨੂੰ ਅਵਾਜ਼ ਦਿੱਤੀ ਤੇ ਚਕਰ ਖਾ ਕੇ ਡਿਗ ਪਈ। ਉਸ ਦੇ ਕੋਲ ਖਲੋਤੇ ਸੰਤ ਸੇਵਕ ਸਿੰਘ ਨੇ ਆਪਣੀ ਬਾਹੀਂ ਵਿਚ ਸੰਭਾਲਿਆ। ਉਸ ਨੂੰ ਹੋਸ਼ ਵਿਚ ਲਿਆਉਣ ਲਗਾ।

ਗੱਡਾ ਤੁਰ ਗਿਆ ਉਹ ਕੋਰੇ ਵਿਚ ਅਲੋਪ ਹੋ ਗਿਆ। ਜਿਨ੍ਹਾਂ ਚਿਰ ਬੈਲਾਂ ਦੀਆਂ ਟਲੀਆਂ ਦੀ ਅਵਾਜ਼ ਆਉਂਦੀ ਰਹੀ, ਉੱਨਾ ਚਿਰ ਸਾਰੀ ਸੰਗਤ ਚੁੱਪ ਚਾਪ ਖਲੋਤੀ ਰਹੀ। ਜਦੋਂ ਬੈਲਾਂ ਦੀਆਂ ਟਲੀਆਂ ਦੀ ਅਵਾਜ਼ ਸੁਣਾਈ ਦੇਣੋਂ ਰੁਕ ਗਈ। ਅਧੀ ਰਾਤ ਬੋਲਣ ਲਗ ਪਈ ਤਾਂ ਸਾਰਿਆਂ ਦੀ ਧੀਰਜ ਦਾ ਕੜ ਟੁੱਟ ਗਿਆ ਸਾਰੇ ਡੁਸਕਣ ਲਗ ਪਏ.. ਕੂਕਾਂ ਉਠੀਆਂ—ਮਸਤਾਨਿਆਂ ਨੂੰ ਹਾਲ ਪਏ ਗਏ। ਭੈਣੀ ਸਾਹਿਬ ਦਾ ਸਾਰਾ ਵਾਤਾਵਰਨ ਅਸ਼ਾਂਤ ਹੋ ਗਿਆ।

—ਸਮਾਪਤ—

11.6.98



Sri Satguru Jagjit Singh Ji Elibrary NamdhariElibrary@gmail.com